**Reo-Bankowned Properties**

From San Jose to Sacramento

JASSI GILL *Broker/Owner*

Ph:510-304-9292

**Refinance Now**

@ZERO COST

Call Sukhi Gill:510-207-9067



*Jassi Gill*

CA DRE Lic.#01180969 CA DRE# 00966763

**Ad Space Available**

**Call: 847-359-0746**



*Manjit Gill*

Certified Insurance Agent

CA. Lic#0B23990

ਸਸਤੀ ਅਤੇ ਵਧੀਆ ਹੈਲਥ ਇੰਸ਼ੋਰੈਂਸ

Quality Health Care Including MEDI-CAL

COVERED CALIFORNIA

Ph:510-888-1180

209-524-4008

**Gill Financial & Insurance Services**

27165 Mission Blvd, Hayward CA 94544

www.gillfinancial.com



Fifteenth Year of Publication ਕੈਲੀਫੋਰਨੀਆ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@sbcglobal.net

www.punjabtimesusa.com

# ਪੰਜਾਬ ਟਾਈਮਜ਼

Punjab Times, Vol 15, Issue 8, February 22, 2014 20451 N Plum Grove Rd., Palatine, IL 60074 Ph:847-359-0746, Fax:847-705-9388


# ਆਪ ਨੇ ਹਰ ਪਾਰਟੀ 'ਤੇ ਫੇਰਿਆ ਝਾੜੂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਗਾਮੀ ਲੋਕ ਸਭਾ ਚੋਣਾਂ ਨੂੰ ਲੈ ਕੇ ਪੰਜਾਬ ਦੀ ਸਿਆਸਤ ਵਿਚ ਹਲਚਲ ਸ਼ੁਰੂ ਹੋ ਗਈ ਹੈ। ਸ਼੍ਰੋਮਣੀ ਅਕਾਲੀ ਦਲ ਨੇ ਭਾਵੇਂ ਸਭ ਤੋਂ ਪਹਿਲਾਂ ਉਮੀਦਵਾਰਾਂ ਦਾ ਐਲਾਨ ਕਰ ਕੇ ਬਾਜ਼ੀ ਮਾਰ ਲਈ ਹੈ ਪਰ ਆਮ ਆਦਮੀ ਪਾਰਟੀ (ਆਪ) ਦੀ ਜ਼ਬਰਦਸਤ ਦਸਤਕ ਨੇ ਸੱਤਾ ਧਿਰ ਅਕਾਲੀ-ਭਾਜਪਾ ਅਤੇ ਵਿਰੋਧੀ ਧਿਰ ਕਾਂਗਰਸ ਦੇ ਸਾਹ ਸੂਤੇ ਹੋਏ ਹਨ। ਸ਼ਾਇਦ ਇਸੇ ਕਰ ਕੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਸਾਂਝੇ ਮੋਰਚੇ ਨਾਲ ਗੱਠਜੋੜ ਦੀਆਂ ਸੰਭਾਵਨਾਵਾਂ ਤਲਾਸ਼ ਰਹੀ ਹੈ।

ਸਿਆਸੀ ਹਲਕਿਆਂ ਵਿਚ ਇਹ ਚਰਚਾ ਵੀ ਹੈ ਕਿ ਗੱਠਜੋੜ ਹੋਣ 'ਤੇ ਕਾਂਗਰਸ, ਪੀਪਲਜ਼ ਪਾਰਟੀ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਨੂੰ ਬਠਿੰਡਾ ਸੀਟ ਦੇ ਸਕਦੀ ਹੈ। ਇਸ ਸੀਟ ਤੋਂ ਮੁੱਖ ਮੰਤਰੀ ਦੀ ਨੂੰਹ ਅਤੇ ਮਨਪ੍ਰੀਤ ਦੀ ਭਰਜਾਈ ਹਰਸਿਮਰਤ ਕੌਰ ਬਾਦਲ ਸੰਸਦ ਮੈਂਬਰ ਹਨ ਅਤੇ ਉਨ੍ਹਾਂ ਨੂੰ ਆ ਰਹੀਆਂ ਲੋਕ ਸਭਾ ਚੋਣਾਂ ਲਈ ਉਮੀਦਵਾਰ ਬਣਾਇਆ ਗਿਆ ਹੈ। ਰਿਪੋਰਟਾਂ ਹਨ ਕਿ ਮਨਪ੍ਰੀਤ ਸਿੰਘ ਬਾਦਲ ਕਾਂਗਰਸ ਦੀ ਪੇਸ਼ਕਸ਼ 'ਤੇ ਵਿਚਾਰ ਕਰ ਰਹੇ ਹਨ। ਸੂਤਰਾਂ ਅਨੁਸਾਰ ਕਾਂਗਰਸ, ਚੋਣਾਂ ਤੋਂ ਪਹਿਲਾਂ ਪੀਪਲਜ਼ ਪਾਰਟੀ ਨੂੰ ਆਪਣੇ ਵਿਚ ਰਲਾਉਣਾ ਚਾਹੁੰਦੀ ਹੈ ਪਰ ਮਨਪ੍ਰੀਤ ਇਸ ਲਈ ਰਾਜ਼ੀ ਨਹੀਂ ਹਨ। ਪੀਪਲਜ਼ ਪਾਰਟੀ ਆਫ ਪੰਜਾਬ ਨੇ ਦੋ ਲੋਕ ਸਭਾ ਸੀਟਾਂ ਦੀ ਮੰਗ ਕੀਤੀ ਹੈ ਪਰ ਕਾਂਗਰਸ ਉਸ ਨੂੰ ਇਕ ਸੀਟ ਹੀ ਦੇਣੀ ਚਾਹੁੰਦੀ ਹੈ।

## ਪੰਜਾਬ ਵਿਚ ਵੀ ਚੋਣ ਸਮੀਕਰਨ ਬਦਲਣ ਲੱਗੇ




ਅਸਲ ਵਿਚ ਆਮ ਪਾਰਟੀ ਦੇ ਉਭਾਰ ਨਾਲ ਪੰਜਾਬ ਦੀ ਸਿਆਸਤ ਵੀ ਪ੍ਰਭਾਵਿਤ ਹੋਈ ਹੈ। ਸਿਰਫ ਇਕ ਸਾਲ ਦੀ ਸਰਗਰਮੀ ਤੋਂ ਬਾਅਦ ਦਿੱਲੀ ਫਤਿਹ ਕਰ ਕੇ 'ਆਪ' ਨੇ ਪੂਰੇ ਦੇਸ਼ ਦਾ ਧਿਆਨ ਖਿੱਚਿਆ ਹੈ। 'ਆਪ' ਨੇ ਜੋ ਕੁਝ 49 ਦਿਨਾਂ ਦੇ ਕਾਰਜਕਾਲ ਵਿਚ ਕਰ ਵਿਖਾਇਆ, ਰਵਾਇਤੀ ਪਾਰਟੀਆਂ ਉਹ ਕਈ-ਕਈ ਦਹਾਕੇ ਵੀ ਨਾ ਕਰ ਸਕੀਆਂ। ਦਿੱਲੀ ਤੋਂ ਬਾਅਦ ਪੰਜਾਬ ਵਿਚ ਵੀ ਆਮ ਆਦਮੀ ਪਾਰਟੀ (ਆਪ) ਤੋਂ ਲੋਕ ਖਾਸ ਕਰ ਨੌਜਵਾਨ ਤਬਕਾ ਕਾਫ਼ੀ ਪ੍ਰਭਾਵਿਤ ਹੈ ਅਤੇ ਸਿਆਸੀ ਹਲਕਿਆਂ ਵਿਚ ਹਲਚਲ ਹੈ। ਆਮ ਲੋਕ ਹੀ ਨਹੀਂ, ਸਗੋਂ ਰਵਾਇਤੀ ਸਿਆਸੀ ਪਾਰਟੀਆਂ ਦੇ ਜਿਥੇ ਚਾਰ ਆਗੂ ਮਿਲ ਕੇ ਬੈਠਦੇ ਹਨ, ਉਥੇ ਚਰਚਾ ਦਾ ਕੇਂਦਰ ਬਿੰਦੂ 'ਆਪ' ਹੀ ਹੁੰਦਾ ਹੈ। 'ਆਪ' ਵੱਲੋਂ ਪੰਜਾਬ ਦੀਆਂ ਕੁਲ 13 ਸੀਟਾਂ ਤੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ ਗਿਆ ਹੈ ਤੇ ਉਮੀਦਵਾਰਾਂ ਦੀ ਚੋਣ ਲਈ ਸਕਰੀਨਿੰਗ ਕਮੇਟੀ ਵੀ ਕਾਇਮ ਕਰ ਦਿੱਤੀ ਗਈ ਹੈ।

ਪੰਜਾਬ ਵਿਚ ਲੁਧਿਆਣਾ ਤੋਂ 'ਆਪ' ਦੇ ਉਮੀਦਵਾਰ ਐਲਾਨੇ ਗਏ ਦਿੱਲੀ ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ 30 ਸਾਲ ਤੋਂ ਅਦਾਲਤਾਂ ਵਿਚ ਨਿਸ਼ਕਾਮ ਕੇਸ ਲੜਦੇ ਆ ਰਹੇ ਉਘੇ ਵਕੀਲ ਐਚ.ਐਸ. ਫੂਲਕਾ ਨੇ ਦੱਸਿਆ ਕਿ ਪੰਜਾਬ ਵਿਚ ਇਸ ਸਮੇਂ 'ਆਪ' ਦੀ ਮੈਂਬਰਸ਼ਿਪ ਤਿੰਨ ਲੱਖ ਤੋਂ ਵਧ ਹੈ। ਪਟਿਆਲਾ, ਲੁਧਿਆਣਾ ਤੇ ਸੰਗਰੂਰ ਤਿੰਨ ਜ਼ਿਲ੍ਹੇ ਅਜਿਹੇ ਹਨ ਜਿਥੇ 'ਆਪ' ਦੀ ਮੈਂਬਰਸ਼ਿਪ 50-50 ਹਜ਼ਾਰ ਤੋਂ ਵੱਧ ਹੈ। ਸ. ਫੂਲਕਾ ਨੇ ਦੱਸਿਆ ਕਿ ਸਮੁੱਚੇ ਪੰਜਾਬ ਅੰਦਰ 'ਝਾੜੂ ਚਲਾਓ ਯਾਤਰਾ'


*(ਬਾਕੀ ਸਫਾ 6 'ਤੇ)*


# ਕੈਪਟਨ ਨੇ ਬਾਦਲ ਨੂੰ ਖੁੱਲ੍ਹੀ ਬਹਿਸ ਲਈ ਵੰਗਾਰਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਾਕਾ ਨੀਲਾ ਤਾਰਾ ਲਈ ਕੇਂਦਰ ਸਰਕਾਰ ਦੇ ਫੈਸਲੇ ਨੂੰ ਸਹਿਮਤੀ ਦੇਣ ਦੇ ਮਾਮਲੇ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਸੂਤੇ ਘਿਰ ਗਏ ਹਨ। ਸ਼੍ਰੋਮਣੀ ਅਕਾਲੀ ਦਲ ਹੁਣ ਤੱਕ ਇਸ ਮੁੱਦੇ ਨੂੰ ਕਾਂਗਰਸ ਖ਼ਿਲਾਫ਼ ਵਰਤਦਾ ਆ ਰਿਹਾ ਸੀ ਪਰ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਖੁਲਾਸਿਆਂ ਨੇ ਅਕਾਲੀ ਦਲ ਨੂੰ ਇਸ ਮੁੱਦੇ 'ਤੇ ਚੁੱਪ ਕਰਵਾ ਦਿੱਤਾ ਹੈ। ਹੁਣ ਸ. ਬਾਦਲ ਇਸ ਮੁੱਦੇ 'ਤੇ ਬੋਲਣ ਤੋਂ ਗੁਰੇਜ ਕਰ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਨੇ ਇਸ ਮੁੱਦੇ 'ਤੇ ਬੇਸ਼ੱਕ ਵਿਉਂਤਬੱਧ ਢੰਗ ਨਾਲ ਆਪਣੇ ਬਚਾਅ ਦੀ ਕੋਸ਼ਿਸ਼ ਕੀਤੀ ਪਰ ਕੈਪਟਨ ਨੇ ਸ. ਬਾਦਲ ਨੂੰ ਇਸ ਮੁੱਦੇ 'ਤੇ ਖੁੱਲ੍ਹੀ ਬਹਿਸ ਲਈ ਵੰਗਾਰ ਕੇ ਚੁੱਪ ਕਰਵਾ ਦਿੱਤਾ ਹੈ। ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਤੇ ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਕਾਰਵਾਈ ਸ. ਪ੍ਰਕਾਸ਼ ਸਿੰਘ ਬਾਦਲ ਦੀ ਸਹਿਮਤੀ ਨਾਲ ਹੋਈ ਸੀ। ਇਸ ਬਾਰੇ ਕੈਪਟਨ ਨੇ ਮੀਡੀਆ ਸਾਹਮਣੇ ਕਈ ਸਬੂਤ ਵੀ ਪੇਸ਼ ਕੀਤੇ ਜਿਸ ਬਾਰੇ ਸ਼੍ਰੋਮਣੀ ਅਕਾਲੀ ਦਲ ਕੋਈ ਪੁਖਤਾ ਸਪਸ਼ਟੀਕਰਨ ਨਹੀਂ ਦੇ ਸਕਿਆ।

ਕੈਪਟਨ ਨੇ ਦਾਅਵਾ ਕੀਤਾ ਹੈ ਕਿ ਭਾਰਤ ਦੇ ਸਾਬਕਾ ਗ੍ਰਹਿ ਮੰਤਰੀ ਪੀ.ਵੀ. ਨਰਸਿਮ੍ਹਾ ਰਾਓ ਨਾਲ 28 ਮਾਰਚ 1984 ਨੂੰ ਹੋਈ ਮੀਟਿੰਗ ਵਿਚ ਸ. ਬਾਦਲ ਨੇ ਸੰਤ ਭਿੰਡਰਾਂਵਾਲੇ ਦੀਆਂ ਸਰਗਰਮੀਆਂ ਕਾਰਨ ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਕਾਰਵਾਈ ਲਈ ਸਹਿਮਤੀ ਦਿੱਤੀ ਸੀ। ਉਨ੍ਹਾਂ ਮੁੱਖ ਮੰਤਰੀ ਨੂੰ ਸਵਾਲ ਕੀਤਾ ਕਿ ਉਹ ਸਪਸ਼ਟ ਕਰਨ ਕਿ ਉਨ੍ਹਾਂ ਕਿਸ ਮਕਸਦ ਨਾਲ ਗ੍ਰਹਿ ਮੰਤਰੀ ਨਾਲ ਮੁਲਾਕਾਤ ਕੀਤੀ ਸੀ। ਕੈਪਟਨ ਨੇ ਇਹ ਵੀ ਦਾਅਵਾ ਕੀਤਾ ਕਿ ਪਹਿਲੀ ਜੂਨ 1984 ਨੂੰ ਜਦੋਂ ਪੁਲਿਸ ਤੇ ਸੀ.ਆਰ.ਪੀ.ਐਫ. ਦੇ ਜਵਾਨਾਂ ਨੇ ਸ੍ਰੀ ਦਰਬਾਰ ਸਾਹਿਬ ਨੂੰ ਘੇਰਾ ਪਾਇਆ ਸੀ, ਉਸ ਦਿਨ ਸ. ਬਾਦਲ ਆਪਣੇ ਪਿੰਡ ਵਿਚ ਸਨ। ਅਗਲੇ ਦਿਨ ਇਸ ਮੁੱਦੇ 'ਤੇ ਹੋਈ ਅਕਾਲੀ ਦਲ ਤੇ ਸਿੱਖ ਆਗੂਆਂ ਦੀ ਮੀਟਿੰਗ ਵਿਚ ਵੀ ਸ. ਬਾਦਲ ਹਾਜ਼ਰ ਨਹੀਂ ਹੋਏ ਸਨ।

ਇਸੇ ਦੌਰਾਨ ਕਾਂਗਰਸ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਸ. ਪ੍ਰਕਾਸ਼ ਸਿੰਘ ਬਾਦਲ ਵੱਲੋਂ 17


*(ਬਾਕੀ ਸਫਾ 6 'ਤੇ)*


**ਸਾਕਾ ਨੀਲਾ ਤਾਰਾ**




**REAL ESTATE & HOME LOANS**



- Low Interest Rate
- 3.5% Down Payment
- Free Credit Report
- Free Pre-Approval

ਸਾਡੀ ਆਪਣੀ ਮਾਰਗੇਜ ਕੰਪਨੀ ਹੈ।

Successful Shortsale ਲਈ ਅੱਜ ਹੀ ਕਾਲ ਕਰੋ!

AMAN HUNDAL Broker / Associate

Century 21 M&M and Associates

209.918.6464

ahundal@c21mm.com

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets

Toll Free 1-866-FOR-RAJA

www.rajasweets.com

msbains@rajasweets.com

**Raja SWEETS & CATERING**

AUTHORIZED CATERER FOR MAJOR 5-STAR HOTELS

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chafing Dishes
- China & Silverware
- Linen Rental
- Waiters & Bartenders

Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ



Manpreet S. Gahra *Attorney At Law*

Criminal Defense (DUI, simple battery, domestic violence, immigration post-conviction relief)

**Berkeley Office**

2161 Shattuck Ave., 304, Berkeley

Ph:510-841-4582 Fax:510-217-6847

**Sacramento Office**

Call For Appointment

Ph:916-924-1617

Email: manpreet@gahralaw.com

# ਯੁਨਾਈਟਿਡ ਸਪੋਰਟਸ ਕਲੱਬ ਦਾ ਕਬੱਡੀ ਕੱਪ ਸਤੰਬਰ ਮਹੀਨੇ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਬੇਏਰੀਏ ਦੀ ਉਘੀ ਖੇਡ ਸੰਸਥਾ ਯੁਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਵਲੋਂ ਇਸ ਸਾਲ ਆਪਣਾ ਕਬੱਡੀ ਕੱਪ ਟੂਰਨਾਮੈਂਟ ਸਤੰਬਰ ਮਹੀਨੇ ਦੇ ਆਖਰੀ ਹਫਤੇ ਕਰਵਾਇਆ ਜਾਵੇਗਾ। ਟੂਰਨਾਮੈਂਟ ਦੌਰਾਨ ਕੌਮਾਂਤਰੀ ਪੱਧਰ ਦੀਆਂ ਕਬੱਡੀ ਟੀਮਾਂ ਆਪਣੀ ਖੇਡ ਦੇ ਜੌਹਰ ਵਿਖਾਉਣਗੀਆਂ। ਇਹ ਫੈਸਲਾ ਕਲੱਬ ਦੀ ਇਥੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਕਲੱਬ ਨੂੰ ਆਪਣਾ ਟੂਰਨਾਮੈਂਟ ਕੈਂਸਲ ਕਰਨਾ ਪਿਆ ਸੀ ਕਿਉਂਕਿ ਇਸ ਟੂਰਨਾਮੈਂਟ ਦੇ ਅੱਗੇ ਪਿਛੇ ਦੋ ਹੋਰ ਕਬੱਡੀ ਕੱਪ ਰੱਖੇ ਗਏ ਸਨ।


ਅਦਾਕਾਰ ਧਰਮਿੰਦਰ ਨਾਲ ਅਮੋਲਕ ਸਿੰਘ ਗਾਖਲ

ਕਲੱਬ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਬਾਕੀ ਖੇਡ ਕਲੱਬਾਂ ਨੂੰ ਇਕ ਸੁਹਿਰਦ ਸੁਨੇਹਾ ਹੈ ਕਿ ਇਨ੍ਹਾਂ ਤਰੀਕਾਂ ਨੂੰ ਖਾਲੀ ਛੱਡ ਕੇ ਆਪਣੇ ਖੇਡ ਮੇਲੇ ਰੱਖਣ ਤਾਂ ਜੋ ਤਰੀਕਾਂ ਦਾ ਟਕਰਾਓ ਨਾ ਹੋਵੇ। ਇਸ ਤਰ੍ਹਾਂ ਕਰਨਾ ਸਭ ਖੇਡ ਕਲੱਬਾਂ ਦੇ ਹਿੱਤ ਵਿਚ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਇਸ ਵਾਰ ਦੇ ਖੇਡ ਮੇਲੇ ਦੌਰਾਨ ਸਭਿਆਚਾਰਕ ਪ੍ਰੋਗਰਾਮ ਵੀ ਕਰਵਾਇਆ ਜਾਵੇਗਾ ਅਤੇ ਇਸ ਮੌਕੇ ਮੁੱਖ ਮਹਿਮਾਨ ਆਪਣੇ ਜ਼ਮਾਨੇ ਦੇ ਮਹਾਨ ਫਿਲਮ ਕਲਾਕਾਰ ਧਰਮਿੰਦਰ ਹੋਣਗੇ।

# ਇਤਾਲਵੀ ਜਲ ਸੈਨਿਕਾਂ ਦੇ ਮਾਮਲੇ 'ਤੇ ਤਣਾਅ

**ਨਵੀਂ ਦਿੱਲੀ:** ਇਤਾਲਵੀ ਜਲ ਸੈਨਿਕਾਂ ਦੇ ਮਾਮਲੇ 'ਚ ਭਾਰਤ ਅਤੇ ਇਟਲੀ ਵਿਚਕਾਰ ਤਣਾਅ ਵਧ ਰਿਹਾ ਹੈ। ਭਾਰਤੀ ਸੁਪਰੀਮ ਕੋਰਟ ਨੇ ਦੋਵੇਂ ਇਤਾਲਵੀ ਜਲ ਸੈਨਿਕਾਂ ਖ਼ਿਲਾਫ਼ ਸਮੁੰਦਰੀ ਡਕੈਤੀ ਵਿਰੋਧੀ ਕਾਨੂੰਨ ਲਾਗੂ ਕਰਨ ਬਾਰੇ ਕੇਂਦਰ ਤੋਂ 24 ਫਰਵਰੀ ਤੱਕ ਜਵਾਬ ਮੰਗਿਆ ਹੈ। ਉਧਰ ਇਟਲੀ ਦੀ ਸਰਕਾਰ ਨੇ ਭਾਰਤ 'ਚ ਤਾਇਨਾਤ ਆਪਣੇ ਸਫ਼ੀਰ ਨੂੰ ਵਿਚਾਰ-ਵਟਾਂਦਰੇ ਲਈ ਰੋਮ ਸੱਦ ਲਿਆ ਹੈ। ਇਸ ਦੇ ਨਾਲ ਹੀ ਇਟਲੀ 'ਚ ਤਾਇਨਾਤ ਭਾਰਤੀ ਸਫੀਰ ਨੂੰ ਤਲਬ ਕਰ ਕੇ ਭਾਰਤ ਵੱਲੋਂ ਇਤਾਲਵੀ ਜਲ ਸੈਨਿਕਾਂ ਖ਼ਿਲਾਫ ਕੀਤੀ ਜਾ ਰਹੀ ਕਾਰਵਾਈ ਨੂੰ ਨਾਮਨਜ਼ੂਰ ਕਰਦਿਆਂ ਵਿਰੋਧ ਪ੍ਰਗਟਾਇਆ ਗਿਆ ਹੈ।

ਸੁਪਰੀਮ ਕੋਰਟ 'ਚ ਸੁਣਵਾਈ ਦੌਰਾਨ ਅਟਾਰਨੀ ਜਨਰਲ ਜੀ.ਈ. ਵਾਹਨਟਤੀ ਨੇ ਬੈਂਚ ਨੂੰ ਦੱਸਿਆ ਕਿ ਸਰਕਾਰ ਨੇ ਕਾਨੂੰਨ ਮੰਤਰਾਲੇ ਤੋਂ ਰਾਏ ਮੰਗੀ ਹੈ। ਇਟਲੀ ਸਰਕਾਰ ਤੇ ਜਲ ਸੈਨਿਕਾਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਕੇਂਦਰ ਇਸ ਮਾਮਲੇ 'ਚ ਅੱਗੇ ਨਹੀਂ ਵਧ ਰਿਹਾ। ਇਸ ਲਈ ਉਨ੍ਹਾਂ ਦੇ ਮੁਵੱਕਲਾਂ ਨੂੰ ਫੈਸਲਾ ਲੈਣ ਤੱਕ ਇਟਲੀ ਜਾਣ ਦੀ ਆਗਿਆ ਦਿੱਤੀ ਜਾਵੇ। ਇਟਲੀ ਸਰਕਾਰ ਨੇ ਭਾਰਤ 'ਚ ਆਪਣੇ ਸਫੀਰ ਡੈਨੀਅਲ ਮੈਨਚਿਨੀ ਨੂੰ ਵਿਚਾਰ-ਵਟਾਂਦਰੇ ਲਈ ਇਟਲੀ ਸੱਦ ਲਿਆ ਹੈ। ਇਟਲੀ ਦੇ ਰੱਖਿਆ ਮੰਤਰੀ ਮਾਰਿਓ ਮਾਉਰੋ ਨੇ ਦੂਤ ਸੱਦਣ ਦੇ ਫੈਸਲੇ ਨੂੰ ਜਾਇਜ਼ ਵੀ ਠਹਿਰਾਇਆ ਹੈ।


Pinnacle Carriers Inc., San Jose, CA

Now Hiring Company Drivers

Team and Solo (With Two Yr Experience )

Owner Operators

Specialize in Reefer & Dry Loads.
Run All 48 States



*Trailer rentals
*Get paid weekly on time.
*Fuel advance
*Also provide fuel cards

We have late model trucks and brand new refers.

ਕੰਪਨੀ ਡਰਾਈਵਰਾਂ

ਟੀਮ ਅਤੇ ਸੋਲੋ (ਘੱਟੋ ਘੱਟ ਦੋ ਸਾਲ ਦਾ ਤਜ਼ਰਬਾ)


ਓਨਰ ਅਪਰੇਟਰਾਂ ਦੀ ਲੋੜ ਹੈ

*ਰੀਫਰ ਅਤੇ ਡਰਾਈ ਲੋਡ *ਸਾਰੀਆਂ 48 ਸਟੇਟਾਂ ਦੇ ਗੇੜੇ *ਕਿਰਾਏ ਦੇ ਟਰੇਲਰ ਉਪਲਬਧ
*ਹਰ ਹਫਤੇ ਸਮੇਂ ਸਿਰ ਅਦਾਇਗੀ *ਫਿਊਲ ਐਡਵਾਂਸ ਅਤੇ ਫਿਊਲ ਕਾਰਡ

Sharanbeer Atwal: 408-373-4168
Manpreet and Preet: 408-835-3007
www.pinnaclecarriers.com
51-6




# ਆਪ ਸਭ ਮਾਈ ਭਾਈ ਨੂੰ ਨਿਮ੍ਰਤਾ ਸਾਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਆਪਣਾ ਕੀਮਤੀ ਵੋਟ ਸਿੱਖ ਪੰਚਾਇਤ ਦੇ ਸਾਂਝੇ ਉਮੀਦਵਾਰਾਂ ਨੂੰ ਪਾ ਕੇ ਕਾਮਯਾਬ ਬਣਾਓ ਅਤੇ ਭਾਈਚਾਰੇ ਵਿਚ ਸਾਂਝੀਵਾਲਤਾ ਦਾ ਮਾਹੌਲ ਸਿਰਜਣ ਵਿਚ ਸਹਾਈ ਹੋਵੋ ਜੀ।




ਹਰਜੀਤ ਸਿੰਘ
HARJEET SINGH



ਜਸਦੇਵ ਸਿੰਘ
JASDEV SINGH



ਲਖਵੀਰ ਸਿੰਘ
LAKHVIR SINGH



ਗੁਰਿੰਦਰ ਸਿੰਘ
GURINDER SINGH



ਤਰਸੇਮ ਸਿੰਘ
TARSEM SINGH

## HARJEET SINGH, AGE 38

Harjeet Singh moved to US in 2007 and has been resident of Fremont since then. He holds a Bachelors in Electronics and Communication from Guru Nanak Dev Engineering College, Ludhiana and is currently working as Hardware Design Architect in a Green Technology start-up company in Sunnyvale. He is currently serving as Supreme Council Member as well. He feels education is one of the most important pillar in building our character and a prosperous future. Telling our future generation about our great history has been neglected in past and he feels that a lot can be done to fill this void. Especially for the children born here, the methods of teaching need to be improved so the students can connect and feel encouraged to learn about our glorious heritage. He especially wants to focus to involve teen and adult youth in Gurdwara Sahib Programs and encourage them to seek technical professions as career.

## JASDEV SINGH, AGE 40

Jasdev Singh is living in Fremont from last 10 years.Academically, he has a Bachelors degree in Computer Technolgy from Nagpur University and works as a Software engineer for a multinational ERP company.Staying above party politics, he has educated American citizens about Sikhi principles by organizing events like "feed the hungry" and has educated Sikh youth by organizing Sikh youth camps. From last couple of years he is working as as on office adminstrator for Khalsa School Fremont.

## LAKHBIR SINGH, AGE 48

Lakhbir Singh has been living in Fremont for the last 11 years. He is currently serving as Supreme Council Member as well. Spreading positive message about Sikhi has been his passion. He, along with other Gursikhs have distributed free literature at Nagar Keertans and helped needy Gursikh families in India. Staying above party politics, he has educated American citizens about Sikhi principles by organizing events like "feed the hungry" and has educated Sikh youth by organizing Sikh youth camps. He has spent years in Khalsa School Fremont teaching Gurmat classes. Consistently for the past 11 years, he not only organized monthly Gurmat Camps at Gurdwara Sahib Fremont, but also traveled with his team to organize Sikh youth camps in Central Valley, Sacramento and Yuba City. He along with his wife are raising two sons and a daughter with core Sikhi values. He is a successful businessman and employs many Sikhs. He has a vision to develop Sikh youth programs or projects in Gurdwara Sahib that will help motivate students to seek higher academic education while maintaining Sikh identity.

## GURINDER SINGH, AGE 56

Gurinder Singh moved to the US in 1998 and has lived in Fremont since then. His education contains a Bachelor's Degree in Arts from Guru Nanak Dev University, Amritsar. From the years 2001-2012, he worked as a supervisor in a rental car company. Then he ventured out to opening up his own business of shuttle services at Airports in the Bay Area. Also he has been involved in serving the Gurdwara Sahib of Fremont even since he moved to the US. He has been a member of the Gurdwara Management Committee from the years 2008-2012. He first served as an assistant treasurer and then was the stage secretary.

## TARSEM SINGH, AGE 59

Tarsem Singh has been living in the Bay Area for the last 20 years. He is a successful businessman and employs many Sikhs. He is currently serving as Supreme Council Member as well. He runs a Charter Bus Service company. He is known as a kind hearted and selfless community volunteer. Whenever the community needs buses, he provides free services. His family is Gursikh. Rising above party lines, he is committed to welcome everyone to participate in Gurdwara Sahib Projects. He always volunteers his buses and employees by providing free shuttle for Sadh Sangat at Gurpurabs and Nagar Keertans. He is committed to develop projects that will resolve Gurdwara Sahib parking problems.

# ਚੋਣ ਕਮਿਸ਼ਨ ਵੱਲੋਂ ਪੰਜਾਬ ਅਤਿ ਸੰਵੇਦਨਸ਼ੀਲ ਕਰਾਰ

**ਚੰਡੀਗੜ੍ਹ:** ਚੋਣ ਕਮਿਸ਼ਨ ਨੇ ਲੋਕ ਸਭਾ ਚੋਣਾਂ ਨੂੰ ਮੁੱਖ ਰੱਖ ਕੇ ਪੰਜਾਬ ਨੂੰ ਅਤਿ ਸੰਵੇਦਨਸ਼ੀਲ ਮੰਨਿਆ ਹੈ। ਕਮਿਸ਼ਨ ਨੇ ਚੋਣ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਕਿਹਾ ਕਿ ਇਸ ਸਰਹੱਦੀ ਸੂਬੇ ਵਿਚੋਂ ਸਰਕਾਰ ਵਿਰੁੱਧ ਸਭ ਤੋਂ ਜ਼ਿਆਦਾ ਸ਼ਿਕਾਇਤਾਂ ਮਿਲ ਰਹੀਆਂ ਹਨ। ਕਮਿਸ਼ਨ ਨੇ ਸੂਬੇ ਨੂੰ ਵਧੇਰੇ ਵਾਦ ਵਿਵਾਦ ਵਾਲਾ ਮੰਨਦਿਆਂ ਅਧਿਕਾਰੀਆਂ ਨੂੰ ਚੌਕਸ ਰਹਿਣ ਲਈ ਵੀ ਕਿਹਾ ਹੈ। ਪੰਜਾਬ ਵਿਚ ਲੋਕ ਸਭਾ ਦੀਆਂ 13 ਸੀਟਾਂ ਲਈ ਵੋਟਾਂ ਮਈ ਮਹੀਨੇ ਦੇ ਪਹਿਲੇ ਹਫ਼ਤੇ ਪੈਣ ਦੇ ਆਸਾਰ ਹਨ। ਚੋਣਾਂ ਇਕੋ ਗੇੜ ਵਿਚ ਹੋਣਗੀਆਂ।

ਅਧਿਕਾਰੀਆਂ ਮੁਤਾਬਕ ਚੋਣਾਂ ਦਾ ਐਲਾਨ ਫਰਵਰੀ ਮਹੀਨੇ ਦੇ ਅੰਤ ਵਿਚ ਹੋ ਸਕਦਾ ਹੈ। ਕਮਿਸ਼ਨ ਨੇ ਪੰਜ ਸੰਸਦੀ ਹਲਕਿਆਂ ਬਠਿੰਡਾ, ਪਟਿਆਲਾ, ਅੰਮ੍ਰਿਤਸਰ, ਗੁਰਦਾਸਪੁਰ ਤੇ ਸੰਗਰੂਰ ਨੂੰ ਖਰਚੇ ਦੇ ਪੱਖ ਤੋਂ ਸੰਵੇਦਨਸ਼ੀਲ ਮੰਨਦਿਆਂ ਇਨ੍ਹਾਂ ਹਲਕਿਆਂ 'ਤੇ ਵਿਸ਼ੇਸ਼ ਨਜ਼ਰ ਰੱਖਣ ਲਈ ਵੀ ਕਿਹਾ ਹੈ। ਸੂਤਰਾਂ ਮੁਤਾਬਕ ਚੋਣ ਕਮਿਸ਼ਨ ਨੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੀ.ਕੇ ਸਿੰਘ ਨਾਲ ਮੀਟਿੰਗ ਦੌਰਾਨ ਕਿਹਾ ਹੈ ਕਿ ਸੂਬੇ ਦੀ ਅਫ਼ਸਰਸ਼ਾਹੀ ਹਾਕਮ ਪਾਰਟੀ ਦੇ ਜ਼ਿਆਦਾ ਹੀ ਪ੍ਰਭਾਵ ਹੇਠ ਹੈ ਤੇ ਚੋਣਾਂ ਨਿਰਪੱਖ ਹੋਣ 'ਤੇ ਸਵਾਲੀਆ ਨਿਸ਼ਾਨ ਲੱਗਿਆ ਹੋਇਆ ਹੈ।ਕਮਿਸ਼ਨ ਦਾ ਮੰਨਣਾ ਹੈ ਕਿ ਪਿਛਲੀਆਂ ਲੋਕ ਸਭਾ ਤੇ 2012 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਸਭ ਤੋਂ ਜ਼ਿਆਦਾ ਸ਼ਿਕਾਇਤਾਂ ਪੰਜਾਬ ਵਿਚ ਹੋਈਆਂ ਹਨ। ਪੰਜਾਬ ਵਿਚ ਲੋਕ ਸਭਾ ਚੋਣਾਂ ਦੌਰਾਨ ਤਿੰਨ ਵਿਧਾਨ ਸਭਾ ਹਲਕਿਆਂ ਮਗਰ ਇਕ ਤੇ ਕੁੱਲ 42 ਨਿਗਰਾਨ ਤਾਇਨਾਤ ਕੀਤੇ ਜਾਣਗੇ। ਇਸੇ ਤਰ੍ਹਾਂ 13 ਪੁਲਿਸ ਅਤੇ 13 ਖ਼ਰਚਾ ਨਿਗਰਾਨ ਲਾਏ ਜਾਣਗੇ। ਸੰਵੇਦਨਸ਼ੀਲ ਤੇ ਅਤਿ ਸੰਵੇਦਨਸ਼ੀਲ ਪੋਲਿੰਗ ਬੂਥਾਂ 'ਤੇ ਵੋਟਾਂ ਵਾਲੇ ਦਿਨ ਵੀਡੀਓਗ੍ਰਾਫੀ ਹੋਵੇਗੀ। ਕਮਿਸ਼ਨ ਵੱਲੋਂ ਅਧਿਕਾਰੀਆਂ ਦੀ ਤਬਾਦਲਿਆਂ ਬਾਰੇ ਪਹਿਲਾਂ ਹੀ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਚੋਣ ਕਮਿਸ਼ਨ ਨੇ ਵੋਟਾਂ ਵਾਲੇ ਦਿਨ ਸਿਆਸੀ ਪਾਰਟੀਆਂ ਦਾ ਪ੍ਰਭਾਵ ਖ਼ਤਮ ਕਰਨ ਲਈ ਪੋਲਿੰਗ ਬੂਥਾਂ 'ਤੇ ਵੋਟਰਾਂ ਲਈ ਪੀਣ ਵਾਲੇ ਪਾਣੀ ਤੇ ਛਾਂ ਦਾ ਪ੍ਰਬੰਧ ਕਰਨ ਦੀਆਂ ਹਦਾਇਤਾਂ ਵੀ ਦਿੱਤੀਆਂ ਹਨ। ਕਮਿਸ਼ਨ ਵੱਲੋਂ ਵੋਟਰਾਂ ਖਾਤਰ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ ਦਾ ਫ਼ੈਸਲਾ ਪਹਿਲੀ ਵਾਰੀ ਲਿਆ ਗਿਆ ਹੈ। ਇਸ ਤੋਂ ਪਹਿਲਾਂ ਵੋਟਰਾਂ ਨੂੰ ਵੋਟ ਨੰਬਰ ਦੀ ਪਰਚੀ ਵੀ ਕਮਿਸ਼ਨ ਦੇ ਮੁਲਾਜ਼ਮਾਂ ਵੱਲੋਂ ਮੁਹੱਈਆ ਕਰਾਈ ਗਈ ਸੀ ਜਿਸ ਕਾਰਨ ਰਾਜਸੀ ਪਾਰਟੀਆਂ ਦਾ ਗਲਬਾ ਕਾਫ਼ੀ ਘਟਿਆ ਸੀ।



## ਕਮਿਸ਼ਨ ਨੇ ਸੁਮੇਧ ਸੈਣੀ ਬਾਰੇ ਮੰਗੀ ਰਿਪੋਰਟ

ਪੰਜਾਬ ਪੁਲਿਸ ਮੁਖੀ ਸੁਮੇਧ ਸਿੰਘ ਸੈਣੀ ਵਿਰੁਧ ਚੱਲ ਰਹੇ ਫ਼ੌਜਦਾਰੀ ਮੁਕੱਦਮੇ 'ਤੇ ਚੋਣ ਕਮਿਸ਼ਨ ਨੇ ਸੂਬੇ ਦੇ ਗ੍ਰਿਹ ਵਿਭਾਗ ਤੋਂ ਰਿਪੋਰਟ ਤਲਬ ਕਰ ਲਈ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਚੋਣ ਕਮਿਸ਼ਨ ਨੇ ਸੂਬਾਈ ਚੋਣ ਅਧਿਕਾਰੀਆਂ ਨੂੰ ਹੁਕਮ ਦਿੱਤੇ ਹਨ ਕਿ ਪੁਲਿਸ ਮੁਖੀ ਖ਼ਿਲਾਫ਼ ਆਈ ਸ਼ਿਕਾਇਤ ਦੀ ਘੋਖ ਕਰਕੇ ਰਿਪੋਰਟ ਤੁਰੰਤ ਦਿੱਤੀ ਜਾਵੇ। ਕਮਿਸ਼ਨ ਵੱਲੋਂ ਇਸ ਬਾਰੇ ਮੁੱਖ ਸਕੱਤਰ ਰਾਕੇਸ਼ ਸਿੰਘ ਨੂੰ ਪੱਤਰ ਲਿਖਦਿਆਂ ਸ਼ਿਕਾਇਤਾਂ ਤੇ ਸਬੂਤ ਵੀ ਨਾਲ ਭੇਜੇ ਗਏ ਹਨ। ਪੁਲਿਸ ਮੁਖੀ ਖ਼ਿਲਾਫ਼ ਕਮਿਸ਼ਨ ਨੂੰ ਦੋ ਸ਼ਿਕਾਇਤਾਂ ਮਿਲੀਆਂ ਹਨ ਤੇ ਨਵੀਂ ਦਿੱਲੀ ਦੀ ਸੀ.ਬੀ.ਆਈ ਅਦਾਲਤ ਵਿਚ ਚਲਦੇ ਮਾਮਲੇ ਦਾ ਹਵਾਲਾ ਦਿੰਦਿਆਂ ਸ੍ਰੀ ਸੈਣੀ ਦੇ ਤਬਾਦਲੇ ਦੀ ਮੰਗ ਕੀਤੀ ਗਈ ਹੈ।


# 12 ਸਾਲਾ ਧੀ ਦਾ ਵਿਆਹ ਕਰਾਉਣ ਵਾਲਾ ਪਿਉ ਗ੍ਰਿਫ਼ਤਾਰ

**ਸਿਡਨੀ:** ਆਸਟਰੇਲੀਆ ਵਿਚ ਇਕ ਪਿਉ ਨੂੰ ਆਪਣੀ 12 ਸਾਲ ਦੀ ਧੀ ਦਾ ਵਿਆਹ ਕਰਵਾਉਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਬੱਚੀ ਦਾ ਉਸ ਤੋਂ 14 ਸਾਲ ਵੱਡੇ ਇਕ ਸ਼ਖ਼ਸ ਨਾਲ ਨਿਕਾਹ ਕਰਾਇਆ ਜਾਣਾ ਸੀ। ਬਾਲ ਸ਼ੋਸ਼ਣ ਬਾਰੇ ਡਿਟੈਕਟਿਵਾਂ ਨੇ ਇਸ 61 ਸਾਲਾ ਵਿਅਕਤੀ ਉਪਰ ਦੋਸ਼ ਆਇਦ ਕੀਤੇ ਹਨ ਕਿ ਉਸ ਨੂੰ ਇਸ ਤੱਥ ਦਾ ਗਿਆਨ ਸੀ ਕਿ 14 ਸਾਲ ਤੋਂ ਘੱਟ ਉਮਰ ਦੀ ਬੱਚੀ ਨਾਲ ਜਿਨਸੀ ਸਬੰਧ ਬਣਾਉਣਾ ਕਾਨੂੰਨਨ ਅਪਰਾਧ ਹੈ।

ਬੱਚੀ ਦਾ ਪਿਉ ਆਸਟਰੇਲਿਆਈ ਨਾਗਰਿਕ ਹੈ ਜਿਸ ਨੇ ਇਸਲਾਮ ਧਾਰਨ ਕੀਤਾ ਹੋਇਆ ਹੈ ਤੇ ਅਦਾਲਤ ਨੇ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰਨ ਤੋਂ ਨਾਂਹ ਕਰ ਦਿੱਤੀ ਹੈ ਤੇ ਵਿਆਹ ਕਰਨ ਵਾਲੇ 26 ਸਾਲਾ ਲੈਬਨਾਨੀ ਸ਼ਖ਼ਸ ਨੂੰ ਵੀ ਹਿਰਾਸਤ ਵਿਚ ਲਿਆ ਗਿਆ ਹੈ। ਆਸਟਰੇਲੀਆ ਵਿਚ ਵਿਆਹ ਕਰਾਉਣ ਲਈ 18 ਸਾਲ ਦੀ ਉਮਰ ਹੱਦ ਮਿਥੀ ਗਈ ਹੈ ਅਤੇ ਇਸ ਕੇਸ ਤੋਂ ਬਹਿਸ ਛਿੜ ਗਈ ਹੈ ਕਿ ਬਾਲ ਵਿਆਹ ਦੀ ਸਮੱਸਿਆ ਕਿੰਨੀ ਵਿਆਪਕ ਹੈ।

## ਸਿੱਖ ਕਤਲੇਆਮ ਨੂੰ ਦੰਗੇ ਕਹਿਣ ਬਾਰੇ ਭਾਜਪਾ ਨੇ ਦਿੱਤੀ ਸਫਾਈ

**ਜਲੰਧਰ:** ਭਾਰਤੀ ਜਨਤਾ ਪਾਰਟੀ ਦੇ ਪੰਜਾਬ ਪ੍ਰਧਾਨ ਕਮਲ ਸ਼ਰਮਾ ਨੇ ਕੌਮੀ ਪ੍ਰਧਾਨ ਰਾਜਨਾਥ ਸਿੰਘ ਵੱਲੋਂ ਇਕ ਨਿੱਜੀ ਟੀ.ਵੀ ਚੈਨਲ ਨੂੰ ਦਿੱਤੀ ਗਈ ਇੰਟਰਵਿਊ ਦੌਰਾਨ 1984 ਦੇ ਸਿੱਖ ਕਤਲੇਆਮ ਨੂੰ ਹਿੰਦੂ-ਸਿੱਖ ਦੰਗੇ ਕਹਿਣ 'ਤੇ ਸਪੱਸ਼ਟ ਕੀਤਾ ਕਿ ਉਹ ਇਸ ਮਾਮਲੇ ਨੂੰ ਗੰਭੀਰਤਾ ਨਾਲ ਹਾਈ ਕਮਾਂਡ ਕੋਲ ਉਠਾਉਣਗੇ। ਉਨ੍ਹਾਂ ਕਿਹਾ ਕਿ ਇਸ ਗੱਲ ਦੀ ਜ਼ਿਆਦਾ ਸੰਭਾਵਨਾ ਹੈ ਕਿ ਗੱਲਬਾਤ ਦੌਰਾਨ ਪਾਰਟੀ ਦੇ ਕੌਮੀ ਪ੍ਰਧਾਨ ਰਾਜਨਾਥ ਸਿੰਘ ਦੀ



ਜ਼ੁਬਾਨ ਫਿਸਲ ਗਈ ਹੋਵੇ ਕਿਉਂਕਿ ਉਨ੍ਹਾਂ ਦੀ ਅਜਿਹੀ ਕੋਈ ਮਨਸ਼ਾ ਨਹੀਂ ਹੋ ਸਕਦੀ।

ਜ਼ਿਕਰਯੋਗ ਹੈ ਕਿ ਸ਼ੁਰੂ ਤੋਂ ਹੀ ਭਾਜਪਾ ਇਹ ਕਹਿੰਦੀ ਆ ਰਹੀ ਹੈ ਕਿ 1984 ਦੇ ਦੰਗੇ ਕਾਂਗਰਸ ਵੱਲੋਂ ਕਰਵਾਏ ਗਏ ਸਨ। ਟੀ.ਵੀ ਚੈਨਲ ਨੂੰ ਦਿੱਤੀ ਗਈ ਇੰਟਰਵਿਊ ਦੌਰਾਨ ਰਾਜਨਾਥ ਸਿੰਘ ਨੇ ਆਖਿਆ ਸੀ ਕਿ ਭਾਜਪਾ ਨੇ ਤਾਂ 1984 ਦੇ ਹਿੰਦੂ-ਸਿੱਖ ਦੰਗਿਆਂ ਦੌਰਾਨ ਵੀ ਵੋਟ ਬੈਂਕ ਦੀ ਰਾਜਨੀਤੀ ਨਹੀਂ ਕੀਤੀ ਸੀ। ਇੰਟਰਵਿਊ ਦੌਰਾਨ ਉਨ੍ਹਾਂ ਕਿਹਾ ਕਿ ਭਾਜਪਾ ਰਾਜਨੀਤੀ ਸਰਕਾਰ ਬਣਾਉਣ ਲਈ ਨਹੀਂ ਕਰਦੀ ਸਗੋਂ ਦੇਸ਼ ਬਣਾਉਣ ਲਈ ਕਰਦੀ ਹੈ।

ਉਨ੍ਹਾਂ ਇਸ ਗੱਲ ਦਾ ਹਵਾਲਾ ਦਿੰਦਿਆਂ ਕਿਹਾ ਕਿ 1984 ਵਿਚ ਲੋਕਾਂ ਨੇ ਦੇਖਿਆ ਕਿ ਹਿੰਦੂ-ਸਿੱਖ ਦੰਗੇ ਹੋਏ ਸਨ ਉਦੋਂ ਵੀ ਭਾਜਪਾ ਨੇ ਕਿਸ ਤਰ੍ਹਾਂ ਦੀ ਭੂਮਿਕਾ ਨਿਭਾਈ ਸੀ ਅਤੇ ਇਸ ਗੱਲ ਦੀ ਪ੍ਰਵਾਹ ਨਹੀਂ ਕੀਤੀ ਸੀ ਕਿ ਬਹੁਗਿਣਤੀ ਹਿੰਦੂ ਭਾਈਚਾਰਾ ਉਨ੍ਹਾਂ ਨਾਲ ਨਾਰਾਜ਼ ਹੋ ਜਾਵੇਗਾ। ਜਿਥੇ ਕਿਤੇ ਵੀ ਹਿੰਸਾ ਹੋਈ ਸੀ ਉਸ ਦੀ ਪਾਰਟੀ ਨੇ ਨਿੰਦਾ ਕੀਤੀ ਸੀ। ਇਸ ਨਵੇਂ ਪੈਦਾ ਹੋਏ ਵਿਵਾਦ ਬਾਰੇ ਕਮਲ ਸ਼ਰਮਾ ਨੇ ਕਿਹਾ ਕਿ ਭਾਜਪਾ ਸ਼ੁਰੂ ਤੋਂ ਹੀ ਸਿੱਖਾਂ ਦੇ ਨਾਲ ਖੜ੍ਹਦੀ ਆ ਰਹੀ ਹੈ ਤੇ ਉਨ੍ਹਾਂ ਦੀ ਰਾਜਨੀਤੀ ਬੜੀ ਸਪੱਸ਼ਟ ਹੈ ਕਿ ਦੇਸ਼ ਵਿਚ ਆਪਸੀ ਸਦਭਾਵਨਾ ਵਾਲਾ ਮਾਹੌਲ ਬਣਿਆ ਰਹੇ।

# 'ਆਪ' ਵੱਲੋਂ ਪੰਜਾਬ ਵਿਚ ਵੀ ਮੋਰਚਾਬੰਦੀ ਸ਼ੁਰੂ

**ਚੰਡੀਗੜ੍ਹ:** ਦਿੱਲੀ ਵਿਚ ਇਤਿਹਾਸਕ ਜਿੱਤ ਦਰਜ ਕਰਨ ਵਾਲੀ ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਵਿਚ ਸਿਆਸੀ ਸਰਗਰਮੀਆਂ ਤੇਜ਼ ਕਰਦਿਆਂ ਲੋਕ ਸਭਾ ਚੋਣਾਂ ਲਈ 16 ਮੈਂਬਰੀ ਪ੍ਰਚਾਰ ਕਮੇਟੀ ਬਣਾ ਦਿੱਤੀ ਹੈ। ਪਾਰਟੀ ਨੇ ਸੰਭਾਵਿਤ ਉਮੀਦਵਾਰਾਂ ਦੀ ਚੋਣ ਲਈ ਛੇ ਮੈਂਬਰੀ ਸਕਰੀਨਿੰਗ ਕਮੇਟੀ ਦੇ ਨਾਵਾਂ ਦਾ ਐਲਾਨ ਵੀ ਕਰ ਦਿੱਤਾ ਹੈ। 'ਆਪ' ਨੇ ਪਾਰਟੀ ਦਾ ਮੁੱਖ ਦਫ਼ਤਰ ਜਲੰਧਰ ਵਿਚ ਖੋਲ੍ਹਣ ਦਾ ਫ਼ੈਸਲਾ ਲਿਆ ਹੈ। ਮਿਲੀ ਜਾਣਕਾਰੀ ਮੁਤਾਬਕ ਪੰਜਾਬ ਇਕਾਈ ਦੇ ਇੰਚਾਰਜ ਪ੍ਰੋ. ਯੋਗੇਂਦਰ ਯਾਦਵ ਦੀ ਪ੍ਰਧਾਨਗੀ ਹੇਠ ਦਿੱਲੀ ਵਿਚ ਹੋਈ ਮੀਟਿੰਗ ਵਿਚ ਦੋਹਾਂ ਕਮੇਟੀਆਂ ਦੇ ਨਾਵਾਂ ਨੂੰ ਅੰਤਿਮ ਪ੍ਰਵਾਨਗੀ ਦੇ ਦਿੱਤੀ ਗਈ ਹੈ। 16 ਮੈਂਬਰੀ ਚੋਣ ਕਮੇਟੀ ਨੂੰ ਲੋਕ ਸਭਾ ਚੋਣਾਂ ਦੀ ਕਮਾਨ ਸੰਭਾਲਣ ਲਈ ਕਹਿ ਦਿੱਤਾ ਗਿਆ ਹੈ ਜਦੋਂਕਿ ਛੇ ਮੈਂਬਰੀ ਸਕਰੀਨਿੰਗ ਕਮੇਟੀ ਨੂੰ ਵੱਖ-ਵੱਖ ਹਲਕਿਆਂ ਵਿਚ ਜਾ ਕੇ ਸੰਭਾਵਿਤ ਉਮੀਦਵਾਰਾਂ ਦੀ ਪਿਛਲੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਇਕੱਠੀ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਇਹ ਕਮੇਟੀ ਪੂਰੀ ਛਾਣਬੀਣ ਤੋਂ ਬਾਅਦ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦੇ ਨਾਵਾਂ ਦੀ ਸਿਫ਼ਾਰਸ਼ ਕਰੇਗੀ। ਉਮੀਦਵਾਰਾਂ ਦੇ ਨਾਵਾਂ ਨੂੰ ਅੰਤਿਮ ਮਨਜ਼ੂਰੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਵੱਲੋਂ ਦਿੱਤੀ ਜਾਵੇ। ਉਂਜ ਪਾਰਟੀ ਨੇ ਪੰਜਾਬ ਵਿਚ ਲੋਕ ਸਭਾ ਦੀਆਂ ਸਾਰੀਆਂ ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰਨ ਦਾ ਫ਼ੈਸਲਾ ਦੁਹਰਾਇਆ ਹੈ। ਆਮ ਆਦਮੀ ਪਾਰਟੀ ਨੇ ਦਿੱਲੀ ਦੇ ਸਿੱਖ ਕਤਲੇਆਮ ਪੀੜਤਾਂ ਦੇ ਕੇਸਾਂ ਦੀ ਪੈਰਵੀ ਕਰ ਰਹੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਨੂੰ ਲੁਧਿਆਣਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਐਲਾਨ ਦਿੱਤਾ ਹੈ।

# ਪੰਜਾਬ ਕਾਂਗਰਸ ਦੇ ਹਿੰਦੂ ਆਗੂਆਂ ਨੇ ਮੰਗੀਆਂ ਵੱਧ ਸੀਟਾਂ

**ਚੰਡੀਗੜ੍ਹ:** ਪੰਜਾਬ ਵਿਚ ਹਿੰਦੂ ਭਾਈਚਾਰੇ ਦੇ ਕਾਂਗਰਸੀ ਆਗੂਆਂ ਨੇ ਚੋਣਾਂ ਸਮੇਂ ਭਾਈਚਾਰੇ ਨੂੰ ਅਣਡਿੱਠਾ ਕਰਨ ਦਾ ਦੋਸ਼ ਲਾਇਆ ਹੈ। ਕੇ.ਪੀ ਕਮੇਟੀ ਅੱਗੇ ਪੇਸ਼ ਹੋਏ ਆਗੂਆਂ ਨੇ ਪਾਰਟੀ ਹਾਈ ਕਮਾਂਡ ਤੋਂ ਮੰਗ ਕੀਤੀ ਹੈ ਕਿ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ ਵਿਚ ਭਾਈਚਾਰੇ ਦੇ ਬਣਦੇ ਹਿੱਸੇ ਦੀਆਂ ਟਿਕਟਾਂ ਦਿੱਤੀਆਂ ਜਾਣ।

ਪੰਜਾਬ ਕਾਂਗਰਸ ਦੇ ਜਥੇਬੰਦਕ ਢਾਂਚੇ ਬਾਰੇ ਛਿੜੇ ਵਿਵਾਦ ਤੋਂ ਬਾਅਦ ਪਾਰਟੀ ਹਾਈ ਕਮਾਂਡ ਨੇ ਜਲੰਧਰ ਤੋਂ ਲੋਕ ਸਭਾ ਮੈਂਬਰ ਮਹਿੰਦਰ ਸਿੰਘ ਕੇ.ਪੀ ਦੀ ਅਗਵਾਈ ਹੇਠ ਇਕ ਕਮੇਟੀ ਕਾਇਮ ਕੀਤੀ ਸੀ ਤਾਂ ਕਿ ਅਹੁਦੇਦਾਰਾਂ ਦੀ ਸੂਚੀ ਵਿਚ ਅਣਗੌਲੇ ਰਹਿ ਗਏ ਤਬਕਿਆਂ ਦਾ ਪੱਖ ਸੁਣਿਆ ਜਾ ਸਕੇ। ਲਾਲ ਸਿੰਘ, ਮਾਲਤੀ ਥਾਪਰ ਤੇ ਕੇ.ਐਲ ਸ਼ਰਮਾ ਵੀ ਇਸ ਕਮੇਟੀ ਦੇ ਮੈਂਬਰ ਹਨ। ਕਮੇਟੀ ਸਾਹਮਣੇ ਪੇਸ਼ ਹੋਏ ਆਗੂਆਂ ਵਿਚ ਵਿਧਾਇਕ ਰਾਕੇਸ਼ ਪਾਂਡੇ, ਪੰਜਾਬ ਯੋਜਨਾ ਬੋਰਡ ਦੇ ਸਾਬਕਾ ਉਪ ਚੇਅਰਮੈਨ ਆਰ.ਆਰ ਭਾਰਦਵਾਜ, ਪਟਿਆਲਾ ਦੇ ਸਾਬਕਾ ਮੇਅਰ ਵਿਸ਼ਨੂੰ ਸ਼ਰਮਾ ਤੇ ਅਮਨ ਅਰੋੜਾ, ਕੇ.ਕੇ ਸ਼ਰਮਾ, ਜੁਗਲ ਕਿਸ਼ੋਰ, ਅਸ਼ਵਨੀ ਸ਼ਰਮਾ ਤੇ ਰਮਨ ਬਹਿਲ ਸ਼ਾਮਲ ਸਨ।

ਹਿੰਦੂ ਭਾਈਚਾਰੇ ਦੇ ਆਗੂਆਂ ਦਾ ਕਹਿਣਾ ਸੀ ਕਿ ਪੰਜਾਬ ਕਾਂਗਰਸ ਕਮੇਟੀ ਤੇ ਅਹੁਦੇਦਾਰਾਂ ਦੀ ਸੂਚੀ ਦੇ ਗਠਨ ਸਮੇਂ ਉਨ੍ਹਾਂ ਨੂੰ ਅਕਸਰ ਅਣਡਿੱਠ ਕੀਤਾ ਜਾਂਦਾ ਹੈ। ਹਿੰਦੂ ਭਾਈਚਾਰਾ ਸੂਬੇ ਵਿਚ ਪਾਰਟੀ ਦੀ ਰੀੜ੍ਹ ਦੀ ਹੱਡੀ ਬਣਿਆ ਰਿਹਾ ਹੈ ਤੇ ਪਾਰਟੀ ਦੇ ਢਾਂਚੇ ਅਤੇ ਚੋਣਾਂ ਵਿਚ ਟਿਕਟਾਂ ਦੀ ਵੰਡ ਸਮੇਂ ਭਾਈਚਾਰੇ ਨੂੰ ਨਜ਼ਰਅੰਦਾਜ਼ ਕਰਨਾ ਪਾਰਟੀ ਨੂੰ ਵੱਡੀ ਢਾਹ ਲਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਗਠਜੋੜ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਹਿੰਦੂ ਭਾਈਚਾਰੇ ਨੂੰ 35 ਟਿਕਟਾਂ ਦਿੱਤੀਆਂ ਸਨ ਜਿਨ੍ਹਾਂ ਵਿਚੋਂ 21 ਦੀ ਜਿੱਤ ਹੋਈ ਜਦਕਿ ਕਾਂਗਰਸ ਨੇ 23 ਟਿਕਟਾਂ ਦਿੱਤੀਆਂ ਜਿਨ੍ਹਾਂ ਵਿਚੋਂ 10 ਹੀ ਚੋਣ ਜਿੱਤ ਸਕੇ। ਉਨ੍ਹਾਂ ਕਿਹਾ ਕਿ ਹਿੰਦੂ ਭਾਈਚਾਰੇ ਦੀ 38 ਫੀਸਦੀ ਆਬਾਦੀ ਵਿਚ ਅਰੋੜਾ, ਖੱਤਰੀ, ਅਗਰਵਾਲ, ਬ੍ਰਾਹਮਣ, ਰਾਜਪੂਤ ਤੇ ਕੁਝ ਹੋਰ ਗਰੁੱਪ ਸ਼ਾਮਲ ਹਨ।

## 660 ਅਰਬ ਨਿਵੇਸ਼ ਦਾ ਦਾਅਵਾ ਪੰਜਾਬ ਕਾਂਗਰਸ ਵੱਲੋਂ ਝੂਠਾ ਕਰਾਰ

**ਚੰਡੀਗੜ੍ਹ:** ਮੁਹਾਲੀ ਵਿਚ ਪ੍ਰਗਤੀਸ਼ੀਲ ਨਿਵੇਸ਼ ਸੰਮੇਲਨ ਦੌਰਾਨ ਹਿੱਸਾ ਲੈਣ ਵਾਲੀਆਂ ਕੰਪਨੀਆਂ ਵੱਲੋਂ ਪੰਜਾਬ ਵਿਚ 66000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਕਰਨ ਦੇ ਦਾਅਵਿਆਂ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕੋਰਾ ਝੂਠ ਦੱਸਿਆ ਹੈ।

ਉਨ੍ਹਾਂ ਕਿਹਾ ਕਿ ਪ੍ਰਦੇਸ਼ ਕਾਂਗਰਸ ਦੇ ਆਰ.ਟੀ.ਆਈ ਸੈੱਲ ਦੇ ਕਨਵੀਨਰ ਡਾ. ਜਸਦੀਪਕ ਸਿੰਘ ਰਾਹੀਂ ਜੁਟਾਈ ਜਾਣਕਾਰੀ ਨੇ ਅਕਾਲੀ-ਭਾਜਪਾ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨਾਲ ਕੀਤੇ ਗਏ ਧੋਖੇ ਨੂੰ ਸਾਹਮਣੇ ਲਿਆ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਕੰਪਨੀਆਂ ਨੇ ਇਸ ਦਸਤਾਵੇਜ਼ ਨੂੰ ਸਮਝੌਤਾ ਸਹੀਬੰਦ ਕਰਨ ਦੀ ਥਾਂ ਰੁਚੀ ਦਾ ਪ੍ਰਗਟਾਵਾ (ਈ.ਓ.ਆਈ) ਕਰਾਰ ਦਿੱਤਾ ਹੈ। ਈ.ਓ.ਆਈ ਨਾਂਅ ਦੇ ਦਸਤਾਵੇਜ਼ ਵਿਚ ਇਨਫੋਸਿਸ ਵਰਗੀਆਂ ਕੰਪਨੀਆਂ ਨੇ ਕਿਹਾ ਹੈ ਕਿ ਉਹ ਆਉਣ ਵਾਲੇ 10 ਸਾਲਾਂ ਵਿਚ 500 ਕਰੋੜ ਰੁਪਏ ਦਾ ਨਿਵੇਸ਼ ਤਾਂ ਹੀ ਕਰਨਗੀਆਂ ਜੇਕਰ ਉਨ੍ਹਾਂ ਦੀਆਂ ਸ਼ਰਤਾਂ ਮੁਤਾਬਕ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਸਰਕਾਰ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ 66936 ਕਰੋੜ ਰੁਪਏ ਦੇ ਕੁੱਲ ਸਮਝੌਤਿਆਂ ਵਿਚੋਂ 31847 ਕਰੋੜ ਰੁਪਏ ਦੇ ਸਮਝੌਤੇ ਵਰਤਮਾਨ ਹਾਊਸਿੰਗ ਪ੍ਰੋਜੈਕਟਾਂ ਨਾਲ ਕੀਤੇ ਗਏ ਹਨ, ਜਿਹੜਾ ਕੁੱਲ ਨਿਵੇਸ਼ ਦਾ 50 ਫੀਸਦ ਬਣਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਵਿਚੋਂ ਕੁਝ ਵਿਚ ਬਾਦਲ ਤੇ ਮਜੀਠੀਆ ਪਰਿਵਾਰ ਦੀ ਬੇਨਾਮੀ ਹਿੱਸੇਦਾਰੀ ਹੈ। ਵਰਤਮਾਨ ਪ੍ਰਾਜੈਕਟਾਂ ਵਿਚੋਂ ਕੁੱਲ ਨਿਵੇਸ਼ ਵਿਚ ਕੁਝ ਸਿਹਤ ਤੇ ਬਾਇਓਸਾਇੰਸ ਖੇਤਰ ਦੇ ਪ੍ਰਾਜੈਕਟ ਸ਼ਾਮਲ ਹਨ, ਜਿਹੜਾ ਕੁੱਲ ਨਿਵੇਸ਼ ਦਾ 60 ਫੀਸਦ ਬਣਦਾ ਹੈ।

# ਖਡੂਰ ਸਾਹਿਬ ਹਲਕੇ ਲਈ ਟਿਕਟ-ਰੇਸ ਸ਼ੁਰੂ

**ਅੰਮ੍ਰਿਤਸਰ:** ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦੇ ਹੋਏ ਖਡੂਰ ਸਾਹਿਬ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਤੇ ਕਾਂਗਰਸ ਦੀਆਂ ਟਿਕਟਾਂ ਦੇ ਦਾਅਵੇਦਾਰਾਂ ਦੇ ਨਾਂ ਸਾਹਮਣੇ ਆਉਣ ਲੱਗੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸੰਭਾਵੀ ਉਮੀਦਵਾਰਾਂ ਬਾਰੇ ਚਰਚਾ ਵਿਚ ਇਸ ਵੇਲੇ ਸਭ ਤੋਂ ਉਪਰ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਰਣਜੀਤ ਸਿੰਘ ਬ੍ਰਹਮਪੁਰਾ ਤੇ ਮੌਜੂਦਾ ਲੋਕ ਸਭਾ ਮੈਂਬਰ ਡਾ. ਰਤਨ ਸਿੰਘ ਅਜਨਾਲਾ ਦੇ ਨਾਂ ਹਨ। ਇਨ੍ਹਾਂ ਤੋਂ ਇਲਾਵਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਧੀ ਪ੍ਰਨੀਤ ਕੌਰ ਦਾ ਨਾਂ ਵੀ ਚਰਚਾ ਵਿਚ ਹੈ।

ਇਨ੍ਹਾਂ ਤਿੰਨਾਂ ਵਿਚੋਂ ਰਣਜੀਤ ਸਿੰਘ ਬ੍ਰਹਮਪੁਰਾ ਇਸ ਵੇਲੇ ਸਭ ਤੋਂ ਸੀਨੀਅਰ ਅਕਾਲੀ ਆਗੂ ਹਨ। ਉਹ ਪਿਛਲੀਆਂ ਵਿਧਾਨ ਸਭਾ ਚੋਣਾਂ ਸਮੇਂ ਹਾਰ ਗਏ ਸਨ। ਉਨ੍ਹਾਂ ਨੂੰ ਕਾਂਗਰਸੀ ਆਗੂ ਰਮਨਜੀਤ ਸਿੰਘ ਸਿੱਕੀ ਨੇ ਹਰਾਇਆ ਸੀ। ਸਿੱਟੇ ਵਜੋਂ ਸਿਆਸੀ ਪੱਧਰ 'ਤੇ ਉਨ੍ਹਾਂ ਦੀਆਂ ਸਰਗਰਮੀਆਂ ਕੁਝ ਘਟ ਗਈਆਂ ਸਨ ਪਰ ਮੁੱਖ ਮੰਤਰੀ ਨਾਲ ਨਿੱਜੀ ਨੇੜਤਾ ਹੋਣ ਕਾਰਨ ਉਹ ਮੁੜ ਆਪਣੇ ਹਲਕੇ ਵਿਚ ਸਰਗਰਮ ਹੋ ਗਏ ਹਨ। ਖ਼ੁਦ ਮੁੱਖ ਮੰਤਰੀ ਵੀ ਐਲਾਨ ਕਰ ਚੁੱਕੇ ਹਨ ਕਿ ਸਮਾਂ ਆਉਣ 'ਤੇ ਉਨ੍ਹਾਂ ਨੂੰ ਵਿਸ਼ੇਸ਼ ਜ਼ਿੰਮੇਵਾਰੀ ਸੌਂਪੀ ਜਾਵੇਗੀ।

ਜੇਕਰ ਮੌਜੂਦਾ ਸਥਿਤੀ ਨੂੰ ਦੇਖਿਆ ਜਾਵੇ ਤਾਂ ਡਾਕਟਰ ਅਜਨਾਲਾ ਦਾ ਪ੍ਰਭਾਵ ਪਹਿਲਾਂ ਨਾਲੋਂ ਘਟਿਆ ਹੈ, ਜਿਸ ਵਿਚ ਸਥਾਪਤੀ ਵਿਰੋਧੀ ਸੋਚ ਤੋਂ ਇਲਾਵਾ ਉਨ੍ਹਾਂ ਦੇ ਪਰਿਵਾਰ ਦੀ ਨਸ਼ਿਆਂ ਦੇ ਤਸਕਰਾਂ ਨਾਲ ਨੇੜਤਾ ਸਾਹਮਣੇ ਆਉਣਾ ਵੀ ਪ੍ਰਮੁੱਖ ਕਾਰਨ ਹੈ। ਪਿਛੇ ਜਿਹੇ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਜਗਦੀਸ਼ ਭੋਲਾ ਦੇ ਸਾਥੀ ਮਨਿੰਦਰ ਸਿੰਘ ਬਿੱਟੂ ਔਲਖ ਦੀ ਨੇੜਤਾ ਅਜਨਾਲਾ ਪਰਿਵਾਰ ਨਾਲ ਸਾਹਮਣੇ ਆਈ ਹੈ ਜਿਸ ਦਾ ਪ੍ਰਛਾਵਾਂ ਅਜਨਾਲਾ ਪਰਿਵਾਰ 'ਤੇ ਪਿਆ।

ਅਜਿਹੇ ਹਾਲਾਤ ਕਾਰਨ ਹੀ ਡਾ. ਅਜਨਾਲਾ ਦੀ ਥਾਂ ਕਿਸੇ ਹੋਰ ਨੂੰ ਉਮੀਦਵਾਰ ਬਣਾਏ ਜਾਣ ਦੀ ਚਰਚਾ ਚੱਲੀ।ਮਾਝੇ ਦੇ ਇਸ ਇਲਾਕੇ ਵਿਚ ਕੈਬਨਿਟ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਦੀ ਪਤਨੀ ਬੀਬੀ ਪ੍ਰਨੀਤ ਕੌਰ ਦਾ ਵੀ ਅਸਰ-ਰਸੂਖ ਹੈ ਅਤੇ ਉਨ੍ਹਾਂ ਦੇ ਨਾਂ ਦੀ ਵੀ ਚਰਚਾ ਚੱਲ ਰਹੀ ਹੈ। ਕਾਂਗਰਸ ਦੇ ਸੰਭਾਵਿਤ ਉਮੀਦਵਾਰਾਂ ਦੀ ਸ਼੍ਰੇਣੀ ਵਿਚ ਇਸ ਵੇਲੇ ਦੋ ਨਾਵਾਂ ਦੀ ਵਧੇਰੇ ਚਰਚਾ ਹੈ, ਇਕ ਹਨ ਪੱਟੀ ਤੋਂ ਕਾਂਗਰਸੀ ਆਗੂ ਹਰਮਿੰਦਰ ਸਿੰਘ ਗਿੱਲ ਤੇ ਦੂਜੇ ਹਨ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਨਵੇਂ ਬਣੇ ਪ੍ਰਧਾਨ ਸੁਖਪਾਲ ਸਿੰਘ ਭੁੱਲਰ।

ਸ. ਗਿੱਲ ਨੇ ਪੱਟੀ ਵਿਧਾਨ ਸਭਾ ਹਲਕੇ ਦੀ ਚੋਣ ਲੜਦਿਆਂ ਕੈਬਨਿਟ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਸਖ਼ਤ ਟੱਕਰ ਦਿੱਤੀ ਸੀ। ਉਨ੍ਹਾਂ ਪਿਛਲੀਆਂ ਦੋਵੇਂ ਵਿਧਾਨ ਸਭਾ ਚੋਣਾਂ ਕਾਂਗਰਸ ਦੇ ਉਮੀਦਵਾਰ ਵਜੋਂ ਲੜੀਆਂ। ਵਿਧਾਨ ਸਭਾ ਚੋਣਾਂ ਵਿਚ ਤਾਂ ਸ੍ਰੀ ਗਿੱਲ ਸਿਰਫ਼ 59 ਵੋਟਾਂ ਨਾਲ ਹਾਰੇ। ਕਾਂਗਰਸੀ ਹਲਕਿਆਂ ਵਿਚ ਚਰਚਾ ਹੈ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੂੰ ਸਖ਼ਤ ਟੱਕਰ ਦੇਣ ਦੇ ਸਮਰੱਥ ਹਨ। ਸੁਖਪਾਲ ਸਿੰਘ ਭੁੱਲਰ ਸਾਬਕਾ ਕਾਂਗਰਸੀ ਮੰਤਰੀ ਗੁਰਚੇਤ ਸਿੰਘ ਭੁੱਲਰ ਦੇ ਬੇਟੇ ਹਨ। ਭੁੱਲਰ ਪਰਿਵਾਰ ਦਾ ਇਸ ਹਲਕੇ ਵਿਚ ਚੰਗਾ ਅਸਰ-ਰਸੂਖ ਹੈ। ਸੁਖਪਾਲ ਸਿੰਘ ਯੂਥ ਕਾਂਗਰਸ ਦੇ ਵੀ ਆਗੂ ਰਹਿ ਚੁੱਕੇ ਹਨ।

# ਉਸਾਰੀ ਪ੍ਰਾਜੈਕਟ ਸੰਗਤ ਨਾਲ ਸਲਾਹ ਪਿਛੋਂ ਸ਼ੁਰੂ ਕੀਤਾ ਗਿਆ-ਸਿੱਖ ਪੰਚਾਇਤ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦਾ ਮੌਜੂਦਾ ਉਸਾਰੀ ਪ੍ਰਾਜੈਕਟ ਸੰਗਤ ਨਾਲ ਲੰਮੇ ਵਿਚਾਰ-ਵਟਾਂਦਰੇ ਉਪਰੰਤ ਸ਼ੁਰੂ ਕੀਤਾ ਗਿਆ ਸੀ ਅਤੇ ਇਸ ਸਬੰਧੀ ਵਿਰੋਧੀ ਧਿਰ ਵਲੋਂ ਕੀਤਾ ਜਾ ਰਿਹਾ ਪ੍ਰਚਾਰ ਗੁਮਰਾਹਕੁਨ ਹੈ। ਗੁਰਦੁਆਰਾ ਪ੍ਰਬੰਧ ਚਲਾ ਰਹੀ ਸਿੱਖ ਪੰਚਾਇਤ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਜੇ ਅਸੀਂ ਇਹ ਕੰਮ ਅੱਧਵਾਟੇ ਹੀ ਰੋਕ ਦਿੰਦੇ ਹਾਂ ਤਾਂ ਸਕੂਲ ਅਤੇ ਸੀਨੀਅਰਾਂ ਲਈ ਕਮਰੇ ਬਣਾਉਣ, ਵੱਡਾ ਰਸੋਈ ਘਰ ਅਤੇ ਲੰਗਰ ਹਾਲ ਵਿਚ ਵਾਧਾ ਕਰਨ ਦੇ ਕੰਮ ਨੇਪਰੇ ਨਹੀਂ ਚੜ੍ਹ ਸਕਣਗੇ। ਬਿਆਨ ਵਿਚ ਕਿਹਾ ਗਿਆ ਹੈ ਕਿ ਇਸ ਪ੍ਰਾਜੈਕਟ ਬਾਰੇ ਸਕੂਲ ਦੇ ਅਧਿਆਪਕਾਂ, ਲੰਗਰ ਦੇ ਸੇਵਾਦਾਰਾਂ ਅਤੇ ਸੀਨੀਅਰ ਸਿਟੀਜ਼ਨਾਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੀਆਂ ਲੋੜਾਂ ਦਾ ਜਾਇਜ਼ਾ ਲਿਆ ਗਿਆ ਜਿਸ ਪਿਛੋਂ ਦੋ ਵਾਰ ਖੁੱਲ੍ਹੀਆਂ ਮੀਟਿੰਗਾਂ ਰੱਖ ਕੇ ਸੰਗਤ ਨੂੰ ਪੂਰੀ ਜਾਣਕਾਰੀ ਦਿੱਤੀ ਗਈ। ਇਸ ਪ੍ਰਕ੍ਰਿਆ ਵਿਚ ਇਸ ਸਮੇਂ ਸਿੱਖ ਅਲਾਇੰਸ ਦੇ ਉਮੀਦਵਾਰ ਗੁਰਚਰਨ ਸਿੰਘ ਮਾਨ ਅਤੇ ਹੋਰ ਮੋਹਤਬਰ ਲੋਕ ਵੀ ਸ਼ਾਮਲ ਹੋਏ। ਇਸ ਪਿਛੋਂ ਇਹ ਸਾਰੀ ਜਾਣਕਾਰੀ ਉਘੇ ਆਰਕੀਟੈਕਟ ਮਹਿੰਦਰ ਦੱਤਾ ਨੂੰ ਦਿੱਤੀ ਗਈ ਜਿਨ੍ਹਾਂ ਨੇ ਇੱਕ ਮਾਸਟਰ ਪਲੈਨ ਤਿਆਰ ਕੀਤਾ ਜਿਸ ਦਾ ਮਕਸਦ ਸਿਰਫ ਇਹ ਹੀ ਸੀ ਕਿ ਜੇ ਕੱਲ੍ਹ ਨੂੰ ਕਮੇਟੀ ਬਦਲ ਵੀ ਜਾਵੇ ਤਾਂ ਵੀ ਮਾਸਟਰ ਪਲੈਨ ਅਧੀਨ ਕੰਮ ਚਲਦਾ ਰਹੇ। ਪਹਿਲਾਂ ਵਾਂਗ ਨਵੀਂ ਕਮੇਟੀ ਨਵੀਂ ਪਲੈਨ ਨਾ ਲੈ ਕੇ ਆਵੇ।

ਸਿੱਖ ਪੰਚਾਇਤ ਨੇ ਦਾਅਵਾ ਕੀਤਾ ਹੈ ਕਿ ਇੰਨਾ ਲੰਮਾ ਸਲਾਹ-ਮਸ਼ਵਰਾ ਹਾਲੇ ਤੱਕ ਕਦੇ ਵੀ ਨਹੀਂ ਹੋਇਆ। ਉਸਾਰੀ ਦੀ ਸ਼ੁਰੂਆਤ ਪੂਰੇ ਨਿਪੁੰਨ ਤਰੀਕੇ ਨਾਲ ਕੀਤੀ ਗਈ ਹੈ ਅਤੇ ਇੰਨੀ ਦੇਰ ਬਾਅਦ ਕਿੰਤੂ ਕਰਨਾ ਤਾਂ ਗੁਰਦੁਆਰਾ ਸਾਹਿਬ ਦਾ ਨੁਕਸਾਨ ਕਰਨ ਬਰਾਬਰ ਹੈ।

ਜਾਰੀ ਬਿਆਨ ਅਨੁਸਾਰ ਉਸਾਰੀ ਦੀ ਇਹ ਮਾਸਟਰ ਪਲਾਨ ਦੋ ਪੜਾਵਾਂ ਵਿਚ ਵੰਡੀ ਗਈ ਹੈ। ਸਿਰਫ਼ ਪਹਿਲੇ ਪੜਾਅ ਲਈ 2.2 ਮਿਲੀਅਨ ਡਾਲਰ ਕਰਜ਼ਾ ਲਿਆ ਜਾ ਰਿਹਾ ਹੈ। ਦੂਜਾ ਪੜਾਅ ਬਾਅਦ ਵਿਚ ਜ਼ਰੂਰਤ ਦੇਖਦੇ ਹੋਏ ਸ਼ੁਰੂ ਕੀਤਾ ਜਾ ਸਕਦਾ ਹੈ। ਵਿਰੋਧੀ ਧਿਰ ਵਲੋਂ ਪਹਿਲੇ ਪੜਾਅ ਦੇ ਕਰਜ਼ੇ ਦੀ ਮਾਸਿਕ ਕਿਸ਼ਤ 70,000 ਡਾਲਰ ਦੱਸੀ ਜਾ ਰਹੀ ਹੈ ਜਦੋਂਕਿ ਅਸਲ ਵਿਚ ਇਹ ਕਿਸ਼ਤ 13,000 ਡਾਲਰ ਤੋਂ ਵੀ ਘੱਟ ਹੋਵੇਗੀ। ਇਸ ਸਮੇਂ ਸਾਰੇ ਖਰਚਿਆਂ ਤੋਂ ਬਾਅਦ ਗੁਰਦੁਆਰਾ ਸਾਹਿਬ ਕੋਲ ਤਕਰੀਬਨ 45,000 ਡਾਲਰ ਮਹੀਨਾ ਬਚਦਾ ਹੈ। ਇਸ ਲਈ ਇਹ ਕਿਸ਼ਤ ਦੇਣ ਵਿਚ ਕੋਈ ਮੁਸ਼ਕਿਲ ਨਹੀਂ ਆਵੇਗੀ।

ਸਿੱਖ ਪੰਚਾਇਤ ਨੇ ਸਪਸ਼ਟ ਕੀਤਾ ਹੈ ਕਿ ਪਹਿਲੇ ਪੜਾਅ ਵਿਚ ਮੌਜੂਦਾ ਲੰਗਰ ਹਾਲ ਅਤੇ ਮੁੱਖ ਦਰਬਾਰ ਹਾਲ ਦੇ ਗੁੰਬਦ ਨੂੰ ਨਹੀਂ ਛੇੜਿਆ ਗਿਆ। ਇਹ ਸਿਰਫ਼ ਪਿਛਲੇ ਪਾਸੇ ਲੰਗਰ ਹਾਲ ਦੀ ਕੰਧ ਤੋਂ ਸਕੂਲ ਟਰੇਲਰ ਚਾਰਦੀਵਾਰੀ ਤੱਕ ਆਰਜ਼ੀ ਤੌਰ 'ਤੇ ਵਧਾਇਆ ਗਿਆ ਹੈ। ਇਸ ਵਿਚ ਫਸਟ ਫਲੋਰ 'ਤੇ 5050 ਵਰਗ ਫੁੱਟ ਦੀ ਰਸੋਈ ਸ਼ਾਮਲ ਹੈ, ਜਿਸ ਵਿਚ ਖਾਣਾ ਪਕਾਉਣ ਦਾ ਸਾਜ਼ੋ ਸਮਾਨ, ਸੇਫ਼ਰ ਅਤੇ ਰੁਮੀਅਰ, ਵੱਡਾ ਸਟੋਰ, ਵਾਕ ਇਨ ਕੂਲਰ ਰੂਮ, ਵੱਡੇ ਪਤੀਲੇ ਅਤੇ ਦੇਗੇ, ਸਟੋਰ ਅਤੇ ਬਰਤਨ ਧੋਣ ਦੀ ਸਹੂਲਤ ਹੋਵੇਗੀ। ਇਸ ਵਕਤ ਦੇਗੇ ਬਾਹਰ ਲਿਜਾ ਕੇ ਧੋਏ ਜਾਂਦੇ ਹਨ ਜੋ ਕਾਉਂਟੀ ਦੇ ਰਸੋਈ ਨੇਮਾਂ ਦੀ ਉਲੰਘਣਾ ਹੈ।

ਉਸਾਰੀ ਪ੍ਰਾਜੈਕਟ ਦਾ ਵੇਰਵਾ ਦਿੰਦਿਆਂ ਸਿੱਖ ਪੰਚਾਇਤ ਨੇ ਕਿਹਾ ਹੈ ਕਿ ਉਸਾਰੀ ਦੇ ਪਹਿਲੇ ਪੜਾਅ ਵਿਚ ਦੂਜੀ ਮੰਜ਼ਿਲ 'ਤੇ ਖਾਲਸਾ ਸਕੂਲ, ਜਥਿਆਂ ਤੇ ਪ੍ਰਚਾਰਕਾਂ ਅਤੇ ਸੀਨੀਅਰਾਂ ਲਈ ਆਰਾਮ ਕਮਰਿਆਂ ਤੋਂ ਇਲਾਵਾ ਲਿਫ਼ਟ, ਬੱਚਿਆਂ ਦੀ ਲਾਇਬ੍ਰੇਰੀ, ਕੀਰਤਨ ਪ੍ਰੈਕਟਿਸ ਰੂਮ, ਮੀਟਿੰਗਾਂ ਲਈ ਬਹੁ ਮੰਤਵੀ ਕਮਰੇ ਅਤੇ ਹੋਰ ਸਹੂਲਤਾਂ ਸ਼ਾਮਲ ਹਨ। ਇਸ ਨਾਲ ਸਾਡੀ ਬਹੁਮੰਤਵੀ ਕਮਰਿਆਂ ਦੀ ਜ਼ਰੂਰਤ ਪੂਰੀ ਹੋਵੇਗੀ ਅਤੇ ਅਸੀਂ ਨਾਲੋ ਨਾਲ ਕਲਾਸਾਂ ਲਗਾ ਸਕਾਂਗੇ। ਇਸ ਵੇਲੇ ਕਈ ਕਲਾਸਾਂ ਇਕਠੀਆਂ ਇੱਕ ਕਮਰੇ ਵਿਚ ਲਗਦੀਆਂ ਹਨ।

ਬਿਆਨ ਅਨੁਸਾਰ ਇਸ ਪ੍ਰਾਜੈਕਟ ਦੇ ਆਰਕੀਟੈਕਟ ਮਹਿੰਦਰ ਦੱਤਾ ਨਿਸ਼ਕਾਮ ਸੇਵਾ ਕਰ ਰਹੇ ਹਨ ਅਤੇ ਘੱਟ ਤੋਂ ਘੱਟ ਲਾਗਤ ਲਈ ਭਾਰਤ ਵਿਚੋਂ ਆਪਣੀ ਟੀਮ ਤੋਂ ਮਦਦ ਲੈ ਰਹੇ ਹਨ। ਕਿਸੇ ਸਥਾਨਕ ਆਰਕੀਟੈਕਟ ਦੀਆਂ ਸੇਵਾਵਾਂ ਦਾ ਖਰਚਾ ਘੱਟੋ ਘੱਟ 250,000 ਡਾਲਰ ਹੋਣਾ ਸੀ। ਸਾਰਾ ਇਲੈਕਟ੍ਰੀਕਲ ਸਾਫ਼ਟ ਕੰਮ ਸ੍ਰੀ ਭਾਟੀਆ ਨੇ ਨਿਸ਼ਕਾਮ ਕੀਤਾ ਹੈ। ਇਸ ਤੋਂ ਇਲਾਵਾ ਅੰਮ੍ਰਿਤਪਾਲ ਸਿੰਘ ਸਰਾਂ ਅਤੇ ਗੁਰਚਰਨ ਸਿੰਘ ਵੜੈਚ ਵੀ ਪਿਛਲੇ ਤਿੰਨ ਸਾਲ ਤੋਂ ਨਿਸ਼ਕਾਮ ਸੇਵਾ ਕਰ ਰਹੇ ਹਨ।

## ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ ਚੋਣਾਂ ਦਾ ਮੈਦਾਨ ਭਖਿਆ ਚੋਣਾਂ 9 ਮਾਰਚ ਨੂੰ

## ਸੰਗਤਾਂ ਨੂੰ ਹਿਸਾਬ-ਕਿਤਾਬ ਦੇਖਣ ਦੀ ਖੁੱਲ੍ਹ-ਸੁਪਰੀਮ ਕੌਂਸਲ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਨੇ ਕਿਹਾ ਹੈ ਕਿ ਸੰਗਤ ਦੇ ਕਿਸੇ ਵੀ ਮੈਂਬਰ ਨੂੰ ਗੁਰੂ ਘਰ ਦਾ ਹਿਸਾਬ-ਕਿਤਾਬ ਦੇਖਣ ਦੀ ਖੁੱਲ੍ਹ ਹੈ ਅਤੇ ਸੰਗਤ ਅਕਾਊਂਟਿੰਗ ਦੇਖਣ ਆਉਂਦੀ ਵੀ ਰਹੀ ਹੈ। ਇਹ ਕਹਿਣਾ ਸਹੀ ਨਹੀਂ ਹੈ ਕਿ ਸੁਪਰੀਮ ਕੌਂਸਲ ਨੇ ਕਿਸੇ ਨੂੰ ਹਿਸਾਬ-ਕਿਤਾਬ ਦਿਖਾਉਣ ਤੋਂ ਮਨ੍ਹਾਂ ਕੀਤਾ ਗਿਆ ਹੈ।

ਸੁਪਰੀਮ ਕੌਂਸਲ ਵਲੋਂ ਜਾਰੀ ਇਕ ਬਿਆਨ ਅਨੁਸਾਰ ਐਤਵਾਰ 23 ਫਰਵਰੀ ਨੂੰ ਬਾਅਦ ਦੁਪਹਿਰ 3 ਵਜੇ ਗੁਰਦੁਆਰਾ ਸਾਹਿਬ ਦੇ ਟ੍ਰੇਲਰ ਵਿਚ ਸੰਗਤ ਦਾ ਕੋਈ ਵੀ ਮੈਂਬਰ ਆ ਕੇ ਹਿਸਾਬ-ਕਿਤਾਬ ਦੇਖ ਸਕਦਾ ਹੈ। ਹਿਸਾਬ-ਕਿਤਾਬ ਕੁਇਕ ਬੁਕਸ ਵਿਚ ਕੀਤਾ ਜਾਂਦਾ ਹੈ ਤੇ ਹਰ ਮਹੀਨੇ ਬੈਂਕ ਸਟੇਟਮੈਂਟ ਨਾਲ ਮੈਚ ਕੀਤਾ ਜਾਂਦਾ ਹੈ। ਸੰਗਤ ਨੂੰ ਹਰ ਚੈਕ ਜਾਂ ਸਟੇਟਮੈਂਟ ਦੇਖਣ ਦੀ ਖੁੱਲ੍ਹ ਹੋਵੇਗੀ ਅਤੇ ਕਿਸੇ ਤਰ੍ਹਾਂ ਦਾ ਸੁਆਲ ਪੁੱਛ ਕੇ ਸ਼ੰਕਾ ਨਵਿਰਤ ਕੀਤੀ ਜਾ ਸਕਦੀ ਹੈ। ਹਿਸਾਬ-ਕਿਤਾਬ ਲਈ ਅਸੀਂ ਕਿਸੇ ਵੀ ਵਿਅਕਤੀ ਨਾਲ ਸੰਗਤ ਵਿਚ ਖੁੱਲ੍ਹੀ ਬਹਿਸ ਕਰਨ ਨੂੰ ਵੀ ਤਿਆਰ ਹਾਂ।

## ਗੁਰਦੁਆਰਾ ਸਾਹਿਬ ਦੇ ਪ੍ਰਾਜੈਕਟ ਦੀ ਮਨਜ਼ੂਰੀ ਸੰਗਤ ਤੋਂ ਲੈਣੀ ਜ਼ਰੂਰੀ-ਮਾਨ, ਧਾਮੀ

**ਫਰੀਮਾਂਟ (ਬਿਊਰੋ):** ਆਉਂਦੀ 9 ਮਾਰਚ ਨੂੰ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀਆਂ ਹੋ ਰਹੀਆਂ ਚੋਣਾਂ ਵਿਚ ਬੇਏਰੀਆ ਸਿੱਖ ਅਲਾਇੰਸ ਦੇ ਉਮੀਦਵਾਰ ਸ. ਅਵਤਾਰ ਸਿੰਘ ਧਾਮੀ ਅਤੇ ਸ. ਗੁਰਚਰਨ ਸਿੰਘ ਮਾਨ ਨੇ ਕਿਹਾ ਹੈ ਕਿ ਗੁਰੂ ਘਰ ਦਾ ਕੋਈ ਵੀ ਪ੍ਰਾਜੈਕਟ ਸ਼ੁਰੂ ਕਰਨ ਤੋਂ ਪਹਿਲਾਂ ਸੰਗਤ ਕੋਲੋਂ ਪ੍ਰਵਾਨਗੀ ਲੈਣੀ ਬਹੁਤ ਜ਼ਰੂਰੀ ਹੈ। ਇਥੇ ਜਾਰੀ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਪ੍ਰਾਜੈਕਟ ਦੀ ਲੋੜ ਅਤੇ ਇਸ ਦੇ ਫਾਇਦਿਆਂ ਦਾ ਸੰਗਤ ਨੂੰ ਪਤਾ ਹੋਣਾ ਚਾਹੀਦਾ ਹੈ। ਨਾਲੇ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਕਿੰਨੇ ਸਮੇਂ ਤੱਕ ਇਹ ਲੋੜਾਂ ਪੂਰੀਆਂ ਹੁੰਦੀਆਂ ਰਹਿਣਗੀਆਂ ਕਿਉਂਕਿ ਕਿਸੇ ਵੀ ਪ੍ਰਾਜੈਕਟ ਦਾ ਮਾਲੀ ਬੋਝ ਸਿੱਧੇ ਤੌਰ 'ਤੇ ਸੰਗਤ ਉਪਰ ਹੀ ਪੈਣਾ ਹੈ ਨਾ ਕਿ ਪ੍ਰਬੰਧਕ ਕਮੇਟੀ ਦੇ ਆਉਣ-ਜਾਣ ਵਾਲੇ ਅਹੁਦੇਦਾਰਾਂ ਉਪਰ।

ਦੋਵਾਂ ਆਗੂਆਂ ਨੇ ਆਪਣੀ ਦਲੀਲ ਨੂੰ ਵਿਸਥਾਰ ਦਿੰਦਿਆਂ ਕਿਹਾ ਕਿ ਇਹ ਗੱਲ ਉਦੋਂ ਹੋਰ ਵੀ ਜ਼ਰੂਰੀ ਹੋ ਜਾਂਦੀ ਹੈ ਜਦੋਂ ਗੁਰੂ ਘਰ ਦੀ ਮੈਂਬਰਸ਼ਿਪ ਵਲੋਂ ਆਪਣੀ ਸਹੂਲਤ ਵਾਸਤੇ ਆਪੋ ਆਪਣੇ ਸ਼ਹਿਰਾਂ ਵਿਚ ਨਵੇਂ ਗੁਰਦੁਆਰਾ ਸਾਹਿਬ ਬਣਾਏ ਜਾ ਰਹੇ ਹਨ। ਜਿਵੇਂ ਕਿ ਫਰੀਮਾਂਟ ਸ਼ਹਿਰ ਦੇ ਨਜ਼ਦੀਕ ਹੀ ਮਿਲਪੀਟਸ ਵਿਚ ਗੁਰਦੁਆਰਾ ਬਣ ਚੁਕਾ ਹੈ। ਇਸੇ ਤਰ੍ਹਾਂ ਸਾਊਥ ਸੈਨ ਫਰਾਂਸਿਸਕੋ, ਡਬਲਿਨ ਅਤੇ ਲਿਵਰਮੋਰ ਵਿਚ ਗੁਰਦੁਆਰੇ ਉਸਾਰੀ ਅਧੀਨ ਹਨ। ਜਦੋਂਕਿ ਹੇਵਰਡ ਵਿਚ ਇਕ ਬਹੁਤ ਸੁੰਦਰ ਪ੍ਰਾਜੈਕਟ ਉਲੀਕਿਆ ਜਾ ਚੁਕਾ ਹੈ। ਇਸ ਤੋਂ ਇਲਾਵਾ ਯੂਨੀਅਨ ਸਿਟੀ ਵਿਚ ਵੀ ਸੰਗਤ ਤਿੰਨ ਏਕੜ ਜ਼ਮੀਨ ਖਰੀਦ ਕੇ ਉਸਾਰੀ ਲਈ ਤਤਪਰ ਹੈ।

ਦੋਵਾਂ ਆਗੂਆਂ ਨੇ ਆਖਿਆ ਕਿ ਕਿਸੇ ਵੇਲੇ ਗੁਰਦੁਆਰਾ ਫਰੀਮਾਂਟ ਦੀ ਸੰਗਤ ਲਈ ਪਾਰਕਿੰਗ ਬਹੁਤ ਵੱਡੀ ਸਮੱਸਿਆ ਸੀ ਜੋ ਅੱਜ ਵੀ ਹੈ ਪਰ ਸੋਚਣ ਵਾਲੀ ਗੱਲ ਇਹ ਹੈ ਕਿ ਕੁਝ ਸਾਲਾਂ ਤੱਕ ਜਦੋਂ ਆਲੇ ਦੁਆਲੇ ਦੇ ਸ਼ਹਿਰਾਂ ਵਿਚ ਬਣ ਰਹੇ ਗੁਰੂ ਘਰ ਸਥਾਨਕ ਸੰਗਤਾਂ ਦੀ ਲੋੜ ਪੂਰਾ ਕਰਨ ਲੱਗੇ ਤਾਂ ਗੁਰਦੁਆਰਾ ਫਰੀਮਾਂਟ ਦੇ ਮੌਜੂਦਾ ਪ੍ਰਬੰਧਕਾਂ ਵਲੋਂ 70-80 ਲੱਖ ਡਾਲਰ ਨਾਲ ਅਰੰਭੇ ਗਏ ਪ੍ਰਾਜੈਕਟਾਂ ਦਾ ਕੀ ਬਣੇਗਾ? ਕੀ ਇਹ ਸੰਗਤਾਂ ਉਪਰ ਕਰਜ਼ੇ ਦਾ ਵੱਡਾ ਬੋਝ ਨਹੀਂ ਹੋਵੇਗਾ? ਉਨ੍ਹਾਂ ਦੋਸ਼ ਲਾਇਆ ਕਿ ਪ੍ਰਬੰਧਕਾਂ ਨੇ ਆਉਣ ਵਾਲੇ ਸਮੇਂ ਦੀਆਂ ਲੋੜਾਂ ਬਾਰੇ ਕੋਈ ਸਰਵੇਖਣ ਨਹੀਂ ਕੀਤਾ ਅਤੇ ਸੰਗਤ ਨੂੰ ਹਨੇਰੇ ਵਿਚ ਰੱਖਿਆ ਜਾ ਰਿਹਾ ਹੈ। ਉਨ੍ਹਾਂ ਸਵਾਲ ਖੜ੍ਹਾ ਕੀਤਾ ਕਿ ਜਿਸ ਤਰ੍ਹਾਂ 6-7 ਸਾਲ ਪਹਿਲਾਂ ਇਕ ਧਿਰ ਵਲੋਂ ਲਏ ਗਏ ਪਰਮਿਟਾਂ ਦੀ ਮਿਆਦ ਦੂਜੀ ਧਿਰ ਨੇ ਲੰਘਾ ਦਿਤੀ ਸੀ, ਕੀ ਹੁਣ ਵੀ ਇਸੇ ਤਰ੍ਹਾਂ ਹੀ ਪਰਮਿਟਾਂ ਲਈ ਖਰਚੇ ਗਏ ਸਾਢੇ ਚਾਰ ਲੱਖ ਤੋਂ ਵੱਧ ਡਾਲਰਾਂ ਦਾ ਵੀ ਓਹੀ ਹਾਲ ਤਾਂ ਨਹੀਂ ਹੋਵੇਗਾ?

ਸ. ਧਾਮੀ ਅਤੇ ਸ. ਮਾਨ ਨੇ ਆਖਿਆ ਕਿ ਸੰਗਤ ਸੁਪਰੀਮ ਹੈ ਅਤੇ ਸੰਗਤ ਕੋਲੋਂ ਕੋਈ ਵੀ ਚੀਜ਼ ਲੁਕਾਈ ਨਹੀਂ ਜਾਣੀ ਚਾਹੀਦੀ ਕਿਉਂਕਿ ਸਾਰੇ ਪ੍ਰਾਜੈਕਟ ਸੰਗਤ ਦੀ ਸਹੂਲਤ ਵਾਸਤੇ ਹਨ ਅਤੇ ਬੋਝ ਵੀ ਉਸ ਉਪਰ ਹੀ ਪੈਣਾ ਹੈ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838



Want to Sell Your Home

We can sell your home fast @ best price.

ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Sacramento, Stockton, Roseville area prices are on the rise.*

Please call me to find out value of your home.
If you are thinking to Buy or Sell a Home, please give us a chance

*Call: Sohanpreet 'Sam' Chahal*

@916-612-5773

Serving from Bay Area to Sacramento

Multi-Million Dollars Producer-2007 to 2012

Golden State Realty

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**


The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਖੁਦਕੁਸ਼ੀਆਂ ਬਾਰੇ ਹਾਈ ਕੋਰਟ ਦਾ ਅਹਿਮ ਫੈਸਲਾ

## ਕਿਸਾਨ ਪਰਿਵਾਰਾਂ ਦੀ ਮਦਦ ਲਈ ਨੀਤੀ ਬਣਾਉਣ ਦੇ ਹੁਕਮ



**ਚੰਡੀਗੜ੍ਹ:** ਪੰਜਾਬ 'ਚ ਕਿਸਾਨਾਂ ਵੱਲੋਂ ਕੀਤੀਆਂ ਜਾਂਦੀਆਂ ਖੁਦਕੁਸ਼ੀਆਂ ਦੇ ਮਾਮਲੇ 'ਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੂਬਾ ਸਰਕਾਰ ਨੂੰ ਕਿਸਾਨਾਂ ਦੀ ਮਾਲੀ ਸਹਾਇਤਾ ਲਈ ਢੁਕਵੀਂ ਯੋਜਨਾ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਪੰਜਾਬ ਸਰਕਾਰ ਨੇ ਕਿਹਾ ਹੈ ਕਿ 64 ਕਰੋੜ ਰੁਪਏ ਦੀ ਮਾਲੀ ਸਹਾਇਤਾ ਪੀੜਤ ਪਰਿਵਾਰਾਂ ਨੂੰ ਦੋ ਕਿਸ਼ਤਾਂ 'ਚ ਦਿੱਤੀ ਜਾਏਗੀ। ਪਹਿਲੀ ਕਿਸ਼ਤ 31 ਮਾਰਚ ਤੱਕ ਦਿੱਤੀ ਜਾਣੀ ਹੈ ਅਤੇ ਦੂਜੀ ਕਿਸ਼ਤ 31 ਜੁਲਾਈ ਤੱਕ ਦਿੱਤੀ ਜਾਏਗੀ। ਸਰਕਾਰ ਨੇ ਸਾਲ 2012-13 ਲਈ ਸਹਾਇਤਾ ਵਜੋਂ ਡਿਪਟੀ ਕਮਿਸ਼ਨਰਾਂ ਨੂੰ 23 ਕਰੋੜ 86 ਲੱਖ ਰੁਪਏ ਜਾਰੀ ਕਰ ਦਿੱਤੇ ਹਨ। ਸਰਵੇਖਣ ਰਿਪੋਰਟਾਂ ਦੇ ਆਧਾਰ 'ਤੇ ਹਰ ਪੀੜਤ ਪਰਿਵਾਰ ਨੂੰ ਇਕ ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ।

ਪੰਜਾਬ ਸਰਕਾਰ ਵੱਲੋਂ ਅਦਾਲਤ 'ਚ ਤਾਜ਼ਾ ਜਾਣਕਾਰੀ ਦੇਣ ਮਗਰੋਂ ਚੀਫ ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਅਰੁਣ ਪੱਲੀ ਦੇ ਡਿਵੀਜ਼ਨ ਬੈਂਚ ਨੇ ਦੋ ਮਹੀਨਿਆਂ 'ਚ ਢੁਕਵੀਂ ਨੀਤੀ ਤਿਆਰ ਕਰਨ ਲਈ ਕਿਹਾ। ਇਸ ਮਾਮਲੇ 'ਤੇ ਹੁਣ 2 ਮਈ ਨੂੰ ਸੁਣਵਾਈ ਹੋਵੇਗੀ। 'ਮੂਵਮੈਂਟ ਅਗੇਂਸਟ ਸਟੇਟ ਰਿਪਰੈਸ਼ਨ' (ਸਰਕਾਰੀ ਜਬਰ ਵਿਰੋਧੀ ਮੁਹਿੰਮ) ਵੱਲੋਂ ਕਿਸਾਨਾਂ ਦੀਆਂ ਖੁਦਕੁਸ਼ੀ ਦਾ ਮਾਮਲਾ ਅਦਾਲਤ 'ਚ ਉਠਾਇਆ ਗਿਆ ਸੀ। ਪਟੀਸ਼ਨਰ ਦੇ ਵਕੀਲ ਆਰ.ਐਸ. ਬੈਂਸ ਨੇ ਕਿਹਾ ਕਿ ਸਰਕਾਰ ਨੇ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਮਾਲੀ ਸਹਾਇਤਾ ਦੇਣ ਬਾਰੇ ਨੀਤੀ ਅਜੇ ਤੱਕ ਤਿਆਰ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਆਂਧਰਾ ਪ੍ਰਦੇਸ਼ ਅਤੇ ਮਹਾਰਾਸ਼ਟਰ ਨੇ ਨੀਤੀਆਂ ਬਣਾ ਲਈਆਂ ਹਨ। ਪੰਜਾਬ ਸਰਕਾਰ ਨੂੰ ਆਂਧਰਾ ਪ੍ਰਦੇਸ਼ ਦੀ ਨੀਤੀ ਅਪਣਾਉਣੀ ਚਾਹੀਦੀ ਹੈ। ਸ੍ਰੀ ਬੈਂਸ ਦੀ ਦਲੀਲ ਸੁਣਨ ਤੋਂ ਬਾਅਦ ਹਾਈ ਕੋਰਟ ਨੇ ਪੰਜਾਬ ਅਤੇ ਹੋਰਨਾਂ ਨੂੰ ਦੋ ਮਹੀਨਿਆਂ ਅੰਦਰ ਢੁਕਵੀਂ ਯੋਜਨਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ। ਅਦਾਲਤ ਨੇ ਆਂਧਰਾ ਪ੍ਰਦੇਸ਼ ਦੀ ਯੋਜਨਾ ਨੂੰ ਦੇਖਣ ਲਈ ਵੀ ਕਿਹਾ ਹੈ।

# ਅਕਾਲੀ ਦਲ ਨੇ ਛੇ ਉਮੀਦਵਾਰ ਐਲਾਨੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਲੋਕ ਸਭਾ ਚੋਣਾਂ ਲਈ ਪੰਜਾਬ ਦੀਆਂ 13 ਵਿਚੋਂ ਛੇ ਸੀਟਾਂ 'ਤੇ ਉਮੀਦਵਾਰਾਂ ਦੇ ਨਾਂਵਾਂ ਦਾ ਐਲਾਨ ਕਰ ਦਿੱਤਾ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਐਲਾਨੀ ਸੂਚੀ ਅਨੁਸਾਰ ਸੁਖਦੇਵ ਸਿੰਘ ਢੀਂਡਸਾ ਨੂੰ ਸੰਗਰੂਰ, ਹਰਸਿਮਰਤ ਕੌਰ ਬਾਦਲ ਨੂੰ ਬਠਿੰਡਾ, ਰਣਜੀਤ ਸਿੰਘ ਬ੍ਰਹਮਪੁਰਾ ਨੂੰ ਖਡੂਰ ਸਾਹਿਬ, ਪ੍ਰੇਮ ਸਿੰਘ ਚੰਦੂਮਾਜਰਾ ਨੂੰ ਸ੍ਰੀ ਆਨੰਦਪੁਰ ਸਾਹਿਬ ਤੇ ਕੁਲਵੰਤ ਸਿੰਘ ਨੂੰ ਫਤਹਿਗੜ੍ਹ ਸਾਹਿਬ ਤੋਂ ਟਿਕਟ ਦਿੱਤੀ ਗਈ ਹੈ।

ਬੀਬੀ ਬਾਦਲ ਤੇ ਸ. ਢੀਂਡਸਾ ਬਾਰੇ ਗੈਰ-ਰਸਮੀ ਐਲਾਨ ਪਹਿਲਾਂ ਹੀ ਹੋ ਚੁੱਕਾ ਸੀ। ਸ. ਚੰਦੂਮਾਜਰਾ ਦੇ ਮੁਕਾਬਲੇ ਯੂਥ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਕਿਰਨਬੀਰ ਕੰਗ ਟਿਕਟ ਦੇ ਦਾਅਵੇਦਾਰ ਸਨ। ਲੋਕ ਸਭਾ ਵਿਚ ਸੰਸਦੀ ਦਲ ਦੇ ਆਗੂ ਡਾ. ਰਤਨ ਸਿੰਘ ਅਜਨਾਲਾ ਦਾ ਪੱਤਾ ਕੱਟਿਆ ਗਿਆ ਹੈ। ਉਨ੍ਹਾਂ ਦੀ ਥਾਂ ਸੀਨੀਅਰ ਮੀਤ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਟਿਕਟ ਦਿੱਤੀ ਗਈ ਹੈ। ਸ. ਬ੍ਰਹਮਪੁਰਾ ਸਾਬਕਾ ਮੰਤਰੀ ਰਹੇ ਹਨ ਤੇ ਪਿਛਲੀਆ ਵਿਧਾਨ ਸਭਾ ਚੋਣਾਂ ਵਿਚ ਥੋੜ੍ਹੇ ਫਰਕ ਨਾਲ ਹਾਰ ਗਏ ਸਨ। ਰੀਅਲ ਅਸਟੇਟ ਕਾਰੋਬਾਰੀ ਤੇ ਜਨਤਾ ਲੈਂਡ ਪ੍ਰੋਮੋਟਰਜ਼ ਦੇ ਮਾਲਕ ਕੁਲਵੰਤ ਸਿੰਘ ਨੂੰ ਫਤਹਿਗੜ੍ਹ ਸਾਹਿਬ ਤੋਂ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਫਤਹਿਗੜ੍ਹ ਸਾਹਿਬ ਤੋਂ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਵਿਧਾਨ ਸਭਾ ਦੇ ਮੌਜੂਦਾ ਸਪੀਕਰ ਚਰਨਜੀਤ ਸਿੰਘ ਅਟਵਾਲ ਉਮੀਦਵਾਰ ਸਨ। ਉਹ ਅਕਾਲੀ ਦਲ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਏ ਸੁਖਦੇਵ ਸਿੰਘ ਲਿਬੜਾ ਤੋਂ ਚੋਣ ਹਾਰ ਗਏ ਸਨ। ਜਲੰਧਰ ਤੋਂ ਰਾਜ ਗਾਇਕ ਹੰਸ ਰਾਜ ਹੰਸ 'ਤੇ ਮੁੜ ਦਾਅ ਲਾਉਣ ਦੀ ਬਜਾਏ ਮੁੱਖ ਸੰਸਦੀ ਸਕੱਤਰ ਪਵਨ ਕੁਮਾਰ ਟੀਨੂ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ।

# ਫੂਲਕਾ ਨੇ ਸੁਖਬੀਰ ਬਾਦਲ ਨੂੰ ਵੰਗਾਰਿਆ

**ਲੁਧਿਆਣਾ:** ਲੋਕ ਸਭਾ ਹਲਕਾ ਲੁਧਿਆਣਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਐਡਵੋਕੇਟ ਐਚ.ਐਸ. ਫੂਲਕਾ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਿਰੇ ਦਾ ਝੂਠਾ ਬੰਦਾ ਹੈ। ਯਾਦ ਰਹੇ ਕਿ ਸੁਖਬੀਰ ਬਾਦਲ ਨੇ ਸ. ਫੂਲਕਾ 'ਤੇ ਦੰਗਾ ਪੀੜਤਾਂ ਦੇ ਕੇਸ ਲੜਨ ਬਦਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਪੈਸੇ ਲੈਣ ਦੇ ਦੋਸ਼ ਲਾਏ ਹਨ।





ਸ. ਫੂਲਕਾ ਨੇ ਕਿਹਾ ਕਿ ਸ. ਬਾਦਲ ਸ਼੍ਰੋਮਣੀ ਕਮੇਟੀ ਤੋਂ ਪੈਸੇ ਲੈਣ ਬਾਰੇ ਸੱਤ ਦਿਨਾਂ ਦੇ ਅੰਦਰ-ਅੰਦਰ ਸਬੂਤ ਪੇਸ਼ ਕਰਨ। ਜੇ ਉਹ ਅਜਿਹਾ ਸਿੱਧ ਕਰਦੇ ਹਨ ਤਾਂ ਉਹ ਸਦਾ ਲਈ ਰਾਜਨੀਤੀ ਅਤੇ ਵਕਾਲਤ ਤੋਂ ਆਪਣੇ-ਆਪ ਨੂੰ ਲਾਂਭੇ ਕਰ ਲੈਣਗੇ, ਤੇ ਜੇ ਸ. ਬਾਦਲ ਇਹ ਸਬੂਤ ਨਾ ਪੇਸ਼ ਕਰ ਸਕਣ ਤਾਂ ਉਨ੍ਹਾਂ ਨੂੰ ਸ਼ਹੀਦਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਬਣੇ ਰਹਿਣ ਦਾ ਕੋਈ ਹੱਕ ਨਹੀਂ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੇ ਕੇਸ ਲੜਨ ਬਦਲੇ ਦੰਗਾ ਪੀੜਤਾਂ ਜਾਂ ਸ਼੍ਰੋਮਣੀ ਕਮੇਟੀ ਤੋਂ ਫੁੱਟੀ ਕੌਡੀ ਵੀ ਨਹੀਂ ਲਈ ਤੇ ਜਿੰਨੀ ਦੇਰ ਉਹ ਅਜਿਹੇ ਕੇਸ ਲੜਦੇ ਰਹਿਣਗੇ, ਕਦੇ ਵੀ ਕੋਈ ਪੈਸਾ ਨਹੀਂ ਲੈਣਗੇ।

ਇਸੇ ਦੌਰਾਨ ਪੱਤਰਕਾਰਾਂ ਨਾਲ ਗੱਲ ਕਰਦਿਆਂ ਸ. ਫੂਲਕਾ ਭਾਵੁਕ ਹੋ ਉਠੇ ਅਤੇ ਪੱਤਰਕਾਰ ਮਿਲਣੀ ਵਿਚ ਰੋਂਦੇ ਹੋਏ ਵਾਪਸ ਆਪਣੇ ਕਮਰੇ ਵਿਚ ਚਲੇ ਗਏ। ਕੁਝ ਚਿਰ ਮਗਰੋਂ ਉਨ੍ਹਾਂ ਆ ਕੇ ਅਕਾਲੀ ਦਲ ਪਾਰਟੀ ਨੂੰ ਚੁਣੌਤੀ ਦਿੱਤੀ ਕਿ ਉਹ ਪੈਸੇ ਲੈਣ ਦੇ ਦੋਸ਼ ਸਾਬਤ ਕਰਨ। ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਤਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਮਾਣਹਾਨੀ ਕੇਸ ਵੀ ਕਰ ਸਕਦੇ ਸਨ ਪਰ ਕੋਰਟਾਂ-ਕਚਹਿਰੀਆਂ ਵਿਚ ਬਹੁਤ ਸਮਾਂ ਲੱਗਦਾ ਹੈ। ਇਸ ਕਰ ਕੇ ਉਹ ਇਹ ਸਾਰਾ ਮਾਮਲਾ ਜਨਤਾ ਅਤੇ ਮੀਡੀਆ ਦੇ ਦਰਬਾਰ ਵਿਚ ਲਿਆ ਰਹੇ ਹਨ। ਹੁਣ ਸਭ ਨੂੰ ਪਤਾ ਲੱਗ ਜਾਵੇਗਾ ਕਿ ਝੂਠਾ ਕੌਣ ਹੈ।

# ਕੈਪਟਨ ਨੇ ਬਾਦਲ ਨੂੰ ਵੰਗਾਰਿਆ

*(ਸਫਾ ਇਕ ਦੀ ਬਾਕੀ)*

ਸਾਲ ਜੇਲ੍ਹ ਕੱਟਣ ਦੇ ਕੀਤੇ ਜਾ ਰਹੇ ਦਾਅਵੇ ਝੂਠੇ ਹਨ। ਉਨ੍ਹਾਂ ਨੇ ਮਸਾਂ 40 ਮਹੀਨੇ ਕੈਦ ਕੱਟੀ ਹੈ। ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਉਨ੍ਹਾਂ ਦੇ ਮਰਹੂਮ ਪਿਤਾ ਤੇ ਪੰਜਾਬ ਦੇ ਸਾਬਕਾ ਮੰਤਰੀ ਸੁਖਜਿੰਦਰ ਸਿੰਘ, ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸਿਮਰਨਜੀਤ ਸਿੰਘ ਮਾਨ ਨੇ ਸ. ਬਾਦਲ ਤੋਂ ਵੱਧ ਸਿਆਸੀ ਜੇਲ੍ਹ ਕੱਟੀ ਹੈ। ਸਾਲ 1984 ਤੋਂ ਲੈ ਕੇ 1997 ਤੱਕ ਪੰਜਾਬ ਦੇ ਗੜਬੜੀ ਵਾਲੇ ਕੇਵਲ 13 ਸਾਲ ਬਣਦੇ ਹਨ ਕਿਉਂਕਿ ਸ. ਬਾਦਲ 1997 ਵਿਚ ਮੁੱਖ ਮੰਤਰੀ ਬਣ ਗਏ ਸਨ। ਇਸ ਤਰ੍ਹਾਂ ਸ. ਬਾਦਲ ਵੱਲੋਂ 17 ਸਾਲ ਸਿਆਸੀ ਜੇਲ੍ਹ ਕੱਟਣ ਦੇ ਦਾਅਵੇ ਮਜ਼ਾਕ ਹਨ। ਉਧਰ, ਸ਼੍ਰੋਮਣੀ ਅਕਾਲੀ ਦਲ ਨੇ ਕਿਹਾ ਹੈ ਕਿ ਅਜਿਹਾ ਲੱਗ ਰਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਹਰ ਪਾਸਿਓਂ ਸੱਚੇ ਹੋਣ ਦੀ ਫਿਰਾਕ ਵਿਚ ਹਨ। ਅਕਾਲੀ ਦਲ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕੈਪਟਨ ਦੇ ਬਿਆਨ 'ਤੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਉਨ੍ਹਾਂ ਦੇ ਬਿਆਨ ਤੋਂ ਸਪਸ਼ਟ ਹੋ ਗਿਆ ਹੈ ਕਿ ਉਹ ਮੀਡੀਆ ਵਿਚ ਸਾਕਾ ਨੀਲਾ ਤਾਰਾ ਦਾ ਵਿਰੋਧ ਕਰ ਕੇ ਆਪਣੇ ਆਪ ਨੂੰ 'ਸੱਚਾ' ਸਿੱਖ ਕਹਾਉਣਾ ਲੋਚ ਰਹੇ ਹਨ। ਇਹ ਵੀ ਸਪਸ਼ਟ ਹੋ ਗਿਆ ਹੈ ਕਿ ਇਕ ਕਾਂਗਰਸੀ ਵਜੋਂ ਉਹ ਗਾਂਧੀ ਪਰਿਵਾਰ ਦੇ ਅਕਸ ਨੂੰ ਬਚਾਉਣ ਲਈ ਕਿਸੇ ਵੀ ਹੱਦ ਤੱਕ ਜਾਣ ਨੂੰ ਤਿਆਰ ਹਨ।

# ਆਮ ਆਦਮੀ ਪਾਰਟੀ ਨੇ ਹਰ ਪਾਰਟੀ 'ਤੇ ਫੇਰਿਆ ਝਾੜੂ

*(ਸਫਾ ਇਕ ਦੀ ਬਾਕੀ)*

ਆਰੰਭ ਦਿੱਤੀ ਗਈ ਹੈ ਤੇ ਆਉਂਦੇ ਦਿਨਾਂ ਵਿਚ ਹਰ ਕਸਬੇ, ਸ਼ਹਿਰ ਤੇ ਪਿੰਡ ਵਿਚ ਇਹ ਯਾਤਰਾ ਕੀਤੀ ਜਾਵੇਗੀ।

2009 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ 45.23 ਫ਼ੀਸਦੀ ਵੋਟ ਹਾਸਲ ਕਰ ਕੇ 8 ਸੀਟਾਂ ਜਿੱਤਣ ਵਿਚ ਕਾਮਯਾਬ ਰਹੀ ਸੀ। ਅਕਾਲੀ ਦਲ ਨੂੰ ਚਾਰ ਅਤੇ ਭਾਜਪਾ ਨੂੰ ਸਿਰਫ਼ ਇਕ ਸੀਟ ਹੀ ਮਿਲੀ ਸੀ। ਮਾਲਵਾ ਖੇਤਰ ਵਿਚ ਅਕਾਲੀ ਦਲ ਨੂੰ ਬਠਿੰਡਾ, ਫ਼ਰੀਦਕੋਟ ਤੇ ਫ਼ਿਰੋਜ਼ਪੁਰ ਸੀਟਾਂ ਹੀ ਮਿਲੀਆਂ ਸਨ। ਚੋਣ ਨਤੀਜਿਆਂ ਦੇ ਆਧਾਰ 'ਤੇ ਮਾਲਵਾ ਖੇਤਰ ਵਿਚ ਕੈਪਟਨ ਦੀ ਪੈਂਠ ਦਾ ਮੁੜ ਸਬੂਤ ਮਿਲਿਆ ਸੀ ਪਰ 2012 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਇਹ ਰੰਗ ਫਿੱਕਾ ਪੈ ਗਿਆ।

ਪੰਜਾਬ ਵਿਚ ਇਸ ਵੇਲੇ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਅਤੇ ਸਿੱਖ ਕਤਲੇਆਮ ਦਾ ਮਾਮਲਾ ਭਖਿਆ ਹੋਇਆ ਹੈ। ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਦੀ ਸਿੱਖ ਕਤਲੇਆਮ ਵਿਚ ਕਾਂਗਰਸੀ ਆਗੂਆਂ ਦੀ ਸ਼ਮੂਲੀਅਤ ਬਾਰੇ ਟਿੱਪਣੀ ਅਤੇ ਸਾਕਾ ਨੀਲਾ ਤਾਰਾ ਵਿਚ ਬਰਤਾਨਵੀ ਸਲਾਹ ਦੇ ਮੁੱਦਿਆਂ ਨੇ ਪੰਜਾਬ ਦੀ ਸਿਆਸੀ ਫਿਜ਼ਾ ਨੂੰ ਹੋਰ ਭਖਾ ਦਿੱਤਾ ਹੈ। ਦਿੱਲੀ ਵਿਚ ਕੇਜਰੀਵਾਲ ਸਰਕਾਰ ਵਲੋਂ ਸਿੱਖ ਕਤਲੇਆਮ ਦੇ ਦੋਸ਼ੀਆਂ ਵਿਰੁੱਧ ਕਾਰਵਾਈ ਲਈ ਵਿਸ਼ੇਸ਼ ਜਾਂਚ ਟੀਮ ਬਣਾਉਣ ਅਤੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫ਼ਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਦੇ ਕੀਤੇ ਫ਼ੈਸਲੇ ਨੇ ਸਿੱਖਾਂ ਲਈ ਇਨ੍ਹਾਂ ਭਾਵੁਕ ਮਸਲਿਆਂ ਵਿਚ ਵੀ ਆਪਣੀ ਹਾਜ਼ਰੀ ਲਵਾਈ ਹੈ। ਅਸਲ ਵਿਚ ਅਕਾਲੀ ਦਲ ਅਤੇ ਕਾਂਗਰਸ ਦੇ ਆਗੂ 'ਆਪ' ਦੇ ਪ੍ਰਭਾਵ ਨੂੰ ਕਬੂਲਣ ਲੱਗੇ ਹਨ ਤੇ ਉਮੀਦਵਾਰਾਂ ਦੀ ਚੋਣ ਕਰਨ ਤੇ ਰਾਜਸੀ ਮੁੱਦੇ ਉਠਾਉਣ ਸਮੇਂ ਉਨ੍ਹਾਂ ਦਾ ਕੇਂਦਰ ਬਿੰਦੂ 'ਆਪ' ਬਣਨ ਲੱਗੀ ਹੈ। 'ਆਪ' ਦੇ ਆਗੂਆਂ ਦਾ ਮੰਨਣਾ ਹੈ ਕਿ ਘੱਟੋ-ਘੱਟ ਪੰਜ ਲੋਕ ਸਭਾ ਹਲਕਿਆਂ ਵਿਚ ਉਨ੍ਹਾਂ ਦੇ ਉਮੀਦਵਾਰਾਂ ਕਾਰਨ ਤਿਕੋਣੀ ਟੱਕਰ ਹੋਵੇਗੀ ਤੇ ਜਿੱਤ-ਹਾਰ ਦਾ ਫਰਕ ਬਹੁਤਾ ਨਹੀਂ ਹੋਵੇਗਾ। ਉੱਘੇ ਵਕੀਲ ਐਚ.ਐਸ. ਫੂਲਕਾ, ਸਾਬਕਾ ਆਈ.ਏ.ਐਸ. ਅਧਿਕਾਰੀ ਹਰਕੇਸ਼ ਸਿੰਘ ਸਿੱਧੂ, ਡਾ. ਧਰਮਵੀਰ ਗਾਂਧੀ ਸਮੇਤ ਦੋ ਦਰਜਨ ਨਾਮੀ ਸ਼ਖ਼ਸੀਅਤਾਂ ਦੇ 'ਆਪ' ਵਿਚ ਸ਼ਾਮਲ ਹੋਣ ਨਾਲ ਪਾਰਟੀ ਨੂੰ ਪੰਜਾਬ ਵਿਚ ਸ਼ਕਤੀ ਮਿਲੀ ਹੈ।

'ਆਪ' ਨੇ ਅਜੇ ਮਾਲਵਾ ਖੇਤਰ ਵਿਚ ਵੱਧ ਪੈਰ ਜਮਾਏ ਹਨ। ਸਭ ਤੋਂ ਵਧੇਰੇ ਮੈਂਬਰਸ਼ਿਪ ਵਾਲੇ ਪਟਿਆਲਾ, ਲੁਧਿਆਣਾ ਤੇ ਸੰਗਰੂਰ ਮਾਲਵਾ ਖੇਤਰ ਵਿਚ ਹਨ। ਇਸ ਤੋਂ ਅੱਗੇ ਬਠਿੰਡਾ ਤੇ ਫ਼ਰੀਦਕੋਟ 'ਆਪ' ਨੂੰ ਹੁੰਗਾਰਾ ਦੇਣ ਵਾਲੇ ਜ਼ਿਲ੍ਹੇ ਹਨ, ਜਦਕਿ ਦੋਆਬਾ ਖੇਤਰ ਦੇ ਜਲੰਧਰ ਜ਼ਿਲ੍ਹੇ ਵਿਚ ਆਪ ਨੂੰ ਚੰਗਾ ਹੁੰਗਾਰਾ ਮਿਲ ਰਿਹਾ ਹੈ ਤੇ ਉਥੇ ਮੈਂਬਰਸ਼ਿਪ 30 ਹਜ਼ਾਰ ਦੇ ਨੇੜੇ ਦੱਸੀ ਜਾਂਦੀ ਹੈ। ਸਿਆਸੀ ਹਲਕਿਆਂ ਵਿਚ ਆਮ ਰਾਏ ਹੈ ਕਿ 80 ਹਜ਼ਾਰ ਵੋਟ ਲਿਜਾਣ ਨਾਲ ਹਲਕੇ ਵਿਚ ਵੋਟ ਤਵਾਜ਼ਨ ਬਦਲ ਜਾਂਦੇ ਹਨ। ਆਮ ਆਦਮੀ ਪਾਰਟੀ (ਆਪ) ਨੇ 20 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਸੂਚੀ ਵਿਚ ਰਾਹੁਲ ਗਾਂਧੀ ਦੀ ਅਮੇਠੀ ਸੀਟ ਤੋਂ ਕੁਮਾਰ ਵਿਸ਼ਵਾਸ, ਕਪਿਲ ਸਿੱਬਲ ਦੇ ਹਲਕੇ ਚਾਂਦਨੀ ਚੌਕ ਤੋਂ ਪੱਤਰਕਾਰ ਆਸ਼ੂਤੋਸ਼, ਮਨੀਸ਼ ਤਿਵਾੜੀ ਦੇ ਹਲਕੇ ਲੁਧਿਆਣਾ ਤੋਂ ਐਚ.ਐਸ. ਫੂਲਕਾ ਤੇ ਸਮਾਜਿਕ ਕਾਰਕੁਨ ਮੇਧਾ ਪਾਟਕਰ ਨੂੰ ਉੱਤਰ ਪੂਰਬ ਮੁੰਬਈ ਤੋਂ ਚੋਣ ਲੜਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਸੂਚੀ ਵਿਚ ਦਿੱਲੀ ਦੀਆਂ ਦੋ, ਉੱਤਰ ਪ੍ਰਦੇਸ਼ ਦੀਆਂ 7, ਮਹਾਰਾਸ਼ਟਰ ਦੀਆਂ 6, ਪੰਜਾਬ, ਹਰਿਆਣਾ, ਉੜੀਸਾ, ਮੱਧ ਪ੍ਰਦੇਸ਼ ਤੇ ਅਰੁਣਾਚਲ ਪ੍ਰਦੇਸ਼ ਤੋਂ ਇਕ-ਇਕ ਸੀਟ ਤੋਂ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਸਾਲ 2009 ਦੀਆਂ ਲੋਕ ਸਭਾ ਚੋਣਾਂ ਦੌਰਾਨ ਵਿੱਤ ਮੰਤਰੀ ਪੀ. ਚਿਦੰਬਰਮ ਵੱਲ ਜੁੱਤੀ ਵਗਾਹ ਕੇ ਮਾਰਨ ਵਾਲੇ ਪੱਤਰਕਾਰ ਜਰਨੈਲ ਸਿੰਘ ਨੂੰ ਆਮ ਆਦਮੀ ਪਾਰਟੀ ਨੇ ਪੱਛਮੀ ਦਿੱਲੀ ਲੋਕ ਸਭਾ ਹਲਕੇ ਤੋਂ ਉਮੀਦਵਾਰ ਐਲਾਨਿਆ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਤਿਲੰਗਾਨਾ ਬਿਲ 'ਤੇ ਲੋਕ ਸਭਾ ਦੀ ਮੋਹਰ

**ਨਵੀਂ ਦਿੱਲੀ:** ਲੋਕ ਸਭਾ ਵਿਚ ਭਾਰੀ ਰੌਲੇ-ਰੱਪੇ, ਪ੍ਰਦਰਸ਼ਨ ਤੇ ਹੰਗਾਮੇ ਵਿਚਕਾਰ ਆਂਧਰਾ ਪ੍ਰਦੇਸ਼ ਨੂੰ ਤੋੜ ਕੇ 29ਵਾਂ ਸੂਬਾ ਤਿਲੰਗਾਨਾ ਬਣਾਉਣ ਬਾਰੇ ਇਤਿਹਾਸਕ ਬਿੱਲ ਪਾਸ ਹੋ ਗਿਆ। ਇਸ ਮਾਮਲੇ 'ਤੇ ਸਦਨ 'ਚ ਬਹੁਤ ਖੱਪ ਪਈ ਪਰ ਕਾਂਗਰਸ ਅਤੇ ਭਾਜਪਾ ਨੇ ਇਸ ਮਾਮਲੇ ਉਪਰ ਇਕਜੁੱਟਤਾ ਦਾ ਪ੍ਰਗਟਾਵਾ ਕਰ ਕੇ ਇਸ ਬਿਲ ਨੂੰ ਪਾਸ ਕਰਵਾ ਦਿੱਤਾ। ਉਂਝ ਹੈਰਾਨੀ ਇਸ ਗੱਲ ਦੀ ਵੀ ਹੋਈ ਕਿ ਬਿੱਲ ਪਾਸ ਹੋਣ ਮਗਰੋਂ ਕਾਂਗਰਸ ਅਤੇ ਭਾਜਪਾ ਨੇ ਇਕ-ਦੂਜੇ ਉਤੇ ਦੋਗਲੀ ਖੇਡ ਖੇਡਣ ਦੇ ਦੋਸ਼ ਲਗਾਏ। ਆਂਧਰਾ ਪ੍ਰਦੇਸ਼ ਦੇ ਕਾਂਗਰਸੀ ਮੁੱਖ ਮੰਤਰੀ ਕਿਰਨ ਕੁਮਾਰ ਰੈਡੀ ਜੋ ਸੂਬਾ ਤੋੜਨ ਦੇ ਵਿਰੁੱਧ ਸਨ, ਅਸਤੀਫਾ ਦੇਣ ਲਈ ਤਿਆਰ ਬੈਠੇ ਹਨ।

ਆਂਧਰਾ ਪ੍ਰਦੇਸ਼ ਪੁਨਰਗਠਨ ਬਿੱਲ 2014 ਜੋ ਕਾਫੀ ਸਮੇਂ ਤੋਂ ਲਟਕਿਆ ਹੋਇਆ ਸੀ, ਨੂੰ ਜਦੋਂ ਵਿਰੋਧੀ ਧਿਰ ਦੀ ਨੇਤਾ ਸੁਸ਼ਮਾ ਸਵਰਾਜ ਨੇ ਸਮਰਥਨ ਦੇ ਦਿੱਤਾ ਤਾਂ ਹੋਰ ਪਾਰਟੀਆਂ ਦੇ ਵਿਰੋਧ ਦੇ ਬਾਵਜੂਦ ਇਸ ਨੂੰ ਜ਼ੁਬਾਨੀ ਵੋਟਾਂ ਨਾਲ ਪਾਸ ਕਰ ਦਿੱਤਾ ਗਿਆ। ਇਸ ਨੂੰ 38 ਸੋਧਾਂ ਨਾਲ ਪਾਸ ਕੀਤਾ ਗਿਆ ਤੇ ਹੁਣ ਇਹ ਪਾਸ ਹੋਣ ਲਈ ਰਾਜ ਸਭਾ ਵਿਚ ਜਾਵੇਗਾ। ਇਹ ਬਿੱਲ ਹੇਠਲੇ ਸਦਨ ਵਿਚੋਂ ਪਾਸ ਕਰਵਾਉਣ ਲਈ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਪੇਸ਼ ਕੀਤਾ ਅਤੇ 90 ਮਿੰਟਾਂ ਵਿਚ ਇਹ ਪਾਸ ਹੋਇਆ। ਇਸ ਦੌਰਾਨ ਭਾਰੀ ਰੌਲਾ-ਰੱਪਾ ਤੇ ਹੰਗਾਮਾ ਹੋਇਆ। ਆਂਧਰਾ ਪ੍ਰਦੇਸ਼ ਨੂੰ ਵੰਡਣ ਖ਼ਿਲਾਫ਼ ਮੈਂਬਰਾਂ ਨੇ ਕਾਰਵਾਈ ਵਿਚ ਭਾਰੀ ਵਿਘਨ ਪਾਇਆ ਜਿਸ ਕਾਰਨ ਸਦਨ ਦੀ ਕਾਰਵਾਈ ਤਿੰਨ ਵਾਰ ਉਠਾਉਣੀ ਪਈ। ਬਿੱਲ 'ਤੇ ਹੋਈ ਸੰਖੇਪ ਚਰਚਾ 'ਤੇ ਸਿਰਫ ਸ੍ਰੀ ਸ਼ਿੰਦੇ, ਵਿਰੋਧੀ ਧਿਰ ਦੀ ਨੇਤਾ ਸੁਸ਼ਮਾ ਸਵਰਾਜ ਤੇ ਤਿਲੰਗਾਨਾ ਤੋਂ ਸੀਨੀਅਰ ਕਾਂਗਰਸੀ ਨੇਤਾ ਤੇ ਕੇਂਦਰੀ ਮੰਤਰੀ ਜੈਪਾਲ ਰੈਡੀ ਨੇ ਆਪਣੀ ਗੱਲ ਰੱਖੀ। ਸ੍ਰੀਮਤੀ ਸਵਰਾਜ ਨੇ ਟੀ.ਵੀ. 'ਤੇ ਸਿੱਧਾ ਪ੍ਰਸਾਰਨ ਰੋਕਣ 'ਤੇ ਸੁਆਲ ਖੜ੍ਹੇ ਕੀਤੇ ਤੇ ਸਪੀਕਰ ਮੀਰਾ ਕੁਮਾਰ ਵੱਲੋਂ ਪ੍ਰਸਾਰਨ ਰੋਕਣ ਦੇ ਹੁਕਮ ਦੀ ਆਲੋਚਨਾ ਕੀਤੀ। ਵੀ.ਐਸ.ਆਰ. ਕਾਂਗਰਸ ਦੇ ਮੁਖੀ ਜਗਨਮੋਹਨ ਰੈਡੀ ਜਿਨ੍ਹਾਂ ਨੂੰ ਬੀਤੇ ਹਫਤੇ ਸਦਨ ਦੀ ਕਾਰਵਾਈ ਵਿਚ ਵਿਘਨ ਪਾਉਣ ਕਾਰਨ ਮੁਅੱਤਲ ਕਰ ਦਿੱਤਾ ਗਿਆ ਸੀ, ਨੇ ਆਂਧਰਾ ਪ੍ਰਦੇਸ਼ ਬੰਦ ਦਾ ਸੱਦਾ ਦਿੱਤਾ ਹੈ।

ਲੋਕ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਸੁਸ਼ਮਾ ਸਵਰਾਜ ਨੇ ਸਰਕਾਰ ਉਪਰ ਤਿਲੰਗਾਨਾ ਬਿਲ ਬਾਰੇ ਦੋਹਰਾ ਰਵੱਈਆ ਅਪਨਾਉਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਬਿਲ ਪੇਸ਼ ਕਰਨ ਸਮੇਂ ਜਾਣ-ਬੁੱਝ ਕੇ ਕਾਰਵਾਈ ਦਾ ਸਿੱਧਾ ਪ੍ਰਸਾਰਨ ਰੋਕਿਆ ਗਿਆ ਅਤੇ ਬਹਿਸ ਵੀ ਨਹੀਂ ਕਰਵਾਈ ਗਈ। ਭਾਜਪਾ ਨੂੰ ਸੋਧਾਂ ਪੇਸ਼ ਕਰਨ ਦਾ ਮੌਕਾ ਵੀ ਨਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਪਾਰਟੀ ਹੁਣ ਰਾਜ ਸਭਾ ਵਿਚ ਬਿਲ ਪੇਸ਼ ਕਰਨ ਸਮੇਂ ਸੋਧਾਂ ਪੇਸ਼ ਕਰੇਗੀ। ਉਨ੍ਹਾਂ ਤਿਲੰਗਾਨਾ ਪੱਖੀਆਂ ਨੂੰ ਕਿਹਾ ਕਿ ਉਹ ਸਾਰਾ ਸਿਹਰਾ ਸਰਕਾਰ ਸਿਰ ਨਾ ਬੰਨ੍ਹਣ। ਉਨ੍ਹਾਂ (ਸੁਸ਼ਮਾ) ਦਾ ਵੀ ਇਸ ਬਿਲ ਨੂੰ ਪਾਸ ਕਰਾਉਣ ਵਿਚ ਯੋਗਦਾਨ ਹੈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

COVERED CALIFORNIA™
ਬਹੁਤ ਵਾਜਬ ਭਾਅ 'ਤੇ ਵਧੀਆ ਹੈਲਥ ਇੰਸ਼ੋਰੈਂਸ
ਲਿਵਿੰਗਸਟਨ, ਮਰਸਡ, ਐਟਵਾਟਰ, ਟਰਲੱਕ, ਮਾਡੈਸਟੋ ਅਤੇ ਸੈਂਟਰ ਵੈਲੀ ਦੇ ਹੋਰ ਸ਼ਹਿਰਾਂ ਵਿਚ
ਅਸੀਂ ਓਬਾਮਾ ਕੇਅਰ ਅਤੇ ਮੈਡੀ-ਕੈਲ ਦੀਆਂ ਅਰਜੀਆਂ ਮੁਫਤ ਭਰਦੇ ਹਾਂ
ਆਪਣਾ ਨਾਂ ਤੁਰੰਤ ਇਨਰੋਲ ਕਰਾਓ ਕਿਉਂਕਿ ਇਨਰੋਲਮੈਂਟ 31 ਮਾਰਚ 2014 ਤਕ ਹੀ ਹੈ।
ਆਪਣੇ ਸਰਟੀਫਾਈਡ ਇੰਸ਼ਰੈਂਸ ਏਜੈਂਟ ਨਾਲ ਸੰਪਰਕ ਕਰੋ
Jarnail Singh Lallria (License # 0C19939)
Phone: (209) 394-9191
E-mail: Jarnail_lallria@yahoo.com

Punjab Times
Ph: 847-359-0746
Visit us on the web:
punjabtimesusa.com

ਪੰਜਾਬ ਵਿਚ ਜ਼ਮੀਨ ਵਿਕਾਊ ਹੈ
ਪੰਜਾਬ ਵਿਚ ਮੋਰਿੰਡਾ-ਚੁੰਨੀ ਰੋਡ ਉਤੇ, ਮੋਹਾਲੀ ਤੋਂ ਸਿਰਫ 25 ਕਿਲੋਮੀਟਰ ਦੂਰ ਵਧੀਆ ਉਪਜਾਊ 5 ਏਕੜ ਜ਼ਮੀਨ ਵਿਕਾਊ ਹੈ। ਇਸ ਵਿਚ ਸਾਢੇ ਬਾਰਾਂ ਹਾਰਸ ਪਾਵਰ ਦੀ ਮੋਟਰ ਲੱਗੀ ਹੋਈ ਹੈ।
ਪੈਸੇ ਅਮਰੀਕਾ ਜਾਂ ਕੈਨੇਡਾ ਵਿਚ ਵੀ ਲੈ ਸਕਦੇ ਹਾਂ।
ਸੰਪਰਕ ਕਰੋ:
ਫੋਨ: ਅਮਰੀਕਾ: 317-430-6545
ਇੰਡੀਆ: 91-98142-90592

Best Bay Area Truck Driving School, Inc.
3150 Kenneth Street, Santa Clara, CA 95050
- ਕਲਾਸ 'ਏ' ਅਤੇ 'ਬੀ' ਲਾਇਸੈਂਸ ਦੀ ਗਾਰੰਟੀ।
- ਵਧੀਆ ਤੇ ਫਾਸਟ ਸਰਵਿਸ।
- ਤਜ਼ਰਬੇਕਾਰ ਅਤੇ ਮਿਲਾਪੜੇ ਇੰਸਟ੍ਰਕਟਰ।
- ਟਰੱਕ ਸਿੱਖਣ ਲਈ ਬਹੁਤ ਹੀ ਵਾਜਿਬ ਫੀਸ।
- ਬਾਹਰੋਂ ਆਏ ਵੀਰਾਂ ਲਈ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਪ੍ਰਬੰਧ।
- ਰਿਹਾਇਸ਼ ਦਾ ਪ੍ਰਬੰਧ।

ਫਰੀਮਾਂਟ, ਯੂਨੀਅਨ ਸਿਟੀ ਤੇ ਹੇਵਰਡ ਦੇ ਵੀਰਾਂ ਲਈ ਫਰੀ ਰਾਈਡ
*ਲਿਖਤੀ ਟੈਸਟ ਪਾਸ ਕਰਨ ਲਈ ਵਿਸ਼ੇਸ਼ ਪ੍ਰਬੰਧ।
*ਕਲਾਸ 'ਏ' ਅਤੇ 'ਬੀ' ਲਾਇਸੈਂਸ ਰਿਨਿਊ ਕਰਨ ਦਾ ਬਹੁਤ ਹੀ ਸਸਤਾ ਪ੍ਰਬੰਧ।

ਅੱਜ ਹੀ ਕਾਲ ਕਰੋ:
ਬੱਗਾ > ਫੋਨ 510-786-8143 (ਸੈਲ)
408-988-2100 (ਦਫਤਰ)

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ
ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।
*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ


Rates as low as 2.0%
ਸੰਪਰਕ ਕਰੋ: ਪਾਲ ਫੋਨ 1-800-705-3863
Trucking Companies-Improve Your Cash Flow
*Low Rates *One-Time Discounts *No Minimums
Call Paul at 1-800-705-3863
Transportation Funding Group, Inc.
Minneapolis, MN 55426

# ਕੌਮੀ ਅਖੰਡਤਾ ਨੂੰ ਖਤਰੇ ਕਾਰਨ ਵਾਪਰਿਆ ਸਾਕਾ ਨੀਲਾ ਤਾਰਾ?

## ਪੰਜਾਬ ਅੰਦੋਲਨ ਬਾਰੇ ਵ੍ਹਾਈਟ ਪੇਪਰ ਦਾ ਸੱਚ

**ਚੰਡੀਗੜ੍ਹ:** ਸਾਕਾ ਨੀਲਾ ਤਾਰਾ ਨੂੰ ਲੈ ਕੇ ਸਿਆਸਤ ਫਿਰ ਗਰਮ ਹੋ ਗਈ ਹੈ। ਲੋਕ ਸਭਾ ਚੋਣਾਂ ਨੇੜੇ ਦੇਖਦਿਆਂ ਸਿਆਸਤਦਾਨਾਂ ਨੇ ਲਾਹਾ ਲੈਣ ਲਈ ਇਕ ਦੂਜੇ 'ਤੇ ਦੂਸ਼ਣਬਾਜ਼ੀ ਸ਼ੁਰੂ ਕਰ ਦਿੱਤੀ ਹੈ। ਜੂਨ 1984 ਵਿਚ ਵਾਪਰੇ ਸਾਕਾ ਨੀਲਾ ਤਾਰਾ ਦੌਰਾਨ ਕਿਹੜਾ ਆਗੂ ਕਿਥੇ ਸੀ ਤੇ ਕਿਸ ਨਾਲ ਗੱਲਬਾਤ ਕਰ ਰਿਹਾ ਸੀ, ਇਸ ਬਾਰੇ ਮੀਡੀਆ ਵਿਚ ਸਵਾਲ ਦਾਗੇ ਜਾ ਰਹੇ ਹਨ।

ਭਾਰਤ ਸਰਕਾਰ ਵੱਲੋਂ 10 ਜੁਲਾਈ, 1984 ਵਿਚ ਜਾਰੀ ਕੀਤੇ ਗਏ 'ਪੰਜਾਬ ਅੰਦੋਲਨ ਬਾਰੇ ਵ੍ਹਾਈਟ ਪੇਪਰ' ਵਿਚ ਕੇਂਦਰ ਸਰਕਾਰ ਨੇ ਆਪਣਾ ਪੱਖ ਦੱਸਦਿਆਂ ਸਾਕਾ ਨੀਲਾ ਤਾਰਾ ਦੇ ਕਾਰਨਾਂ ਬਾਰੇ ਜਾਣਕਾਰੀ ਦਿੱਤੀ ਹੈ। ਵਿਵਾਦਤ ਕਾਰਵਾਈ ਨੂੰ ਸਹੀ ਠਹਿਰਾਉਂਦਿਆਂ ਵ੍ਹਾਈਟ ਪੇਪਰ ਵਿਚ ਕਿਹਾ ਗਿਆ ਹੈ ਕਿ ਦਰਬਾਰ ਸਾਹਿਬ ਅੰਦਰ ਮੌਜੂਦ ਧੜਿਆਂ ਦੀਆਂ ਵੱਖਵਾਦੀ ਕਾਰਵਾਈਆਂ ਡਰਾਉਣੀਆਂ ਸਨ। ਸਰਕਾਰ ਨੂੰ ਯਕੀਨ ਹੋ ਗਿਆ ਸੀ ਕਿ ਦੇਸ਼ ਦੀ ਸੁਰੱਖਿਆ, ਏਕਤਾ ਤੇ ਅਖੰਡਤਾ ਨੂੰ ਪੈਦਾ ਚੁਣੌਤੀ ਦਾ ਮੁਕਾਬਲਾ ਸੁਧਾਰ, ਅਮਨ ਤੇ ਕਾਨੂੰਨ ਦੀਆਂ ਏਜੰਸੀਆਂ ਨਹੀਂ ਕਰ ਸਕਦੀਆਂ। ਅਜਿਹੇ ਹਾਲਾਤ ਨੂੰ ਦੇਖਦਿਆਂ ਫੌਜ ਸੱਦਣ ਦਾ ਫੈਸਲਾ ਲਿਆ ਗਿਆ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ 2 ਜੂਨ, 1984 ਨੂੰ 'ਕੌਮ ਦੇ ਨਾਮ



ਪ੍ਰਸਾਰਣ' ਵਿਚ ਅਗਲੇ ਦਿਨ ਹੋਣ ਵਾਲੇ ਆਪਰੇਸ਼ਨ ਬਾਰੇ ਕੋਈ ਸੰਕੇਤ ਤੱਕ ਨਹੀਂ ਦਿੱਤੇ ਸਨ। ਪੰਜਾਬ ਤੇ ਚੰਡੀਗੜ੍ਹ ਕਰਫਿਊ ਲਾ ਦਿੱਤਾ ਗਿਆ ਸੀ ਤੇ ਤਿੰਨ ਜੂਨ ਨੂੰ ਫੌਜ ਦਰਬਾਰ ਸਾਹਿਬ ਅੰਦਰ ਦਾਖਲ ਹੋਈ ਸੀ। ਸ੍ਰੀਮਤੀ ਇੰਦਰਾ ਗਾਂਧੀ ਨੇ ਸਗੋਂ ਅਕਾਲੀ ਦਲ ਨੂੰ ਤਿੰਨ ਜੂਨ ਨੂੰ ਹੋਣ ਵਾਲੇ ਪ੍ਰਦਰਸ਼ਨ ਨੂੰ ਰੱਦ ਕਰਨ ਦੀ ਅਪੀਲ ਕੀਤੀ ਸੀ। ਵ੍ਹਾਈਟ ਪੇਪਰ ਵਿਚ ਕੇਂਦਰ ਸਰਕਾਰ ਵੱਲੋਂ 1983 ਤੇ 1984 ਦੌਰਾਨ ਲੜੀਵਾਰ ਮੀਟਿੰਗਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਵਿਚ ਸਤੰਬਰ 1981 ਤੇ ਨਵੰਬਰ 1981 ਵਿਚ ਅਕਾਲੀ ਦਲ ਵੱਲੋਂ ਰੱਖੀਆਂ ਗਈਆਂ ਮੰਗਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਵਿਚ ਪੰਜਾਬ ਦੇ ਮੁੱਖ ਆਗੂਆਂ ਪ੍ਰਕਾਸ਼ ਸਿੰਘ ਬਾਦਲ, ਅਮਰਿੰਦਰ ਸਿੰਘ ਤੇ ਸੁਰਜੀਤ ਸਿੰਘ ਬਰਨਾਲਾ ਸਮੇਤ ਹੋਰ ਕਈ ਆਗੂਆਂ ਨਾਲ ਨੌਂ ਗੁਪਤ ਮੀਟਿੰਗਾਂ ਦਾ ਜ਼ਿਕਰ ਵੀ ਹੈ। ਇਹ ਤਿੰਨੋਂ ਆਗੂ ਵੱਖੋ-ਵੱਖਰੇ ਸਮੇਂ 'ਤੇ ਪੰਜਾਬ ਦੇ ਮੁੱਖ ਮੰਤਰੀ ਵੀ ਰਹੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਤੇ ਬਲਵੰਤ ਸਿੰਘ ਰਾਮੂਵਾਲੀਆ ਦੇ ਨਾਂ ਵੀ ਗੱਲਬਾਤ ਵਾਲੀ ਸੂਚੀ ਵਿਚ ਸ਼ਾਮਲ ਹਨ। ਸ. ਟੌਹੜਾ ਹੁਣ ਦੁਨੀਆਂ 'ਤੇ ਨਹੀਂ ਰਹੇ। ਕੇਂਦਰ ਸਰਕਾਰ ਵੱਲੋਂ ਮੀਟਿੰਗਾਂ ਦੌਰਾਨ ਪੀ.ਵੀ. ਨਰਸਿਮ੍ਹਾ ਰਾਓ, ਪ੍ਰਣਬ ਮੁਖਰਜੀ, ਆਰ. ਵੈਂਕਟਰਮਨ, ਪੀ.ਸੀ. ਸੇਠੀ ਤੇ ਸ਼ਿਵ ਸ਼ੰਕਰ (ਤਤਕਾਲੀ ਕੇਂਦਰੀ ਮੰਤਰੀ), ਰਾਜੀਵ ਗਾਂਧੀ, ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਪੀ.ਸੀ. ਅਲੈਗਜ਼ੈਂਡਰ, ਕੈਬਨਿਟ ਸਕੱਤਰ ਸੀਨੀਅਰ ਕ੍ਰਿਸ਼ਨਾ ਸਵਾਮੀ, ਕੇਂਦਰੀ ਗ੍ਰਹਿ ਸਕੱਤਰ ਐਮ. ਐਮ.ਕੇ. ਵਲੀ, ਟੀ.ਐਨ. ਚਤੁਰਵੇਦੀ ਤੇ ਹੋਰ ਹਾਜ਼ਰ ਸਨ। ਆਖਰੀ ਗੁਪਤ ਮੀਟਿੰਗ ਸਾਕਾ ਨੀਲਾ ਤਾਰਾ ਤੋਂ ਅੱਠ ਦਿਨ ਪਹਿਲਾਂ 26 ਮਈ, 1984 ਨੂੰ ਹੋਈ ਸੀ।

## ਗੱਲਬਾਤ ਰਾਹੀਂ ਮਸਲਾ ਹੱਲ ਕਰਨ ਦੀ ਕੋਸ਼ਿਸ਼

**ਚੰਡੀਗੜ੍ਹ:** ਵ੍ਹਾਈਟ ਪੇਪਰ ਵਿਚ ਕਿਹਾ ਗਿਆ ਹੈ ਕਿ ਫੌਜ ਸੱਦਣ ਦੇ ਇਕ ਹਫਤੇ ਪਹਿਲਾਂ ਤੱਕ ਸਰਕਾਰ ਨੇ ਅਕਾਲੀ ਦਲ ਨਾਲ ਗੱਲਬਾਤ ਰਾਹੀਂ ਸਮਝੌਤੇ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਪਹਿਲਾਂ ਵਾਂਗ ਅੜੇ ਰਹੇ। ਵ੍ਹਾਈਟ ਪੇਪਰ ਮੁਤਾਬਕ ਅਕਾਲੀਆਂ ਦੀ ਮਜਬੂਰੀ ਵੀ ਸਾਹਮਣੇ ਆ ਗਈ ਸੀ। ਪੰਜਾਬ ਵਿਚ ਅਕਾਲੀ ਦਲ ਵੱਲੋਂ 1981 ਵਿਚ ਰੱਖੀਆਂ ਮੰਗਾਂ ਦੀ ਸਮੱਸਿਆ ਨਹੀਂ ਸੀ ਪਰ ਵੱਖਵਾਦੀ ਤੇ ਦੇਸ਼ ਵਿਰੋਧੀ ਲਹਿਰ ਦੇ ਸਰਗਰਮ ਹੋਣ ਨਾਲ ਮੁਸ਼ਕਲ ਵਧ ਗਈ ਸੀ।

ਅਕਾਲੀ ਲੀਡਰਸ਼ਿਪ ਨੇ ਪਹਿਲ ਕੀਤੀ ਤੇ ਉਨ੍ਹਾਂ ਅੰਦੋਲਨ ਨੂੰ ਆਪਣੇ ਹੱਥਾਂ ਵਿਚੋਂ ਨਿਕਲ ਜਾਣ ਦਿੱਤਾ। ਸਰਕਾਰ ਵੱਲੋਂ ਪੇਸ਼ ਕਿਸੇ ਵੀ ਯੋਗ ਹੱਲ ਨੂੰ ਸਵੀਕਾਰ ਕਰਨ ਵਿਚ ਉਨ੍ਹਾਂ ਦਿਲਚਸਪੀ ਨਹੀਂ ਦਿਖਾਈ।ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਦੋ ਜੂਨ ਨੂੰ ਕੌਮ ਦੇ ਨਾਂ ਪ੍ਰਸਾਰਣ ਵਿਚ ਉਨ੍ਹਾਂ ਅਕਾਲੀ ਦਲ ਦੀਆਂ ਸਾਰੀਆਂ ਜਾਇਜ਼ ਮੰਗਾਂ ਨੂੰ ਸਰਕਾਰ ਵੱਲੋਂ ਮੰਨਣ ਲਈ ਕਿਹਾ ਸੀ। ਉਨ੍ਹਾਂ ਕਿਹਾ ਸੀ ਕਿ ਮੰਦਭਾਗੀ ਗੱਲ ਹੈ ਕਿ ਅੰਦੋਲਨ ਦੀ ਲੀਡਰਸ਼ਿਪ 'ਤੇ ਖਾੜਕੂਆਂ ਦੇ ਗੁੱਟ ਨੇ ਕਬਜ਼ਾ ਕਰ ਲਿਆ ਹੈ। ਜਿਹੜੇ ਕਤਲ, ਭੰਨ-ਤੋੜ ਤੇ ਲੁੱਟ ਦੀਆਂ ਕਾਰਵਾਈਆਂ ਨਾਲ ਸਭ ਕੁਝ ਹਾਸਲ ਕਰਨਾ ਚਾਹੁੰਦੇ ਹਨ। ਸੂਬੇ ਵਿਚ ਵੱਡੇ ਪੱਧਰ 'ਤੇ ਹਿੰਸਾ ਤੇ ਦਹਿਸ਼ਤਵਾਦ ਦਾ ਜ਼ੋਰ ਹੋ ਗਿਆ ਹੈ। ਅਕਾਲੀ ਦਲ ਵੱਲੋਂ 1981 ਵਿਚ ਮੰਗਾਂ ਦੇ ਐਲਾਨ ਤੋਂ ਬਾਅਦ ਤਤਕਾਲੀ ਪ੍ਰਧਾਨ ਮੰਤਰੀ ਨੇ ਅਕਾਲੀ ਦਲ ਨਾਲ 16 ਅਕਤੂਬਰ, 1981 ਤੇ ਪੰਜ ਅਪਰੈਲ, 1984 ਵਿਚਕਾਰ ਕਈ ਮੀਟਿੰਗਾਂ ਕੀਤੀਆਂ। ਇਨ੍ਹਾਂ ਵਿਚ ਸ. ਬਾਦਲ, ਬਰਨਾਲਾ ਤੇ ਟੌਹੜਾ ਤੋਂ ਇਲਾਵਾ ਹਰਚੰਦ ਸਿੰਘ ਲੌਂਗੋਵਾਲ ਵੀ ਹਾਜ਼ਰ ਸਨ।

ਹੋਰਾਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਸਮੇਤ 24 ਜਨਵਰੀ, 1983 ਤੇ 2 ਫਰਵਰੀ, 1984 ਵਿਚਕਾਰ ਵੀ ਮੀਟਿੰਗਾਂ ਹੋਈਆਂ ਸਨ। ਵ੍ਹਾਈਟ ਪੇਪਰ ਅਕਾਲੀ ਦਲ 'ਤੇ ਦੋਸ਼ ਲਾਇਆ ਗਿਆ ਹੈ ਕਿ 6 ਫਰਵਰੀ 1984 ਵਿਚ ਉਹ ਇਨ੍ਹਾਂ ਮੀਟਿੰਗਾਂ ਦਾ ਬਾਈਕਾਟ ਕਰ ਗਏ ਸਨ।

# ਬਾਦਲ ਨੇ ਪੂਰਿਆ ਸੀ ਸਾਕਾ ਨੀਲਾ ਤਾਰਾ ਦਾ ਪੱਖ: ਕੈਪਟਨ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਵਰਕਿੰਗ ਕਮੇਟੀ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਖੁਲਾਸਾ ਕੀਤਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਗ੍ਰਹਿ ਮੰਤਰੀ ਪੀ.ਵੀ ਨਰਸਿਮ੍ਹਾ ਰਾਓ ਦੀ 28 ਮਾਰਚ, 1984 ਨੂੰ ਹੋਈ ਮੁਲਾਕਾਤ ਦੌਰਾਨ ਹਰਿਮੰਦਰ ਸਾਹਿਬ 'ਤੇ ਫ਼ੌਜੀ ਕਾਰਵਾਈ ਬਾਰੇ ਵੀ ਚਰਚਾ ਹੋਈ ਸੀ। ਉਨ੍ਹਾਂ ਦਾਅਵਾ ਕੀਤਾ ਕਿ ਸ. ਬਾਦਲ ਨੇ ਉਸ ਵੇਲੇ ਦੇ ਕੇਂਦਰੀ ਗ੍ਰਹਿ ਮੰਤਰੀ ਨਾਲ ਗੁਪਤ ਮੀਟਿੰਗ ਕਰਕੇ ਫ਼ੌਜੀ ਕਾਰਵਾਈ ਦੀ ਮਦਦ ਕੀਤੀ ਸੀ।

ਉਨ੍ਹਾਂ ਕਿਹਾ ਕਿ ਸ. ਬਾਦਲ ਨੂੰ ਇਸ ਮਹੱਤਵਪੂਰਨ ਮਾਮਲੇ 'ਤੇ ਸਪਸ਼ਟੀਕਰਨ ਦੇਣਾ ਚਾਹੀਦਾ ਹੈ। ਸ. ਬਾਦਲ ਨੂੰ ਲਿਖੀ ਖੁੱਲ੍ਹੀ ਚਿੱਠੀ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਯਾਦ ਦਿਵਾਇਆ ਹੈ ਕਿ 28 ਮਾਰਚ, 1984 ਨੂੰ ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਪੀ.ਵੀ ਨਰਸਿਮ੍ਹਾ ਰਾਓ ਨਾਲ ਮੁਲਾਕਾਤ ਕੀਤੀ ਸੀ। ਇਹ ਮੀਟਿੰਗ ਨਵੀਂ ਦਿੱਲੀ ਦੇ ਇਕ ਗੈਸਟ ਹਾਊਸ ਵਿਚ ਹੋਈ ਸੀ। ਪੰਜਾਬ ਐਜੀਟੇਸ਼ਨ ਬਾਰੇ ਭਾਰਤ ਸਰਕਾਰ ਦਾ ਵਾਈਟ ਪੇਪਰ ਨਵੀਂ ਦਿੱਲੀ ਵਿਚ 10 ਜੁਲਾਈ, 1984 ਨੂੰ ਛਪਿਆ ਸੀ।



ਇਸ ਮੀਟਿੰਗ ਦਾ ਵਿਸ਼ਾ ਸ੍ਰੀ ਦਰਬਾਰ ਸਾਹਿਬ ਦੀ ਸਥਿਤੀ 'ਤੇ ਉਨ੍ਹਾਂ ਦੇ ਫਿਕਰ ਨੂੰ ਪ੍ਰਗਟਾਉਣਾ ਸੀ ਤੇ ਭਾਰਤ ਸਰਕਾਰ ਨੂੰ ਫ਼ੌਜੀ ਕਾਰਵਾਈ ਕਰਨ ਲਈ ਕਹਿਣਾ ਸੀ। ਕੈਪਟਨ ਅਮਰਿੰਦਰ ਸਿੰਘ ਨੇ ਸ. ਬਾਦਲ ਨੂੰ ਖ਼ੁਦ ਇਸ ਮੁੱਦੇ 'ਤੇ ਸਫ਼ਾਈ ਦੇਣ ਨੂੰ ਕਿਹਾ ਹੈ ਤੇ ਕਿਹਾ ਕਿ ਖ਼ੁਦ ਨੂੰ ਬਚਾਉਣ ਲਈ ਉਹ ਆਪਣੇ ਓ.ਐਸ.ਡੀਜ਼ ਤੇ ਬੁਲਾਰਿਆਂ ਨੂੰ ਨਾ ਵਰਤਣ। ਸ. ਬਾਦਲ ਨੂੰ ਉਨ੍ਹਾਂ ਦੀਆਂ ਸਰਗਰਮੀਆਂ ਬਾਰੇ ਯਾਦ ਦਿਵਾਉਂਦਿਆਂ ਕੈਪਟਨ ਨੇ ਦੱਸਿਆ ਕਿ ਇਕ ਮਹੀਨਾ ਪਹਿਲਾਂ 25 ਅਪਰੈਲ, 1984 ਨੂੰ ਸੰਤ ਹਰਚੰਦ ਸਿੰਘ ਲਾਗੋਵਾਲ ਨੇ ਪ੍ਰਧਾਨ ਮੰਤਰੀ ਦੇ ਨਿੱਜੀ ਸਕੱਤਰ ਨੂੰ ਪੱਤਰ ਲਿਖਿਆ।

ਉਨ੍ਹਾਂ ਕਿਹਾ ਕਿ ਸ. ਬਾਦਲ ਸੈਕਟਰ 9, ਚੰਡੀਗੜ੍ਹ ਦੇ ਆਪਣੇ ਨਿਵਾਸ ਤੋਂ 11-12 ਦੀ ਰਾਤ ਨੂੰ 2.30 ਵਜੇ ਗ੍ਰਿਫ਼ਤਾਰ ਹੋਏ, ਨਾ ਕਿ 10 ਨੂੰ। ਉਨ੍ਹਾਂ ਇਸ ਤੋਂ ਪਹਿਲਾਂ 11 ਤਾਰੀਖ ਨੂੰ ਪ੍ਰੈਸ ਕਾਨਫਰੰਸ ਕੀਤੀ ਸੀ। ਜਦੋਂ ਪੁਲਿਸ ਆਈ ਸੀ ਤਾਂ ਆਪਣੀ ਗ੍ਰਿਫ਼ਤਾਰੀ ਬਾਰੇ ਜਾਣਕਾਰੀ ਦੇਣ ਲਈ ਵੱਡੀ ਗਿਣਤੀ ਵਿਚ ਲੋਕਾਂ ਨੂੰ ਟੈਲੀਫ਼ੋਨ ਕਰਕੇ ਸੱਦ ਲਿਆ ਸੀ। ਕੈਪਟਨ ਅਮਰਿੰਦਰ ਸਿੰਘ ਨੇ ਸ. ਬਾਦਲ ਨੂੰ ਇਨ੍ਹਾਂ ਦੋਸ਼ਾਂ 'ਤੇ ਸਫ਼ਾਈ ਦੇਣ ਨੂੰ ਕਿਹਾ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਕ ਵਾਰ ਫੇਰ ਦੁਹਰਾਇਆ ਹੈ ਕਿ 1984 ਵਿਚ ਸਾਕਾ ਨੀਲਾ ਤਾਰਾ ਤੋਂ ਲੈ ਕੇ ਹੁਣ ਤੱਕ ਉਨ੍ਹਾਂ ਦਾ ਸਟੈਂਡ ਸਭ ਦੇ ਸਾਹਮਣੇ ਹੈ। ਉਨ੍ਹਾਂ ਨੂੰ ਅਕਾਲੀਆਂ ਦੇ ਸਰਟੀਫਿਕੇਟ ਦੀ ਲੋੜ ਨਹੀਂ ਹੈ ਜਿਸ ਬਾਰੇ ਪੂਰਾ ਪੰਜਾਬ, ਖਾਸ ਕਰਕੇ ਸਿੱਖ ਸਮਾਜ ਚੰਗੀ ਤਰ੍ਹਾਂ ਜਾਣੂ ਹੈ। ਉਨ੍ਹਾਂ ਨੇ ਸ. ਬਾਦਲ 'ਤੇ ਅਤਿਵਾਦੀਆਂ ਨਾਲ ਸਿੱਧੇ ਸਬੰਧਾਂ ਦੇ ਦੋਸ਼ ਵੀ ਲਾਏ।

## ਕਾਂਗਰਸ ਨੇ ਵੀ ਮੰਨਿਆ: ਸਿੱਖ ਪੀੜਤਾਂ ਨੂੰ ਨਹੀਂ ਮਿਲਿਆ ਇਨਸਾਫ

**ਨਵੀਂ ਦਿੱਲੀ:** ਕੇਂਦਰੀ ਮੰਤਰੀ ਜੈਰਾਮ ਰਮੇਸ਼ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਦੇਸ਼ ਤੇ ਕਾਂਗਰਸ ਲਈ 'ਧੱਬਾ' ਕਰਾਰ ਦਿੰਦਿਆਂ ਸੁਝਾਅ ਦਿੱਤਾ ਹੈ ਕਿ ਸਿੱਖ ਪੀੜਤਾਂ ਲਈ ਅਜੇ ਬਹੁਤ ਕੁਝ ਕਰਨ ਦੀ ਲੋੜ ਹੈ। ਉਨ੍ਹਾਂ ਦੋਸ਼ੀਆਂ ਨੂੰ ਵੀ ਸਖ਼ਤ ਸਜ਼ਾਵਾਂ ਦੇਣ ਦੀ ਵਕਾਲਤ ਕੀਤੀ ਹੈ।

ਇਕ ਟੀਵੀ ਚੈਨਲ ਦੇ ਪ੍ਰੋਗਰਾਮ ਦੌਰਾਨ ਸ੍ਰੀ ਰਮੇਸ਼ ਨੇ 2002 ਦੇ ਗੋਧਰਾ ਦੰਗਿਆਂ ਨੂੰ ਸਿੱਖ ਵਿਰੋਧੀ ਦੰਗਿਆਂ ਨਾਲ ਜੋੜਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਗੁਜਰਾਤ ਵਿਚ ਹੋਏ ਦੰਗੇ 'ਨਫ਼ਰਤ' ਦਾ ਨਤੀਜਾ ਸਨ। ਪੇਂਡੂ ਵਿਕਾਸ ਮੰਤਰੀ ਜੈਰਾਮ ਰਮੇਸ਼ ਨੂੰ ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਸਿੱਖ ਵਿਰੋਧੀ ਦੰਗਿਆਂ ਦਾ 2002 ਦੇ ਗੁਜਰਾਤ ਦੰਗਿਆਂ ਨਾਲ ਮੁਕਾਬਲਾ ਕਰਨ 'ਤੇ ਸਵਾਲ ਪੁੱਛਿਆ ਗਿਆ ਸੀ। ਰਾਹੁਲ ਗਾਂਧੀ ਨੇ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਕੇਂਦਰ ਦੀ ਕਾਂਗਰਸ ਸਰਕਾਰ ਨੇ ਸਿੱਖ ਵਿਰੋਧੀ ਦੰਗਿਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ ਜਦਕਿ ਨਰਿੰਦਰ ਮੋਦੀ ਨੇ ਗੁਜਰਾਤ ਦੰਗਿਆਂ ਵਿਚ ਬਿਲਕੁਲ ਉਲਟ ਭੂਮਿਕਾ ਨਿਭਾਈ ਸੀ। ਸ੍ਰੀ ਜੈਰਾਮ ਰਮੇਸ਼ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਬਿਲਕੁਲ ਸੱਚ ਬੋਲਿਆ ਸੀ ਕਿ ਉਹ ਉਸ ਸਮੇਂ ਉੱਥੇ ਹੀ ਸਨ।

ਪ੍ਰਧਾਨ ਮੰਤਰੀ (ਰਾਜੀਵ ਗਾਂਧੀ) ਸ਼ਹਿਰ ਵਿਚ ਅਪੀਲ ਕਰ ਰਹੇ ਸਨ ਤੇ ਫਿਰ ਫੌਜ ਸੱਦੀ ਗਈ ਸੀ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਇਹ ਕਹਿਣਾ ਚਾਹੁੰਦੇ ਸਨ ਕਿ 1984 ਦੇ ਦੰਗੇ ਨਫ਼ਰਤ ਦੀ ਵਿਚਾਰਧਾਰਾ ਕਾਰਨ ਨਹੀਂ ਵਾਪਰੇ ਸਨ ਜਿਵੇਂ ਕਿ 2002 ਦੇ ਗੁਜਰਾਤ ਦੰਗਿਆਂ ਵਿਚ ਹੋਇਆ ਸੀ। ਰਾਹੁਲ ਗਾਂਧੀ ਵੱਲੋਂ ਸਿੱਖ ਕਤਲੇਆਮ ਦੀ ਮੁਆਫ਼ੀ ਮੰਗਣ ਬਾਰੇ ਪੁੱਛੇ ਜਾਣ 'ਤੇ ਜੈਰਾਮ ਨੇ ਕਿਹਾ ਕਿ ਪ੍ਰਧਾਨ ਮੰਤਰੀ ਤੇ ਸੋਨੀਆ ਗਾਂਧੀ ਪਹਿਲਾਂ ਹੀ ਮਾਫ਼ੀ ਮੰਗ ਚੁੱਕੇ ਹਨ।

# ਕੇਂਦਰ ਤੇ ਅਕਾਲੀਆਂ ਵਿਚਾਲੇ ਹੋਈਆਂ ਅੱਠ ਮੀਟਿੰਗਾਂ!

**ਚੰਡੀਗੜ੍ਹ:** ਸਾਕਾ ਨੀਲਾ ਤਾਰਾ ਤੋਂ ਪਹਿਲਾਂ ਉਨ੍ਹੀਂ ਦਿਨੀਂ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਰਹੇ ਰਘਬੀਰ ਸਿੰਘ ਨੇ ਘਟਨਾਕ੍ਰਮ ਦਾ ਚੇਤਾ ਕਰਦਿਆਂ ਕਿਹਾ ਹੈ ਕਿ ਇਕ ਦਿਨ ਚੀਫ ਕਮਿਸ਼ਨਰ ਕ੍ਰਿਸ਼ਨਾ ਬੈਨਰਜੀ ਨੇ ਉਨ੍ਹਾਂ ਨੂੰ ਫੌਰੀ ਬੁਲਾਇਆ। ਜਦੋਂ ਉਹ ਕਮਰੇ ਵਿਚ ਦਾਖਲ ਹੋਏ ਤਾਂ ਉਨ੍ਹਾਂ ਉਥੇ ਮੌਜੂਦ ਸਾਰੇ ਵਿਅਕਤੀਆਂ ਨੂੰ ਜਾਣ ਦਾ ਇਸ਼ਾਰਾ ਕੀਤਾ। ਉਨ੍ਹਾਂ ਕੰਨ ਵਿਚ ਇਕ ਆਲ੍ਹਾ ਮਿਆਰੀ ਮੁਲਾਕਾਤ ਲਈ ਪ੍ਰਬੰਧ ਕਰਨ ਲਈ ਕਿਹਾ ਜਿਸ ਵਿਚ ਕੇਂਦਰ ਦੇ ਪ੍ਰਮੁੱਖ ਸਿਆਸਤਦਾਨ ਤੇ ਬੁੜੈਲ ਜੇਲ੍ਹ ਵਿਚ ਬੰਦ ਅਕਾਲੀ ਆਗੂ ਹਿੱਸਾ ਲੈਣਗੇ। ਇਸ ਮਿਸ਼ਨ ਵਿਚ ਕਿਸੇ ਨੂੰ ਵੀ ਖਾਸ ਕਰਕੇ ਪੁਲਿਸ ਨੂੰ ਸ਼ਾਮਲ ਨਾ ਕਰਨ ਦੀ ਤਾਕੀਦ ਕੀਤੀ ਗਈ।

ਰਘਬੀਰ ਸਿੰਘ ਅਨੁਸਾਰ ਉਸ ਵੇਲੇ ਦੇ ਐਸ.ਡੀ.ਐਮ. ਟੀ.ਸੀ. ਗੁਪਤਾ ਨੇ ਵੱਖ-ਵੱਖ ਸੰਭਾਵਨਾਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਤੇ ਉਹ ਆਖਰ ਸੈਕਟਰ-2 ਦੇ ਪ੍ਰਾਈਵੇਟ ਘਰ ਦੀਆਂ ਚਾਬੀਆਂ ਲੈਣ ਵਿਚ ਕਾਮਯਾਬ ਹੋ ਗਿਆ ਜਿਥੇ 27 ਮਾਰਚ, 1984 ਨੂੰ ਆਲ੍ਹਾ ਮਿਆਰੀ ਗੁਪਤ ਮੀਟਿੰਗ ਰੱਖੀ ਗਈ। ਅਕਾਲੀਆਂ ਤੇ ਕੇਂਦਰ ਵਿਚਕਾਰ ਵਾਰਤਾ ਦੇ ਤਿੰਨ ਗੇੜ ਪਹਿਲਾਂ ਹੀ ਦਿੱਲੀ ਵਿਚ ਹੋ ਚੁੱਕੇ ਸਨ ਤੇ ਚੌਥਾ ਚੰਡੀਗੜ੍ਹ ਵਿਚ ਕੀਤਾ ਜਾਣਾ ਸੀ।

ਇਹ ਇਕ ਗੁਪਤ ਮਿਸ਼ਨ ਹੋਣ ਕਰਕੇ ਉਨ੍ਹਾਂ ਇਕ ਬਿਨਾਂ ਨੰਬਰੀ ਕਾਰ ਲਈ ਤੇ ਉਸ 'ਤੇ ਜਾਅਲੀ ਨੰਬਰ ਪਲੇਟ ਲਾਈ। ਉਹ ਜ਼ਿਲ੍ਹਾ ਮੈਜਿਸਟਰੇਟ ਹੋਣ ਦੀ ਹੈਸੀਅਤ ਵਿਚ ਚੰਡੀਗੜ੍ਹ ਦੇ ਆਈਜੀ (ਜੇਲ੍ਹ) ਵੀ ਸਨ। ਉਨ੍ਹਾਂ ਨੂੰ ਪਤਾ ਸੀ ਕਿ ਜੇਲ੍ਹ ਸੁਪਰਡੈਂਟ ਆਰ.ਡੀ. ਸ਼ਰਮਾ ਬਹੁਤ ਹੁਸ਼ਿਆਰ ਸਨ ਤੇ ਉਸ ਨੂੰ ਖਰੀਦੋ-ਫਰੋਖਤ ਲਈ ਲੁਧਿਆਣਾ ਭੇਜ ਦਿੱਤਾ। ਫੇਰ ਗੇਟ ਖੋਲ੍ਹਿਆ ਤੇ ਅਕਾਲੀਆਂ ਨੂੰ ਕਾਰ ਵਿਚ ਬਿਠਾ ਕੇ ਮੀਟਿੰਗ ਵਾਲੀ ਥਾਂ 'ਤੇ ਪਹੁੰਚਾਇਆ।'

ਅਕਾਲੀ ਆਗੂਆਂ ਤੇ ਗ੍ਰਹਿ ਮੰਤਰੀ ਪੀ.ਵੀ. ਨਰਸਿਮ੍ਹਾ ਰਾਓ ਦੀ ਅਗਵਾਈ ਹੇਠ ਕੇਂਦਰੀ ਟੀਮ ਵਿਚਾਲੇ ਮੀਟਿੰਗ ਦੀਆਂ ਤਿਆਰੀਆਂ ਦਾ ਚੇਤਾ ਕਰਦਿਆਂ ਰਘਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਦੀਆਂ ਮੰਗਾਂ ਮੰਨਣ ਬਾਰੇ ਕੋਈ ਰਾਹ ਕੱਢਿਆ ਜਾ ਰਿਹਾ ਸੀ ਜਦਕਿ ਬਹੁਤੇ ਅਕਾਲੀ ਆਗੂ ਜਰਨੈਲ ਸਿੰਘ ਭਿੰਡਰਾਂਵਾਲੇ ਤੋਂ ਬਹੁਤ ਤ੍ਰਭਕਦੇ ਸਨ ਜੋ ਉਸ ਵੇਲੇ ਸਿੱਖਾਂ ਦੀ ਸ਼ਕਤੀ ਦਾ ਕੇਂਦਰ ਬਣ ਗਿਆ ਸੀ। ਅਕਾਲੀ ਚਾਹੁੰਦੇ ਸਨ ਕਿ ਭਿੰਡਰਾਂਵਾਲੇ ਨੂੰ ਖਤਮ ਕਰ ਦਿੱਤਾ ਜਾਵੇ ਪਰ ਉਸ ਵੇਲੇ ਉਨ੍ਹਾਂ ਨੂੰ ਹਰਿਮੰਦਰ ਸਾਹਿਬ 'ਤੇ ਫੌਜੀ ਕਾਰਵਾਈ ਬਾਰੇ ਕੇਂਦਰ ਦੀ ਯੋਜਨਾ ਦੀ ਕੋਈ ਸੂਹ ਨਹੀਂ ਸੀ।

27 ਤੇ 29 ਮਾਰਚ 1984 ਨੂੰ ਚੰਡੀਗੜ੍ਹ ਦੇ ਸੈਕਟਰ-2 ਦੇ ਪ੍ਰਾਈਵੇਟ ਘਰ ਵਿਚ ਮੀਟਿੰਗਾਂ ਹੋਣ ਤੋਂ ਬਾਅਦ ਤੀਜੀ ਮੀਟਿੰਗ 21 ਅਪਰੈਲ, 1984 ਨੂੰ ਚੰਡੀਗੜ੍ਹ ਹਵਾਈ ਅੱਡੇ 'ਤੇ ਕੀਤੀ ਗਈ ਪਰ ਇਸ ਵਿਚ ਵੀ ਕੋਈ ਸਿੱਟਾ ਨਾ ਨਿਕਲਿਆ। ਉਸ ਤੋਂ ਬਾਅਦ ਕੇਂਦਰ ਨੇ ਫ਼ੌਜੀ ਕਾਰਵਾਈ ਦੀ ਯੋਜਨਾ ਬਣਾਈ ਤੇ ਪੰਜਾਬ ਦੀਆਂ ਸੁਰੱਖਿਆ ਏਜੰਸੀਆਂ ਤੋਂ ਕੋਈ ਰਾਏ ਨਾ ਲਈ ਗਈ। ਇਨ੍ਹਾਂ ਵਾਰਤਾਵਾਂ ਵਿਚ ਪ੍ਰਕਾਸ਼ ਸਿੰਘ ਬਾਦਲ, ਪੀ.ਵੀ. ਨਰਸਿਮ੍ਹਾ ਰਾਓ, ਪ੍ਰਣਬ ਮੁਖਰਜੀ, ਸੀ.ਆਰ. ਕ੍ਰਿਸ਼ਨਾਸਵਾਮੀ, ਐਮ.ਐਮ.ਕੇ. ਵਲੀ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਪ੍ਰਮੁੱਖ ਸਕੱਤਰ ਪੀ.ਸੀ. ਅਲੈਗਜ਼ਾਂਡਰ, ਕੇਂਦਰੀ ਗ੍ਰਹਿ ਸਕੱਤਰ ਪ੍ਰੇਮ ਕੁਮਾਰ ਤੇ ਕੇਂਦਰੀ ਮੰਤਰੀ ਸ਼ਿਵ ਸ਼ੰਕਰ ਵਿਸ਼ੇਸ਼ ਜਹਾਜ਼ ਰਾਹੀਂ ਚੰਡੀਗੜ੍ਹ ਪੁੱਜੇ ਸਨ।

ਚੰਡੀਗੜ੍ਹ ਵਿਚ ਉਸ ਵੇਲੇ ਬੁੜੈਲ ਜੇਲ੍ਹ ਵਿਚ ਬੰਦ ਅਕਾਲੀ ਆਗੂਆਂ ਵਿਚੋਂ ਸੁਰਜੀਤ ਸਿੰਘ ਬਰਨਾਲਾ, ਬਲਵੰਤ ਸਿੰਘ ਰਾਮੂਵਾਲੀਆ, ਗੁਰਚਰਨ ਸਿੰਘ ਟੌਹੜਾ ਤੇ ਰਵਿੰਦਰ ਸਿੰਘ ਚੀਮਾ ਨੂੰ ਸੈਕਟਰ-2 ਦੀ ਮੀਟਿੰਗ ਲਈ ਲਿਆਂਦਾ ਗਿਆ ਸੀ। ਤੀਜੀ ਮੀਟਿੰਗ ਚੰਡੀਗੜ੍ਹ ਦੇ ਹਵਾਈ ਅੱਡੇ 'ਤੇ ਲਾਂਜ ਵਿਚ 21 ਅਪਰੈਲ, 1984 ਵਿਚ ਹੋਈ। ਇਸੇ ਨਾਲ ਮੀਟਿੰਗ ਦੀ ਥਾਂ ਬਦਲ ਕੇ ਦਿੱਲੀ ਕਰ ਦਿੱਤੀ ਗਈ। ਅੱਠਵੀਂ ਤੇ ਆਖਰੀ ਮੀਟਿੰਗ ਅਪਰੇਸ਼ਨ ਬਲਿਊ ਸਟਾਰ ਤੋਂ ਕੁਝ ਦਿਨ ਪਹਿਲਾਂ 26 ਮਈ, 1984 ਵਿਚ ਦਿੱਲੀ ਦੇ ਇਕ ਗੈਸਟ ਹਾਊਸ ਵਿਚ ਹੋਈ।

## ਬਾਦਲ ਤੇ ਬਰਨਾਲਾ ਆਪਣਾ ਪੱਖ ਸਪਸ਼ਟ ਕਰਨ: ਦਲ ਖਾਲਸਾ

**ਚੰਡੀਗੜ੍ਹ:** ਦਲ ਖਾਲਸਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਮੰਗ ਕੀਤੀ ਹੈ ਕਿ ਉਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੂੰ ਉਨ੍ਹਾਂ ਉਪਰ ਸਾਕਾ ਨੀਲਾ ਤਾਰਾ ਵਿਚ ਮਿਲੀਭੁਗਤ ਦੇ ਲਗਦੇ ਇਲਜ਼ਾਮਾਂ ਬਾਰੇ ਸਚਾਈ ਲੋਕਾਂ ਸਾਹਮਣੇ ਦੱਸਣ ਦੀ ਹਦਾਇਤ ਕਰਨ।

ਸਾਕਾ ਨੀਲਾ ਤਾਰਾ ਤੋਂ ਪਹਿਲਾਂ ਅਕਾਲੀਆਂ ਤੇ ਕੇਂਦਰ ਵਿਚਾਲੇ ਹੋਈਆਂ ਮੀਟਿੰਗਾਂ ਬਾਰੇ ਆਪਣਾ ਪ੍ਰਤੀਕਰਮ ਪ੍ਰਗਟ ਕਰਦਿਆਂ ਦਲ ਦੇ ਕੰਵਰਪਾਲ ਸਿੰਘ ਨੇ ਕਿਹਾ ਹੈ ਕਿ ਦੋਵੇਂ ਧਿਰਾਂ ਖੁਲਾਸਾ ਕਰਨ ਨੂੰ ਤਿਆਰ ਨਹੀਂ। ਇਸ ਕਰਕੇ ਜਥੇਦਾਰ ਦਾ ਦਖ਼ਲ ਜ਼ਰੂਰੀ ਹੈ।

# ਬਾਦਲ ਨੇ 17 ਸਾਲ ਜੇਲ੍ਹ ਕੱਟਣ ਬਾਰੇ ਬੋਲਿਆ ਝੂਠ: ਕਾਂਗਰਸ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ 17 ਸਾਲ ਜੇਲ੍ਹ ਕੱਟਣ ਦੇ ਕੀਤੇ ਜਾ ਰਹੇ ਦਾਅਵੇ ਪੂਰੀ ਤਰ੍ਹਾਂ ਝੂਠੇ ਹਨ। ਉਨ੍ਹਾਂ ਨੇ ਮਸਾਂ 40 ਮਹੀਨੇ ਹੀ ਕੈਦ ਕੱਟੀ ਹੈ। ਇਹ ਦਾਅਵਾ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਕੀਤਾ। ਸ. ਖਹਿਰਾ ਅਨੁਸਾਰ ਉਨ੍ਹਾਂ ਦੇ ਮਰਹੂਮ ਪਿਤਾ ਤੇ ਪੰਜਾਬ ਦੇ ਸਾਬਕਾ ਮੰਤਰੀ ਸੁਖਜਿੰਦਰ ਸਿੰਘ, ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ, ਸਿਮਰਨਜੀਤ ਸਿੰਘ ਮਾਨ ਨੇ ਸ. ਬਾਦਲ ਤੋਂ ਵੱਧ ਸਿਆਸੀ ਜੇਲ੍ਹ ਕੱਟੀ ਹੈ।

ਉਨ੍ਹਾਂ ਲੰਮੇ-ਚੌੜੇ ਵੇਰਵੇ ਪੇਸ਼ ਕਰਦਿਆਂ ਕਿਹਾ ਕਿ ਸਾਲ 1984 ਤੋਂ ਲੈ ਕੇ 1997 ਤੱਕ ਪੰਜਾਬ ਦੇ ਗੜਬੜੀ ਵਾਲੇ ਕੇਵਲ 13 ਸਾਲ ਬਣਦੇ ਹਨ ਕਿਉਂਕਿ ਸ. ਬਾਦਲ 1997 ਵਿਚ ਮੁੱਖ ਮੰਤਰੀ ਬਣ ਗਏ ਸਨ। ਇਸ ਤਰ੍ਹਾਂ ਸ. ਬਾਦਲ ਵੱਲੋਂ 17 ਸਾਲ ਸਿਆਸੀ ਜੇਲ੍ਹ ਕੱਟਣ ਦੇ ਦਾਅਵੇ ਇਕ ਮਜ਼ਾਕ ਹਨ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਜ਼ਰੂਰ ਸ. ਬਾਦਲ ਨੇ ਆਪਣੇ ਉਪ ਮੁੱਖ ਮੰਤਰੀ ਪੁੱਤਰ ਸੁਖਬੀਰ ਸਿੰਘ ਬਾਦਲ ਸਮੇਤ ਭ੍ਰਿਸ਼ਟਾਚਾਰ ਤੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿਚ ਸੱਤ ਦਿਨ ਜੇਲ੍ਹ ਕੱਟੀ ਸੀ। ਸ. ਖਹਿਰਾ ਨੇ ਪੰਜਾਬ ਦੇ ਮਰਹੂਮ ਵਿੱਤ ਮੰਤਰੀ ਤੇ ਅਕਾਲੀ ਆਗੂ ਬਲਵੰਤ ਸਿੰਘ ਵੱਲੋਂ 9 ਜੂਨ, 1984 ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਲਿਖੇ ਗੁਪਤ ਪੱਤਰ ਦੀਆਂ ਕਾਪੀਆਂ ਵੰਡਦਿਆਂ ਦੋਸ਼ ਲਾਇਆ ਕਿ ਸ੍ਰੀ ਹਰਿਮੰਦਰ ਸਾਹਿਬ ਉਪਰ ਨੀਲਾ ਤਾਰਾ ਅਪਰੇਸ਼ਨ ਪੂਰੀ ਤਰ੍ਹਾਂ ਕਈ ਅਕਾਲੀ ਆਗੂਆਂ ਦੀ ਮਿਲੀਭੁਗਤ ਨਾਲ ਹੀ ਹੋਇਆ ਸੀ। ਇਸ ਪੱਤਰ ਵਿਚ ਬਲਵੰਤ ਸਿੰਘ ਨੇ ਇੰਦਰਾ ਗਾਂਧੀ ਨੂੰ ਲਿਖਿਆ ਹੈ ਕਿ ਉਹ ਨਿਰੰਤਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀਆਂ ਗਤੀਵਿਧੀਆਂ ਦਾ ਵਿਰੋਧ ਕਰਦੇ ਆ ਰਹੇ ਹਨ ਤੇ ਉਹ ਭਾਰਤ ਸਰਕਾਰ ਦੇ ਐਕਸ਼ਨ ਦੀ ਹਮਾਇਤ ਕਰਨਗੇ।

# ਸੁਮੇਧ ਸੈਣੀ ਨੂੰ ਲਾਂਭੇ ਕਰਨ ਦਾ ਮਾਮਲਾ ਚੋਣ ਕਮਿਸ਼ਨ ਦੇ ਦਰਬਾਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਪੰਜਾਬ ਪੁਲਿਸ ਦੇ ਮੁਖੀ ਸੁਮੇਧ ਸਿੰਘ ਸੈਣੀ ਦਾ ਮਾਮਲਾ ਅਗਲੀ ਕਰਵਾਈ ਲਈ ਮੁੱਖ ਚੋਣ ਕਮਿਸ਼ਨਰ ਕੋਲ ਭੇਜ ਦਿੱਤਾ ਹੈ। ਪੰਜਾਬ



ਦੇ ਗ੍ਰਹਿ ਵਿਭਾਗ ਨੇ ਕਾਂਗਰਸ ਵੱਲੋਂ ਸ੍ਰੀ ਸੈਣੀ ਵਿਰੁੱਧ ਕੀਤੀ ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਚੋਣਾਂ ਦੌਰਾਨ ਉਨ੍ਹਾਂ ਨੂੰ ਬਦਲਣ ਦੀ ਕੋਈ ਲੋੜ ਨਹੀਂ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਸੀਨੀਅਰ ਆਗੂਆਂ ਦੇ ਵਫ਼ਦ ਸਮੇਤ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਨੂੰ ਦਿੱਲੀ ਵਿਖੇ ਮਿਲ ਕੇ ਸ੍ਰੀ ਸੈਣੀ ਨੂੰ ਲੋਕ ਸਭਾ ਚੋਣਾਂ ਦੌਰਾਨ ਇਸ ਅਹੁਦੇ ਤੋਂ ਪਾਸੇ ਕਰਨ ਦੀ ਮੰਗ ਕੀਤੀ ਹੈ। ਇਸੇ ਦੌਰਾਨ ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪਾਰਟੀ ਵੱਲੋਂ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਸੁਮੇਧ ਸਿੰਘ ਸੈਣੀ ਨੂੰ ਪੰਜਾਬ 'ਚ 2014 ਲੋਕ ਸਭਾ ਚੋਣਾਂ ਤੋਂ ਪਹਿਲਾਂ ਹਟਾਏ ਜਾਣ ਸਬੰਧੀ ਕੀਤੀ ਜਾ ਰਹੀ ਮੰਗ ਦਾ ਸਮਰਥਨ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਸ੍ਰੀ ਸੈਣੀ ਅਕਾਲੀ ਸਮਰਥਕ ਵਜੋਂ ਜਾਣੇ ਜਾਂਦੇ ਹਨ ਅਤੇ ਪੰਜਾਬ 'ਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਵੀ ਉਨ੍ਹਾਂ ਦੀ ਭੂਮਿਕਾ 'ਤੇ ਸਵਾਲ ਉਠੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਸੈਣੀ ਨੇ ਪਾਰਟੀ ਨੂੰ ਸੰਗਠਿਤ ਕਰਨ ਤੇ ਪੈਸੇ ਵੰਡਣ 'ਚ ਸਹਾਇਤਾ ਵੀ ਕੀਤੀ ਸੀ। ਕੈਪਟਨ ਨੇ ਮੁੱਖ ਚੋਣ ਕਮਿਸ਼ਨਰ ਨੂੰ ਅਪੀਲ ਕੀਤੀ ਕਿ ਡੀ.ਜੀ.ਪੀ. ਨੂੰ ਤੁਰੰਤ ਹਟਾਇਆ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਸੈਣੀ ਨਾ ਕੇਵਲ ਪੰਜਾਬ ਦੇ ਡੀ.ਜੀ.ਪੀ. ਬਣੇ ਰਹਿਣਾ ਚਾਹੁੰਦੇ ਹਨ, ਸਗੋਂ ਆਪਣੇ ਖ਼ਿਲਾਫ਼ ਚੱਲ ਰਹੇ ਫੌਜਦਾਰੀ ਕੇਸਾਂ ਤੋਂ ਵੀ ਬਚਣਾ ਚਾਹੁੰਦੇ ਹਨ।

ਇਸੇ ਦੌਰਾਨ ਪੰਜਾਬ ਕਾਂਗਰਸ ਦੇ ਬੁਲਾਰੇ ਨੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੂੰ ਪੱਤਰ ਲਿਖ ਕੇ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਦੇ ਸਿਆਸੀ ਦਬਾਅ ਹੇਠ ਗ੍ਰਹਿ ਸਕੱਤਰ ਡੀ.ਐਸ. ਬੈਂਸ ਨੇ ਸ੍ਰੀ ਸੈਣੀ ਦੇ ਖ਼ਿਲਾਫ਼ ਚੱਲ ਰਹੇ ਅਪਰਾਧਿਕ ਮਾਮਲਿਆਂ ਬਾਰੇ ਚੋਣ ਕਮਿਸ਼ਨ ਨੂੰ ਗੁੰਮਰਾਹ ਕੀਤਾ ਹੈ। ਉਧਰ, ਅਕਾਲੀ ਦਲ ਦੇ ਬੁਲਾਰੇ ਡਾਕਟਰ ਦਲਜੀਤ ਸਿੰਘ ਚੀਮਾ ਨੇ ਕਾਂਗਰਸ ਦੀ ਇਸ ਮੰਗ ਨੂੰ ਗੈਰ-ਵਾਜਬ ਦੱਸਿਆ ਹੈ।

# ਖਾੜਕੂ ਭੂਤਨਾ ਤੇ ਬਿੱਟੂ ਦੀ ਪੇਸ਼ੀ 26 ਨੂੰ

**ਮਾਨਸਾ:** ਡੇਰਾ ਪ੍ਰੇਮੀ ਲੀਲੀ ਕਤਲ ਕਾਂਡ 'ਚ ਖਾੜਕੂ ਬਲਵੀਰ ਸਿੰਘ ਭੂਤਨਾ, ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਚੇਅਰਮੈਨ ਦਲਜੀਤ ਸਿੰਘ ਬਿੱਟੂ ਸਮੇਤ ਹੋਰਨਾਂ ਦੀ ਪੇਸ਼ੀ 26 ਫਰਵਰੀ 'ਤੇ ਪੈ ਗਈ ਹੈ। ਸਿੱਖ ਨੌਜਵਾਨ ਗਮਦੂਰ ਸਿੰਘ ਝੰਡੂਕੇ, ਪ੍ਰੋ. ਗੁਰਵੀਰ ਸਿੰਘ, ਅੰਮ੍ਰਿਤਪਾਲ ਸਿੰਘ ਕੋਟ ਧਰਮੂ, ਰਾਜ ਸਿੰਘ, ਮੱਖਣ ਸਿੰਘ ਸਮਾਉਂ, ਗੁਰਦੀਪ ਸਿੰਘ ਲੁਧਿਆਣਾ ਆਦਿ ਨੂੰ ਇਥੇ ਵਧੀਕ ਸੈਸ਼ਨ ਜੱਜ ਰਾਜ ਕੁਮਾਰ ਦੀ ਅਦਾਲਤ 'ਚ ਪੇਸ਼ ਕੀਤਾ ਗਿਆ।

ਸਿੱਖ ਨੌਜਵਾਨਾਂ ਦੇ ਵਕੀਲ ਅਜੀਤ ਸਿੰਘ ਭੰਗੂ ਨੇ ਦੱਸਿਆ ਕਿ ਅਗਲੀ ਪੇਸ਼ੀ 26 ਫਰਵਰੀ 'ਤੇ ਪਾਈ ਗਈ ਹੈ ਤੇ ਕੇਸ ਬਹਿਸ 'ਤੇ ਲੱਗਣ ਕਰ ਕੇ ਜਲਦੀ ਹੀ ਨਿਬੇੜਾ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਇਸੇ ਕਤਲ ਕਾਂਡ 'ਚ ਵੱਖਰੇ ਤੌਰ 'ਤੇ ਪਿੰਡ ਆਲਮਪੁਰ ਮੰਦਰਾਂ ਦੇ 3 ਨੌਜਵਾਨਾਂ ਦੀ ਪੇਸ਼ੀ ਵੀ 26 ਫਰਵਰੀ ਨੂੰ ਪਾਈ ਗਈ ਹੈ।

# ਰਾਜੀਵ ਗਾਂਧੀ ਕੇਸ ਦੇ ਦੋਸ਼ੀਆਂ ਨੂੰ ਸਜ਼ਾ-ਏ-ਮੌਤ ਦੀ ਥਾਂ ਉਮਰ ਕੈਦ

**ਨਵੀਂ ਦਿੱਲੀ:** ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਹੱਤਿਆ ਕਾਂਡ ਦੇ ਤਿੰਨ ਦੋਸ਼ੀਆਂ ਨੂੰ ਵੱਡੀ ਰਾਹਤ ਮਿਲੀ ਹੈ। ਸੁਪਰੀਮ ਕੋਰਟ ਨੇ ਰਹਿਮ ਦੀਆਂ ਅਪੀਲਾਂ ਨਿਬੇੜਨ ਵਿਚ 11 ਸਾਲਾਂ ਦੀ ਦੇਰੀ ਦੇ ਆਧਾਰ 'ਤੇ ਉਨ੍ਹਾਂ ਦੀ ਸਜ਼ਾ-ਏ-ਮੌਤ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਹੈ।

ਚੀਫ ਜਸਟਿਸ ਪੀ. ਸਦਾਸ਼ਿਵਮ, ਜਸਟਿਸ ਰੰਜਨ ਗੋਗੋਈ ਅਤੇ ਜਸਟਿਸ ਐਸ.ਕੇ. ਸਿੰਘ ਦੇ ਤਿੰਨ ਮੈਂਬਰੀ ਬੈਂਚ ਨੇ ਕੇਂਦਰ ਸਰਕਾਰ ਦੇ ਇਸ ਤਰਕ ਨੂੰ ਰੱਦ ਕਰ ਦਿੱਤਾ ਕਿ ਇਨ੍ਹਾਂ ਦੋਸ਼ੀਆਂ ਦੀਆਂ ਰਹਿਮ ਦੀਆਂ ਅਪੀਲਾਂ ਨੂੰ ਨਿਬੇੜਨ ਵਿਚ ਬੇਲੋੜੀ ਦੇਰੀ ਨਹੀਂ ਹੋਈ ਅਤੇ ਦੋਸ਼ੀਆਂ ਨੂੰ ਮਾਨਸਿਕ ਪ੍ਰੇਸ਼ਾਨੀ ਵਿਚੋਂ ਵੀ ਨਹੀਂ ਲੰਘਣਾ ਪਿਆ। ਰਾਜੀਵ ਗਾਂਧੀ ਹੱਤਿਆ ਕਾਂਡ ਵਿਚ ਸੰਥਨ, ਮੁਰੂਗਨ ਤੇ ਪੇਰਾਰੀਵਲਨ ਨੂੰ ਸਜ਼ਾ-ਏ-ਮੌਤ ਮਿਲੀ ਸੀ। ਇਨ੍ਹਾਂ ਤਿੰਨਾਂ ਦੋਸ਼ੀਆਂ ਨੇ ਰਹਿਮ ਦੀਆਂ ਅਪੀਲਾਂ ਦਾ ਨਿਬੇੜਾ ਬਹੁਤ ਦੇਰ ਨਾਲ ਕਰਨ ਦੇ ਆਧਾਰ 'ਤੇ ਸਜ਼ਾ-ਏ-ਮੌਤ ਦੇ ਫੈਸਲੇ ਉਪਰ ਅਮਲ ਖ਼ਿਲਾਫ਼ ਅਦਾਲਤ ਦਾ ਦਰਵਾਜ਼ਾ ਖੜਕਾਇਆ ਸੀ। ਸੁਪਰੀਮ ਕੋਰਟ ਨੇ ਕੇਂਦਰ ਨੂੰ ਕਿਹਾ ਕਿ ਉਹ ਅਜਿਹੇ ਮਾਮਲਿਆਂ ਵਿਚ ਰਾਸ਼ਟਰਪਤੀ ਨੂੰ ਛੇਤੀ ਸਲਾਹ ਦੇਵੇ ਤਾਂ ਜੋ ਰਹਿਮ ਦੀਆਂ ਅਪੀਲਾਂ ਉਪਰ ਫੈਸਲੇ 'ਚ ਬੇਲੋੜੀ ਦੇਰ ਨਾ ਹੋਵੇ। ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਹੱਤਿਆ ਮਈ 1991 'ਚ ਤਾਮਿਲਨਾਡੂ ਦੇ ਸ੍ਰੀਪੇਰੰਬਦੂਰ ਵਿਚ ਕਰ ਦਿੱਤੀ ਗਈ ਸੀ। ਇਸ ਹੱਤਿਆ ਕਾਂਡ ਦੇ ਮੁਲਜ਼ਮਾਂ ਨੂੰ ਟਾਡਾ ਅਦਾਲਤ ਨੇ ਜਨਵਰੀ 1998 ਵਿਚ ਸਜ਼ਾ-ਏ-ਮੌਤ ਸੁਣਾਈ ਸੀ। ਸੁਪਰੀਮ ਕੋਰਟ ਨੇ 11 ਮਈ, 1998 ਵਿਚ ਸਜ਼ਾ ਦੀ ਪੁਸ਼ਟੀ ਕਰ ਦਿੱਤੀ ਸੀ।

ਮਾਂ ਦੀ ਕੋਸ਼ਿਸ਼ ਲਿਆਈ ਰੰਗ: ਸੁਪਰੀਮ ਕੋਰਟ ਦੇ ਫੈਸਲੇ ਮਗਰੋਂ ਪੇਰਾਰੀਵਲਨ ਦੀ ਮਾਂ ਅਰਪੁਤਾਮਲ 23 ਸਾਲਾਂ ਮਗਰੋਂ ਚੈਨ ਨਾਲ ਸੌਂ ਸੁੱਤੀ। 67 ਸਾਲਾ ਅਰਪੁਤਾਮਲ ਨੇ ਲੋਕਾਂ ਤੇ ਵੱਖ-ਵੱਖ ਪਾਰਟੀਆਂ ਦੀ ਹਮਾਇਤ ਜੁਟਾਉਣ ਲਈ ਕਈ ਰਾਜਾਂ ਦੇ ਗੇੜੇ ਕੱਢੇ। ਜਿਵੇਂ ਹੀ ਵੇਲੂਰ (ਤਾਮਿਲਨਾਡੂ) ਦੀ ਜੇਲ੍ਹ ਵਿਚ ਸੁਪਰੀਮ ਕੋਰਟ ਦੇ ਫੈਸਲੇ ਦੀ ਖ਼ਬਰ ਪੁੱਜੀ ਤਾਂ ਉਥੇ ਬੰਦ ਸੰਥਨ, ਮੁਰੂਗਨ ਤੇ ਪੇਰਾਰੀਵਲਨ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਰਿਹਾ। ਇਹ ਤਿੰਨੇ ਦੋ ਦਹਾਕਿਆਂ ਤੋਂ ਜੇਲ੍ਹ ਵਿਚ ਬੰਦ ਹਨ।

# ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

**ਸੈਂਟਾ ਕਲਾਰਾ, ਕੈਲੀਫੋਰਨੀਆ (ਬਿਊਰੋ):** ਗੁਰਦੁਆਰਾ ਸਿਲੀਕਾਨ ਵੈਲੀ ਵਿਖੇ ਸ਼ਿਰੋਮਣੀ ਭਗਤ ਰਵਿਦਾਸ ਦਾ ਜਨਮ ਉਤਸਵ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਹਫਤਾਵਾਰੀ ਦੀਵਾਨ ਵਿਚ ਸਵੇਰੇ ਅੰਮ੍ਰਿਤ ਵੇਲੇ ਦੇ ਨਿਤਨੇਮ ਉਪਰੰਤ ਆਸਾ ਦੀ ਵਾਰ ਦਾ ਕੀਰਤਨ ਭਾਈ ਇੰਦਰਜੀਤ ਸਿੰਘ ਖਾਲਸਾ ਨੇ ਕੀਤਾ।

ਭਾਈ ਅਜੀਤ ਸਿੰਘ ਅਜਾਦ ਦੇ ਰਾਗੀ ਜਥੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਰਵਿਦਾਸ ਦੀ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਚੋਣਵੇਂ ਸ਼ਬਦਾਂ ਦੀ ਵਿਆਖਿਆ ਵੀ ਕੀਤੀ। ਸਟੇਜ ਸਕਤਰ ਭਾਈ ਅਮਰਜੀਤ ਸਿੰਘ ਮੁਲਤਾਨੀ ਨੇ ਭਗਤ ਰਵਿਦਾਸ ਦੇ ਜੀਵਨ ਬਾਰੇ ਸੰਖੇਪ ਰੋਸ਼ਨੀ ਪਾਈ ਅਤੇ ਉਨ੍ਹਾਂ ਦੀ ਸਿਖਿਆ 'ਤੇ ਚੱਲਣ ਦੀ ਪ੍ਰੇਰਨਾ ਕੀਤੀ। ਭਾਈ ਨਿਰਮਲ ਸਿੰਘ ਸੁਰਾ ਦੇ ਜਥੇ ਨੇ ਵੀ ਕੀਰਤਨ ਰਾਹੀਂ ਹਾਜਰੀ ਭਰੀ। ਗੁਰਦੁਆਰਾ ਸਹਿਬ ਦੇ ਸੇਵਾਦਾਰਾਂ ਵਲੋਂ ਇਸ ਹਫਤੇ ਤੋ ਨਵੇਂ ਰਾਗੀ ਜਥੇ ਦਾ ਪ੍ਰਬੰਧ ਕੀਤਾ ਗਿਆ ਹੈ।

**Punjab Times**
*Ph: 847-359-0746*
*Visit us on the web:*
***punjabtimesusa.com***

## Matrimonial

### ਵਰ ਦੀ ਲੋੜ

ਕੰਬੋਜ ਸਿੱਖ ਅਮਰੀਕੀ ਸਿਟੀਜ਼ਨ, 26 ਸਾਲ, ਕੱਦ 5'-5", ਬੀ ਐਸ ਸੀ, ਬਿਜਨਸ ਐਨਾਲਾਈਜ਼ਰ ਵਜੋਂ ਕੰਮ ਕਰਦੀ ਲੜਕੀ ਲਈ ਢੁਕਵੇਂ ਵਰ ਦੀ ਲੋੜ ਹੈ। ਐਚ-1 ਜਾਂ ਸਟੂਡੈਂਟ ਵੀਜ਼ੇ 'ਤੇ ਆਏ ਲੜਕੇ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 601-473-9617, ਈਮੇਲ: santokh01@hotmail.com

---

ਨਿਊ ਯਾਰਕ ਵਸਦੀ ਰਾਮਗੜ੍ਹੀਆ ਸਿੱਖ ਲੜਕੀ, ਬੀ ਏ, 30 ਸਾਲ, 5'-2" ਲਈ ਨਸ਼ਿਆਂ ਤੋਂ ਰਹਿਤ ਅਮਰੀਕੀ ਸਿਟੀਜ਼ਨ/ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 516-450-7104, prince.kular@yahoo.com

---

Wanted suitable match for 27yrs, height 5'-2", divorced, US Citizen well settled girl. Must be living in the US. Contact: pb82268@gmail.com

### ਕੰਨਿਆਂ ਦੀ ਲੋੜ

**Suitable girl wanted for Jatt Sikh US citizen BSc, 24, 5'-10". Girl from US with DDS/MBBS/Eng./Nursing degree, 22 to 24, height 5'-5". No caste bar. Send photo & bio-data @ bsimerb@yahoo.com**

---

Wanted mature, family oriented, vegetarian, preferably US based, over 28 girl for Lobana Sikh, 37, 5'-9" clean shaven, teetotaler, legally divorced, pending US immigration status. Issueless divorcee or widow can also be consided. Family owns business & home, brother citizen & parents legal permanent residents of USA. Early marriage. Caste no bar. Contact: plmultani@yahoo.com, Ph: 330-348-4561

# ਪੰਜਾਬੀ ਦੀ ਮਨੀਲਾ ਵਿਚ ਗੋਲੀਆਂ ਮਾਰ ਕੇ ਹੱਤਿਆ

**ਕਾਲਾ ਸੰਘਿਆਂ:** ਰੋਜ਼ੀ ਰੋਟੀ ਲਈ ਮਨੀਲਾ ਗਏ ਪਿੰਡ ਨਿੱਝਰਾਂ ਦੇ ਰਾਮਪਾਲ ਉਰਫ਼ ਕਾਕੂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਤੇ ਉਸ ਦਾ ਪਿਤਾ ਇਸ ਸਦਮੇ ਦੀ ਖ਼ਬਰ ਨਾ ਸਹਾਰਦਾ ਹੋਇਆ ਪਿੰਡ ਨਿੱਝਰਾਂ ਵਿਚ ਦਮ ਤੋੜ ਗਿਆ। ਮਨੀਲਾ ਵਿਚ ਲੁਟੇਰਿਆਂ ਵੱਲੋਂ ਇਸੇ ਪਿੰਡ ਦੇ ਗੁਰਦੀਪ ਸਿੰਘ ਤੇ ਬਲਵੀਰ ਸਿੰਘ ਭੁਪਾਲ ਦੀ ਵੀ ਇਸੇ ਤਰ੍ਹਾਂ ਹੱਤਿਆ ਕੀਤੀ ਗਈ ਸੀ।

ਰਾਮਪਾਲ ਉਰਫ਼ ਕਾਕੂ (40) ਜੋ ਕਈ ਸਾਲਾਂ ਤੋਂ ਮਨੀਲਾ ਵਿਖੇ ਰਹਿ ਰਿਹਾ ਸੀ ਤੇ ਜਦੋਂ ਉਹ ਆਪਣੇ ਕੰਮ ਤੋਂ ਵਾਪਸ ਆ ਰਿਹਾ ਸੀ ਤਾਂ ਲੁਟੇਰਿਆਂ ਦੀ ਗੋਲੀ ਦਾ ਸ਼ਿਕਾਰ ਹੋ ਗਿਆ।

**House For Sale**

**One Kanal double story house in Mohali, Punjab for sale. 5000 sq. feet covered area. Poush NRI neighborhood facing a park.**

**Call 925-577-7154**

**ਇੰਡੀਅਨ ਰੈਸਟੋਰੈਂਟ ਲਈ ਲੋੜ ਹੈ**

**ਬੇਏਰੀਆ ਵਿਚ ਚੰਗੇ ਚਲਦੇ ਰੈਸਟੋਰੈਂਟ ਲਈ ਤੰਦੂਰੀਏ ਕੁਕ, ਫੂਡ ਸਰਵਰ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ।**



**ਸੰਪਰਕ ਕਰੋ, ਬਲਦੇਵ ਮਾਨ**
**ਫੋਨ: 650-630-8588**

**MRP TRAVEL**


*Lowest International and Domestic Fares*
ARC **FLY ANY AIRLINE OF YOUR CHOICE** IATA

*Providing the lowest Air-fare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com
2123 Port Way, San Jose, CA 95133
*CST: 2097308-40*

*Passport & Visa services also available*



*India Vacation tour package also available.*

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES

**Prince's Barber Shop**

**37477 Fremont Blvd, suite C, Fremont, CA 94536**

**Men & Children's Hair Cut**

*Threading
*Men's Facials
*Custom Designing
*Line-ups
*Custom Text
*Hair Coler
*Shave &
*Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



**Business hours:**
**Mon thru Thursday 9am to 8pm**
**Friday, Sat- Sunday- 9am to 7pm**
**(Tuesday Closed)**



**Cell: (510)-677-9942**
**Shop: (510)-505-9605**
*www.princebarbershop.com*

# ਪੰਜਾਬ ਦੇ ਪੰਜ ਲੋਕ ਸਭਾ ਹਲਕਿਆਂ 'ਤੇ ਰਹੇਗੀ ਖਾਸ ਨਜ਼ਰ

**ਚੰਡੀਗੜ੍ਹ (ਬਿਊਰੋ):** ਚੋਣ ਕਮਿਸ਼ਨ ਵੱਲੋਂ ਪੰਜਾਬ ਦੇ ਪੰਜ ਲੋਕ ਸਭਾ ਹਲਕਿਆਂ ਨੂੰ ਚੋਣ ਖਰਚ ਪੱਖੋਂ ਸੰਵੇਦਨਸ਼ੀਲ ਸਮਝਿਆ ਗਿਆ ਹੈ। ਇਨ੍ਹਾਂ ਹਲਕਿਆਂ ਦੇ ਉਮੀਦਵਾਰਾਂ ਨੇ ਲੋਕ ਸਭਾ ਚੋਣਾਂ 2009 ਵਿਚ ਮਾਮੂਲੀ ਚੋਣ ਖਰਚ ਦਿਖਾਇਆ ਸੀ। ਹਾਲਾਂਕਿ ਇਨ੍ਹਾਂ ਹਲਕਿਆਂ ਵਿਚ ਕਰੋੜਾਂ ਰੁਪਏ ਪਾਣੀ ਵਾਂਗ ਵਹਾਏ ਗਏ ਸਨ ਪਰ ਉਮੀਦਵਾਰਾਂ ਨੇ ਕਾਗਜ਼ਾਂ ਵਿਚ ਖਰਚ ਮਾਮੂਲੀ ਦਿਖਾਇਆ ਸੀ। ਚੋਣ ਕਮਿਸ਼ਨ ਵੱਲੋਂ ਐਤਕੀਂ ਚੋਣ ਖਰਚ ਦੇ ਪੱਖੋਂ ਬਠਿੰਡਾ, ਪਟਿਆਲਾ, ਫ਼ਿਰੋਜ਼ਪੁਰ, ਅੰਮ੍ਰਿਤਸਰ ਤੇ ਗੁਰਦਾਸਪੁਰ ਨੂੰ ਸੰਵੇਦਨਸ਼ੀਲ ਮੰਨਿਆ ਜਾ ਰਿਹਾ ਹੈ ਜਿਸ ਕਰਕੇ ਇਨ੍ਹਾਂ ਹਲਕਿਆਂ 'ਤੇ ਖਾਸ ਨਜ਼ਰ ਰੱਖੀ ਜਾਣੀ ਹੈ।

ਲੋਕ ਸਭਾ ਲਈ ਚੋਣ ਖਰਚ ਦੀ ਸੀਮਾ ਇਸ ਵੇਲੇ 25 ਲੱਖ ਰੁਪਏ ਤੈਅ ਕੀਤੀ ਹੋਈ ਹੈ। ਚੋਣ ਕਮਿਸ਼ਨ ਵੱਲੋਂ ਇਸ ਖਰਚ ਸੀਮਾ ਵਿਚ ਵਾਧਾ ਕੀਤੇ ਜਾਣ ਦਾ ਮਾਮਲਾ ਵਿਚਾਰਅਧੀਨ ਹੈ। ਪੰਜਾਬ ਦੇ 13 ਲੋਕ ਸਭਾ ਹਲਕਿਆਂ ਦੇ ਜੇਤੂ ਉਮੀਦਵਾਰਾਂ ਨੇ 2009 ਦੀਆਂ ਚੋਣਾਂ ਵਿਚ ਆਪਣਾ ਚੋਣ ਖਰਚ 1.74 ਕਰੋੜ ਰੁਪਏ ਦਿਖਾਇਆ ਸੀ। ਇਨ੍ਹਾਂ ਉਮੀਦਵਾਰਾਂ ਨੇ ਚੋਣ ਕਮਿਸ਼ਨ ਨੂੰ ਜੋ ਵੇਰਵੇ ਭੇਜੇ ਸਨ, ਉਨ੍ਹਾਂ ਮੁਤਾਬਕ ਸੰਸਦੀ ਹਲਕਾ ਬਠਿੰਡਾ ਤੋਂ ਐਮ.ਪੀ. ਹਰਸਿਮਰਤ ਕੌਰ ਬਾਦਲ ਨੇ ਆਪਣਾ



ਚੋਣ ਖਰਚ ਸਿਰਫ਼ 11 ਲੱਖ ਰੁਪਏ ਦੱਸਿਆ ਸੀ ਜਦਕਿ ਉਨ੍ਹਾਂ ਤੋਂ ਹਾਰੇ ਉਮੀਦਵਾਰ ਰਣਇੰਦਰ ਸਿੰਘ ਨੇ 12.23 ਲੱਖ ਰੁਪਏ ਚੋਣਾਂ 'ਤੇ ਖਰਚ ਹੋਣ ਦੇ ਵੇਰਵੇ ਦਿੱਤੇ ਸਨ।

ਅਕਾਲੀ ਉਮੀਦਵਾਰ ਹਰਸਿਮਰਤ ਕੌਰ ਬਾਦਲ ਨੇ 2009 ਦੀ ਚੋਣ ਵਿਚ ਵਾਹਨਾਂ ਤੇ ਤੇਲ 'ਤੇ 3.79 ਲੱਖ ਰੁਪਏ, ਪਬਲਿਕ ਮੀਟਿੰਗਾਂ ਤੇ ਜਲਸਿਆਂ 'ਤੇ 3.2 ਲੱਖ ਰੁਪਏ ਤੇ ਚੋਣ ਸਮੱਗਰੀ 'ਤੇ 1.26 ਲੱਖ ਰੁਪਏ ਖਰਚ ਕੀਤੇ ਦਿਖਾਏ ਸਨ। ਪੰਜਾਬ ਵਿਚੋਂ ਸਭ ਤੋਂ ਵੱਧ ਚੋਣ ਖਰਚਾ ਹਲਕਾ ਲੁਧਿਆਣਾ ਤੋਂ ਜੇਤੂ ਰਹੇ ਕਾਂਗਰਸੀ ਉਮੀਦਵਾਰ ਮੁਨੀਸ਼ ਤਿਵਾੜੀ ਨੇ ਦਿਖਾਇਆ ਸੀ। ਉਨ੍ਹਾਂ ਨੇ ਚੋਣ 'ਤੇ 18.47 ਲੱਖ ਰੁਪਏ ਖਰਚ ਕੀਤਾ ਸੀ।

ਪਟਿਆਲਾ ਤੋਂ ਪਰਨੀਤ ਕੌਰ ਨੇ 2009 ਵਿਚ ਆਪਣੀ ਚੋਣ 14.38 ਲੱਖ ਰੁਪਏ ਵਿਚ ਜਿੱਤੀ ਸੀ ਜਦਕਿ ਭਾਜਪਾ ਦੇ ਅੰਮ੍ਰਿਤਸਰ ਤੋਂ ਜੇਤੂ ਉਮੀਦਵਾਰ ਨਵਜੋਤ ਸਿੰਘ ਸਿੱਧੂ ਨੇ ਚੋਣ 'ਤੇ 17.03 ਲੱਖ ਰੁਪਏ ਖਰਚੇ ਸਨ। ਕਾਂਗਰਸ ਦੇ ਮੌਜੂਦਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਗੁਰਦਾਸਪੁਰ ਤੋਂ ਬਤੌਰ ਉਮੀਦਵਾਰ ਚੋਣਾਂ 'ਤੇ 11.60 ਲੱਖ ਰੁਪਏ ਖਰਚ ਕੀਤੇ ਸਨ। ਪੰਜਾਬ ਵਿਚ ਸਭ ਤੋਂ ਘੱਟ ਚੋਣ ਖਰਚ ਸੰਗਰੂਰ ਦੇ ਐਮ.ਪੀ. ਵਿਜੇਇੰਦਰ ਸਿੰਗਲਾ ਵੱਲੋਂ ਦਿਖਾਇਆ ਗਿਆ ਸੀ। ਉਨ੍ਹਾਂ ਨੇ ਚੋਣਾਂ 'ਤੇ 7.24 ਲੱਖ ਰੁਪਏ ਖਰਚ ਕੀਤੇ ਸਨ।

ਫਤਹਿਗੜ੍ਹ ਸਾਹਿਬ ਤੋਂ ਜੇਤੂ ਰਹੇ ਸੁਖਦੇਵ ਸਿੰਘ ਲਿਬੜਾ ਨੇ ਆਪਣਾ ਚੋਣ ਖਰਚ 8.55 ਲੱਖ ਰੁਪਏ ਦਿਖਾਇਆ ਸੀ। ਖਡੂਰ ਸਾਹਿਬ ਤੋਂ ਜੇਤੂ ਰਹੇ ਡਾ. ਰਤਨ ਸਿੰਘ ਅਜਨਾਲਾ ਨੇ 12.32 ਲੱਖ ਰੁਪਏ, ਜਲੰਧਰ ਤੋਂ ਮਹਿੰਦਰ ਸਿੰਘ ਕੇ.ਪੀ ਨੇ 15.83 ਲੱਖ ਰੁਪਏ, ਹੁਸ਼ਿਆਰਪੁਰ ਤੋਂ ਸੰਤੋਸ਼ ਚੌਧਰੀ ਨੇ 12.45 ਲੱਖ ਰੁਪਏ, ਸ੍ਰੀ ਆਨੰਦਪੁਰ ਸਾਹਿਬ ਤੋਂ ਰਵਨੀਤ ਸਿੰਘ ਬਿੱਟੂ ਨੇ 17.50 ਲੱਖ ਰੁਪਏ, ਫਰੀਦਕੋਟ ਤੋਂ ਪਰਮਜੀਤ ਕੌਰ ਗੁਲਸ਼ਨ ਨੇ 11.47 ਲੱਖ ਰੁਪਏ ਤੇ ਫ਼ਿਰੋਜ਼ਪੁਰ ਤੋਂ ਸ਼ੇਰ ਸਿੰਘ ਘੁਬਾਇਆ ਨੇ 16.82 ਲੱਖ ਰੁਪਏ ਚੋਣ ਖਰਚ ਦਿਖਾਇਆ ਸੀ।

# ਪੰਜਾਬੀ ਸਭਿਆਚਾਰ ਦਾ 'ਪ੍ਰਸਾਰ' ਠੇਕੇਦਾਰਾਂ ਦੇ ਹੱਥ

**ਚੰਡੀਗੜ੍ਹ:** ਪੰਜਾਬ ਦਾ ਸਭਿਆਚਾਰਕ ਵਿਭਾਗ ਇਨ੍ਹੀਂ ਦਿਨੀਂ ਆਪਣੀ ਜ਼ਿੰਮੇਵਾਰੀ ਭੁੱਲ ਠੇਕੇ ਦੇ ਆਧਾਰ 'ਤੇ ਪੰਜਾਬੀ ਸਭਿਆਚਾਰ ਦਾ 'ਪ੍ਰਸਾਰ' ਕਰਨ ਵਿਚ ਜੁਟਿਆ ਹੋਇਆ ਹੈ। ਸਭਿਆਚਾਰਕ ਮਾਮਲੇ, ਪੁਰਾਤਤਵ ਤੇ ਅਜਾਇਬ ਘਰ ਵਿਭਾਗ ਪੰਜਾਬ ਤੋਂ ਸੂਚਨਾ ਦੇ ਅਧਿਕਾਰ ਤਹਿਤ ਹਾਸਲ ਜਾਣਕਾਰੀ ਮੁਤਾਬਕ ਹੁਣ ਇਸ ਵਿਭਾਗ ਨੇ ਸਿੱਧੇ ਤੌਰ 'ਤੇ ਸਭਿਆਚਾਰਕ ਪ੍ਰੋਗਰਾਮ ਕਰਵਾਉਣ ਦੀ ਰਵਾਇਤ ਖ਼ਤਮ ਕਰ ਦਿੱਤੀ ਹੈ।

ਕਿਸੇ ਵੇਲੇ ਸਭਿਆਚਾਰਕ ਵਿਭਾਗ ਦੇ ਆਪਣੇ ਕਲਾਕਾਰ ਹੁੰਦੇ ਸਨ ਤੇ ਪੰਜਾਬ ਦੇ ਗਾਇਕਾਂ ਦੀ ਦਰਜਾਬੰਦੀ ਕਰਕੇ ਉਨ੍ਹਾਂ ਦੇ ਰੇਟ ਮਿਥੇ ਜਾਂਦੇ ਸਨ। ਵਿਭਾਗ ਵੱਲੋਂ ਸਰਕਾਰੀ ਪ੍ਰੋਗਰਾਮਾਂ ਵਿਚ ਪੰਜਾਬੀ ਗਾਇਕਾਂ ਨੂੰ ਉਚੇਚੇ ਤੌਰ 'ਤੇ ਸੱਦਿਆ ਜਾਂਦਾ ਸੀ ਤੇ ਸਭਿਆਚਾਰਕ ਮੇਲਿਆਂ ਲਈ ਵੀ ਗਾਇਕ ਸਪਾਂਸਰ ਕੀਤੇ ਜਾਂਦੇ ਸਨ। ਹੁਣ ਵਰਲਡ ਕਬੱਡੀ ਕੱਪਾਂ ਵਿਚ ਵੀ ਸਭਿਆਚਾਰਕ ਵਿਭਾਗ ਦੀ ਥਾਂ ਪ੍ਰਾਈਵੇਟ ਕੰਪਨੀਆਂ ਰਾਹੀਂ ਪੰਜਾਬੀ ਗਾਇਕਾਂ ਨੂੰ ਅੱਖੋਂ-ਪਰੋਖੇ ਕਰਕੇ ਬਾਲੀਵੁੱਡ ਅਭਿਨੇਤਰੀਆਂ ਨੂੰ ਸੱਦਿਆ ਜਾ ਰਿਹਾ ਹੈ।

ਵਿਭਾਗ ਵੱਲੋਂ ਪਿਛਲੇ ਦੋ ਸਾਲਾਂ ਦੌਰਾਨ ਸਭਿਆਚਾਰ ਦੀ ਪ੍ਰਫੁੱਲਤਾ ਲਈ ਕਰਵਾਏ ਪ੍ਰੋਗਰਾਮਾਂ ਦੀ ਦਿੱਤੀ ਗਈ ਜਾਣਕਾਰੀ ਮੁਤਾਬਕ ਉੱਤਰ ਖੇਤਰੀ ਸਭਿਆਚਾਰਕ ਕੇਂਦਰ ਪਟਿਆਲਾ ਨੂੰ ਇਕ ਕਰੋੜ ਰੁਪਏ ਬਤੌਰ ਕਾਰਪਸ ਫੰਡ ਦਿੱਤੇ ਗਏ ਹਨ। ਇਸ ਤੋਂ ਇਲਾਵਾ ਵਿਭਾਗ ਵੱਲੋਂ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਨੂੰ 1.35 ਕਰੋੜ ਰੁਪਏ ਦਿੱਤੇ ਗਏ ਹਨ। ਸਵਾਮੀ ਵਿਵੇਕਾਨੰਦ ਦੀ 150ਵੀਂ ਵਰ੍ਹੇਗੰਢ ਮਨਾਉਣ ਬਾਰੇ ਇਕ ਕਰੋੜ ਰੁਪਏ ਸਵਾਮੀ ਵਿਵੇਕਾਨੰਦ ਸ਼ਾਰਧਸ਼ਤੀ ਸੰਸਥਾ ਨੂੰ ਦਿੱਤੇ ਗਏ ਹਨ।

ਸਾਲ 2011-12 ਦੌਰਾਨ ਹਰਪਾਲ ਟਿਵਾਣਾ ਅਕਾਦਮੀ ਪਟਿਆਲਾ ਤੇ ਇਸ਼ਮੀਤ ਮਿਊਜ਼ਿਕ ਅਕਾਦਮੀ ਦੀ ਸਥਾਪਨਾ ਕਰਵਾਈ ਗਈ ਹੈ। ਵਿਭਾਗ ਇਨ੍ਹਾਂ ਸੰਸਥਾਵਾਂ ਨੂੰ ਦਿੱਤੇ ਫੰਡਾਂ ਨੂੰ ਹੀ ਸਭਿਆਚਾਰ ਦੀ ਪ੍ਰਫੁੱਲਤਾ ਲਈ ਕੀਤੇ ਕਾਰਜਾਂ ਨਾਲ ਜੋੜ ਕੇ ਆਪਣੀ ਪਿੱਠ ਥਾਪੜ ਰਿਹਾ ਹੈ। ਇਸ ਤੋਂ ਸਪੱਸ਼ਟ ਹੈ ਕਿ ਸਭਿਆਚਾਰਕ ਵਿਭਾਗ ਨੇ ਦੋ ਸਾਲਾਂ ਦੌਰਾਨ ਖੁਦ ਕੋਈ ਵੀ ਸਭਿਆਚਾਰਕ ਪ੍ਰੋਗਰਾਮ ਨਹੀਂ ਕਰਵਾਇਆ।

ਇਸ ਬਾਰੇ ਸਭਿਆਚਾਰਕ ਤੇ ਜੇਲ੍ਹ ਵਿਭਾਗ ਦੇ ਮੰਤਰੀ ਸਰਵਣ ਸਿੰਘ ਫਿਲੌਰ ਦਾ ਕਹਿਣਾ ਹੈ ਕਿ ਸਭਿਆਚਾਰਕ ਨੀਤੀ ਬਣਾਉਣ ਬਾਰੇ ਯੂਨੈਸਕੋ ਵੱਲੋਂ ਤਿਆਰ ਕੀਤੇ ਖਾਕੇ ਦੇ ਆਧਾਰ 'ਤੇ ਮੁੱਖ ਮੰਤਰੀ ਪੱਧਰ 'ਤੇ ਚਰਚਾ ਹੋ ਚੁੱਕੀ ਹੈ ਤੇ ਛੇਤੀ ਹੀ ਇਸ ਨੂੰ ਅੰਤਿਮ ਰੂਪ ਦੇ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਭਿਆਚਾਰ ਦੀ ਪ੍ਰਫੁੱਲਤਾ ਲਈ ਵਿਰਾਸਤ-ਏ-ਖਾਲਸਾ ਜਿਹੇ ਕਈ ਪ੍ਰਾਜੈਕਟ ਉਸਾਰੇ ਗਏ ਹਨ। ਪੰਜਾਬੀ ਗਾਇਕਾਂ ਦੀ ਦਰਜਾਬੰਦੀ ਕਰਨ 'ਤੇ ਵੀ ਗੌਰ ਕੀਤਾ ਜਾਵੇਗਾ।

## ਐਡਵੋਕੇਟ ਫੂਲਕਾ ਬਦਲਣਗੇ ਲੁਧਿਆਣਾ ਹਲਕੇ ਦੇ ਸਮੀਕਰਨ

**ਲੁਧਿਆਣਾ:** ਆਮ ਆਦਮੀ ਪਾਰਟੀ ਨੇ ਲੁਧਿਆਣਾ ਲੋਕ ਸਭਾ ਹਲਕੇ ਤੋਂ ਸੁਪਰੀਮ ਕੋਰਟ ਦੇ ਵਕੀਲ ਐਚ.ਐਸ. ਫੂਲਕਾ ਨੂੰ ਟਿਕਟ ਦਿੱਤੇ ਜਾਣ ਦਾ ਐਲਾਨ ਕਰਕੇ ਪੰਜਾਬ ਵਿਚ ਟਿਕਟ ਦੇਣ ਦੀ ਪ੍ਰਕਿਰਿਆ ਵਿਚ ਪਹਿਲ ਕਰ ਦਿੱਤੀ ਹੈ। ਸ. ਫੂਲਕਾ ਨੂੰ ਆਮ ਆਦਮੀ ਪਾਰਟੀ ਦੇ ਮੁਖੀ



ਅਰਵਿੰਦ ਕੇਜਰੀਵਾਲ ਨੇ ਦੇਸ਼ ਭਰ ਲਈ ਜਾਰੀ ਕੀਤੀ 26 ਮਹੱਤਵਪੂਰਨ ਉਮੀਦਵਾਰਾਂ ਦੀ ਜਾਰੀ ਪਹਿਲੀ ਲਿਸਟ ਵਿਚ ਵੀ ਸ਼ਾਮਲ ਕੀਤਾ ਹੈ। ਸ. ਫੂਲਕਾ ਨੂੰ ਇਥੋਂ ਉਮੀਦਵਾਰ ਐਲਾਨੇ ਜਾਣ ਮਗਰੋਂ ਕਾਂਗਰਸ ਤੇ ਅਕਾਲੀ ਦਲ ਵਿਚ ਹਲਚਲ ਸ਼ੁਰੂ ਹੋ ਗਈ ਹੈ।

ਸ. ਫੂਲਕਾ ਨੂੰ ਟਿਕਟ ਮਿਲਣ ਦੇ ਨਾਲ ਲੁਧਿਆਣਾ ਵਿਚ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਵਿਸ਼ਾਲ ਰੈਲੀ ਕੱਢ ਕੇ ਸਰਗਰਮੀ ਆਰੰਭ ਦਿੱਤੀ ਹੈ। ਸ. ਫੂਲਕਾ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਪੁਰਾਣੇ ਵਿਦਿਆਰਥੀ ਹਨ। ਉਨ੍ਹਾਂ ਨੇ ਬੀ.ਐਸ.ਸੀ. ਐਗਰੀਕਲਚਰ ਇਸੇ ਯੂਨੀਵਰਸਿਟੀ ਤੋਂ ਕੀਤੀ ਹੈ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦਾ ਵਿਆਹੁਤਾ ਸਫ਼ਰ ਵੀ ਖੇਤੀ ਯੂਨੀਵਰਸਿਟੀ ਦੀ ਹੋਮ ਸਾਇੰਸ ਟੀਚਰ ਨਾਲ ਹੀ ਆਰੰਭ ਕੀਤਾ।

ਉਨ੍ਹਾਂ ਵੱਲੋਂ 1984 ਦੇ ਦੰਗਿਆਂ ਦੇ ਲੜੇ ਗਏ ਮੁਫ਼ਤ ਕੇਸ ਉਨ੍ਹਾਂ ਦੀ ਸਿੱਖਾਂ ਵਿਚ ਵੱਖਰੀ ਪਛਾਣ ਦੀ ਗਵਾਹੀ ਭਰਦੇ ਹਨ। ਸ. ਫੂਲਕਾ ਫੂਲਕੀਆ ਰਿਆਸਤ ਨਾਲ ਸਬੰਧਤ ਸਿੱਧੂ ਗੋਤ ਦੇ ਹਨ। ਸ. ਫੂਲਕਾ ਸੁਪਰੀਮ ਕੋਰਟ ਦੇ ਉੱਘੇ ਵਕੀਲ ਹਨ। ਲੁਧਿਆਣਾ ਤੋਂ ਕਾਂਗਰਸ ਦੇ ਸੰਭਾਵੀ ਉਮੀਦਵਾਰ ਮਨੀਸ਼ ਤਿਵਾੜੀ ਵੀ ਸੁਪਰੀਮ ਕੋਰਟ ਦੇ ਵਕੀਲ ਰਹੇ ਹਨ। ਸ. ਫੂਲਕਾ ਵੱਲੋਂ ਪਿਛਲੀ ਵਿਧਾਨ ਸਭਾ ਚੋਣ ਵੇਲੇ ਵੱਖ-ਵੱਖ ਹਲਕਿਆਂ ਵਿਚ ਜਾ ਕੇ ਨਸ਼ਾ ਵਿਰੋਧੀ ਰੈਲੀਆਂ ਕੀਤੀਆਂ ਗਈਆਂ ਸਨ।

ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣ ਵੇਲੇ ਵੀ ਅਜਿਹਾ ਹੀ ਕੀਤਾ ਸੀ। ਲੁਧਿਆਣਾ ਦੰਗਾ ਪੀੜਤ ਵਿਅਕਤੀਆਂ ਦਾ ਗੜ੍ਹ ਹੋਣ ਕਰਕੇ ਉਹ ਅਕਸਰ ਹੀ ਨਵੇਂ ਤੱਥ ਪ੍ਰਾਪਤ ਕਰਨ ਲਈ ਲੁਧਿਆਣਾ ਵਿਚ ਆਉਂਦੇ ਰਹੇ ਹਨ ਤੇ ਲੋਕਾਂ ਨੂੰ ਮਿਲਦੇ-ਗਿਲਦੇ ਰਹੇ ਹਨ। ਇਸ ਟਿਕਟ ਦੇ ਐਲਾਨ ਹੋਣ ਨਾਲ ਮੁੱਖ ਤੌਰ 'ਤੇ ਅਕਾਲੀ ਦਲ ਤੇ ਕਾਂਗਰਸ ਵਿਚ ਹਲਚਲ ਆਰੰਭ ਹੋ ਗਈ ਹੈ।

# ਅੰਨ੍ਹਾ ਵੰਡੇ ਰਿਓੜੀਆਂ ਮੁੜ-ਮੁੜ ਆਪਣਿਆਂ ਨੂੰ

## *ਬਾਦਲਾਂ ਦੇ ਜ਼ਿਲ੍ਹੇ ਨੂੰ 85 ਫੀਸਦੀ ਫੰਡ*

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਤਿੰਨ ਵਰ੍ਹਿਆਂ ਵਿਚ ਕਰੀਬ 55 ਕਰੋੜ ਰੁਪਏ ਗਰੀਬ ਲੋਕਾਂ ਨੂੰ ਨਵੇਂ ਘਰ ਬਣਾਉਣ ਤੇ ਘਰ ਮੁਰੰਮਤ ਕਰਨ ਵਾਸਤੇ ਸਮਾਜਿਕ ਬੁਨਿਆਦੀ ਢਾਂਚਾ ਫੰਡ (ਐਸ.ਆਈ.ਐਫ.) ਵਿਚੋਂ ਵੰਡੇ ਗਏ ਹਨ। ਇਨ੍ਹਾਂ ਵਿਚੋਂ 47 ਕਰੋੜ ਰੁਪਏ (85 ਫ਼ੀਸਦੀ) ਇਕੱਲੇ ਮੁੱਖ ਮੰਤਰੀ ਦੇ ਜੱਦੀ ਜ਼ਿਲ੍ਹੇ ਮੁਕਤਸਰ ਨੂੰ ਦਿੱਤੇ ਗਏ ਹਨ। ਪੰਜਾਬ ਦੇ 13 ਜ਼ਿਲ੍ਹਿਆਂ ਨੂੰ ਇਨ੍ਹਾਂ ਫੰਡਾਂ ਵਿਚੋਂ ਇਕ ਧੇਲਾ ਵੀ ਨਹੀਂ ਮਿਲਿਆ। ਮੁਕਤਸਰ ਜ਼ਿਲ੍ਹੇ ਨੂੰ ਮਿਲੇ 47.13 ਕਰੋੜ ਦੇ ਫੰਡਾਂ ਵਿਚੋਂ ਵੱਡਾ ਹਿੱਸਾ ਲੰਬੀ ਹਲਕੇ ਦੇ ਪਿੰਡਾਂ ਨੂੰ ਮਿਲਿਆ ਹੈ।

ਸੂਚਨਾ ਦੇ ਅਧਿਕਾਰ ਤਹਿਤ ਹਾਸਲ ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ 22 ਜੂਨ, 2010 ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਸਮਾਜਿਕ ਬੁਨਿਆਦੀ ਢਾਂਚਾ ਫੰਡ ਸਥਾਪਿਤ ਕੀਤਾ ਸੀ। ਪ੍ਰਮੋਟਰਾਂ ਤੋਂ ਪ੍ਰਾਪਤ ਹੋਣ ਵਾਲੀ ਸੀ.ਐਲ.ਯੂ., ਈ.ਡੀ.ਸੀ. ਤੇ ਲਾਇਸੈਂਸ ਫੀਸ ਦਾ ਤਿੰਨ ਫ਼ੀਸਦੀ ਇਨ੍ਹਾਂ ਫੰਡਾਂ ਵਾਸਤੇ ਵਸੂਲ ਕੀਤਾ ਜਾਂਦਾ ਸੀ ਜੋ ਹੁਣ ਵਧਾ ਕੇ ਪੰਜ ਫ਼ੀਸਦੀ ਕਰ ਦਿੱਤਾ ਗਿਆ ਹੈ। ਐਸ.ਆਈ.ਐਫ. ਵਿਚੋਂ ਗਰੀਬ ਲੋਕਾਂ ਨੂੰ ਨਵੇਂ ਘਰ ਬਣਾਉਣ ਲਈ ਡੇਢ ਲੱਖ ਰੁਪਏ ਪ੍ਰਤੀ ਘਰ ਤੇ ਘਰਾਂ ਦੀ ਮੁਰੰਮਤ ਵਾਸਤੇ 15 ਹਜ਼ਾਰ ਰੁਪਏ ਪ੍ਰਤੀ ਘਰ ਦਿੱਤੇ ਜਾਂਦੇ ਹਨ।

ਫੰਡ ਵਿਚੋਂ 16 ਵਾਰ ਮੁਕਤਸਰ ਜ਼ਿਲ੍ਹੇ ਨੂੰ ਰਾਸ਼ੀ ਜਾਰੀ ਕੀਤੀ ਗਈ ਹੈ। 30 ਨਵੰਬਰ, 2010



ਨੂੰ ਸਭ ਤੋਂ ਪਹਿਲਾਂ 1.39 ਕਰੋੜ ਦੇ ਫੰਡ ਜਾਰੀ ਕੀਤੇ ਗਏ ਤੇ ਆਖਰੀ ਵਾਰ 24 ਜਨਵਰੀ, 2013 ਨੂੰ 1.04 ਕਰੋੜ ਦੇ ਫੰਡ ਜਾਰੀ ਹੋਏ। ਡੀ.ਡੀ.ਪੀ.ਓ. ਮੁਕਤਸਰ ਦੀ ਸੂਚਨਾ ਅਨੁਸਾਰ ਮਾਲੀ ਸਾਲ 2012-13 ਦੌਰਾਨ ਹਲਕਾ ਲੰਬੀ ਦੇ 18 ਪਿੰਡਾਂ ਨੂੰ ਐਸ.ਆਈ.ਐਫ. ਵਿਚੋਂ 3.06 ਕਰੋੜ ਰੁਪਏ 292 ਨਵੇਂ ਘਰ ਬਣਾਉਣ ਤੇ 650 ਘਰਾਂ ਦੀ ਮੁਰੰਮਤ ਵਾਸਤੇ ਦਿੱਤੇ ਗਏ।

ਨਵੰਬਰ-ਦਸੰਬਰ 2011 ਵਿਚ ਮੁੱਖ ਮੰਤਰੀ ਨੇ ਲੰਬੀ ਦੇ 41 ਪਿੰਡਾਂ ਨੂੰ ਐਸ.ਆਈ.ਐਫ. ਵਿਚੋਂ 4.20 ਕਰੋੜ ਰੁਪਏ ਵੰਡੇ ਸਨ। ਪਖਾਨਿਆਂ ਤੇ ਗੁਸਲਖ਼ਾਨਿਆਂ ਵਾਸਤੇ 6.18 ਕਰੋੜ ਦੇ ਫੰਡ ਵੀ ਐਸ.ਐਫ.ਆਈ. ਵਿਚੋਂ ਹੀ ਮੁਕਤਸਰ ਜ਼ਿਲ੍ਹੇ ਨੂੰ ਜਾਰੀ ਕੀਤੇ ਗਏ ਹਨ। ਲੰਬੀ ਤੋਂ ਬਿਨ੍ਹਾਂ ਗਿੱਦੜਬਾਹਾ ਨੂੰ ਵੀ ਇਹ ਫੰਡ ਪ੍ਰਾਪਤ ਹੋਏ ਹਨ। ਐਸ.ਆਈ.ਐਫ. 'ਚੋਂ ਮੋਹਾਲੀ ਜ਼ਿਲ੍ਹੇ ਨੂੰ 1.60 ਲੱਖ ਰੁਪਏ, ਫਿਰੋਜ਼ਪੁਰ ਨੂੰ 49 ਲੱਖ ਰੁਪਏ, ਲੁਧਿਆਣਾ ਜ਼ਿਲ੍ਹੇ ਨੂੰ ਚਾਰ ਲੱਖ, ਗੁਰਦਾਸਪੁਰ, ਤਰਨਤਾਰਨ ਤੇ ਪਟਿਆਲਾ ਜ਼ਿਲ੍ਹੇ ਨੂੰ ਡੇਢ-ਡੇਢ ਲੱਖ ਰੁਪਏ, ਬਠਿੰਡਾ ਜ਼ਿਲ੍ਹੇ ਨੂੰ 68 ਲੱਖ ਰੁਪਏ ਤੇ ਅੰਮ੍ਰਿਤਸਰ ਜ਼ਿਲ੍ਹੇ ਨੂੰ 31 ਲੱਖ ਰੁਪਏ ਜਾਰੀ ਕੀਤੇ ਗਏ ਹਨ।

# ਖੇਤੀ ਸੰਮੇਲਨ 'ਚ ਖੇਤੀ ਮਾਹਿਰ ਤੇ ਕਿਸਾਨ ਹੀ ਕੀਤੇ ਅੱਖੋਂ ਓਹਲੇ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕਰਵਾਏ ਗਏ 'ਪ੍ਰਗਤੀਸ਼ੀਲ ਖੇਤੀਬਾੜੀ ਸੰਮੇਲਨ' ਤੋਂ ਸੂਬੇ ਨਾਲ ਸਬੰਧਤ ਅਰਥ ਸ਼ਾਸਤਰੀਆਂ ਤੇ ਹਾਕਮ ਪਾਰਟੀਆਂ ਦੀ ਵਿਚਾਰਧਾਰਾ ਨਾਲ ਮੇਲ ਨਾ ਖਾਣ ਵਾਲੀਆਂ ਕਿਸਾਨ ਜਥੇਬੰਦੀਆਂ ਨੂੰ ਦੂਰ ਰੱਖਿਆ ਗਿਆ। ਮੁਹਾਲੀ ਵਿਚ ਕਰਵਾਏ ਸੰਮੇਲਨ ਦੌਰਾਨ ਖੇਤੀਬਾੜੀ ਵਿਭਾਗ ਵੱਲੋਂ ਜਿਨ੍ਹਾਂ ਮਾਹਿਰਾਂ, ਕਿਸਾਨ ਆਗੂਆਂ ਤੇ ਅਗਾਂਹਵਧੂ ਕਿਸਾਨਾਂ ਨੂੰ ਬੁਲਾਇਆ ਗਿਆ, ਉਹ ਜਾਂ ਤਾਂ ਸੂਬੇ ਤੋਂ ਬਾਹਰਲੇ ਸਨ ਤੇ ਜਾਂ ਫਿਰ ਅਕਾਲੀ ਦਲ ਦੀ ਸੁਰ ਵਿਚ ਸੁਰ ਮਿਲਾਉਣ ਵਾਲੇ। ਅਜਮੇਰ ਸਿੰਘ ਲੱਖੋਵਾਲ ਤੇ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਾਲੀਆਂ ਜਥੇਬੰਦੀਆਂ ਨੇ ਹੀ ਸੰਮੇਲਨ ਵਿਚ ਸ਼ਮੂਲੀਅਤ ਕੀਤੀ।

ਪ੍ਰੋ. ਸਰਦਾਰਾ ਸਿੰਘ ਜੌਹਲ ਜੋ ਫਸਲਾਂ ਦਾ ਸਮਰਥਨ ਮੁੱਲ ਤੈਅ ਕਰਨ ਵਾਲੇ ਕਮਿਸ਼ਨ ਦੇ ਚੇਅਰਮੈਨ ਰਹਿ ਚੁੱਕੇ ਹਨ, ਨੇ ਕਿਹਾ ਕਿ ਪੰਜਾਬ ਦੀਆਂ ਖੇਤੀ ਪ੍ਰਸਥਿਤੀਆਂ ਨੂੰ ਸਮਝਣ ਵਾਲੇ ਮਾਹਿਰਾਂ ਨੂੰ ਬੁਲਾਇਆ ਜਾਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਕਿਸੇ ਵੀ ਮਾਹਿਰ ਦੀ ਵਿਚਾਰਧਾਰਾ ਸਰਕਾਰ ਨਾਲੋਂ ਵੱਖ ਹੋ ਸਕਦੀ ਹੈ ਪਰ ਇਸ ਦਾ ਅਰਥ ਇਹ ਨਹੀਂ ਕਿ ਵੱਖਰੀ ਵਿਚਾਰਧਾਰਾ ਵਾਲਾ




ਮਾਹਿਰ ਇਸ ਮੁੱਦੇ 'ਤੇ ਉਸਾਰੂ ਗੱਲ ਨਹੀਂ ਆਖ ਸਕਦਾ। ਉਨ੍ਹਾਂ ਕਿਹਾ ਕਿ ਸਭ ਨੂੰ ਬੁਲਾਇਆ ਜਾਣਾ ਚਾਹੀਦਾ ਸੀ ਤਾਂ ਜੋ ਹਰੇਕ ਆਪਣੀ ਗੱਲ ਆਖ ਸਕੇ।

ਅਰਥਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ ਦਾ ਕਹਿਣਾ ਹੈ ਕਿ ਜਨਤਾ ਦੇ ਪੈਸੇ ਨਾਲ ਕਰਵਾਏ ਗਏ ਇਸ ਤਰ੍ਹਾਂ ਦੇ ਸੰਮੇਲਨ ਦੌਰਾਨ ਜਿੰਨੀ ਖੁੱਲ੍ਹੀ ਚਰਚਾ ਹੋਵੇਗੀ, ਓਨਾ ਹੀ ਕਿਸਾਨਾਂ ਤੇ ਆਮ ਲੋਕਾਂ ਦਾ ਭਲਾ ਹੋਵੇਗਾ। ਡਾ. ਗਿੱਲ ਨੇ ਕਿਹਾ ਕਿ ਬਹੁਕੌਮੀ ਕੰਪਨੀਆਂ ਨੇ ਖੇਤੀਬਾੜੀ ਵਰਗੇ ਸੰਵੇਦਨਸ਼ੀਲ ਮੁੱਦੇ 'ਤੇ ਰਾਏ ਨਹੀਂ ਬਣਾਉਣੀ, ਇਹ ਤਾਂ ਮਾਹਿਰਾਂ ਤੇ ਲੋਕਾਂ ਨੇ ਦਾ ਕੰਮ ਹੈ। ਉਨ੍ਹਾਂ ਕਿਹਾ ਕਿ ਸੀਮਾਂਤ ਤੇ ਛੋਟੇ ਕਿਸਾਨਾਂ, ਜਿਹੜੇ ਸਮੱਸਿਆਵਾਂ ਵਿਚ ਘਿਰੇ ਹਨ, ਦੀ ਕੋਈ ਗੱਲ ਨਹੀਂ ਕਰਦਾ।

ਇਸ ਸਰਕਾਰੀ ਸੰਮੇਲਨ ਤੋਂ ਕਾਂਗਰਸ ਸ਼ਾਸਨ ਵਾਲੇ ਰਾਜਾਂ ਦੇ ਮੁੱਖ ਮੰਤਰੀਆਂ ਨੇ ਦੂਰੀ ਬਣਾਈ ਰੱਖੀ। ਭਾਜਪਾ ਸ਼ਾਸਨ ਵਾਲੇ ਰਾਜਾਂ ਦੇ ਕੁਝ ਮੁੱਖ ਮੰਤਰੀ ਸੰਮੇਲਨ ਵਿਚ ਪਹੁੰਚ ਰਹੇ ਹਨ। ਲੋਕ ਸਭਾ ਚੋਣਾਂ ਨਜ਼ਦੀਕ ਹੋਣ ਕਾਰਨ ਪੰਜਾਬ ਦੀਆਂ ਹਾਕਮ ਪਾਰਟੀਆਂ ਇਸ ਸੰਮੇਲਨ ਦਾ ਰਾਜਸੀ ਲਾਹਾ ਵੀ ਲੈਣਾ ਚਾਹੁੰਦੀਆਂ ਹਨ ਇਹੀ ਕਾਰਨ ਹੈ ਕਿ ਸੂਬੇ ਦੇ 50 ਹਜ਼ਾਰ ਕਿਸਾਨਾਂ ਨੂੰ ਸੰਮੇਲਨ ਵਿਚ ਬੁਲਾਇਆ ਗਿਆ।

ਰਾਜ ਸਰਕਾਰ ਵੱਲੋਂ ਆਰਥਿਕ ਤੇ ਖੇਤੀ ਮਾਮਲਿਆਂ ਦੇ ਮਾਹਿਰ ਪ੍ਰੋ. ਸਰਦਾਰਾ ਸਿੰਘ ਜੌਹਲ, ਡਾ. ਸੁੱਚਾ ਸਿੰਘ ਗਿੱਲ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਦੋ ਸਾਬਕਾ ਉਪ ਕੁਲਪਤੀਆਂ ਡਾ. ਮਨਜੀਤ ਸਿੰਘ ਕੰਗ ਤੇ ਡਾ. ਕਿਰਪਾਲ ਸਿੰਘ ਔਲਖ ਨੂੰ ਸੱਦਾ ਹੀ ਨਾ ਭੇਜਿਆ ਗਿਆ। ਇਸੇ ਤਰ੍ਹਾਂ ਖੱਬੇ ਪੱਖੀ ਵਿਚਾਰਧਾਰਾ ਨਾਲ ਸਬੰਧਤ ਕਿਸਾਨ ਜਥੇਬੰਦੀਆਂ ਜਿਨ੍ਹਾਂ ਵੱਲੋਂ ਕਿਸਾਨ ਮਸਲਿਆਂ 'ਤੇ ਸੰਘਰਸ਼ ਵਿੱਢਿਆ ਹੋਇਆ ਹੈ, ਨੂੰ ਵੀ ਇਸ ਸੰਮੇਲਨ ਵਿਚ ਸ਼ਾਮਲ ਹੋਣ ਲਈ ਸਰਕਾਰ ਵੱਲੋਂ ਕੋਈ ਸੱਦਾ ਪੱਤਰ ਨਾ ਭੇਜਿਆ ਗਿਆ।

## ‘ਚਿਕਨ ਕਿੰਗ’ ਕਰੇਗਾ ਕਾਮਿਆਂ ਦੀ ਛਾਂਟੀ

**ਲੰਡਨ:** ਬਰਤਾਨਵੀ ਭਾਰਤੀ ਕਾਰੋਬਾਰੀ ਰਣਜੀ ਬੋਪਾਰਾਂ ਜੋ ‘ਚਿਕਨ ਕਿੰਗ’ ਦੇ ਨਾਂ ਨਾਲ ਮਸ਼ਹੂਰ ਹਨ, ਨੇ ਆਪਣੇ ਖਾਧ ਪਦਾਰਥਾਂ ਦੇ ਕਾਰੋਬਾਰ ਦੇ ਮੁੜ ਗਠਨ ਦੀ ਪ੍ਰਕਿਰਿਆ ਤਹਿਤ ਬਰਤਾਨੀਆ ਵਿਚ ਤਕਰੀਬਨ 1800 ਨੌਕਰੀਆਂ ਛਾਂਗਣ ਦੀ ਤਿਆਰੀ ਕਰ ਲਈ ਹੈ। ਬਰਮਿੰਘਮ ਆਧਾਰਤ ਕਾਰੋਬਾਰੀ ਵੱਲੋਂ ਦੋ ਫੈਕਟਰੀਆਂ ਬੰਦ ਕਰਨ ਦੀ ਯੋਜਨਾ ਬਣਾਈ ਗਈ ਹੈ ਤਾਂ ਕਿ ਨੌਕਰੀਆਂ ਘਟਾ ਕੇ ਲਾਗਤਾਂ ’ਤੇ ਕਾਬੂ ਪਾਇਆ ਜਾ ਸਕੇ। ਉਸ ਦੀ ਦੋ ਸਿਸਟਰਜ਼ ਕੰਪਨੀ ਬਰਤਾਨੀਆ ਵਿਚ ਸੁਪਰ ਮਾਰਕੀਟਾਂ ਨੂੰ ਪੋਲਟਰੀ ਤੇ ਮੀਟ ਮੁਹੱਈਆ ਕਰਾਉਣ ਵਾਲੀਆਂ ਸਭ ਤੋਂ ਵੱਡੀ ਸਪਲਾਇਰ ਕੰਪਨੀਆਂ ਵਿਚੋਂ ਇਕ ਹੈ।

## ਭਾਰਤੀ ਮੂਲ ਦਾ ਵਿਦਿਆਰਥੀ ਲਾਪਤਾ

**ਸ਼ਿਕਾਗੋ:** ਸਾਊਥਰਨ ਇਲੀਨੋਇਸ ਯੂਨੀਵਰਸਿਟੀ ਦਾ 19 ਸਾਲਾ ਭਾਰਤੀ ਮੂਲ ਦਾ ਵਿਦਿਆਰਥੀ ਪ੍ਰਵੀਨ ਵਰਘੀਜ਼ ਕਈ ਦਿਨਾਂ ਤੋਂ ਲਾਪਤਾ ਹੈ ਤੇ ਉਸ ਦੇ ਪਰਿਵਾਰ ਨੇ ਇਸ ਸਬੰਧੀ ਇਤਲਾਹ ਦੇਣ ਵਾਲੇ ਨੂੰ 15,000 ਅਮਰੀਕੀ ਡਾਲਰ ਦੇਣ ਦਾ ਐਲਾਨ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਪ੍ਰਵੀਨ ਅਸਲ ਵਿਚ ਮਾਰਟਨ ਗਰੂਵ ਦਾ ਰਹਿਣ ਵਾਲਾ ਹੈ। ਉਸ ਨੂੰ ਪਿਛਲੇ ਬੁੱਧਵਾਰ ਰਾਤ 11 ਵਜੇ ਇਲੀਨੋਇਸ ਦੇ ਕਾਰਬਨਡੇਲ ਇਲਾਕੇ ਵਿਚ ਵੇਖਿਆ ਗਿਆ ਸੀ।

# ਬਰਤਾਨਵੀ ਅਦਾਲਤ ਵੱਲੋਂ ਨਾਮਧਾਰੀ ਮੁਖੀ ਉਦੈ ਸਿੰਘ ਕੇਸ ਦੀ ਸੁਣਵਾਈ ਮੁਕੰਮਲ

**ਲੰਡਨ:** ਬਰਤਾਨੀਆ ਵਿਚ ਇਕ ਕਾਲ ਸੈਂਟਰ ਕਰਮੀ ਵੱਲੋਂ ਨਾਮਧਾਰੀ ਸੰਪਰਦਾ ਦੇ ਮੁਖੀ ਉੱਤੇ ਕੀਤੇ ਹਮਲੇ ਦੇ ਕੇਸ ਦੀ ਸੁਣਵਾਈ ਮੁਕੰਮਲ ਹੋ ਗਈ ਹੈ ਤੇ ਜਿਊਰੀ ਆਪਣੇ ਫੈਸਲੇ ਬਾਰੇ ਵਿਚਾਰ-ਵਟਾਂਦਰਾ ਕਰੇਗੀ। ਬਰਮਿੰਘਮ ਕ੍ਰਾਊਨ ਕੋਰਟ ਵਿਚ ਜਸਟਿਸ ਕੈਰ ਨੇ ਦੱਸਿਆ ਕਿ ਜਿਊਰੀ ਦੀ ਭੂਮਿਕਾ ਇਹ ਤੈਅ ਕਰਨਾ ਹੈ ਕਿ ਹਰਜੀਤ ਸਿੰਘ ਤੂਰ ਉਦੈ ਸਿੰਘ ਨੂੰ ਮਾਰਨਾ ਚਾਹੁੰਦਾ ਸੀ ਤੇ ਕੀ ਹਮਲਾ ਇਕ ਧਾਰਮਿਕ ਹਮਲੇ ਦੀ ਕੋਸ਼ਿਸ਼ ਸੀ ਜਾਂ ਫਿਰ ਜਿਨਸੀ ਸੋਸ਼ਣ ਦਾ ਬਦਲਾ ਲੈਣ ਦੀ ਕਾਰਵਾਈ ਸੀ।



27 ਸਾਲਾ ਤੂਰ ਨੇ ਕਿਹਾ ਸੀ ਕਿ ਉਸ ਦਾ ਹੱਤਿਆ ਦਾ ਇਰਾਦਾ ਨਹੀਂ ਸੀ ਪਰ 1990ਵਿਆਂ ਵਿਚ ਅੱਠ ਸਾਲ ਦੀ ਉਮਰ ਵਿਚ ਆਪਣੇ ਨਾਲ ਹੋਈ ਜਿਨਸੀ ਵਧੀਕੀ ਦਾ ਬਦਲਾ ਲੈਣ ਲਈ ਸਤਿਗੁਰੂ ਉਦੈ ਸਿੰਘ ਨੂੰ ਜਿਸਮਾਨੀ ਨੁਕਸਾਨ ਪਹੁੰਚਾਉਣਾ ਚਾਹੁੰਦਾ ਸੀ ਤੇ ਉਸ ਦੇ ਮਨ ਵਿਚ ਡਰ ਪੈਦਾ ਕਰਨਾ ਚਾਹੁੰਦਾ ਸੀ। ਸਤਿਗੁਰੂ ਉਦੈ ਸਿੰਘ ਨੇ ਆਪਣੇ ਬਿਆਨ ਦੌਰਾਨ ਤੂਰ ਨਾਲ ਜਿਨਸੀ ਵਧੀਕੀ ਕਰਨ ਦੇ ਦੋਸ਼ ਦਾ ਖੰਡਨ ਕੀਤਾ ਸੀ। ਭਾਰਤ ਤੋਂ ਵੀਡੀਓ ਲਿੰਕ ਰਾਹੀਂ ਬਰਸਿੰਗਮ ਕ੍ਰਾਊਨ ਕੋਰਟ ਨੂੰ ਸਬੂਤ ਦਿੰਦਿਆਂ ਉਦੈ ਸਿੰਘ ਨੇ ਇਹ ਦਾਅਵਾ ਰੱਦ ਕੀਤਾ ਕਿ ਉਨ੍ਹਾਂ ਨਾਮਧਾਰੀ ਸੰਪਰਦਾ ਦੇ ਮੁੱਖ ਡੇਰੇ ‘ਤੇ ਤੂਰ ਦਾ ਉਸ ਦੇ ਬਾਲਪਨ ਵਿਚ ਜਿਨਸੀ ਸ਼ੋਸ਼ਣ ਕੀਤਾ ਸੀ। ਇਸਤਗਾਸਾਕਾਰ ਗੌਰਡਨ ਐਸਪਡਿਨ ਨੇ ਜਦੋਂ ਪੁੱਛਿਆ ਕਿ ਕੀ ਦੋਸ਼ਾਂ ਵਿਚ ਕੋਈ ਸਚਾਈ ਹੋ ਸਕਦੀ ਹੈ ਤਾਂ ਨਾਮਧਾਰੀ ਗੁਰੂ ਨੇ ਆਖਿਆ ਕਿ ਬਿਲਕੁਲ ਨਹੀਂ, ਇਹ ਬਿਲਕੁਲ ਬੇਬੁਨਿਆਦ ਹੈ। ਤੂਰ ਦੇ ਬੈਰਿਸਟਰ ਫਰਾਂਸਿਸ ਲਾਇਰਡ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਵੀ ਅਜਿਹੀ ਕਿਸੇ ਜਗ੍ਹਾ ਜਾਣ ਤੋਂ ਇਨਕਾਰ ਕੀਤਾ ਜਿਥੇ ਜਿਨਸੀ ਸ਼ੋਸ਼ਣ ਦੀ ਘਟਨਾ ਵਾਪਰੀ ਸੀ।

ਭੈਣੀ ਸਾਹਿਬ ਤੋਂ ਆਪਣੇ ਬਿਆਨ ਦਿੰਦਿਆਂ ਸਤਿਗੁਰੂ ਉਦੈ ਸਿੰਘ ਨੇ ਕਿਹਾ ਕਿ ਜਿਥੋਂ ਤੱਕ ਮੇਰਾ ਚੇਤਾ ਜਾਂਦਾ ਹੈ, ਮੈਂ ਉਸ (ਤੂਰ) ਨੂੰ ਕਦੇ ਨਹੀਂ ਮਿਲਿਆ।ਤੂਰ ਨੇ ਪਿਛਲੇ ਸਾਲ 11 ਅਗਸਤ ਨੂੰ ਬਰਤਾਨੀਆ ਆਏ ਸਤਿਗੁਰੂ ਉਦੈ ਸਿੰਘ ਉਪਰ ਲੈਸਟਰ ਦੇ ਗੁਰਦੁਆਰੇ ਵਿਚ ਕੁਹਾੜੀ ਨਾਲ ਹਮਲਾ ਕਰ ਦਿੱਤਾ ਸੀ, ਜਿਸ ਦੌਰਾਨ ਉਨ੍ਹਾਂ ਦੀ ਇਕ ਬਾਂਹ ਟੁੱਟ ਗਈ ਸੀ ਤੇ ਨੱਕ ‘ਤੇ ਵੀ ਸੱਟ ਵੱਜੀ ਸੀ।

## ਕੈਨੇਡਾ ਵੱਲੋਂ ਇਮੀਗ੍ਰੇਸ਼ਨ ਢਾਂਚਾ ਬਦਲਣ ਦੀ ਤਿਆਰੀ

**ਟੋਰਾਂਟੋ:** ਅਰਜ਼ੀਆਂ ਦੇ ਢੇਰ ਨੂੰ ਘਟਾਉਣ ਤੇ ਮੁਲਕ ਦੀ ਕਿਰਤ ਮੰਡੀ ਦੀਆਂ ਲੋੜਾਂ ਦੀ ਪੂਰਤੀ ਵਾਸਤੇ ਕੈਨੇਡਾ ਦੇ ਆਵਾਸ ਢਾਂਚੇ ਵਿਚ ਫਿਰ ਤਬਦੀਲੀ ਦੀ ਤਿਆਰੀ ਹੈ। ਮੁਲਕ ਦੇ ਆਵਾਸ ਮੰਤਰੀ ਕ੍ਰਿਸ ਅਲੈਗਜ਼ਾਂਦਰ ਨੇ ਨਵੇਂ ਆਰਥਿਕ ਐਕਸ਼ਨ ਪਲਾਨ-2014 ਦਾ ਐਲਾਨ ਕਰਦਿਆਂ ਕਿਹਾ ਕਿ ਕੈਨੇਡਾ ਦੀ ਖੁਸ਼ਹਾਲੀ ਲਈ ਲਾਹੇਵੰਦ ਆਵਾਸ ਢਾਂਚਾ ਲਾਗੂ ਕਰਨ ਦੀ ਬੇਹੱਦ ਲੋੜ ਹੈ।

ਇਸ ਦੇ ਨਾਲ ਹੀ ਉਨ੍ਹਾਂ ਕੇਂਦਰੀ ਆਵਾਸ ਨਿਵੇਸ਼ ਪ੍ਰੋਗਰਾਮ (ਆਈ.ਆਈ.ਪੀ) ਤੇ ਉੱਦਮੀ ਪ੍ਰੋਗਰਾਮ ਦਾ ਭੋਗ ਪਾਉਣ ਤੇ ਇਨ੍ਹਾਂ ਦੀ ਥਾਂ ਨਵੇਂ ਪ੍ਰੋਗਰਾਮ ਚਾਲੂ ਕਰਨ ਦੇ ਸੰਕੇਤ ਦਿੱਤੇ ਹਨ। ਮੰਤਰੀ ਮੁਤਾਬਕ ਮੌਜੂਦਾ ਨਿਵੇਸ਼ ਪ੍ਰੋਗਰਾਮ (ਆਈ.ਆਈ.ਪੀ) ਦਾ ਕੈਨੇਡਾ ਦੀ ਆਰਥਿਕਤਾ ਨੂੰ ਕੋਈ ਬਹੁਤਾ ਫਾਇਦਾ ਨਹੀਂ ਹੋ ਰਿਹਾ। ਮੰਤਰਾਲੇ ਦੇ ਅੰਕੜਿਆਂ ਮੁਤਾਬਕ ਆਵਾਸੀ ਪੂੰਜੀ ਨਿਵੇਸ਼ਕਾਰ ਦੂਜੀਆਂ ਆਵਾਸੀ ਸ਼੍ਰੇਣੀਆਂ ਨਾਲੋਂ ਟੈਕਸ ਵੀ ਘੱਟ ਦਿੰਦੇ ਹਨ ਤੇ ਹੁਨਰ ਦੀ ਘਾਟ ਕਾਰਨ ਲੰਬਾ ਸਮਾਂ ਇਥੇ ਵੱਸਣ ਨੂੰ ਤਰਜੀਹ ਵੀ ਨਹੀਂ ਦਿੰਦੇ। ਆਵਾਸ ਮਹਿਕਮੇ ਦੇ ਸੂਤਰਾਂ ਮੁਤਾਬਕ ਦੋਵੇਂ ਪ੍ਰੋਗਰਾਮਾਂ ਦੀ ਕਟੌਤੀ ਨਾਲ ਸਰਕਾਰ, ਤਜਰਬੇਕਾਰ ਵਪਾਰੀ ਲੋਕਾਂ ਨੂੰ ਉਤਸ਼ਾਹਤ ਕਰਨ ਵੱਲ ਧਿਆਨ ਦੇਣਾ ਚਾਹੁੰਦੀ ਹੈ। ਕੇਂਦਰੀ ਨਿਵੇਸ਼ ਪ੍ਰੋਗਰਾਮ, ਜੋ ਅੱਠ ਲੱਖ ਡਾਲਰਾਂ ਦੇ ਲੋਨ (ਨਿਵੇਸ਼) ਦੇ ਬਦਲੇ ਕੈਨੇਡਾ ਪੱਕੀ ਨਾਗਰਿਕਤਾ ਦੀ ਗਰੰਟੀ ਕਰਦਾ ਹੈ (2010 ਤੋਂ ਪਹਿਲਾਂ ਇਹ ਰਕਮ ਚਾਰ ਲੱਖ ਡਾਲਰ ਸੀ), ਵਿਚ 65 ਹਜ਼ਾਰ ਅਰਜ਼ੀਆਂ ਨਿਪਟਾਰੇ ਦੇ ਢੇਰ ਵਿਚ ਪਈਆਂ ਹਨ, ਜਿਨ੍ਹਾਂ ਨੂੰ ਅੰਦਾਜ਼ਨ ਛੇ ਸਾਲ ਸੁਣਵਾਈ ਨੂੰ ਲੱਗਣਗੇ। ਦੱਸਿਆ ਗਿਆ ਹੈ ਕਿ ਦੋ ਦਹਾਕਿਆਂ ਦੇ ਸਮੇਂ ਦੌਰਾਨ ਇਕ ਆਵਾਸੀ ਨਿਵੇਸ਼ਕਾਰ, ਇਕ ਸਕਿੱਲਡ ਵਰਕਰ ਨਾਲੋਂ ਦੋ ਲੱਖ ਡਾਲਰ ਤੇ ਨੈਨੀਆਂ ਨਾਲੋਂ ਇਕ ਲੱਖ ਡਾਲਰ ਘੱਟ ਟੈਕਸ ਭਰਦਾ ਹੈ।

# ਐਨ.ਆਰ.ਆਈ. ਦੀ ਜ਼ਮੀਨ ਹੜੱਪਣ ਦੇ ਦੋਸ਼ ‘ਚ ਸੱਤ ਵਿਅਕਤੀਆਂ ਖਿਲਾਫ ਪਰਚਾ ਦਰਜ

**ਹੁਸ਼ਿਆਰਪੁਰ:** ਥਾਣਾ ਐਨ.ਆਰ.ਆਈ ਪੁਲਿਸ ਹੁਸ਼ਿਆਰਪੁਰ ਨੇ ਇੰਗਲੈਂਡ ਰਹਿੰਦੇ ਇਕ ਪਰਵਾਸੀ ਭਾਰਤੀ ਦੀ ਕਰੋੜਾਂ ਰੁਪਏ ਦੀ ਜ਼ਮੀਨ ਦਾ ਜਾਅਲੀ ਮੁਖ਼ਤਿਆਰਨਾਮਾ ਬਣਾ ਕੇ ਵੇਚਣ ਦੇ ਦੋਸ਼ ਵਿਚ ਸੱਤ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਮਿਲੀ ਜਾਣਕਾਰੀ ਮੁਤਾਬਕ ਨੂਰਮਹਿਲ ਜ਼ਿਲ੍ਹਾ ਜਲੰਧਰ ਵਾਸੀ ਪਰਵਾਸੀ ਭਾਰਤੀ ਬਿਲ ਦਿਓਲ ਪੁੱਤਰ ਮੋਹਨ ਸਿੰਘ ਹਾਲ ਵਾਸੀ ਬਰਮਿੰਗਮ (ਯੂ.ਕੇ) ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਦੋਸ਼ ਲਾਇਆ ਸੀ ਕਿ ਹੁਸ਼ਿਆਰਪੁਰ ਦੇ ਪਿੰਡ ਫਲਾਹੀ ਵਿਚ ਉਸ ਦੇ ਪਿਤਾ ਦੀ 18 ਕਿੱਲੇ ਜ਼ਮੀਨ ਦਾ ਜਾਅਲੀ ਮੁਖ਼ਤਿਆਰਨਾਮਾ ਬਣਾ ਕੇ ਵੇਚ ਦਿੱਤੀ ਗਈ। ਸ਼ਿਕਾਇਤਕਰਤਾ ਮੁਤਾਬਕ ਉਸ ਦੇ ਪਿਤਾ ਨੇ ਜ਼ਮੀਨ ਦੀ ਦੇਖਭਾਲ ਦਾ ਜ਼ਿੰਮਾ ਪਿੰਡ ਵਾਸੀ ਭੀਮਸੈਨ ਤੇ ਫਗਵਾੜਾ ਵਾਸੀ ਕੇਵਲ ਸਿੰਘ ਨੂੰ ਦਿੱਤਾ ਸੀ। ਉਕਤ ਦੋਵਾਂ ਨੇ 2007 ਵਿਚ ਇਕ ਫਰਜ਼ੀ ਮੋਹਨ ਸਿੰਘ ਨਾਂਅ ਦਾ ਵਿਅਕਤੀ ਖੜ੍ਹਾ ਕਰਕੇ ਜ਼ਮੀਨ ਦਾ ਜਾਅਲੀ ਮੁਖ਼ਤਿਆਰਨਾਮਾ ਮਹਿੰਦਰ ਸਿੰਘ ਵਾਸੀ ਪਿੰਡ ਰਹਿਮਾਨਪੁਰ ਜ਼ਿਲ੍ਹਾ ਜਲੰਧਰ ਦੇ ਨਾਂਅ ਕਰਵਾ ਦਿੱਤਾ। ਨੰਬਰਦਾਰ ਹਰਜਿੰਦਰ ਸਿੰਘ ਪੁੱਤਰ ਰਾਮ ਚੰਦ ਵਾਸੀ ਭੋਡੇ ਸਮਰਾਏ ਜ਼ਿਲ੍ਹਾ ਜਲੰਧਰ ਤੇ ਸੁਰਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਮਾਡਲ ਟਾਊਨ ਜਲੰਧਰ ਨੇ ਮੋਹਨ ਸਿੰਘ ਦੀ ਪਹਿਚਾਣ ਤਸਦੀਕ ਕੀਤੀ ਸੀ। ਇਸ ਮਾਮਲੇ ਵਿਚ ਸਾਬਕਾ ਪਟਵਾਰੀ ਬਲਦੇਵ ਮਿੱਤਲ ਵੀ ਸ਼ਾਮਲ ਸੀ।

ਇਨ੍ਹਾਂ ਦੋਵਾਂ ਨੇ 1.16 ਕਰੋੜ ਰੁਪਏ ਦੇ ਇਸ ਜਾਲਸਾਜ਼ੀ ਵਿਚੋਂ 45 ਲੱਖ ਰੁਪਏ ਪਹਿਲੀ ਕਿਸ਼ਤ ਦੇ ਤੌਰ ‘ਤੇ ਲਏ ਤੇ ਬਾਅਦ ਵਿਚ ਦੋ ਕਿਸ਼ਤਾਂ ਵਿਚ ਬਾਕੀ ਸਾਰੀ ਰਕਮ ਵੀ ਲੈ ਲਈ। ਬਿਲ ਦਿਓਲ ਦੀ ਸ਼ਿਕਾਇਤ ਦੇ ਆਧਾਰ ‘ਤੇ ਭੀਮ ਸੈਨ ਵਾਸੀ ਫਲਾਹੀ ਜ਼ਿਲ੍ਹਾ ਹੁਸ਼ਿਆਰਪੁਰ, ਕੇਵਲ ਸਿੰਘ ਵਾਸੀ ਸੁਖਚੈਨ ਨਗਰ ਫਗਵਾੜਾ, ਬਲਦੇਵ ਮਿੱਤਲ ਪਿੰਡ ਸਸੋਲੀ ਜ਼ਿਲ੍ਹਾ ਹੁਸ਼ਿਆਰਪੁਰ, ਗੁਰਿੰਦਰ ਸਿੰਘ ਗਿੰਦਾ (ਗਵਾਹ) ਵਾਸੀ ਹਰੀਪੁਰ ਜ਼ਿਲ੍ਹਾ ਜਲੰਧਰ, ਜਾਅਲੀ ਮੋਹਨ ਸਿੰਘ ਵਾਸੀ ਫਗਵਾੜਾ ਜ਼ਿਲ੍ਹਾ ਕਪੂਰਥਲਾ, ਨੰਬਰਦਾਰ ਹਰਜਿੰਦਰ ਸਿੰਘ ਵਾਸੀ ਡੋਡੇ ਸਮਰਾਏ ਜ਼ਿਲ੍ਹਾ ਜਲੰਧਰ ਤੇ ਸੁਰਿੰਦਰ ਸਿੰਘ ਮਾਡਲ ਟਾਊਨ ਜਲੰਧਰ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

## ਗੇਮ ਸ਼ੋਅ ਜਿੱਤ ਕੇ ਬ੍ਰਿਟਿਸ਼ ਸਿੱਖ ਬਣਿਆ ਕਰੋੜਪਤੀ

**ਲੰਡਨ:** ਬਰਤਾਨੀਆ ਰਹਿੰਦਾ ਸਿੱਖ ਰੂਪ ਸਿੰਘ (54) ਟੈਲੀਵਿਜ਼ਨ ਗੇਮ ਸ਼ੋਅ ਜਿੱਤ ਕੇ ਕਰੋੜਪਤੀ ਬਣ ਗਿਆ ਹੈ। ਚੈਨਲ ਫੋਰ ਦੇ ਸ਼ੋਅ ‘ਡੀਲ ਔਰ ਨੋ ਡੀਲ’ ਦਾ ਜੈਕਪਾਟ ਢਾਈ ਲੱਖ ਪੌਂਡ ਰੂਪ ਸਿੰਘ ਨੇ ਜਿੱਤ ਲਿਆ। ਭਾਰਤੀ ਕਰੰਸੀ ਦੇ ਇਹ ਇਨਾਮ ਤਕਰੀਬਨ ਢਾਈ ਕਰੋੜ ਰੁਪਏ ਬਣਦਾ ਹੈ।

ਰੂਪ ਸਿੰਘ 7ਵੇਂ ਪ੍ਰਤੀਭਾਗੀ ਹਨ, ਜਿਨ੍ਹਾਂ ਇਸ ਸ਼ੋਅ ਤੋਂ ਇਨਾਮ ਜਿੱਤਿਆ। ਰੂਪ ਸਿੰਘ ਮੁਤਾਬਕ ਉਸ ਦੀ ਬੇਟੀ ਨੇ ਇਕ ਰਾਤ ਪਹਿਲਾਂ ਉਸ ਨੂੰ ਪੂਰਾ ਇਨਾਮ ਜਿੱਤਣ ਲਈ ਕਿਹਾ ਸੀ। ਇਨਾਮੀ ਰਕਮ ਹਾਸਲ ਕਰਨ ਤੋਂ ਬਾਅਦ ਰੂਪ ਸਿੰਘ ਨੇ ਪਰਿਵਾਰਕ ਮੈਂਬਰਾਂ ਤੇ ਦੋਸਤਾਂ ਲਈ ਕੁਝ ਤੋਹਫੇ ਖਰੀਦੇ ਹਨ ਅਤੇ ਆਪਣੇ ਲਈ ਇਕ ਮੋਟਰਸਾਈਕਲ ਖਰੀਦੀ ਹੈ ਜਿਸ ‘ਤੇ ਉਹ ਬ੍ਰਿਟੇਨ ਦੇ ਤੱਟੀ ਇਲਾਕਿਆਂ ਦੀ ਸੈਰ ਕਰਨਗੇ।

## ਨਕਲੀ ਵਿਆਹ ਕਰਵਾਉਣ ਵਾਲਾ ਭਾਰਤੀ ਜੋੜਾ ਗ੍ਰਿਫਤਾਰ

**ਮੈਲਬਰਨ:** ਭਾਰਤੀ ਮੂਲ ਦੇ ਜੋੜੇ ਨੂੰ ਲੋਕਾਂ ਦੇ ਨਕਲੀ ਵਿਆਹ ਕਰਵਾ ਕੇ ਉਨ੍ਹਾਂ ਨੂੰ ਆਸਟਰੇਲੀਆ ਵਿਚ ਦਾਖਲਾ ਦਿਵਾਉਣ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਚੇਤਨ ਮੋਹਨ ਲਾਲ ਮਾਸ਼ਰੂ ਤੇ ਦਿਵਿਆ ਕ੍ਰਿਸ਼ਨ ਗੌੜਾ ਨੂੰ ਵੀਜ਼ਾ ਘੁਟਾਲੇ ਦੇ ਦੋਸ਼ਾਂ ਹੇਠ ਬ੍ਰਿਜ਼ਬਨ ਵਿਚ ਊਕਸਲੇਅ ਘਰ ਤੋਂ ਪੁਲਿਸ ਨੇ ਫੜਿਆ ਹੈ। ਦੋਹਾਂ ਨੂੰ ਬ੍ਰਿਜਬਨ ਮੈਜਿਸਟਰੇਟ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਥੋਂ ਉਨ੍ਹਾਂ ਨੂੰ ਕੁਝ ਸ਼ਰਤਾਂ ਨਾਲ ਜ਼ਮਾਨਤ ਮਿਲ ਗਈ ਹੈ। ਮਾਸ਼ਰੂ ਤੇ ਉਸ ਦੀ ਪਤਨੀ ਦੇ ਧੰਦੇ ਦਾ ਪਰਦਾਫਾਸ਼ ‘ਕੂਰੀਅਰ ਮੇਲ’ ਨੇ ਪਿਛਲੇ ਸਾਲ ਅਪਰੈਲ ਵਿਚ ਕੀਤਾ ਸੀ। ਉਨ੍ਹਾਂ ਨੂੰ ਜੇਕਰ ਸਜ਼ਾ ਹੋਈ ਤਾਂ 10 ਸਾਲ ਦੀ ਜੇਲ੍ਹ ਤੇ ਦੋਹਾਂ ਨੂੰ ਇਕ ਲੱਖ 70 ਹਜ਼ਾਰ ਡਾਲਰ ਦਾ ਜੁਰਮਾਨਾ ਭਰਨਾ ਪਏਗਾ। ਸੁਣਵਾਈ ਦੌਰਾਨ ਅਦਾਲਤ ਨੂੰ ਪਤਾ ਲੱਗਿਆ ਕਿ 30 ਤੋਂ ਵੱਧ ਪੁਰਸ਼ ਤੇ ਔਰਤਾਂ, ਜਿਨ੍ਹਾਂ ਦੇ ਜੋੜੇ ਨੇ ਵਿਆਹ ਕਰਵਾਏ ਸਨ, ਇਸਤਗਾਸਾ ਪੱਖ ਦੇ ਗਵਾਹ ਹਨ।

ਜ਼ਮਾਨਤ ਅਰਜ਼ੀ ਦਾ ਵਿਰੋਧ ਕਰਦਿਆਂ ਕਾਮਨਵੈੱਲਥ ਵਕੀਲ ਏਮੀ ਐਸਥੋਰਪ ਨੇ ਕਿਹਾ ਕਿ ਮੁਲਜ਼ਮਾਂ ਵੱਲੋਂ ਮਾਰਚ 2011 ਤੋਂ ਮਾਰਚ 2012 ਤੱਕ ਯੋਜਨਾਬੱਧ ਢੰਗ ਨਾਲ ਵਿਆਹ ਕਰਵਾਏ ਗਏ ਅਤੇ ਇਨ੍ਹਾਂ ਨਕਲੀ ਵਿਆਹਾਂ ਲਈ ਉਨ੍ਹਾਂ 10 ਹਜ਼ਾਰ ਤੋਂ 20 ਹਜ਼ਾਰ ਅਮਰੀਕੀ ਡਾਲਰ ਤੱਕ ਹਰੇਕ ਤੋਂ ਵਸੂਲੇ। ਅਦਾਲਤ ਵਿਚ ਜੋੜੇ ਖ਼ਿਲਾਫ਼ ਬੈਂਕ ਸਟੇਟਮੈਂਟਾਂ ਤੇ ਵਿਆਹ ਸਰਟੀਫਿਕੇਟ ਵੀ ਸਬੂਤ ਵਜੋਂ ਪੇਸ਼ ਕੀਤੇ ਗਏ ਹਨ।

Are You Tired Of All Treatments?
Try Homeopathic Natural Medicines (HNM)
Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
Homeopathic natural medicines supply

Gurdip Singh Sandhu
EX Member:
The California Homeopathic Society
National Center For Homeopathy- USA
Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



ਪੰਜਾਬ ਟਾਈਮਜ਼

*ਸਨਿਚਰਵਾਰ, 22 ਫਰਵਰੀ 2014*

## 'ਆਪ' ਦੀ ਸਿਦਕੀ ਸਿਆਸਤ

ਦਿੱਲੀ ਵਿਚ ਸ੍ਰੀ ਅਰਵਿੰਦ ਕੇਜਰੀਵਾਲ ਦੀ ਸਰਕਾਰ ਤਕਰੀਬਨ ਸੱਤ ਹਫਤਿਆਂ ਬਾਅਦ ਆਖਰਕਾਰ ਟੁੱਟ ਗਈ। ਇਹ ਸਭ ਪਹਿਲਾਂ ਹੀ ਤੈਅ ਸੀ। ਖੁਦ ਕੇਜਰੀਵਾਲ ਅਤੇ ਉਸ ਦੇ ਸਾਥੀਆਂ ਨੂੰ ਵੀ ਪਤਾ ਸੀ ਕਿ ਉਨ੍ਹਾਂ ਦੀ ਇਹ ਦੌੜ ਬਹੁਤੀ ਲੰਮੀ ਨਹੀਂ ਹੈ ਪਰ ਕੇਜਰੀਵਾਲ ਸਰਕਾਰ ਦੇ ਇਨ੍ਹਾਂ 49 ਦਿਨਾਂ ਦੌਰਾਨ ਜੋ ਕੁਝ ਹੋਇਆ, ਉਹ ਆਪਣੇ-ਆਪ ਵਿਚ ਇਕ ਮਿਸਾਲ ਬਣ ਗਿਆ ਹੈ ਅਤੇ ਨਾਲ ਹੀ ਆਉਣ ਵਾਲਿਆਂ ਲਈ ਰਾਹ-ਦਸੇਰਾ ਵੀ। ਪਿਛਲੇ ਕਈ ਦਹਾਕਿਆਂ ਤੋਂ ਭਾਰਤੀ ਲੋਕਤੰਤਰ ਤਿੱਖੀ ਨੁਕਤਾਚੀਨੀ ਦੀ ਮਾਰ ਹੇਠ ਹੈ ਅਤੇ ਉਥੋਂ ਦੇ ਪ੍ਰਬੰਧ ਬਾਰੇ ਅਕਸਰ ਚਰਚਾ ਛਿੜਦੀ ਰਹਿੰਦੀ ਹੈ। ਇਸ ਚਰਚਾ ਵਿਚ ਵਿਦੇਸ਼ਾਂ ਵਿਚ ਵਸਦੇ ਭਾਰਤੀਆਂ ਦਾ ਚੋਖਾ ਹਿੱਸਾ ਹੁੰਦਾ ਹੈ ਜੋ ਭਾਰਤ ਦੇ ਢਾਂਚੇ ਨੂੰ ਪੱਛਮੀ ਮੁਲਕਾਂ ਨਾਲ ਜੋੜ ਕੇ ਦੇਖਦੇ ਹਨ। ਅਜਿਹਾ ਹੋਣਾ ਸੁਭਾਵਿਕ ਵੀ ਹੈ ਕਿਉਂਕਿ ਵਿਦੇਸ਼ੀ ਵੱਸਦੇ ਭਾਰਤੀ ਜਦੋਂ ਵਤਨ ਪਰਤਦੇ ਹਨ ਤਾਂ ਉਨ੍ਹਾਂ ਨੂੰ ਜਿਨ੍ਹਾਂ ਹਾਲਾਤ ਵਿਚੋਂ ਲੰਘਣਾ ਪੈਂਦਾ ਹੈ, ਉਹ ਕਿਸੇ ਬੁਰੇ ਸੁਫਨੇ ਤੋਂ ਘੱਟ ਨਹੀਂ ਹੁੰਦਾ। ਕੇਜਰੀਵਾਲ ਨੇ ਖੜੋਤੇ ਪਾਣੀਆਂ ਵਾਂਗ ਸੜ ਰਹੇ ਉਸ ਢਾਂਚੇ ਉਤੇ ਸਿੱਧੀ ਚੋਟ ਮਾਰੀ ਜਿਹੜਾ ਆਮ ਲੋਕਾਂ ਦੀ ਸੰਘੀ ਦੱਬ ਕੇ ਬੈਠਾ ਸੀ, ਹਾਲਾਂਕਿ ਸੱਚ ਇਹ ਵੀ ਹੈ ਕਿ ਲੋਕ ਤਾਂ ਹੁਣ ਉਸ ਢਾਂਚੇ ਦੇ ਜੂਲੇ ਹੇਠੋਂ ਨਿਕਲਣ ਦੀ ਆਸ ਤੱਕ ਗੁਆ ਬੈਠੇ ਸਨ। ਕੇਜਰੀਵਾਲ ਨੇ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਲੜੀਆਂ ਤਾਂ ਸਨ, ਉਸ ਨੂੰ ਕੁਝ ਸੀਟਾਂ ਉਤੇ ਜਿੱਤ ਦੀ ਆਸ ਵੀ ਸੀ, ਪਰ ਜਿੰਨੀਆਂ ਸੀਟਾਂ ਉਸ ਦੀ ਆਮ ਆਦਮੀ ਪਾਰਟੀ (ਆਪ) ਨੇ ਜਿੱਤ ਲਈਆਂ, ਉਸ ਬਾਰੇ ਤਾਂ ਸਿਆਸੀ ਵਿਸ਼ਲੇਸ਼ਕਾਂ ਦੇ ਵੀ ਸਭ ਦਾਅਵੇ ਝੂਠੇ ਸਾਬਤ ਹੋ ਗਏ। ਇਹ ਵਿਸ਼ਲੇਸ਼ਕ 'ਆਪ' ਨੂੰ ਕਿਤੇ ਤੀਜੇ ਥਾਂ ਉਤੇ ਰੱਖ ਰਹੇ ਸਨ। ਕਿਸੇ ਨੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ ਕਿ 'ਆਪ' ਨੇ ਦਿੱਲੀ ਵਿਚ ਸਰਕਾਰ ਵੀ ਬਣਾ ਲੈਣੀ ਹੈ ਅਤੇ ਨਾਲ ਹੀ ਕਾਂਗਰਸ ਤੇ ਭਾਜਪਾ ਨੂੰ ਇੰਨਾ ਤਕੜਾ ਹਲੂਣਾ ਦੇਣਾ ਹੈ ਕਿ ਉਨ੍ਹਾਂ ਦੀ ਸੁਰਤ ਮੁੜਨ ਵਿਚ ਵੀ ਅਜੇ ਪਤਾ ਨਹੀਂ ਹੋਰ ਕਿੰਨਾ ਸਮਾਂ ਲੱਗ ਜਾਣਾ ਹੈ। ਦਿੱਲੀ ਵਿਚ ਪਿਛਲੇ ਪੰਦਰਾਂ ਸਾਲਾਂ ਤੋਂ ਸੱਤਾ ਉਤੇ ਕਾਬਜ਼ ਕਾਂਗਰਸ ਅਤੇ ਭਾਰਤ ਉਤੇ ਰਾਜ ਕਰਨ ਲਈ ਤੀਂਘੜ ਰਹੀ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਲਈ 'ਆਪ' ਦੀ ਜਿੱਤ ਇਕ ਤਰ੍ਹਾਂ ਨਾਲ ਬਰਦਾਸ਼ਤ ਤੋਂ ਬਾਹਰ ਹੀ ਸੀ। ਅਸਲ ਵਿਚ ਇਸ ਜਿੱਤ ਨੇ ਦਰਸਾ ਦਿੱਤਾ ਕਿ ਲੋਕਾਂ ਕੋਲ ਜੇ ਕੋਈ ਬਦਲ ਹੋਵੇ ਤਾਂ ਇਹ ਮੁੱਖਧਾਰਾ ਪਾਰਟੀਆਂ ਨੂੰ ਮੂੰਹ ਲਾਉਣ ਲਈ ਤਿਆਰ ਨਹੀਂ ਹਨ। ਦੇਖਦਿਆਂ ਹੀ ਦੇਖਦਿਆਂ 'ਆਪ' ਇਕ ਵਰਤਾਰਾ ਬਣ ਕੇ ਭਾਰਤੀ ਸਿਆਸਤ ਉਤੇ ਛਾ ਗਈ। 'ਆਪ' ਦੀ ਇਸ ਚੜ੍ਹਾਈ ਦਾ ਇਕੋ ਹੀ ਕਾਰਨ ਸੀ ਕਿ ਸਿਆਸੀ ਆਗੂ ਚਾਹੁਣ ਤਾਂ ਬੜਾ ਕੁਝ ਕੀਤਾ ਜਾ ਸਕਦਾ ਹੈ। ਇਹੀ ਨਹੀਂ, 'ਆਪ' ਨੇ ਤਾਂ ਹੁਣ ਆਉਣ ਵਾਲੀ ਸਿਆਸੀ ਸਰਗਰਮੀ ਲਈ ਵੀ ਪੂਰਾ ਪਿੜ ਬੰਨ੍ਹ ਦਿੱਤਾ ਹੈ। ਅੱਜ ਦੇ ਮਾਹੌਲ ਵਿਚ 'ਆਪ' ਦੀ ਇਹ ਪ੍ਰਾਪਤੀ ਕੋਈ ਘੱਟ ਨਹੀਂ ਹੈ।

ਮੋਟੇ ਰੂਪ ਵਿਚ 'ਆਪ' ਦੀ ਕੋਈ ਖਾਸ ਵਿਚਾਰਧਾਰਾ ਨਹੀਂ, ਜਥੇਬੰਦੀ ਵੀ ਕੋਈ ਖਾਸ ਨਹੀਂ; ਬਲਕਿ ਜਥੇਬੰਦਕ ਢਾਂਚਾ ਤਾਂ ਨਾ ਹੋਣ ਦੇ ਬਰਾਬਰ ਕਿਹਾ ਜਾ ਸਕਦਾ ਹੈ। ਇਸੇ ਕਰ ਕੇ ਮਾਹਿਰ ਹੁਣ ਤੱਕ ਇਹੀ ਵਿਚਾਰ ਕਰੀ ਜਾ ਰਹੇ ਹਨ ਕਿ 'ਆਪ' ਵਾਲਾ ਕ੍ਰਿਸ਼ਮਾ ਆਖਰ ਕਿਸ ਤਰ੍ਹਾਂ ਸੰਭਵ ਹੋ ਸਕਿਆ! ਕੁਝ ਸਿਆਸੀ ਮਾਹਰ 'ਆਪ' ਅਤੇ ਪੰਜਾਬ ਵਿਚ ਸ. ਮਨਪ੍ਰੀਤ ਸਿੰਘ ਬਾਦਲ ਦੀ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦੀ ਤੁਲਨਾ ਵੀ ਕਰਦੇ ਹਨ। ਪੀ.ਪੀ.ਪੀ. ਪੰਜਾਬ ਵਿਧਾਨ ਸਭਾ ਚੋਣਾਂ ਵਿਚ ਅਸਫਲ ਹੋ ਗਈ ਅਤੇ 'ਆਪ' ਨੇ ਸਿਆਸੀ ਪਿੜ ਵਿਚ ਅਜਿਹਾ ਝਾੜੂ ('ਆਪ' ਦਾ ਚੋਣ ਨਿਸ਼ਾਨ) ਫੇਰਿਆ ਕਿ ਹਾਕਮ ਪਾਰਟੀਆਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਅੱਜ ਦੀ ਤਰੀਕ ਵਿਚ ਇਹ ਹੁਣ ਸਪਸ਼ਟ ਹੈ ਕਿ 'ਆਪ' ਵਰਤਾਰਾ ਸਿਆਸਤ ਨੂੰ ਲੰਮੇ ਸਮੇਂ ਤੱਕ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦਾ ਹੈ। ਮੁੱਖ ਪਾਰਟੀਆਂ ਨੂੰ ਆਪਣੀਆਂ ਨੀਤੀਆਂ ਵਿਚ ਤਬਦੀਲੀਆਂ ਤੱਕ ਕਰਨੀਆਂ ਪੈ ਰਹੀਆਂ ਹਨ। ਇਹੀ ਉਹ ਡਗਾ ਸੀ ਜੋ ਨਗਾਰੇ ਉਤੇ ਚੋਟ ਦੀ ਮੰਗ ਬੜੇ ਲੰਮੇ ਸਮੇਂ ਤੋਂ ਕਰ ਰਿਹਾ ਸੀ ਅਤੇ ਇਹ ਮਾਣ 'ਆਪ' ਨੂੰ ਹਾਸਲ ਹੋਇਆ ਹੈ। ਭਾਰਤ ਦੀ ਸਿਆਸਤ ਵਿਚ ਇਹ ਮਾਣ ਕਿਸੇ ਵੇਲੇ ਕਮਿਊਨਿਸਟਾਂ ਨੂੰ ਮਿਲਿਆ ਸੀ ਪਰ ਭਾਰਤੀ ਕਮਿਊਨਿਸਟ ਜਿਸ ਤਰ੍ਹਾਂ ਅੱਜ ਕੱਲ੍ਹ ਨਿੱਸਲ ਹੋਏ ਪਏ ਹਨ ਅਤੇ ਸਥਾਪਤੀ ਦਾ ਹਿੱਸਾ ਬਣੇ ਹੋਏ ਹਨ, ਜਾਪਦਾ ਹੈ ਲੋਕਾਂ ਨੇ ਇਨ੍ਹਾਂ ਲੋਕਾਂ ਤੋਂ ਹੁਣ ਆਸ ਛੱਡ ਦਿੱਤੀ ਹੈ। ਉਂਜ ਵੀ ਕਮਿਊਨਿਸਟਾਂ ਦਾ ਬੰਗਾਲ ਵਾਲਾ ਤਜਰਬਾ ਆਖਰਕਾਰ ਸਥਾਪਤੀ ਪੱਖੀ ਪਾਰਟੀਆਂ ਤੋਂ ਕਿਸੇ ਵੀ ਲਿਹਾਜ਼ ਵੱਖਰਾ ਸਾਬਤ ਨਹੀਂ ਹੋਇਆ, ਸਗੋਂ ਕੁਝ ਮਾਮਲਿਆਂ ਵਿਚ ਤਾਂ ਉਥੋਂ ਦੇ ਕਮਿਊਨਿਸਟ ਸਥਾਪਤੀ ਵਾਲੀਆਂ ਪਾਰਟੀਆਂ ਤੋਂ ਵੀ ਦੋ ਕਦਮ ਅਗਾਂਹ ਲੰਘ ਗਏ। ਸ਼ਾਇਦ ਇਸੇ ਕਰ ਕੇ ਇਹ ਹੁਣ ਸਥਾਪਤੀ ਦੀਆਂ ਅੱਖਾਂ ਵਿਚ ਰੜਕਣ ਤੋਂ ਵੀ ਹਟ ਗਏ ਹਨ। ਸ਼ਾਇਦ ਇਸੇ ਕਰ ਕੇ ਖੱਬੇ-ਪੱਖੀਆਂ ਦਾ ਇਕ ਅੱਛਾ-ਖਾਸਾ ਹਿੱਸਾ 'ਆਪ' ਵੱਲ ਅਹੁਲ ਰਿਹਾ ਹੈ। ਜੇ ਕੁਝ ਹੋਰ ਨਹੀਂ ਤਾਂ 'ਆਪ' ਵਰਤਾਰੇ ਨੂੰ ਹਾਂ-ਪੱਖੀ ਨੁਕਤੇ ਤੋਂ ਵਿਚਾਰ ਰਿਹਾ ਹੈ; ਨਹੀਂ ਤਾਂ ਦੂਜੀਆਂ ਪਾਰਟੀਆਂ ਨੇ 'ਆਪ' ਦੇ ਮੱਥੇ ਉਤੇ ਅਰਾਜਕਤਾਵਾਦੀ ਹੋਣ ਦਾ ਫੱਟਾ ਟੰਗਣ ਵਿਚ ਦੇਰ ਨਹੀਂ ਲਾਈ। ਇਲੈਕਟਰੋਨਿਕ ਮੀਡੀਆ ਤਾਂ ਇਸ ਨੂੰ ਅਰਾਜਕ ਸਾਬਤ ਕਰਨ ਲਈ ਪੂਰਾ ਟਿੱਲ ਲਾ ਰਿਹਾ ਹੈ। ਇਨ੍ਹਾਂ ਵਿਰੋਧੀ ਹਾਲਾਤਾਂ ਦੇ ਬਾਵਜੂਦ 'ਆਪ' ਨੇ ਜੇ ਲੋਕਾਂ ਦੇ ਦਿਲਾਂ ਵਿਚ ਜਗ੍ਹਾ ਬਣਾਈ ਹੈ ਅਤੇ ਲੋਕਾਂ ਵਿਚ ਭ੍ਰਿਸ਼ਟ ਨਿਜ਼ਾਮ ਉਤੇ ਸੱਟ ਵੱਜਣ ਦੀ ਆਸ ਲਗਾਈ ਹੈ ਤਾਂ ਇਸ ਨੂੰ 'ਆਪ' ਦੀ ਪ੍ਰਾਪਤੀ ਹੀ ਮੰਨਣਾ ਚਾਹੀਦਾ ਹੈ। 'ਆਪ' ਆਪਣੀਆਂ ਸਭ ਕਮੀਆਂ ਅਤੇ ਕਮਜ਼ੋਰੀਆਂ ਦੇ ਬਾਵਜੂਦ ਸਿਆਸਤ ਵਿਚ ਤਾਜ਼ੀ ਹਵਾ ਦਾ ਬੁੱਲਾ ਲੈ ਕੇ ਆਈ ਹੈ। ਇਸ ਨੇ ਲੋਕਾਂ ਨੂੰ ਅੰਨ੍ਹੀ ਗਲੀ ਵਿਚੋਂ ਨਿਕਲਣ ਲਈ ਮਾੜੀ ਜਿਹੀ ਝੀਤ ਦਿਖਾਈ ਹੈ। ਇਹ ਝੀਤ ਖੁੱਲ੍ਹਾ ਦਰਵਾਜਾ ਵੀ ਬਣ ਸਕਦੀ ਹੈ। ਹੁਣ ਇਸ ਦਾ ਅਗਲਾ ਪੜਾਅ ਅਤੇ ਉਡਾਣ, ਆ ਰਹੀਆਂ ਲੋਕ ਸਭਾ ਚੋਣਾਂ ਨੇ ਤੈਅ ਕਰਨਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਅਰਜ ਪੰਜਾਬੀਆਂ ਦੀ!*

ਕਿਸੇ ਵੇਲੇ ਕਹਾਉਂਦੇ ਸੀ 'ਅੰਨ-ਦਾਤੇ' ਹੁਣ ਪੋਹ ਰਿਹਾ 'ਆਟਾ ਤੇ ਦਾਲ਼' ਸਾਨੂੰ।
ਖੂਨ ਡੋਲ੍ਹਦੇ ਆਏ ਹਾਂ ਚਿਰਾਂ ਤੋਂ ਹੀ, ਇਨਕਲਾਬ ਦੀ ਰਹੀ ਏ ਭਾਲ਼ ਸਾਨੂੰ।
ਸਾਡੀ ਅਣਖ ਸਿਆਣਪ 'ਤੇ ਫੇਰ ਪੋਚਾ, ਫਾਹ ਲੈਂਦਾ ਏ ਸਿਆਸਤ ਦਾ ਜਾਲ਼ ਸਾਨੂੰ।
ਸਿਰ 'ਤੇ ਰੱਖ ਕੇ ਗੱਪਾਂ ਦੀ ਪੰਡ ਸਾਡੇ, ਕੁਫਰ ਤੋਰਦਾ ਆਪਦੇ ਨਾਲ਼ ਸਾਨੂੰ।
ਚੰਦ ਦਿਨਾਂ ਦਾ ਦਿੱਲੀ 'ਚ ਦੇਖ ਜਲਵਾ! ਗ਼ਫਲਤ-ਨੀਂਦ 'ਚ ਆ ਗਿਆ ਖਿਆਲ ਸਾਨੂੰ।
ਕਰੀਏ ਅਸੀਂ ਅਰਦਾਸ ਪੰਜਾਬ ਵਾਸੀ, ਮਿਲ਼ੇ ਛੇਤੀ ਕੋਈ 'ਕੇਜਰੀਵਾਲ' ਸਾਨੂੰ!

# ਭਾਰਤ ਪਾਕਿਸਤਾਨ ਰਿਸ਼ਤੇ ਤੇ ਲਾਹੌਰ ਬੱਸ ਯਾਤਰਾ

***ਮੈਂ ਬੱਸ ਵਿਚ ਸਵਾਰ ਉਨ੍ਹਾਂ 22 ਮੁੱਖ ਵਿਅਕਤੀਆਂ ਵਿਚ ਸ਼ਾਮਿਲ ਸਾਂ ਜੋ ਮੈਲੇ ਹੋ ਗਏ ਰਿਸ਼ਤਿਆਂ ਨੂੰ ਮੁੜ ਚੰਗਾ ਬਣਾਉਣ ਦਾ ਮਿਸ਼ਨ ਲੈ ਕੇ ਪਾਕਿਸਤਾਨ ਦੀ ਯਾਤਰਾ ਕਰ ਰਹੇ ਸਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅੰਮ੍ਰਿਤਸਰ ਹਵਾਈ ਅੱਡੇ ਤੋਂ ਸਾਡੇ ਨਾਲ ਸ਼ਾਮਿਲ ਹੋ ਗਏ ਸਨ। ਉਨ੍ਹਾਂ ਨੇ ਮੈਨੂੰ ਗਲਵਕੜੀ ਪਾਈ ਅਤੇ ਕਿਹਾ, ਤੁਹਾਡੇ ਯਤਨਾਂ ਨੇ ਫਲ ਦੇਣਾ ਸ਼ੁਰੂ ਕਰ ਦਿੱਤਾ ਹੈ। ਯਕੀਨੀ ਤੌਰ 'ਤੇ ਉਹ ਸਰਹੱਦ ਦੇ ਉਸ ਪਾਰ ਲੋਕਾਂ ਨੂੰ ਦੋਸਤੀ ਦਾ ਸੰਦੇਸ਼ ਦੇਣ ਲਈ 1996 ਤੋਂ ਵਾਹਗਾ ਸਰਹੱਦ 'ਤੇ ਮੋਮਬੱਤੀਆਂ ਜਗਾਉਣ ਦੇ ਸਾਡੇ ਯਤਨ ਦੀ ਚਰਚਾ ਕਰ ਰਹੇ ਸਨ। ਬੱਸ 'ਤੇ ਭਾਰਤ ਅਤੇ ਪਾਕਿਸਤਾਨ ਦੇ ਝੰਡਿਆਂ ਦੀ ਤਸਵੀਰ ਲੱਗੀ ਹੋਈ ਸੀ। ਰੱਬ ਦਾ ਸ਼ੁਕਰ ਹੈ ਕਿ ਇਸ 'ਤੇ ਕੋਈ ਨਾਅਰਾ ਨਹੀਂ ਸੀ ਲਿਖਿਆ ਜੋ ਦੁਪਹਿਰ ਦੀ ਧੁੱਪ ਵਿਚ ਚਮਕ ਰਹੇ ਨੀਲੇ ਰੰਗ ਨੂੰ ਖਰਾਬ ਕਰ ਦਿੰਦਾ।***

ਪੰਦਰਾਂ ਸਾਲ ਪਹਿਲਾਂ ਫਰਵਰੀ 1999 ਵਿਚ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਪਾਕਿਸਤਾਨ ਨਾਲ ਰਿਸ਼ਤੇ ਸੁਧਾਰਨ ਲਈ ਲਾਹੌਰ ਬੱਸ ਲੈ ਕੇ ਗਏ ਸਨ। ਨਵਾਜ਼ ਸ਼ਰੀਫ਼ ਉਦੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸਨ। ਦੋਵਾਂ ਨੇ ਸਾਂਝੇ ਤੌਰ 'ਤੇ ਲਾਹੌਰ ਐਲਾਨਨਾਮਾ ਜਾਰੀ ਕੀਤਾ ਸੀ ਜਿਸ ਵਿਚ ਦੋਵਾਂ ਦੇਸ਼ਾਂ ਵਿਚਕਾਰ

ਕੁਲਦੀਪ ਨਈਅਰ

ਮਤਭੇਦ ਘਟਾਉਣ ਦੀ ਰੂਪ-ਰੇਖਾ ਦਿੱਤੀ ਗਈ ਸੀ। ਉਸ ਬੱਸ ਵਿਚ ਸਵਾਰ ਲੋਕਾਂ ਵਿਚੋਂ ਇਕ ਮੈਂ ਵੀ ਸਾਂ। ਇਹ ਉਮੀਦਾਂ ਨਾਲ ਭਰਿਆ ਉਤਸ਼ਾਹਜਨਕ ਤਜਰਬਾ ਸੀ। ਘੱਟ ਤੋਂ ਘੱਟ ਮੈਨੂੰ ਇਹੀ ਲੱਗਾ ਕਿ ਨਵੀਂ ਦਿੱਲੀ ਅਤੇ ਇਸਲਾਮਾਬਾਦ ਨੂੰ ਨੇੜੇ ਲਿਆਉਣ ਲਈ ਅਟਾਰੀ ਅਤੇ ਵਾਹਗਾ ਸਰਹੱਦ ਵਿਚਕਾਰ ਕੁਝ ਕਿਲੋਮੀਟਰਾਂ ਦੀ ਯਾਤਰਾ ਲੰਮੀ ਨਹੀਂ ਹੋਵੇਗੀ ਪਰ ਬਦਕਿਸਮਤੀ ਨਾਲ ਅਜਿਹਾ ਹੋਇਆ ਨਹੀਂ। ਇਸ ਦਾ ਕਾਰਨ ਇਹ ਨਹੀਂ ਸੀ ਕਿ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਵਿਚਕਾਰ ਮਤਭੇਦ ਸਨ ਸਗੋਂ ਪਾਕਿਸਤਾਨ ਦੀ ਫ਼ੌਜ ਕਿਸੇ ਤਰ੍ਹਾਂ ਦੀ ਸੁਲਹ ਦੇ ਖਿਲਾਫ਼ ਸੀ। ਇਹ ਉਦੋਂ ਹੀ ਜ਼ਾਹਰ ਹੋ ਗਿਆ ਸੀ, ਜਦੋਂ ਪਾਕਿਸਤਾਨੀ ਫ਼ੌਜ ਦੇ ਤਿੰਨਾਂ ਅੰਗਾਂ ਦੇ ਮੁਖੀਆਂ ਨੇ ਭਾਰਤੀ ਪ੍ਰਧਾਨ ਮੰਤਰੀ ਨੂੰ ਸਲਾਮੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਜਨਰਲ ਪਰਵੇਜ਼ ਮੁਸ਼ੱਰਫ ਜੋ ਉਦੋਂ ਫ਼ੌਜ ਦੇ ਮੁਖੀ ਸਨ, ਵੱਖਰੀ ਤਰ੍ਹਾਂ ਦੇ ਵਿਚਾਰ ਰੱਖਦੇ ਸਨ। ਬਾਅਦ ਵਿਚ, ਚੁਣੇ ਗਏ ਪ੍ਰਧਾਨ ਮੰਤਰੀ ਖਿਲਾਫ਼ ਫ਼ੌਜੀ ਰਾਜ ਪਲਟਾ ਕੀਤੇ ਜਾਣ ਤੋਂ ਉਨ੍ਹਾਂ ਦੀਆਂ ਖਾਹਿਸ਼ਾਂ ਸਾਹਮਣੇ ਆ ਗਈਆਂ ਸਨ।

ਬੱਸ ਯਾਤਰਾ ਸ੍ਰੀ ਵਾਜਪਾਈ ਵੱਲੋਂ ਬੜਾ ਦਲੇਰੀ ਭਰਿਆ ਕਦਮ ਸੀ, ਕਿਉਂਕਿ ਉਨ੍ਹਾਂ ਦੀ ਭਾਰਤੀ ਜਨਤਾ ਪਾਰਟੀ, ਪਾਕਿਸਤਾਨ ਵਿਰੋਧੀ ਸੀ ਅਤੇ ਉਸ ਦਾ ਇਕੋ-ਇਕ ਏਜੰਡਾ ਹਿੰਦੂ ਰਾਸ਼ਟਰਵਾਦ ਸੀ। ਵਾਜਪਾਈ ਕਸ਼ਮੀਰ ਸਮੱਸਿਆ ਦੇ ਹੱਲ ਲਈ ਇਕ ਸਮਾਂ-ਸੀਮਾ ਤੈਅ ਕਰਨ ਦੀ ਹੱਦ ਤੱਕ ਗਏ। ਉਨ੍ਹਾਂ ਦੇ ਦਿਮਾਗ ਵਿਚ ਉਹੀ ਗੱਲ ਸੀ ਜੋ ਜ਼ੁਲਫਿਕਾਰ ਅਲੀ ਭੁੱਟੋ ਨੇ ਮੈਨੂੰ ਬੰਗਲਾਦੇਸ਼ ਯੁੱਧ ਤੋਂ ਬਾਅਦ ਇੰਟਰਵਿਊ ਵਿਚ ਕਹੀ ਸੀ। ਇਹ ਇੰਟਰਵਿਊ ਰਿਕਾਰਡ ਹੋਈ ਸੀ। ਭੁੱਟੋ ਉਦੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸਨ। ਉਨ੍ਹਾਂ ਨੇ ਕਿਹਾ, "ਅਸੀਂ ਜੰਗਬੰਦੀ ਦੀ ਰੇਖਾ ਨੂੰ ਸ਼ਾਂਤੀ ਦੀ ਰੇਖਾ ਵਿਚ ਬਦਲ ਸਕਦੇ ਹਾਂ, ਦੋਵਾਂ ਕਸ਼ਮੀਰਾਂ ਦੇ ਲੋਕਾਂ ਨੂੰ ਇਧਰ-ਉਧਰ ਆਉਣ-ਜਾਣ ਦੇਈਏ। ਆਖਰ ਉਨ੍ਹਾਂ ਨੂੰ ਕਿਉਂ ਤੰਗ ਹੋਣਾ ਪਵੇ? ਉਨ੍ਹਾਂ ਵਿਚਕਾਰ ਖੁੱਲ੍ਹੀ ਆਵਾਜਾਈ ਹੋਣ ਦੇਈਏ, ਫਿਰ ਇਕ ਗੱਲ ਤੋਂ ਦੂਜੀ ਗੱਲ ਅੱਗੇ ਤੁਰੇਗੀ। ਆਖਰਕਾਰ ਇਸ ਦੇ ਨਾਲ-ਨਾਲ ਹੀ ਅਸੀਂ ਉਮੀਦ ਕਰਦੇ ਹਾਂ ਕਿ ਅਧਿਕਾਰੀਆਂ ਅਤੇ ਗ਼ੈਰ-ਅਧਿਕਾਰੀਆਂ ਦੀਆਂ ਯਾਤਰਾਵਾਂ ਦਾ ਆਦਾਨ-ਪ੍ਰਦਾਨ ਹੋਵੇਗਾ।" ਨਵੀਂ ਦਿੱਲੀ ਨੇ ਜਦੋਂ ਇਹ ਮੁੱਦਾ ਉਠਾਇਆ ਤਾਂ ਭੁੱਟੋ ਨੇ ਇਸ ਗੱਲ ਤੋਂ ਇਨਕਾਰ ਕਰ ਦਿੱਤਾ ਕਿ ਉਨ੍ਹਾਂ ਨੇ 'ਸ਼ਾਂਤੀ ਦੀ ਰੇਖਾ' ਵਾਲੀ ਗੱਲ ਕਹੀ ਸੀ।

ਮੈਂ ਚਾਹੁੰਦਾ ਹਾਂ ਕਿ ਵਪਾਰ ਅਤੇ ਯਾਤਰਾ ਨੂੰ ਆਮ ਵਰਗੇ ਕਰਨ ਲਈ ਲਾਹੌਰ ਐਲਾਨਨਾਮੇ ਨੂੰ ਅਮਲ ਵਿਚ ਲਿਆਂਦਾ ਜਾਵੇ। ਦੋਵਾਂ ਪ੍ਰਧਾਨ ਮੰਤਰੀਆਂ ਨੇ ਜੋ ਕੁਝ ਹਾਸਲ ਕੀਤਾ, ਹੋ ਸਕਦਾ ਹੈ, ਉਹ ਠੋਸ ਰੂਪ ਵਿਚ ਕਾਫੀ ਨਜ਼ਰ ਨਾ ਆਵੇ, ਖਾਸ ਕਰ ਕੇ ਉਦੋਂ ਜਦੋਂ ਪਾਕਿਸਤਾਨ ਹਰ ਚੀਜ਼ ਕਸ਼ਮੀਰ ਨੂੰ ਧਿਆਨ ਵਿਚ ਰੱਖ ਕੇ ਵੇਖਦਾ ਹੈ। ਵਾਜਪਾਈ ਨੇ ਵੀ ਆਪਣੀ ਲਾਹੌਰ ਯਾਤਰਾ ਦੌਰਾਨ ਘੱਟੋ-ਘੱਟ ਤਿੰਨ ਵਾਰ ਦੁਹਰਾਇਆ ਸੀ ਕਿ ਜੰਮੂ ਅਤੇ ਕਸ਼ਮੀਰ ਦੀ ਸਮੱਸਿਆ ਨੂੰ ਸੁਲਝਾਉਣਾ ਬਾਕੀ ਹੈ ਅਤੇ ਦੋਵੇਂ ਧਿਰਾਂ ਇਸ 'ਤੇ ਉਦੋਂ ਤੱਕ ਗੱਲਬਾਤ ਕਰਦੀਆਂ ਰਹਿਣਗੀਆਂ ਜਦੋਂ ਤੱਕ ਇਹ ਸੁਲਝ ਨਾ ਜਾਵੇ। ਦੂਜੇ ਸ਼ਬਦਾਂ ਵਿਚ ਵਾਜਪਾਈ ਨੇ ਕਸ਼ਮੀਰ ਦੇ ਵਿਵਾਦ ਨੂੰ ਸਵੀਕਾਰ ਕੀਤਾ ਸੀ। ਇਹ ਵੀ ਤੱਥ ਹੈ ਕਿ ਵਾਜਪਾਈ ਨੇ ਆਪਣੀ ਯਾਤਰਾ ਦੌਰਾਨ ਇਸ ਗੱਲ ਦਾ ਜ਼ਿਕਰ ਨਹੀਂ ਕੀਤਾ ਸੀ ਕਿ ਕਸ਼ਮੀਰ ਭਾਰਤ ਦਾ ਅਨਿਖੱੜਵਾਂ ਅੰਗ ਹੈ। ਇਸ ਗੱਲ 'ਤੇ ਪਾਕਿਸਤਾਨ ਵੱਲੋਂ ਧਿਆਨ ਦਿੱਤਾ ਜਾਣਾ ਚਾਹੀਦਾ ਸੀ।

ਫਿਰ ਬੱਸ ਯਾਤਰਾ ਵੱਲ ਪਰਤੀਏ। ਮੈਂ ਬੱਸ ਵਿਚ ਸਵਾਰ ਉਨ੍ਹਾਂ 22 ਮੁੱਖ ਵਿਅਕਤੀਆਂ ਵਿਚ ਸ਼ਾਮਿਲ ਸਾਂ ਜੋ ਮੈਲੇ ਹੋ ਗਏ ਰਿਸ਼ਤਿਆਂ ਨੂੰ ਮੁੜ ਚੰਗਾ ਬਣਾਉਣ ਦਾ ਮਿਸ਼ਨ ਲੈ ਕੇ ਪਾਕਿਸਤਾਨ ਦੀ ਯਾਤਰਾ ਕਰ ਰਹੇ ਸਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅੰਮ੍ਰਿਤਸਰ ਹਵਾਈ ਅੱਡੇ

***ਬੱਸ ਲਾਹੌਰ ਦੀ ਯਾਤਰਾ 'ਤੇ ਨਿਕਲ ਪਈ। ਟਿਕਟ ਕੰਡਕਟਰ ਨੇ ਪਹਿਲਾਂ ਇਕ ਟਿਕਟ ਦਿੱਤੀ ਅਤੇ ਫਿਰ ਉਸ ਦਾ ਅੱਧਾ ਹਿੱਸਾ ਪਾੜ ਲਿਆ। ਇਹ ਮੈਂ ਨਿਸ਼ਾਨੀ ਵਜੋਂ ਰੱਖੀ ਹੋਈ ਹੈ। ... ਧੁਰ ਸਰਹੱਦ ਤੱਕ ਰਸਤੇ ਵਿਚ ਲੋਕ ਕਤਾਰ ਬੰਨ੍ਹੀ ਖੜ੍ਹੇ ਸਨ। ਪੀਲੇ ਝੰਡੇ ਲਹਿਰਾ ਰਹੇ ਸਨ। ਜ਼ੋਰ-ਜ਼ੋਰ ਨਾਲ ਵਜ ਰਹੇ ਬੈਂਡ ਉਸ ਉਤਸ਼ਾਹ ਨੂੰ ਦਰਸਾ ਰਹੇ ਸਨ।***

ਤੋਂ ਸਾਡੇ ਨਾਲ ਸ਼ਾਮਿਲ ਹੋ ਗਏ ਸਨ। ਉਨ੍ਹਾਂ ਨੇ ਮੈਨੂੰ ਗਲਵਕੜੀ ਪਾਈ ਅਤੇ ਕਿਹਾ ਤੁਹਾਡੇ ਯਤਨਾਂ ਨੇ ਫਲ ਦੇਣਾ ਸ਼ੁਰੂ ਕਰ ਦਿੱਤਾ ਹੈ। ਯਕੀਨੀ ਤੌਰ 'ਤੇ ਉਹ ਸਰਹੱਦ ਦੇ ਉਸ ਪਾਰ ਲੋਕਾਂ ਨੂੰ ਦੋਸਤੀ ਦਾ ਸੰਦੇਸ਼ ਦੇਣ ਲਈ 1996 ਤੋਂ ਵਾਹਗਾ ਸਰਹੱਦ 'ਤੇ ਮੋਮਬੱਤੀਆਂ ਜਗਾਉਣ ਦੇ ਸਾਡੇ ਯਤਨ ਦੀ ਚਰਚਾ ਕਰ ਰਹੇ ਸਨ। ਬਾਦਲ ਉਨ੍ਹਾਂ ਕੱਦ ਵਾਲੇ ਸਿੱਖਾਂ ਦੀ ਭੀੜ ਵਿਚ ਗੁੰਮ ਹੋ ਗਏ ਜੋ ਵਾਜਪਾਈ ਦੇ ਇੰਤਜ਼ਾਰ ਵਿਚ ਖੜ੍ਹੇ ਸਨ ਪਰ ਸਾਡੇ ਵਿਚੋਂ ਕੁਝ ਲੋਕ ਪਾਸੇ 'ਤੇ ਖੜ੍ਹੀ ਇਕੱਲੀ ਬੱਸ ਵੱਲ ਵਧ ਗਏ। ਬੱਸ 'ਤੇ ਭਾਰਤ ਅਤੇ ਪਾਕਿਸਤਾਨ ਦੇ ਝੰਡਿਆਂ ਦੀ ਤਸਵੀਰ ਲੱਗੀ ਹੋਈ ਸੀ। ਰੱਬ ਦਾ ਸ਼ੁਕਰ ਹੈ ਕਿ ਇਸ 'ਤੇ ਕੋਈ ਨਾਅਰਾ ਨਹੀਂ ਸੀ ਲਿਖਿਆ ਜੋ ਦੁਪਹਿਰ ਦੀ ਧੁੱਪ ਵਿਚ ਚਮਕ ਰਹੇ ਨੀਲੇ ਰੰਗ ਨੂੰ ਖਰਾਬ ਕਰ ਦਿੰਦਾ। ਰੰਗ-ਬਿਰੰਗੇ ਪਹਿਰਾਵਿਆਂ ਵਿਚ ਸਜੇ ਨੱਚਦੇ-ਗਾਉਂਦੇ ਲੋਕਾਂ ਦੇ ਸਮੂਹ ਨੇ ਦਿਲਖਿੱਚਵਾਂ ਦ੍ਰਿਸ਼ ਬਣਾਇਆ ਹੋਇਆ ਸੀ। ਪੁਲਿਸ ਦੇ ਜਵਾਨ ਵਧੇਰੇ ਗਿਣਤੀ ਵਿਚ ਨਹੀਂ ਸਨ ਪਰ ਉਨ੍ਹਾਂ ਦੀ ਮੌਜੂਦਗੀ ਉਸ ਮਾਹੌਲ ਵਿਚ ਫਿੱਟ ਨਹੀਂ ਸੀ ਬੈਠ ਰਹੀ।

ਜਿਵੇਂ ਹੀ ਵਾਜਪਾਈ ਅੱਗੇ ਵਾਲੀ ਸੀਟ 'ਤੇ ਬੈਠੇ, ਬੱਸ ਲਾਹੌਰ ਦੀ ਯਾਤਰਾ 'ਤੇ ਨਿਕਲ ਪਈ। ਟਿਕਟ ਕੰਡਕਟਰ ਨੇ ਪਹਿਲਾਂ ਇਕ ਟਿਕਟ ਦਿੱਤੀ ਅਤੇ ਫਿਰ ਉਸ ਦਾ ਅੱਧਾ ਹਿੱਸਾ ਪਾੜ ਲਿਆ। ਇਹ ਮੈਂ ਨਿਸ਼ਾਨੀ ਵਜੋਂ ਰੱਖੀ ਹੋਈ ਹੈ। ਦੂਜੇ ਸਹਾਇਕ ਨੇ ਕੋਲਡ ਡਰਿੰਕ ਲਿਆ ਕੇ ਦਿੱਤਾ। ਟੈਲੀਵਿਜ਼ਨ ਅਤੇ ਮੋਬਾਈਲ ਫੋਨ ਦੀ ਸੇਵਾ ਵੀ ਮੁਹੱਈਆ ਸੀ ਜੋ ਨਿਯਮਿਤ ਯਾਤਰਾਵਾਂ ਦੌਰਾਨ ਰਹਿੰਦੀ ਹੋਵੇਗੀ। ਧੁਰ ਸਰਹੱਦ ਤੱਕ ਰਸਤੇ ਵਿਚ ਲੋਕ ਕਤਾਰ ਬੰਨ੍ਹੀ ਖੜ੍ਹੇ ਸਨ। ਪੀਲੇ ਝੰਡੇ ਲਹਿਰਾ ਰਹੇ ਸਨ। ਜ਼ੋਰ-ਜ਼ੋਰ ਨਾਲ ਵਜ ਰਹੇ ਬੈਂਡ ਉਸ ਉਤਸ਼ਾਹ ਨੂੰ ਦਰਸਾ ਰਹੇ ਸਨ ਜੋ ਭਾਰਤ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਦੀ ਬੈਠਕ ਨੇ ਪੈਦਾ ਕੀਤਾ ਸੀ। ਬੱਸ ਵਿਚ ਲੋਕਾਂ ਦਾ ਮੂਡ ਸਹਿਜ ਸੀ ਪਰ ਬਹੁਤ ਘੱਟ ਜਣੇ ਆਪਸ ਵਿਚ ਗੱਲਬਾਤ ਕਰ ਰਹੇ ਸਨ। ਇਹ ਉਤਸੁਕਤਾ ਹਵਾ ਵਿਚ ਤੈਰ ਰਹੀ ਸੀ ਕਿ ਅੱਗੇ ਕੀ ਹੋਵੇਗਾ? ਹਰ ਕਿਲੋਮੀਟਰ 'ਤੇ ਲੱਗੇ ਪੱਥਰਾਂ ਦੇ ਗੁਜ਼ਰਨ ਨਾਲ ਹੀ ਤਣਾਅ ਵੀ ਵਧਦਾ ਜਾ ਰਿਹਾ ਸੀ। ਯਾਤਰਾ ਕਿਹੋ ਜਿਹੀ ਰਹੇਗੀ, ਇਹ ਵਿਚਾਰ ਸਾਰਿਆਂ ਦੇ ਮੱਥੇ 'ਤੇ ਸਪੱਸ਼ਟ ਸੀ। ਫਿਰ ਵੀ ਉਨ੍ਹਾਂ ਨੂੰ ਅਹਿਸਾਸ ਸੀ ਕਿ ਉਹ ਇਤਿਹਾਸ ਬਣਾ ਰਹੇ ਹਨ। 'ਇਹ ਬੜਾ ਹੌਸਲੇ ਭਰਿਆ ਕਦਮ ਹੈ', ਮੈਂ ਟਿੱਪਣੀ ਕੀਤੀ ਜਦੋਂ ਮੈਂ ਥੋੜ੍ਹੀ ਦੇਰ ਲਈ ਪ੍ਰਧਾਨ ਮੰਤਰੀ ਦੇ ਨੇੜੇ ਬੈਠਾ। ਉਹ ਸਿਰਫ ਮੁਸਕਰਾਏ। ਮੈਂ ਆਪਣੇ ਸਵਾਲ ਜਾਰੀ ਰੱਖੇ ਕਿ ਨਵਾਜ਼ ਸ਼ਰੀਫ਼ ਦੀ ਬਿਨਾਂ ਸੋਚੀ-ਸਮਝੀ ਟਿੱਪਣੀ ਦੇ ਜਵਾਬ ਵਿਚ ਤੁਸੀਂ ਇਹ ਕਦਮ ਕਿਉਂ ਉਠਾਇਆ? ਤੁਹਾਡੀ ਆਪਣੀ ਪਾਰਟੀ ਭਾਜਪਾ ਦੀ ਕੀ ਰਾਇ ਹੈ? ਉਨ੍ਹਾਂ ਨੇ ਕਿਹਾ, 'ਮੈਂ ਸੋਚਿਆ ਕੁਝ ਅਜਿਹਾ ਕਰਾਂ ਕਿ ਮੈਨੂੰ ਯਾਦ ਰੱਖਿਆ ਜਾਵੇ। ਆਖਰ ਪ੍ਰਧਾਨ ਮੰਤਰੀ ਦਾ ਅਹੁਦਾ ਲੰਮੇ ਸਮੇਂ ਤੱਕ ਨਹੀਂ ਰਹਿੰਦਾ।' ਫਿਰ ਉਨ੍ਹਾਂ ਨੇ ਰਾਜੌਰੀ ਵਿਚ ਹਿੰਦੂਆਂ ਦੇ ਮਾਰੇ ਜਾਣ ਦੀ ਚਰਚਾ ਕੀਤੀ। ਉਹ ਇਸ ਤੋਂ ਪ੍ਰੇਸ਼ਾਨ ਸਨ। 'ਕੁਝ ਤੱਤ ਗੱਲਬਾਤ ਨੂੰ ਵਿਗਾੜਨ ਲਈ ਹਮੇਸ਼ਾ ਅਜਿਹਾ ਕਰਦੇ ਹਨ।' ਮੈਂ ਉਨ੍ਹਾਂ ਨਾਲ ਅੱਗੇ ਗੱਲਬਾਤ ਕਰਨੀ ਚਾਹੀ ਪਰ ਗੱਲਬਾਤ ਕਰਨ ਵਾਲਿਆਂ ਦੀ ਕਤਾਰ ਲੰਮੀ ਸੀ।

ਆਮ ਤੌਰ 'ਤੇ ਦਿੱਤਾ ਜਾਣ ਵਾਲਾ ਗਾਰਡ ਆਫ ਆਨਰ ਹੋਇਆ। ਪੁਲਿਸ ਜਵਾਨਾਂ ਦੀ ਇਕ ਵੱਡੀ ਗਾਰਦ ਉਸ ਪਾਰ ਖੜ੍ਹੀ ਸੀ। ਗਾਰਡ ਆਫ ਆਨਰ ਅਜਿਹੀ ਰਵਾਇਤ ਹੈ ਜੋ ਅੰਗਰੇਜ਼ਾਂ ਦੇ ਜਾਣ ਤੋਂ 66 ਸਾਲ ਬਾਅਦ ਵੀ ਦੁਹਰਾਈ ਜਾਂਦੀ ਹੈ। ਪਾਕਿਸਤਾਨੀ ਰੇਂਜਰ ਪੰਕਤੀ ਦਰ ਪੰਕਤੀ ਸਾਵਧਾਨ ਦੀ ਮੁਦਰਾ ਵਿਚ ਖੜ੍ਹੇ ਸਨ। ਇਕ ਖਾਮੋਸ਼ੀ ਸੀ ਅਤੇ ਮਾਹੌਲ ਭਾਰੀ ਸੀ। ਨਵਾਜ਼ ਸ਼ਰੀਫ਼ ਨੇ ਮੁਸਕਰਾਉਂਦੇ ਚਿਹਰੇ ਨਾਲ ਇਹ ਉਕਤਾਹਟ ਤੋੜੀ। ਉਨ੍ਹਾਂ ਦੇ ਕੁਝ ਸਹਿਯੋਗੀਆਂ ਨੇ ਅਚਕਨ ਪਹਿਨੀ ਹੋਈ ਸੀ। ਇਹ ਵੀ ਰਾਹਤ ਵਾਲੀ ਗੱਲ ਸੀ। 'ਪਾਕਿਸਤਾਨ ਵਿਚ ਖੁਸ਼ਾਮਦੀਦ' ਨਵਾਜ਼ ਸ਼ਰੀਫ਼ ਦੇ ਪਹਿਲੇ ਸ਼ਬਦ ਸਨ ਜੋ ਉਨ੍ਹਾਂ ਨੇ ਵਾਜਪਾਈ ਨੂੰ ਗਲੇ ਮਿਲਣ ਤੋਂ ਬਾਅਦ ਕਹੇ। ਪਾਕਿਸਤਾਨ ਦੇ ਮੰਤਰੀ ਵੀ ਵਾਜਪਾਈ ਨਾਲ ਹੱਥ ਮਿਲਾਉਣ ਲਈ ਕਤਾਰ ਵਿਚ ਖੜ੍ਹੇ ਸਨ। ਲਾਹੌਰ ਜਾਣ ਵਾਲੀ ਸੜਕ ਦੇ ਦੋਵੇਂ ਪਾਸੇ ਲੋਕ ਖਲੋਤੇ ਹੋਏ ਸਨ। ਔਰਤਾਂ ਬਿਨਾਂ ਬੁਰਕੇ ਤੋਂ ਖੜ੍ਹੀਆਂ ਸਨ ਅਤੇ ਸਾਡੇ ਵੱਲ ਦੋਸਤੀ ਦੇ ਅਨੇਕਾਂ ਹੱਥ ਹਿਲ ਰਹੇ ਸਨ।

ਮੇਰੀ ਕਾਮਨਾ ਹੈ ਕਿ ਉਨ੍ਹਾਂ ਦੀਆਂ ਉਮੀਦਾਂ ਪੂਰੀਆਂ ਹੋਣ। ਜਦੋਂ ਦੋ ਪ੍ਰਧਾਨ ਮੰਤਰੀਆਂ ਦੀ ਮੁਲਾਕਾਤ ਹੋਈ ਤਾਂ ਮੈਂ ਸੋਚਿਆ ਸੀ ਕਿ ਦੋਵਾਂ ਦੇਸ਼ਾਂ ਵਿਚਕਾਰਲੀ ਖੜੋਤ ਖ਼ਤਮ ਹੋ ਜਾਵੇਗੀ ਪਰ ਬਹੁਤ ਸਾਰੇ ਨਿਹਿਤ ਸਵਾਰਥ ਅਤੇ ਅਦ੍ਰਿਸ਼ ਤੱਤ ਰਾਹ ਵਿਚ ਆ ਗਏ। ਬਿਨਾਂ ਸ਼ੱਕ ਦੋਵਾਂ ਦੀ ਬੱਸ ਖੁੰਝ ਗਈ।

# ਹਿੰਦੂ ਫਾਸਿਸਟਾਂ ਅੱਗੇ ਝੁਕ ਗਈ ਪੈਂਗੁਇਨ

## ਵੈਂਡੀ ਡੌਨੀਜਰ ਦੀ ਕਿਤਾਬ ਵਾਪਸ ਲੈਣ ਖਿਲਾਫ ਉਠੀ ਰੋਹ ਦੀ ਲਹਿਰ

***ਡਾ. ਡੌਨੀਜਰ ਨੇ ਲਿੰਗ, ਕਾਮੁਕਤਾ ਅਤੇ ਧਰਮ ਦੇ ਮੁੱਦਿਆਂ ਨੂੰ ਮਨੋਵਿਸ਼ਲੇਸ਼ਣੀ ਢੰਗਾਂ ਨਾਲ ਮੁਖ਼ਾਤਬ ਹੋ ਕੇ ਖ਼ੁਦ ਨੂੰ ਵਿਚਾਰ-ਉਤੇਜਿਤ ਵਿਦਵਾਨ ਦੇ ਤੌਰ 'ਤੇ ਸਥਾਪਤ ਕੀਤਾ ਹੈ। ਉਨ੍ਹਾਂ ਦੀਆਂ ਲਿਖ਼ਤਾਂ ਹਿੰਦੂ ਰਾਸ਼ਟਰਵਾਦੀਆਂ ਅਤੇ ਕੱਟੜਵਾਦੀਆਂ, ਦੋਵਾਂ ਲਈ ਬਲਦੀ ਸੀਖ ਦਾ ਕੰਮ ਕਰਦੀਆਂ ਰਹੀਆਂ ਹਨ। ਉਨ੍ਹਾਂ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਹਨ ਜੋ ਹਿੰਦੂ ਧਰਮ ਦੀ ਇਕ-ਸਾਰ ਅਤੇ ਇਕ-ਸੁਰ ਰਵਾਇਤ ਦੀ ਪੇਸ਼ਕਾਰੀ ਦੀ ਫੱਟੀ ਪੋਚ ਕੇ ਰੱਖ ਦਿੰਦੀਆਂ ਹਨ। ਉਨ੍ਹਾਂ ਦੀਆਂ ਪਹਿਲੀਆਂ ਕਿਤਾਬਾਂ ਵਿਚੋਂ ਇਕ 'ਵਿਮੈਨ, ਐਂਡਰੋਜ਼ਾਇਨਜ਼ ਐਂਡ ਅਦਰ ਮਿਥੀਕਲ ਬੀਸਟਜ਼' (1980) ਵਿਚ ਡਾ. ਡੌਨੀਜਰ ਨੇ ਆਪਣਾ ਸੰਸਕ੍ਰਿਤ ਵਿਦਵਾਨ ਦੇ ਤੌਰ 'ਤੇ ਲੋਹਾ ਮਨਵਾਇਆ ਸੀ ਅਤੇ ਸੰਸਕ੍ਰਿਤ ਲਿਖਤਾਂ ਦੀ ਆਪਣੀ ਸੂਝ-ਬੂਝ ਨੂੰ ਚੁਣੌਤੀਪੂਰਨ ਅਤੇ ਮੌਲਿਕ ਤਰੀਕੇ ਨਾਲ ਇਸਤੇਮਾਲ ਕੀਤਾ ਸੀ। ਉਹ ਸਭਿਆਚਾਰਕ ਦੀਆਂ ਪਰਤਾਂ ਖੋਲ੍ਹਣ ਲਈ ਆਪਣੇ ਵਿਸ਼ਲੇਸ਼ਣ ਵਿਚ ਵੱਖ-ਵੱਖ ਸਰੋਤਾਂ ਦੀ ਵਰਤੋਂ ਨੂੰ ਵਾਜਬ ਠਹਿਰਾਉਂਦੀ ਹੋਈ ਕਹਿੰਦੀ ਹੈ ਕਿ ਸਭਿਆਚਾਰ ਬਹੁਤ ਹੀ ਗਤੀਸ਼ੀਲ, ਬਹੁ-ਆਕਾਰੀ ਅਤੇ ਸੰਭਾਵੀ ਸ਼ੈਅ ਹੁੰਦਾ ਹੈ। ਡਾ. ਡੌਨੀਜਰ ਦੀਆਂ ਕਿਰਤਾਂ ਸਿਆਹਫਾਮ ਬਰਤਾਨਵੀ ਵਿਦਵਾਨ ਸਟੂਅਰਟ ਹਾਲ ਦੀ ਵਿਲੱਖਣਤਾ ਤੇ ਵਿਦਵਤਾ ਦੀ ਯਾਦ ਦਿਵਾਉਂਦੀਆਂ ਹਨ।***

ਪੈਂਗੁਇਨ ਬੁਕਸ ਇੰਡੀਆ ਵੱਲੋਂ ਸ਼ਿਕਾਗੋ ਯੂਨੀਵਰਸਿਟੀ ਦੀ ਧਰਮਸ਼ਾਸਤਰੀ ਪ੍ਰੋ. ਵੈਂਡੀ ਡੌਨੀਜਰ ਦੀ ਕਿਤਾਬ 'ਦਿ ਹਿੰਦੂਜ਼: ਐਨ ਅਲਟਰਨੇਟਿਵ ਹਿਸਟਰੀ' (2009) ਵਾਪਸ ਲੈਣ ਅਤੇ ਇਸ ਦੀਆਂ ਮੌਜੂਦਾ ਕਾਪੀਆਂ ਨੂੰ ਡੇਢ ਮਹੀਨਿਆਂ ਵਿਚ ਨਸ਼ਟ ਕਰਨ ਦੀ ਦਿੱਤੀ ਗਈ ਸਹਿਮਤੀ ਪ੍ਰੇਸ਼ਾਨ ਕਰਨ ਵਾਲੀ ਤਾਂ ਹੈ, ਸਗੋਂ ਆਉਣ ਵਾਲੇ ਖ਼ਤਰੇ ਦਾ ਸੰਕੇਤ ਵੀ ਦਿੰਦੀ ਹੈ। ਪੈਂਗੁਇਨ ਰੈਂਡਮ ਹਾਊਸ ਦੀ ਇਕਾਈ ਪੈਂਗੁਇਨ ਬੁਕਸ ਇੰਡੀਆ ਖ਼ਿਲਾਫ਼ ਇਕ ਹਿੰਦੂ ਸੱਜੇਪੱਖੀ ਜਥੇਬੰਦੀ 'ਸ਼ਿਕਸ਼ਾ ਬਚਾਓ ਅੰਦੋਲਨ' ਦੇ ਆਗੂ ਦੀਨਾ ਨਾਥ ਬਤਰਾ ਵੱਲੋਂ ਕੇਸ ਦਾਇਰ ਕੀਤਾ

ਰਤਨਾ ਕਪੂਰ

ਗਿਆ ਜਿਨ੍ਹਾਂ ਨੂੰ ਹਿੰਦੂਮਤ ਦੇ ਬਹੁਵਾਦ ਅਤੇ ਇਸ ਦੀਆਂ ਰਵਾਇਤਾਂ ਵਿਚ ਮੌਜ ਮੇਲੇ ਦੇ ਵਰਣਨਾਂ 'ਤੇ ਇਤਰਾਜ਼ ਹੈ।

ਭਾਰਤੀ ਦੰਡ ਵਿਧਾਨ ਦੀ ਧਾਰਾ 295 ਏ. ਤਹਿਤ ਕਿਸੇ ਧਾਰਮਿਕ ਸਮੂਹ ਦੀਆਂ ਭਾਵਨਾਵਾਂ ਨੂੰ ਜਾਣ-ਬੁੱਝ ਕੇ ਠੇਸ ਪਹੁੰਚਾਉਣ ਖ਼ਿਲਾਫ਼ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ ਅਤੇ ਇਸੇ ਧਾਰਾ ਤਹਿਤ 2011 ਵਿਚ ਦਾਇਰ ਕੀਤੇ ਗਏ ਇਸ ਕੇਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਇਹ ਕਿਤਾਬ ਕਰੋੜਾਂ ਭਾਰਤੀਆਂ, ਖਾਸ ਕਰ ਕੇ ਹਿੰਦੂਆਂ ਦਾ ਅਪਮਾਨ ਕਰਦੀ ਹੈ। ਜਥੇਬੰਦੀ ਨੇ ਇਹ ਦਲੀਲ ਵੀ ਦਿੱਤੀ ਕਿ ਇਹ ਕਿਤਾਬ ਦਰੁਸਤ ਨਹੀਂ ਹੈ ਅਤੇ ਹਿੰਦੂਮਤ ਦੀ ਪੇਤਲੀ, ਵਿਗੜੀ ਅਤੇ ਗ਼ੈਰ-ਸੰਜੀਦਾ ਪੇਸ਼ਕਾਰੀ ਕਰਦੀ ਹੈ ਤੇ ਇਸ ਵਿਚ ਕਹੀਆਂ-ਕਹਾਈਆਂ ਗੱਲਾਂ ਦੀ ਭਰਮਾਰ ਹੈ, ਤੇ ਇਹ ਹਿੰਦੂਮਤ ਨੂੰ ਵਾਸ਼ਨਾਵਾਦੀ ਔਰਤ ਦੇ ਬਿਰਤਾਂਤ ਤਕ ਸੁੰਗੇੜ ਦੇ ਰੱਖ ਦਿੰਦੀ ਹੈ।

ਸਭਿਆਚਾਰਕ ਪਛਾਣ: ਹਾਲਾਂਕਿ ਵੈਂਡੀ ਡੌਨੀਜਰ ਨੇ ਇਸ ਅਦਾਲਤੀ ਰਾਜ਼ੀਨਾਮੇ ਨੂੰ ਭਾਰਤ ਵਿਚ ਪਹਿਲਾਂ ਤੋਂ ਸੁੰਗੜ ਰਹੇ ਸਵੈ-ਪ੍ਰਗਟਾਵੇ ਦੇ ਸਿਆਸੀ ਮਾਹੌਲ ਲਈ ਖ਼ਤਰੇ ਦੀ ਘੰਟੀ ਕਰਾਰ ਦਿੱਤਾ ਹੈ ਅਤੇ ਇਹ ਵੀ ਕਿਹਾ ਕਿ ਉਹਦੇ ਹਿੰਦੂ ਧਰਮ ਦੀ ਮੈਂਬਰ ਅਤੇ ਪੁਰਸ਼ ਨਾ ਹੋਣ ਕਰ ਕੇ ਉਹ ਸਾਹਮਣੇ ਆਈਆਂ ਹਿੰਦੂਵਾਦੀ ਸ਼ਕਤੀਆਂ ਖ਼ਿਲਾਫ਼ ਨਿਤਾਣੀ ਮਹਿਸੂਸ ਕਰ ਰਹੀ ਹੈ।


ਡਾ. ਡੌਨੀਜਰ ਨੇ ਲਿੰਗ, ਕਾਮੁਕਤਾ ਅਤੇ ਧਰਮ ਦੇ ਮੁੱਦਿਆਂ ਨੂੰ ਮਨੋਵਿਸ਼ਲੇਸ਼ਣੀ ਢੰਗਾਂ ਨਾਲ ਮੁਖ਼ਾਤਬ ਹੋ ਕੇ ਖ਼ੁਦ ਨੂੰ ਵਿਚਾਰ-ਉਤੇਜਿਤ ਵਿਦਵਾਨ ਦੇ ਤੌਰ 'ਤੇ ਸਥਾਪਤ ਕੀਤਾ ਹੈ। ਉਨ੍ਹਾਂ ਦੀਆਂ ਲਿਖ਼ਤਾਂ ਹਿੰਦੂ ਰਾਸ਼ਟਰਵਾਦੀਆਂ ਅਤੇ ਕੱਟੜਵਾਦੀਆਂ, ਦੋਵਾਂ ਲਈ ਇਕ ਬਲਦੀ ਸੀਖ ਦਾ ਕੰਮ ਕਰਦੀਆਂ ਰਹੀਆਂ ਹਨ। ਉਨ੍ਹਾਂ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਹਨ ਜੋ ਹਿੰਦੂ ਧਰਮ ਦੀ ਇਕ-ਸਾਰ ਅਤੇ ਇਕ-ਸੁਰ ਰਵਾਇਤ ਦੀ ਪੇਸ਼ਕਾਰੀ ਦੀ ਫੱਟੀ ਪੋਚ ਕੇ ਰੱਖ ਦਿੰਦੀਆਂ ਹਨ। ਉਨ੍ਹਾਂ ਦੀਆਂ ਪਹਿਲੀਆਂ ਕਿਤਾਬਾਂ ਵਿਚੋਂ ਇਕ 'ਵਿਮੈਨ, ਐਂਡਰੋਜ਼ਾਇਨਜ਼ ਐਂਡ ਅਦਰ ਮਿਥੀਕਲ ਬੀਸਟਜ਼' (1980) ਵਿਚ ਡਾ. ਡੌਨੀਜਰ ਨੇ ਆਪਣਾ ਸੰਸਕ੍ਰਿਤ ਵਿਦਵਾਨ ਦੇ ਤੌਰ 'ਤੇ ਲੋਹਾ ਮਨਵਾਇਆ ਸੀ ਅਤੇ ਸੰਸਕ੍ਰਿਤ ਲਿਖਤਾਂ ਦੀ ਆਪਣੀ ਸੂਝ-ਬੂਝ ਨੂੰ ਚੁਣੌਤੀਪੂਰਨ ਅਤੇ ਮੌਲਿਕ ਤਰੀਕੇ ਨਾਲ ਇਸਤੇਮਾਲ ਕੀਤਾ ਸੀ। ਉਹ ਸਭਿਆਚਾਰਕ ਦੀਆਂ ਪਰਤਾਂ ਖੋਲ੍ਹਣ ਲਈ ਆਪਣੇ ਵਿਸ਼ਲੇਸ਼ਣ ਵਿਚ ਵੱਖ-ਵੱਖ ਸਰੋਤਾਂ ਦੀ ਵਰਤੋਂ ਨੂੰ ਵਾਜਬ ਠਹਿਰਾਉਂਦੀ ਹੋਈ ਕਹਿੰਦੀ ਹੈ ਕਿ ਸਭਿਆਚਾਰ ਬਹੁਤ ਹੀ ਗਤੀਸ਼ੀਲ, ਬਹੁ-ਆਕਾਰੀ ਅਤੇ ਸੰਭਾਵੀ ਸ਼ੈਅ ਹੁੰਦਾ ਹੈ। ਡਾ. ਡੌਨੀਜਰ ਦੀਆਂ ਕਿਰਤਾਂ ਸਿਆਹਫਾਮ ਬਰਤਾਨਵੀ ਵਿਦਵਾਨ ਸਟੂਅਰਟ ਹਾਲ ਦੀ ਵਿਲੱਖਣਤਾ ਤੇ ਵਿਦਵਤਾ ਦੀ ਯਾਦ ਦਿਵਾਉਂਦੀਆਂ ਹਨ। ਸਭਿਆਚਾਰਕ ਅਧਿਐਨ ਦੇ ਥੰਮ੍ਹ ਮੰਨੇ ਜਾਂਦੇ ਸ੍ਰੀ ਹਾਲ ਦਾ ਪਿੱਛੇ ਜਿਹੇ ਹੀ ਦੇਹਾਂਤ ਹੋਇਆ ਹੈ ਅਤੇ ਉਨ੍ਹਾਂ ਦੀ ਸਭਿਆਚਾਰ ਪ੍ਰਤੀ ਹਾਈਬ੍ਰਿਡ ਪਹੁੰਚ ਸੀ।

ਡਾ. ਹਾਲ ਮੁਤਾਬਕ ਸਭਿਆਚਾਰਕ ਪਛਾਣ ਬਾਰੇ ਇਕ ਧਾਰਨਾ ਇਹ ਹੈ ਕਿ ਇਹ ਸਾਂਝੇ ਸਭਿਆਚਾਰ, ਭਾਵ ਸਾਂਝੀ ਪਛਾਣ ਤੋਂ ਮਿਲ ਕੇ ਬਣੀ ਹੁੰਦੀ ਹੈ ਅਤੇ ਜਿਸ ਵਿਚ ਕਈ ਹੋਰ ਪਰਤਵੀਆਂ ਅਤੇ ਖ਼ੁਦਸਾਖਤਾ ਪਛਾਣਾਂ ਛੁਪੀਆਂ ਹੁੰਦਆਂ ਹਨ ਜੋ ਸਦੀਆਂ ਤੋਂ ਖਾਨਦਾਨੀ ਤੌਰ 'ਤੇ ਨਾਲੋ ਨਾਲ ਚਲੀਆਂ ਆਉਂਦੀਆਂ ਹਨ। ਇਸ ਧਾਰਨਾ ਮੁਤਾਬਕ ਸਭਿਆਚਾਰਕ ਪਛਾਣ ਸਥਿਰ ਅਤੇ ਸਥੂਲ ਹੈ। ਸਭਿਆਚਾਰਕ ਪਛਾਣ ਅਜਿਹਾ ਨਿਚੋੜ ਹੈ ਜਿਸ ਨੂੰ ਡੂੰਘਾਈ ਵਿਚ ਉਤਰ ਕੇ ਸਾਹਮਣੇ ਲਿਆਉਣਾ ਪੈਂਦਾ ਹੈ।

ਸਭਿਆਚਾਰਕ ਪਛਾਣ ਦੀ ਦੂਜੀ ਧਾਰਨਾ ਇਹ ਮੰਨਦੀ ਹੈ ਕਿ ਕਿਸੇ ਸਭਿਆਚਾਰਕ ਦੇ ਪਿਛੋਕੜ ਵਿਚ ਸਾਂਝ ਦੇ ਲੱਛਣ ਤਾਂ ਹੁੰਦੇ ਹਨ ਪਰ ਉਸ ਵਿਚੋਂ ਵਖਰੇਵੇਂ ਅਤੇ ਅਨੇਕਤਾ ਦੇ ਅੰਸ਼ ਵੀ ਮਿਲਦੇ ਹਨ। ਇਸ ਲਈ ਕਿਸੇ ਪੁਰਾਤਤਵੀ ਖੋਜ ਦੀ ਲੋੜ ਨਹੀਂ, ਸਗੋਂ ਅਤੀਤ ਦੀ ਦੁਬਾਰਾ ਬਾਤ ਪਾਉਣ ਦਾ ਮਸਲਾ ਹੈ। ਡਾ. ਹਾਲ ਇਸ ਗੱਲ ਵੱਲ ਧਿਆਨ ਦਿਵਾਉਂਦੇ ਹਨ ਕਿ ਇਕ ਪਛਾਣ, ਇਕੋ ਕਹਾਣੀ ਦੀ ਗੱਲ, ਕਹਾਣੀ ਦੀਆਂ ਟੁੱਟੀਆਂ ਕੜੀਆਂ ਦਾ ਬਿਰਤਾਂਤ ਦਿੱਤੇ ਬਗ਼ੈਰ ਆਖਣੀ ਸੰਭਵ ਨਹੀਂ। ਵਖਰੇਵਿਆਂ ਅਤੇ ਟੁੱਟ-ਭੱਜ ਦੇ ਦੂਜੇ ਪਾਸੇ ਨੂੰ ਸਵੀਕਾਰ ਕੀਤੇ ਜਾਣ ਤੋਂ ਬਿਨਾਂ ਅਸੀਂ ਕਿਸੇ ਅਨੁਭਵ ਬਾਰੇ ਚਿਰ-ਸਥਾਈ ਤੌਰ 'ਤੇ ਬਹੁਤਾ ਕੁਝ ਨਹੀਂ ਕਹਿ ਸਕਦੇ।

ਪੁਰਾਤਨਪੰਥੀਆਂ ਅਤੇ ਸੱਜੇਪੱਖੀਆਂ ਵੱਲੋਂ ਇਸ ਬਹੁਵਾਦ ਅਤੇ ਵਿਭਿੰਨਵਾਦ ਨੂੰ ਨੱਪ ਦੇਣ ਦੀਆਂ ਇਹ ਕੋਸ਼ਿਸ਼ਾਂ ਉਨ੍ਹਾਂ ਬਸਤੀਵਾਦੀ ਅਤੇ ਫਾਸ਼ੀਵਾਦੀ ਤਾਕਤਾਂ ਦੀ ਯਾਦ ਦਿਵਾਉਂਦੀਆਂ ਹਨ ਜੋ ਇਹ ਯਕੀਨੀ ਬਣਾਉਣਾ ਲੋਚਦੀਆਂ ਹਨ ਕਿ ਸੱਚਾਈ ਬਾਰੇ ਉਨ੍ਹਾਂ ਦਾ ਪੱਖ ਹੀ ਪ੍ਰਚੱਲਤ ਰਹੇ। ਇਹ ਉਦਮ ਸਿਰਫ਼ ਭੌਤਿਕ ਖਾਤਮੇ ਰਾਹੀਂ ਹੀ ਨਹੀਂ ਚਲਾਇਆ ਜਾਂਦਾ, ਸਗੋਂ ਇਤਿਹਾਸ ਦੇ ਸਫ਼ੇ ਮੇਟ ਕੇ ਅਤੇ ਵਿਰੋਧੀ ਸੁਰਾਂ ਨੂੰ ਬੰਦ ਕਰਾ ਕੇ ਵੀ ਕੀਤਾ ਜਾਂਦਾ ਹੈ। ਪੈਂਗੁਇਨ ਦਾ ਇਹ ਰਾਜ਼ੀਨਾਮਾ ਕਿਸੇ ਲੋਕਤੰਤਰ ਵਿਚ ਸਵੈ-ਪ੍ਰਗਟਾਵੇ ਦਾ ਹੀ ਮਸਲਾ ਨਹੀਂ, ਸਗੋਂ ਇਹ 2002 ਦੇ ਗੁਜਰਾਤ ਦੰਗਿਆਂ ਦੇ ਕਾਲੇ ਪੰਨਿਆਂ ਦੀ ਵੀ ਯਾਦ ਦਿਲਾਉਂਦਾ ਹੈ। ਮੁਸਲਿਮ ਭਾਈਚਾਰੇ, ਖਾਸ ਕਰ ਕੇ ਔਰਤਾਂ ਉਤੇ ਢਾਹੀ ਅੰਨ੍ਹੀ ਹਿੰਸਾ ਸਿਰਫ਼ ਔਰਤਾਂ ਜਾਂ ਭਾਈਚਾਰੇ ਨੂੰ ਦੰਡ ਦੇਣ ਤੱਕ ਮਹਿਦੂਦ ਨਹੀਂ ਹੈ, ਸਗੋਂ ਅਜਿਹੇ ਜ਼ਖ਼ਮਾਂ ਨੂੰ ਭਰਨ ਦਾ ਸੁਆਲ ਵੀ ਹੈ। ਹਿੰਸਾ ਹਿੰਦੂ ਸ਼ਾਵਨਵਾਦ ਦੀ ਵਡੇਰੀ ਵਿਚਾਰਧਾਰਕ ਅਤੇ ਅਮਲੀ ਰਣਨੀਤੀ ਦਾ ਹਿੱਸਾ ਰਹੀ ਹੈ। ਮੁਸਲਿਮ ਸੰਸਥਾਵਾਂ, ਘਰਾਂ, ਧਰਮ ਸਥਾਨਾਂ ਦਾ ਰਾਤੋ-ਰਾਤ ਸਫ਼ਾਇਆ ਅਤੇ ਉਨ੍ਹਾਂ ਦੀ ਥਾਂ ਹਿੰਦੂ ਸੰਸਥਾਵਾਂ ਅਤੇ ਮੰਦਰਾਂ ਦੀ ਸਥਾਪਤੀ ਮੁਸਲਮਾਨਾਂ ਨੂੰ ਭਾਰਤੀ ਸਮਾਜ ਦੇ ਰਾਜਸੀ ਤੇ ਸ਼ਾਸਕੀ ਤਾਣੇ-ਬਾਣੇ ਵਿਚੋਂ ਖਾਰਜ ਕਰਨ ਦੇ ਤੁਲ ਹੈ।

ਹਿੰਦੂ ਰਾਸ਼ਟਰਵਾਦੀ ਪ੍ਰੋਜੈਕਟ: ਇਸ ਰਾਜ਼ੀਨਾਮੇ ਨੂੰ ਇਕ ਵਡੇਰੀ ਉਥਲ-ਪੁਥਲ ਦੀ ਹਕੀਕਤ ਵਿਚ ਰੱਖ ਕੇ ਸਮਝਣ ਦੀ ਲੋੜ ਹੈ ਜਿਥੇ ਹਿੰਦੂ ਰਾਸ਼ਟਰਵਾਦੀ ਪ੍ਰੋਜੈਕਟ ਦੀ ਸਥਾਪਨਾ ਮੁਸਲਮਾਨਾਂ ਨੂੰ ਵਿਦੇਸ਼ੀ ਦੇ ਤੌਰ 'ਤੇ ਪ੍ਰਚਾਰਦੀ ਹੈ ਜਿਸ ਕਰ ਕੇ ਇਸ ਖ਼ਤਰੇ ਨੂੰ ਮਿਟਾ ਦੇਣ ਦੀ ਲੋੜ ਮਹਿਸੂਸਦੀ ਹੈ। ਸਿੱਖਿਆ, ਸਭਿਆਚਾਰਕ ਪੇਸ਼ਕਾਰੀ ਅਤੇ ਮੀਡੀਆ, ਇਸ ਮਾਮਲੇ ਵਿਚ ਦ੍ਰਿੜ੍ਹ ਨਰੇਂਦਰ ਮੋਦੀ ਅਤੇ ਹਿੰਦੂ ਸੱਜੇਪੱਖੀਆਂ ਲਈ ਇਸ ਦਿਸ਼ਾ ਵਿਚ ਹਥਿਆਰ ਦਾ ਕੰਮ ਦੇ ਰਹੇ ਹਨ। 'ਦਿ ਹਿੰਦੂਜ਼: ਐਨ ਆਲਟਰਨੇਟਿਵ ਹਿਸਟਰੀ' ਵਾਲਾ ਘਾਟਾ ਨਾ ਕੇਵਲ ਪ੍ਰਕਾਸ਼ਨ ਜਗਤ ਲਈ ਇਕ ਝਟਕਾ ਹੈ ਸਗੋਂ ਇਹ ਭਾਰਤੀ ਸਭਿਆਚਾਰ ਦੇ ਬਹੁ-ਭਾਤੇ ਅਤੇ ਬਹੁ-ਵਾਦੀ ਤਾਣੇ-ਬਾਣੇ ਨੂੰ ਵੀ ਨਸ਼ਟ ਕਰਨ ਦੀ ਗੱਲ ਹੈ। ਇਹ ਇਕ ਲੇਖਕ ਦੀ ਕਿਰਤ ਉਪਰ ਮਾਰੀ ਗਈ ਸੱਟ ਹੀ ਨਹੀਂ ਹੈ, ਸਗੋਂ ਆਲੋਚਨਾ ਅਤੇ ਵਿਰੋਧ ਦੇ ਸੁਰ 'ਤੇ ਮਾਰੀ ਗਈ ਸੱਟ ਹੈ। ਇਹ ਉਨ੍ਹਾਂ ਜ਼ਿੰਦਗੀਆਂ ਤੇ ਤਵਾਰੀਖਾਂ ਦੀ ਬਰਬਾਦੀ ਵੱਲ ਇਸ਼ਾਰਾ ਹੈ ਜੋ ਹਿੰਦੂ ਸੱਜੇ ਪੱਖੀਆਂ ਦੇ ਨਿਰੰਕੁਸ਼ਵਾਦੀ ਏਜੰਡੇ ਦੀ ਤਾਮੀਲ ਨਹੀਂ ਕਰਦੀਆਂ।






***ਪ੍ਰੋ. ਵੈਂਡੀ ਡੌਨੀਜਰ (ਸੱਜੇ) ਅਤੇ ਉਨ੍ਹਾਂ ਦੀ ਕਿਤਾਬ 'ਦਿ ਹਿੰਦੂਜ਼: ਐਨ ਅਲਟਰਨੇਟਿਵ ਹਿਸਟਰੀ' ਦਾ ਟਾਈਟਲ।***

# ਕੌਣ ਕਰੇ ਮਨੁੱਖੀ ਹੱਕਾਂ ਦੀ ਰਾਖੀ?

ਸੰਸਾਰ ਭਰ ਵਿਚ ਮਨੁੱਖਾਂ ਨੂੰ ਵਿਤਕਰਿਆਂ ਤੇ ਜ਼ੁਲਮਾਂ ਤੋਂ ਬਚਾਉਣ ਅਤੇ ਸ਼ਾਂਤੀ ਕਾਇਮ ਰੱਖਣ ਲਈ ਸੰਯੁਕਤ ਰਾਸ਼ਟਰ ਨੇ ਹਰ ਮਨੁੱਖ ਨੂੰ ਕੁਝ

ਅਰਚਨਾ ਮਹਾਜਨ

ਅਧਿਕਾਰ ਦੇਣ ਦਾ ਫ਼ੈਸਲਾ ਕੀਤਾ। ਦੂਜੇ ਸੰਸਾਰ ਯੁੱਧ ਦੌਰਾਨ ਮਨੁੱਖਾਂ ਨਾਲ ਹੋਏ ਜ਼ੁਲਮਾਂ ਨੂੰ ਵੇਖ ਕੇ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਨੇ ਸੰਸਾਰ ਦੇ ਹਰ ਮਨੁੱਖ ਨੂੰ ਸਮਾਜਿਕ ਅਤੇ ਕਾਨੂੰਨੀ ਜ਼ੁਲਮਾਂ ਤੋਂ ਬਚਾਉਣ ਲਈ 10 ਦਸੰਬਰ 1948 ਨੂੰ ਸੰਸਾਰ ਪੱਧਰੀ ਮਨੁੱਖੀ ਅਧਿਕਾਰ ਕਾਨੂੰਨ ਦਾ ਐਲਾਨ ਕੀਤਾ। ਇਸੇ ਲਈ ਸੰਸਾਰ ਭਰ ਵਿਚ ਹਰ ਵਰ੍ਹੇ 10 ਦਸੰਬਰ ਨੂੰ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਸੰਯੁਕਤ ਰਾਸ਼ਟਰ ਮਹਾਂਸਭਾ ਵੱਲੋਂ ਕੌਮਾਂਤਰੀ ਇਕਰਾਰਨਾਮਿਆਂ ਅਧੀਨ 16 ਦਸੰਬਰ 1966 ਨੂੰ ਕੁਝ ਕੌਮਾਂਤਰੀ ਨਾਗਰਿਕ ਅਤੇ ਰਾਜਨੀਤਕ ਅਧਿਕਾਰ ਇਕਰਾਰਨਾਮੇ ਅਤੇ ਕੌਮਾਂਤਰੀ ਆਰਥਿਕ, ਸਮਾਜਿਕ ਤੇ ਸੱਭਿਆਚਾਰਕ ਅਧਿਕਾਰ ਇਕਰਾਰਨਾਮਿਆਂ ਨੂੰ ਮਨਜ਼ੂਰੀ ਦਿੱਤੀ ਗਈ। ਇਸ ਕਾਨੂੰਨ ਦੀ ਪਾਲਣਾ ਅਤੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਹਿੱਤ 12 ਅਕਤੂਬਰ 1993 ਵਿਚ ਭਾਰਤ ਵਿਚ ਵੀ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਬਣਾਇਆ ਗਿਆ ਸੀ।

ਸੰਨ 1950 ਤੋਂ ਭਾਰਤ ਦਾ ਸੰਵਿਧਾਨ ਲਾਗੂ ਹੋ ਚੁੱਕਿਆ ਹੈ ਜਿਸ ਦੇ ਭਾਗ 3 ਵਿਚ ਹਰ ਭਾਰਤ ਵਾਸੀ ਨੂੰ ਕੁਝ ਮੌਲਿਕ ਅਧਿਕਾਰ ਦਿੱਤੇ ਗਏ ਹਨ। ਇਨ੍ਹਾਂ ਅਧਿਕਾਰਾਂ ਦਾ ਘਾਣ ਹੋਣ 'ਤੇ ਹਾਈ ਕੋਰਟ ਅਤੇ ਸੁਪਰੀਮ ਕੋਰਟ ਦਖ਼ਲਅੰਦਾਜ਼ੀ ਕਰ ਕੇ ਇਨ੍ਹਾਂ ਦੀ ਰਾਖੀ ਕਰਵਾ ਸਕਦੀਆਂ ਹਨ। ਇਹ ਸੱਤ ਮੌਲਿਕ ਅਧਿਕਾਰ ਹਨ- ਬਰਾਬਰੀ ਦਾ ਅਧਿਕਾਰ, ਬੋਲਣ ਅਤੇ ਸਵੈ-ਪ੍ਰਗਟਾਵੇ ਦੀ ਆਜ਼ਾਦੀ, ਸ਼ੋਸ਼ਣ ਵਿਰੁੱਧ ਆਵਾਜ਼ ਉਠਾਉਣ ਦਾ ਅਧਿਕਾਰ, ਕਿਸੇ ਵੀ ਧਰਮ ਨੂੰ ਅਪਨਾਉਣ ਦਾ ਅਧਿਕਾਰ, ਸੰਸਕ੍ਰਿਤਕ ਤੇ ਸਿੱਖਿਆ ਦਾ ਅਧਿਕਾਰ ਮੌਲਿਕ ਅਧਿਕਾਰਾਂ ਨੂੰ ਲਾਗੂ ਕਰਵਾਉਣ ਲਈ ਸੰਵਿਧਾਨਕ ਉਪਚਾਰ ਦਾ ਅਧਿਕਾਰ ਅਤੇ ਬੁਨਿਆਦੀ ਸਿੱਖਿਆ ਦਾ ਅਧਿਕਾਰ। ਇਨ੍ਹਾਂ ਮੌਲਿਕ ਅਧਿਕਾਰਾਂ ਵਿਚ ਸਮੇਂ-ਸਮੇਂ ਕਈ ਸੋਧਾਂ ਹੋਈਆਂ ਹਨ। ਇਨ੍ਹਾਂ ਵਿਚ ਜਾਇਦਾਦ ਦਾ ਅਧਿਕਾਰ, ਵਿੱਦਿਆ ਦਾ ਅਧਿਕਾਰ ਅਤੇ ਕਈ ਹੋਰ ਅਧਿਕਾਰ ਵੀ ਸ਼ਾਮਲ ਕੀਤੇ ਗਏ ਹਨ ਪਰ ਇਨ੍ਹਾਂ ਅਧਿਕਾਰਾਂ ਦੀ ਪ੍ਰਾਪਤੀ ਜਾਂ ਦੇਣ ਵੇਲੇ ਕਿਸੇ ਨਾ ਕਿਸੇ ਰੂਪ ਵਿਚ ਸਮੱਸਿਆਵਾਂ ਆਉਂਦੀਆਂ ਹਨ ਤੇ ਇਸ ਕਾਰਨ ਸਮਾਜ ਵਿਚ ਇਨ੍ਹਾਂ ਦੀ ਸੁਰੱਖਿਆ ਉੱਤੇ ਸਵਾਲੀਆ ਚਿੰਨ੍ਹ ਲੱਗਦੇ ਰਹਿੰਦੇ ਹਨ। ਇਹੀ ਕਾਰਨ ਹੈ ਕਿ 1993 ਵਿਚ ਭਾਰਤ ਵਿਚ ਮਨੁੱਖੀ ਅਧਿਕਾਰ ਸੁਰੱਖਿਆ ਅਧਿਨਿਯਮ ਬਣਾਇਆ ਗਿਆ। ਇਸ ਅਧਿਨਿਯਮ ਦੀ ਧਾਰਾ 2 ਅਨੁਸਾਰ ਮਨੁੱਖੀ ਅਧਿਕਾਰਾਂ ਦਾ ਅਰਥ ਸੰਵਿਧਾਨ ਵੱਲੋਂ ਦਿੱਤੇ ਗਏ ਜਾਂ ਕੌਮਾਂਤਰੀ ਇਕਰਾਰਨਾਮਿਆਂ ਵਿਚ ਦਰਸਾਏ ਗਏ ਅਤੇ ਭਾਰਤ ਵਿਚ ਨਿਆਂ ਪਾਲਿਕਾ ਵੱਲੋਂ ਲਾਗੂ ਕੀਤੇ ਗਏ ਉਨ੍ਹਾਂ ਅਧਿਕਾਰਾਂ ਤੋਂ ਹੈ ਜੋ ਜੀਵਨ, ਸੁਤੰਤਰਤਾ, ਬਰਾਬਰੀ ਤੇ ਹਰ ਵਿਅਕਤੀ ਦੇ ਮਾਣ-ਸਨਮਾਨ ਨਾਲ ਸਬੰਧਤ ਹਨ।

ਪੰਜਾਬ ਵਿਚ 1984 ਤੋਂ 1994 ਤਕ ਅਤਿਵਾਦ ਦਾ ਸਮਾਂ ਰਿਹਾ। ਇਸ ਦੌਰਾਨ ਕਿਸੇ ਨਾ ਕਿਸੇ ਰੂਪ ਵਿਚ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ 'ਤੇ ਪ੍ਰਸ਼ਨ ਚਿੰਨ੍ਹ ਲੱਗਦੇ ਰਹੇ। ਸਤਾਰਾਂ ਮਾਰਚ 1997 ਨੂੰ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਅਧਿਨਿਯਮ 1993 ਹੇਠ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਥਾਪਨਾ ਕੀਤੀ ਗਈ। ਇਸ ਕਮਿਸ਼ਨ ਵਿਚ ਕਿਸੇ ਵੀ ਪੀੜਤ ਵਿਅਕਤੀ ਜਾਂ ਉਸ ਵੱਲੋਂ ਕੋਈ ਹੋਰ ਵਿਅਕਤੀ ਅਰਜ਼ੀ ਦੇ ਸਕਦਾ ਹੈ, ਜਾਂ ਫਿਰ ਕਮਿਸ਼ਨ ਸਿੱਧੇ ਤੌਰ 'ਤੇ ਕੋਈ ਵੀ ਤਹਿਕੀਕਾਤ ਕਰਵਾ ਸਕਦਾ ਹੈ, ਸਵਾਲ ਪੁੱਛ ਸਕਦਾ ਹੈ, ਉਲੰਘਣਾ ਨੂੰ ਰੋਕ ਸਕਦਾ ਹੈ ਤੇ ਅਦਾਲਤ ਵਿਚ ਮੁਜਰਿਮ ਨੂੰ ਸਜ਼ਾ ਦੁਆ ਸਕਦਾ ਹੈ। ਜਿੱਥੇ ਇਸ ਕਮਿਸ਼ਨ ਦਾ ਕੰਮ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਖੋਜ ਕੰਮਾਂ ਨੂੰ ਆਪਣੇ ਹੱਥ ਵਿਚ ਲੈ ਕੇ ਉਨ੍ਹਾਂ ਨੂੰ ਉਤਸ਼ਾਹਿਤ ਕਰਨਾ ਹੈ, ਉੱਥੇ ਸਮਾਜ ਦੇ ਵੱਖ-ਵੱਖ ਵਰਗਾਂ ਵਿਚ ਮਨੁੱਖੀ ਅਧਿਕਾਰਾਂ ਸਬੰਧੀ ਸਿੱਖਿਆ ਦਾ ਪਸਾਰ ਕਰਨਾ, ਪ੍ਰਕਾਸ਼ਨਾਵਾਂ, ਸੰਚਾਰ ਮਾਧਿਅਮਾਂ, ਸੈਮੀਨਾਰ ਤੇ ਹੋਰ ਸਾਧਨਾਂ ਰਾਹੀਂ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਲਈ ਪ੍ਰਾਪਤ ਉਪਾਵਾਂ ਪ੍ਰਤੀ ਜਾਗਰੂਕ ਕਰਨਾ ਹੈ। ਇਹ ਅਧਿਕਾਰ ਮਨੁੱਖ ਨੂੰ ਸ਼ਾਂਤਮਈ ਅਤੇ ਖ਼ੁਸ਼ੀ ਭਰਪੂਰ ਜੀਵਨ ਬਤੀਤ ਕਰਨ ਦੇਣ ਦੀ ਇੱਛਾ ਨਾਲ ਦਿੱਤੇ ਗਏ ਹਨ। ਦੂਜੇ ਲਫ਼ਜ਼ਾਂ ਵਿਚ, ਇਹ ਇੱਕ ਮਨੁੱਖ ਉਤੇ ਦੂਜੇ ਮਨੁੱਖ ਵੱਲੋਂ ਕੀਤੇ ਜਾ ਰਹੇ ਜ਼ੁਲਮ ਰੋਕਣ ਵਾਸਤੇ ਹਨ।

# ਗੱਲ ਨਾਲ ਏਕੇ ਦੇ ਤੁਰਨੀ ਏ...



ਮੂੰਹ ਆਈ ਬਾਤ

ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਕਈ ਦਿਨਾਂ ਬਾਅਦ ਨਿੱਘੀ ਧੁੱਪ ਨੇ ਧਰਤੀ ਤੋਂ ਧੁੰਦ ਦੀ ਚਾਦਰ ਉਤਾਰ ਦਿੱਤੀ ਸੀ। ਧੁੱਪ ਦਾ ਅਨੰਦ ਮਾਣਨ ਲਈ ਸਾਰੇ 'ਪੱਕੇ ਦਰਵਾਜ਼ੇ' ਇਕੱਠੇ ਹੋਣ ਲੱਗੇ। ਚੜ੍ਹਦੇ ਪਾਸੇ ਵਲ ਕਾਫ਼ੀ ਰੌਣਕ ਹੋ ਗਈ। ਚਾਹ ਪੀਣਿਆਂ ਦਾ ਪਰੀਤਾ ਤੇਜ਼ ਕਦਮਾਂ ਨਾਲ ਅੱਗਿਉਂ ਲੰਘਦਾ ਦੇਖ ਕੇ ਬਚਨਾ ਤਾਇਆ ਬੋਲਿਆ, "ਉਏ ਪਰੀਤਿਆ! ਕਿਵੇਂ ਬਿਨ-ਬਰੇਕਾਂ ਕੀਲੀ ਦੱਬੀ ਜਾਨਾਂ। ਆ ਜਾ, ਧੁੱਪ ਸੇਕ ਲੈ।"

"ਤਾਇਆ, ਵਿਹੜੇ ਚੱਲਿਆਂ ਝੋਟੇ ਦਾ ਪਤਾ ਕਰਨ। ਰਾਤ ਦਾ ਧਨੌਲੇ ਵਾਲੀ ਮੱਝ ਨੇ ਤਾਹਟ ਪਾਇਆ ਹੋਇਐ।" ਪਰੀਤਾ ਰੁਕਦਾ ਬੋਲਿਆ।

"ਝੋਟਾ ਤਾਂ ਤੇਰੇ ਗੁਆਂਢ ਸੀ, ਉਥੇ ਗੇੜਾ ਕਢਾ ਲਿਆਉਂਦਾ।" ਤਾਏ ਨੇ ਕਿਹਾ।

"ਤਾਇਆ, ਉਨ੍ਹਾਂ ਦਾ ਝੋਟਾ ਨਸ਼ਈ ਹੈ। ਉਹਦੇ ਵੱਸ ਦੀ ਗੱਲ ਨਹੀਂ ਰਹੀ।" ਪਰੀਤੇ ਨੇ ਮੂੰਹ ਸੂਰਜ ਵੱਲ ਕਰਦਿਆਂ ਕਿਹਾ।

"ਝੋਟਾ ਨਸ਼ਈ! ਬੰਦੇ ਤਾਂ ਸੁਣੇ ਸੀ, ਹੁਣ ਪਸ਼ੂ ਵੀ ਨਸ਼ੇ 'ਤੇ ਲੱਗ ਗਏ ਨੇ।" ਮੱਲ ਬਾਬਾ ਬੋਲਿਆ।

"ਬਾਬਾ! ਮੱਝ ਚੋਣ ਲਈ ਦੁੱਧ ਵਾਸਤੇ ਟੀਕੇ ਲਾਏ ਜਾਂਦੇ ਆ। ਬਲਦਾਂ ਨੂੰ ਗੱਡੀਆਂ ਅੱਗੇ ਜੋੜਨ ਤੋਂ ਪਹਿਲਾਂ ਉਨ੍ਹਾਂ ਦੇ ਸੰਘ ਵਿਚ ਸ਼ਰਾਬ ਸੁੱਟੀ ਜਾਂਦੀ ਐ। ਕੁੱਕੜ ਨੂੰ ਭਾਰਾ ਕਰਨ ਲਈ ਟੀਕੇ ਲਾਏ ਜਾਂਦੇ ਆ। ਹੋਰ ਸੁਣ ਲਓ... ਕੱਦੂ, ਬਤਾਊਂ ਦੀਆਂ ਜੜ੍ਹਾਂ ਵਿਚ ਵੀ ਟੀਕੇ ਲਾਏ ਜਾਂਦੇ ਆ ਤਾਂ ਕਿ ਉਹ ਛੇਤੀ ਖਾਣ ਵਾਲੇ ਹੋਣ ਜਾਣ।" ਪਾਖਰ ਕਾ ਦੀਪਾ ਬੋਲਿਆ।

"ਵਾਹਿਗੁਰੂ, ਵਾਹਿਗੁਰੂ ਭਾਈ! ਰੱਬਾ ਭਲੀ ਕਰੀਂ।" ਮੱਲ ਬਾਬੇ ਨੇ ਦੋਵੇਂ ਹੱਥ ਜੋੜਦਿਆਂ ਕਿਹਾ।

"ਉਏ ਮੁੰਡਿਆ, ਆਹ ਅਖ਼ਬਾਰ ਕੀ ਕਹਿੰਦਾ? ਸਾਨੂੰ ਵੀ ਕੁਛ ਸੁਣਾ ਦੇ।" ਅਰਜਨ ਬਾਬਾ ਦੀਪੇ ਦੇ ਹੱਥ ਅਖ਼ਬਾਰ ਦੇਖ ਕੇ ਬੋਲਿਆ।

"ਬਾਬਾ ਜੀ! ਤੁਹਾਡੀ ਪਾਰਟੀ ਦੀ ਚੜ੍ਹਾਈ ਆ ਹੁਣ। ਭੋਲਾ ਪਾਰਟੀ ਦਾ ਗੁਣ-ਗਾਣ ਕਰੀ ਜਾਂਦਾ। ਉਹ ਕਹਿੰਦਾ, ਮੈਨੂੰ ਤਾਂ ਸਾਜ਼ਿਸ਼ ਅਧੀਨ ਫਸਾਇਆ ਜਾ ਰਿਹਾ। ਵੱਡੇ ਵਪਾਰੀ ਤਾਂ ਲੀਡਰ ਨੇ, ਤੇ ਲਾਲ ਬੱਤੀਆਂ ਵਾਲੀਆਂ ਗੱਡੀਆਂ ਨਸ਼ਾ ਵੇਚਦੀਆਂ।" ਦੀਪਾ ਬਾਬੇ ਦੀ ਪਾਰਟੀ ਦੇ ਕਾਰਨਾਮੇ ਸੁਣਾਉਂਦਾ ਬੋਲਿਆ।

"ਦੀਪਿਆ! ਜਦੋਂ ਸਬਜ਼ੀ ਵੇਚਣ ਵਾਲਾ ਆਉਂਦੈ, ਤਾਂ ਤੀਵੀਆਂ ਸਬਜ਼ੀ ਦਾ ਅਸਮਾਨੀਂ ਚੜ੍ਹਿਆ ਭਾਅ ਸੁਣ ਕੇ ਅੰਦਰ ਵੜ ਜਾਂਦੀਆਂ। ਤੇ ਨੌਜਵਾਨਾਂ ਨੂੰ ਕੌਣ ਕਹਿੰਦਾ ਕਿ ਤੁਸੀਂ ਐਨੇ ਮਹਿੰਗੇ ਨਸ਼ੇ ਖਰੀਦੋ। ਵੇਚਣ ਵਾਲਾ ਬੇਸ਼ੱਕ ਤੁਹਾਡੇ ਬੂਹੇ ਅੱਗੇ ਖੜ੍ਹ ਕੇ ਕੁਝ ਵੀ ਵੇਚਦਾ ਹੋਵੇ। ਤੁਸੀਂ ਭਾਅ ਅਤੇ ਲੋੜ ਮੁਤਾਬਕ ਹੀ ਕੁਝ ਖਰੀਦੋਗੇ। ਉਹ ਤੁਹਾਡੇ ਨਾਲ ਧੱਕਾ ਨਹੀਂ ਕਰੇਗਾ। ਫਿਰ ਨਸ਼ਿਆਂ ਵਾਲੇ ਤੁਹਾਨੂੰ ਕਿਵੇਂ ਧੱਕੇ ਨਾਲ ਦੇਈ ਜਾਂਦੇ ਆ?" ਅਕਾਲੀ ਰਾਮ ਸਿਉਂ ਬੋਲਿਆ।

"ਕੋਈ ਕਿਸੇ ਦੇ ਮੂੰਹ ਵਿਚ ਨਹੀਂ ਆ ਕੇ ਪਾਉਂਦਾ। ਪਹਿਲਾਂ ਸਾਨੂੰ ਆਪਣੇ ਘਰ, ਮੁਹੱਲੇ ਤੇ ਪਿੰਡ ਪੱਧਰ 'ਤੇ ਮਜ਼ਬੂਤ ਹੋਣਾ ਚਾਹੀਦਾ। ਪਿੰਡ ਦਾ ਏਕਾ ਹੋ ਜਾਵੇ, ਤਾਂ ਮੰਗਤਾ ਵੀ ਪਿੰਡ ਵਿਚ ਨਹੀਂ ਵੜ ਸਕਦਾ।" ਕਾਮਰੇਡ ਆਪਣੀ ਸੁਣਾ ਗਿਆ।

"ਚਲੋ ਛੱਡੋ ਯਾਰ! ਤੁਸੀਂ ਆਪਣੇ ਸਿੰਗ ਨਾ ਫਸਾ ਲਿਓ। ਹੋਰ ਸੁਣਾਓ ਕੋਈ ਹਾਸੇ-ਮਜ਼ਾਕ ਵਾਲੀ ਗੱਲ।" ਪਰੀਤੇ ਨੇ ਅਗਲੀ ਗੱਲ ਤੋਰੀ।

"ਲੈ ਫਿਰ ਪਰੀਤਿਆ! ਸੁਣ ਲੈ ਜਦੋਂ ਆਹ ਦੀਪੇ ਦਾ ਬਾਪੂ ਔਂਡ ਹੋਇਆ... ਪਹਿਲੀ ਵਾਰੀ ਕਣਕ ਬੀਜੀ। ਕਣਕ ਨੂੰ ਸੁਸਰੀ ਲੱਗੀ ਹੋਈ ਸੀ। ਕਣਕ ਪੂਰੀ ਹਰੀ ਨਾ ਹੋਈ। ਦੀਪੇ ਦਾ ਬਾਪੂ ਕਹਿੰਦਾ, ਆਪਾਂ ਕਣਕ ਦੁਬਾਰਾ ਬੀਜ ਦਿੰਨੇ ਆਂ। ਅੱਗਿਉਂ ਦੀਪੇ ਦਾ ਦਾਦਾ ਬੋਲਿਆ, 'ਉਏ ਵੱਡਿਆ ਕਿਰਸਾਣਾ। ਜੇ ਮੁਰਦੇ ਨਾਲ ਮੁਰਦਾ ਪਾ ਦੇਵਾਂਗੇ, ਉਹ ਦੋਵੇਂ ਪੰਡਾਂ ਨ੍ਹੀਂ ਚੁੱਕਣ ਲੱਗੇ, ਕਿ ਹੁਣ ਦੋ ਹੋ ਗਏ ਹਾਂ। ਪਹਿਲਾਂ ਵੀ ਸੁਸਰੀ ਲੱਗੀ ਕਣਕ ਬੀਜ ਦਿੱਤੀ, ਮੁੜ ਉਹੀ ਗਲਤੀ ਕਰਨ ਲੱਗਿਆਂ। ਸੋਧਿਆ ਤੇ ਜਾਨਦਾਰ ਬੀਜ ਹੀ ਪੈਦਾਇਸ਼ ਦੀ ਗਰੰਟੀ ਹੁੰਦਾ'।" ਬਾਬਾ ਅਰਜਨ ਦੀਪੇ ਦੇ ਬਾਪੂ ਤੇ ਦਾਦੇ ਦੀ ਸੁਣਾ ਗਿਆ।

"ਪਰੀਤੇ ਦੇ ਤਾਏ ਦੀ ਸੁਣ ਲਓ, ਇਕ ਵਾਰੀ ਅਸੀਂ ਸਰਪੰਚ ਦੇ ਗੱਭਰੂ ਸਾਲੇ ਦੀ ਮਕਾਣ ਚਲੇ ਗਏ। ਸੱਥ ਵਿਚ ਪਹੁੰਚੇ, ਤਾਂ ਅੱਗੇ ਕਹਿਰ ਦੀ ਮੌਤ ਨੇ ਸਾਰਿਆਂ ਦੇ ਚਿਹਰੇ ਉਦਾਸ ਕੀਤੇ ਹੋਏ। ਅਸੀਂ ਵੀ ਹੱਥ ਜੋੜ ਫਤਿਹ ਬੁਲਾ ਕੇ ਬੈਠ ਗਏ। ਦਸ-ਪੰਦਰਾਂ ਮਿੰਟ ਚੁੱਪ ਛਾਈ ਰਹੀ, ਦੋਹਾਂ ਪਾਸਿਆਂ ਤੋਂ ਕੋਈ ਨਾ ਬੋਲਿਆ। ਪਰੀਤੇ ਦੇ ਤਾਏ ਨੂੰ ਹੋਰ ਤਾਂ ਕੁਝ ਸੁੱਝਿਆ ਨਹੀਂ, ਬੋਲ ਪਿਆ, 'ਅੱਜ ਕੱਲ੍ਹ ਕੁਝ ਨਹੀਂ ਪਤਾ ਲਗਦਾ, ਕੀ ਹੋਣਾ ਆ। ਰਾਤ ਸਾਡੇ ਪਿੰਡ ਵਾਲੀ ਸੇਮ ਤੋਂ ਕੋਈ ਕਿੱਕਰ ਵੱਢ ਕੇ ਲੈ ਗਿਆ।' ਦੋਵੇਂ ਪਾਸੇ ਹੈਰਾਨ! ਬਈ, ਆਹ ਕਿਹੋ ਜਿਹਾ ਬੰਦਾ ਲਿਆਏ ਆ ਨਾਲ। ਇੱਥੇ ਗੱਭਰੂ ਜਵਾਨ ਮਰਿਆ ਹੈ, ਇਹਨੂੰ ਸੇਮ ਵਾਲੀ ਕਿੱਕਰ ਦਾ ਫਿਕਰ ਐ।" ਮੱਲ ਬਾਬੇ ਨੇ ਪਰੀਤੇ ਦੇ ਤਾਏ ਦੀ ਸਿਆਣਪ ਸੁਣਾਈ।

"ਬਾਬਾ ਜੀ! ਤੁਹਾਡਾ ਮਤਲਬ, ਜੇ ਮੂੰਹ ਨਹੀਂ ਚੰਗਾ ਤਾਂ ਬੰਦਾ ਗੱਲ ਤਾਂ ਚੰਗੀ ਕਰ ਲਵੇ। ਜੇ ਗੱਲ ਵੀ ਚੰਗੀ ਨਹੀਂ ਕਰਨੀ ਤਾਂ ਚੁੱਪ ਈ ਵੱਟ ਲਵੇ।" ਦੀਪਾ ਬੋਲਿਆ।

"ਫਿਰ ਭਾਈ ਦੋ ਮਹੀਨਿਆਂ ਬਾਅਦ ਦੀਪੇ ਦੀ ਤਾਈ ਮਰ'ਗੀ। ਅਸੀਂ ਤਾਈ ਦੇ ਪੇਕੇ ਮਕਾਣ ਗਏ। ਸਾਰੇ ਚਾਹ-ਪਾਣੀ ਪੀ ਕੇ ਬੈਠ ਗਏ। ਕੋਈ ਨਾ ਬੋਲਿਆ। ਕਿਸੇ ਨੇ ਹਾਅ ਦਾ ਨਾਅਰਾ ਨਹੀਂ ਮਾਰਿਆ। ਜਿਹੋ ਜਿਹੇ ਗਏ, ਵਾਪਸ ਮੁੜ ਆਏ।" ਦੀਪੇ ਦਾ ਤਾਇਆ ਬੋਲਿਆ।

"ਤਾਇਆ, ਯਾਨਿ ਜਿਹੋ ਜਿਹੀ ਥਾਂ ਜਾਈਏ, ਉਹੋ ਜਿਹੀ ਗੱਲਬਾਤ ਕਰੀਏ। ਬਹੁਤੀ ਚੁੱਪ ਵੱਟੀ ਵੀ ਦੁੱਖ ਦਿੰਦੀ ਹੈ ਜਿਵੇਂ ਸਾਡੇ ਵੋਟਰ ਸਰਕਾਰ ਦੀ ਧਰਨੇ ਰੂਪੀ ਮਕਾਣ 'ਤੇ ਜਾ ਕੇ ਚੁੱਪ ਵੱਟ ਜਾਂਦੇ ਹਨ।" ਦੀਪਾ ਫਿਰ ਗੱਲ ਟਿਕਾਣੇ ਦੀ ਕਰਦਾ ਬੋਲਿਆ।

"ਆਹ ਬਚਨੇ ਨੂੰ ਇਕ ਸਾਲ ਭਾਈ ਕੋਈ ਸੀਰੀ ਨਾ ਲੱਭੇ। ਸਭ ਨੂੰ ਇਸ ਦੇ ਅੜਬ ਸੁਭਾਅ ਦਾ ਪਤਾ ਸੀ। ਅਗਾਂਹ ਦੀ ਅਗਾਂਹ ਤਲਵੰਡੀ ਦੇ ਕਿਸੇ ਬੰਦੇ ਕੋਲ ਗੱਲ ਪਹੁੰਚ ਗਈ। ਉਸ ਬੰਦੇ ਦਾ ਸੁਭਾਅ ਵੀ ਬਚਨੇ ਵਰਗਾ ਸੀ। ਉਹ ਭਾਈ ਘਰ ਪੁੱਛ ਕੇ ਬਚਨੇ ਕੋਲ ਆ ਗਿਆ। ਬਚਨੇ ਨੇ ਆਪਣੇ ਤਜਰਬੇ ਅਤੇ ਸੁਭਾਅ ਦੇ ਪੁਲ ਬੰਨ੍ਹ ਦਿੱਤੇ। ਅੱਗਿਉਂ ਬੰਦਾ ਪੂਰਾ ਹੰਢਿਆ ਹੋਇਆ ਸੀ। ਕਹਿੰਦਾ, ਸਰਦਾਰਾ! ਜੋ ਕੁਝ ਮਰਜ਼ੀ ਕਹੀ ਜਾ... ਸੱਚ ਤਾਂ ਇਹ ਹੈ ਕਿ ਤੈਨੂੰ ਕੋਈ ਮਿਲਦਾ ਨਹੀਂ, ਤੇ ਮੈਨੂੰ ਕਿਸੇ ਨੇ ਰੱਖਿਆ ਨਹੀਂ। ਬੱਸ, ਲੱਗੇ ਨੂੰ ਮੀਣਾ ਵੀਹ ਕੋਹ ਪਾ ਕੇ ਮਿਲ ਗਿਆ।" ਮੱਲ ਬਾਬਾ ਆਪਣੀ ਛੱਡ ਗਿਆ।

"ਤਾਇਆ, ਫਿਰ ਉਹ ਸੀਰੀ ਕਿੰਨੇ ਸਾਲ ਤੇਰੇ ਨਾਲ ਲਵਾ ਗਿਆ ਸੀ।" ਪਰੀਤੇ ਨੇ ਬਚਨੇ ਤਾਏ ਨੂੰ ਪੁੱਛਿਆ।

"ਪਰੀਤਿਆ! ਸੱਪ ਨਾਲ ਸੱਪ ਲੜੇ, ਤੇ ਜ਼ਹਿਰ ਕੀਹਨੂੰ ਚੜ੍ਹੇ। ਇਕ ਸਾਲ ਤਾਂ ਅਸੀਂ ਇਕ-ਦੂਜੇ ਨੂੰ ਸਮਝਣ-ਸਮਝਾਉਣ ਵਿਚ ਲੰਘਾ ਦਿੱਤਾ। ਦੂਜੇ ਸਾਲ ਮੈਂ ਆਪਣੇ ਸੁਭਾਅ ਵਿਚ ਨਰਮੀ ਲਿਆਂਦੀ। ਫਿਰ ਕੀ, ਖਰਬੂਜੇ ਨੂੰ ਦੇਖ ਕੇ ਖਰਬੂਜਾ ਰੰਗ ਵਟਾਉਣ ਲੱਗਿਆ। ਉਸ ਨੇ ਵੀ ਨਰਮ ਸੁਰਾਂ ਕਰ ਲਈਆਂ। ਫਿਰ ਸਾਡੀ ਜੱਟ-ਸੀਰੀ ਵਾਲੀ ਨਹੀਂ, ਸਗੋਂ ਭਰਾਵਾਂ ਵਾਲੀ ਜੁੱਟੀ ਪੈ ਗਈ। ਗੱਲ ਮੁਕਾ, ਉਹ ਕਹਿੰਦਾ ਮੈਂ ਕਿਸੇ ਹੋਰ ਨਾਲ ਰਲਣਾ ਨਹੀਂ, ਤੇ ਮੈਂ ਕਿਹਾ, ਮੈਂ ਕਿਸੇ ਹੋਰ ਨੂੰ ਰਲਾਉਣਾ ਨਹੀਂ।" ਬਚਨਾ ਤਾਇਆ ਸੱਚ ਸੁਣਾ ਗਿਆ।

"ਤਾਇਆ, ਤੇਰੇ ਕਹਿਣ ਨਾਲ ਮੈਨੂੰ ਉਹ ਸੀਰੀ ਬੜਾ ਮਹਾਨ ਬੰਦਾ ਲੱਗਿਆ... ਨਹੀਂ ਤਾਂ ਸਾਡੇ ਅੱਜ ਦੇ ਲੀਡਰ ਤਾਂ ਇਕ-ਦੂਜੇ ਦਲ ਵਿਚ ਰਲਣ ਲੱਗੇ ਇਕ ਮਿੰਟ ਨਹੀਂ ਲਾਉਂਦੇ। ਚਾਹੇ ਕੋਈ ਇਕ ਦਲ ਵਿਚ 10-15 ਸਾਲ ਰਿਹਾ ਹੋਵੇ, ਜਦੋਂ ਦੂਜੇ ਦਲ ਨੇ ਟਿਕਟ ਦੀ ਬੁਰਕੀ ਸੁੱਟੀ, ਉਸ ਅੱਗੇ ਪੂਛ ਹਿਲਾ ਦਿੰਦੇ ਹਨ। ਵੋਟਰ ਤਾਂ ਫਿਰ ਪੱਗ ਦੇਖ ਹੀ ਪਾਰਟੀ ਪਛਾਣਦੇ ਹਨ ਕਿ ਕਬੂਤਰ ਨੇ ਰੰਗ ਬਦਲ ਕੇ ਛੱਤਰੀ ਵੀ ਬਦਲ ਲਈ ਹੈ। ਜਿਸ ਖੁੱਡੇ ਵਿਚੋਂ ਆਇਆ, ਉਸ ਨੂੰ ਹੀ ਭੰਡੀ ਜਾਂਦਾ ਕਿ ਹੁਣ ਮੇਰਾ ਉਥੇ ਦਮ ਘੁੱਟਣ ਲੱਗ ਪਿਆ ਸੀ।" ਦੀਪਾ ਸੀਰੀ ਦੀ ਗੱਲ ਨਾਲ ਹੋਰ ਵੀ ਸੁਣਾ ਗਿਆ।

"ਮੈਂ ਸੁਣਿਆ, ਕੱਲ੍ਹ ਦਾ ਰੱਤਾ ਬੋਲਾ ਅਮਰੀਕਾ ਤੋਂ ਆਇਆ ਹੋਇਐ।" ਪਰੀਤੇ ਨੇ ਸਾਰਿਆਂ ਵੱਲ ਨਿਗ੍ਹਾ ਮਾਰੀ।

"ਮੈਂ ਦੇਖਿਆ ਸੀ, ਵੱਡਾ ਸਾਰਾ ਕੋਟ ਪਾਈ ਜਾਂਦਾ ਸੀ ਸ਼ੇਖੂਪੁਰੇ ਵਾਲੇ ਰਾਹ ਵੱਲ।" ਬਾਬੇ ਦਾ ਜੀਤਾ ਜਿਵੇਂ ਨੀਂਦ ਵਿਚੋਂ ਉਠਿਆ ਬੋਲਿਆ ਹੋਵੇ। ਨਿੱਘੀ ਜਿਹੀ ਧੁੱਪ ਨੇ ਉਸ ਦੀ ਅੱਖ ਲਾ ਦਿੱਤੀ ਸੀ।

"ਬਈ ਸੁਣਿਆ, ਉਹ ਮੋਟੇ ਡਾਲਰ ਬਣਾਉਂਦਾ।" ਮੱਲ ਬਾਬਾ ਐਨਕ ਉਤਾਰਦਾ ਬੋਲਿਆ।

"ਮੋਟੇ ਡਾਲਰ ਬਣਦੇ ਕਰ ਕੇ ਤਾਂ ਕੋਠੀ ਦਾ ਕੰਮ ਇਕ ਦਿਨ ਵੀ ਨਹੀਂ ਰੁਕਿਆ। ਆਹ ਇਧਰਲੇ ਵਿਚਾਰੇ ਤਾਂ ਰੇਤਾ ਬਜਰੀ ਕਰ ਕੇ ਵਿਚਾਲੇ ਹੀ ਅਟਕੇ ਹੋਏ ਹਨ। ਗਰੀਬ ਬੰਦਾ ਕਿਥੋਂ ਮਕਾਨ ਬਣਾ ਲਊ? ਜਿੰਨੇ ਦਾ ਸੀਮਿੰਟ ਲੱਗਦਾ, ਉਨੇ ਦਾ ਹੀ ਰੇਤਾ।" ਜੀਤਾ ਅੱਖ ਮਲਦਾ ਬੋਲਿਆ।

"ਇਹ ਰੱਤਾ ਬੋਲਾ ਕਰਦਾ ਕੀ ਹੈ ਉਥੇ?" ਮੱਲ ਬਾਬਾ ਹੈਰਾਨੀ ਨਾਲ ਬੋਲਿਆ।

"ਬਾਬਾ, ਇਹ ਇੱਥੋਂ ਤਾਂ ਗਿਆ ਸੀ ਆਪਣੀ ਧੀ ਰਾਣੀ ਕੋਲ ਕੈਲੀਫੋਰਨੀਆ। ਧੀ ਨੇ ਅਗਾਂਹ ਨਿਊ ਯਾਰਕ ਵੱਲ ਤੋਰ ਦਿੱਤਾ ਕਿ ਉਥੇ ਕਿਸੇ ਪੰਪ 'ਤੇ ਗੈਸ ਪਾਉਣ ਲੱਗ ਜਾਊ। ਰੱਤਾ ਬੋਲਾ ਗੱਲਾਂ ਦਾ ਜੁਗਾੜੀ ਪਹਿਲਾਂ ਹੀ ਸੀ, ਉਥੇ ਇਸ ਨੂੰ ਇਕ ਪੰਪ 'ਤੇ ਰਾਤਾਂ ਨੂੰ ਕੰਮ ਮਿਲ ਗਿਆ। ਚਾਰ ਸੌ ਡਾਲਰ ਹਫ਼ਤੇ ਦਾ, ਰਹਿਣ ਨੂੰ ਗੈਸ ਸਟੇਸ਼ਨ ਦੇ ਮਾਲਕ ਨੇ ਚਾਰ ਮੁੰਡਿਆਂ ਨੂੰ ਮਕਾਨ ਲੈ ਕੇ ਦਿੱਤਾ ਸੀ, ਉਥੇ ਹੀ ਰੱਤਾ ਬੋਲਾ ਵਾੜ ਦਿੱਤਾ, ਤੇ ਬਾਕੀ ਗੱਲ ਰੋਟੀ-ਟੁੱਕ ਦੀ; ਰੱਤੇ ਬੋਲੇ ਨੇ ਉਹ ਵੀ ਛੇਤੀ ਜੁਗਾੜ ਕਰ ਲਿਆ... ਡੇਢ ਕੁ ਮੀਲ 'ਤੇ ਗੁਰਦੁਆਰਾ ਸੀ। ਰੱਤੇ ਬੋਲੇ ਨੇ ਗ੍ਰੰਥੀ ਸਿੰਘ ਨੂੰ ਜਾ ਫਤਿਹ ਬੁਲਾਈ। ਪਿੰਡਾਂ ਦੀਆਂ ਸਕੀਰੀਆਂ ਕੱਢ ਕੇ ਬੈਠਣ ਨੂੰ ਥਾਂ ਬਣਾ ਲਿਆ। ਫਿਰ ਕੀ ਸੀ, ਸਵੇਰਿਓਂ ਕੰਮ ਤੋਂ ਹਟ ਕੇ ਸਿੱਧਾ ਗੁਰਦੁਆਰੇ ਜਾ ਪਹੁੰਚਦਾ। ਪਹਿਲਾਂ ਮੱਥਾ ਟੇਕ ਕੇ ਬੁੱਕ ਦੇਗ ਦਾ ਫ਼ਕ ਲੈਂਦਾ, ਫਿਰ ਸਵੇਰ ਦੀਆਂ ਖਾ ਕੇ ਸ਼ਾਮ ਦੀਆਂ ਲੜ ਬੰਨ੍ਹ ਲਿਆਉਂਦਾ। ਘਰੇ ਆ ਕੇ ਦੋ ਪੈਗ ਪੀ ਕੇ ਸੌਂ ਜਾਂਦਾ। ਜੇ ਨਾਲ ਦੇ ਮੁੰਡੇ ਕਹਿੰਦੇ, ਬਾਬਾ ਤੜਕਾ ਕੱਟ ਦੇ ਸਬਜ਼ੀ ਬਣਾ ਲਈਏ। ਅੱਗਿਉਂ ਘੁੰਨਾ ਜਿਹਾ ਹੋ ਕੇ ਕਹਿੰਦਾ, 'ਬਈ ਸ਼ੇਰੋ, ਮੈਨੂੰ ਤਾਂ ਭੁੱਖ ਨਹੀਂ, ਤੁਸੀਂ ਆਪਣੇ ਜੋਗੀ ਬਣਾ ਲਓ। ਗੱਲ ਮਕਾਓ, ਰੱਤੇ ਬੋਲੇ ਦਾ ਇਕ ਡਾਲਰ ਦਾ ਵੀ ਖਰਚਾ ਨਹੀਂ। ਜਿੰਨੇ ਬਣਾਉਂਦਾ, ਇੱਧਰ ਮੁੰਡੇ ਨੂੰ ਭੇਜੀ ਜਾਂਦਾ। ਤਾਈਓਂ ਤਾਂ ਸਾਰੇ ਕਹਿੰਦੇ ਨੇ, ਬਈ ਜੱਗੇ ਨੇ ਚੰਗਾ ਬਾਪੂ ਜੰਮਿਆ ਹੈ ਜਿਹੜਾ ਪੁੱਤ ਦਾ ਪੂਰਾ ਖਿਆਲ ਰੱਖਦਾ।" ਪਰੀਤੇ ਨੇ ਰੱਤੇ ਬੋਲੇ ਦੀ ਸਾਰੀ ਜਾਣਕਾਰੀ ਬੋਲ ਸੁਣਾਈ।

"ਪਰੀਤਿਆ, ਤੈਨੂੰ ਸਾਰਾ ਕੁਝ ਕਿਵੇਂ ਪਤੈ?" ਦੀਪਾ ਨੇੜੇ ਹੁੰਦਾ ਬੋਲਿਆ।

"ਦੀਪੇ ਯਾਰ! ਤੂੰ ਸਾਨੂੰ ਐਵੇਂ ਹੀ ਜਾਣਦਾਂ। ਸਾਨੂੰ ਵੀ ਸਾਰੀ ਜਾਣਕਾਰੀ ਹੈ। ਤੂੰ ਸਾਨੂੰ ਅਨਪੜ੍ਹ ਹੀ ਸਮਝਦੈਂ।" ਪਰੀਤੇ ਨੇ ਪਰਨਾ ਖੋਲ੍ਹ ਕੇ ਦੁਬਾਰਾ ਬੰਨ੍ਹਦਿਆਂ ਜਵਾਬ ਦਿੱਤਾ।

"ਉਏ ਸ਼ੇਰੋ! ਰੱਤੇ ਬੋਲੇ ਨੂੰ ਵੀ ਵੱਡੇ ਬਾਬੇ ਵਾਂਗ ਬੰਦਾ ਬੰਨ੍ਹਣਾ ਆਉਂਦਾ। ਕਦੇ ਨਰਮੀ ਨਾਲ, ਕਦੇ ਗਰਮੀ ਨਾਲ। ਜਿਸ ਕੋਲ ਇਹ ਕਲਾ ਹੈ, ਉਹ ਨਾ ਆਪ ਭੁੱਖਾ ਮਰਦਾ ਹੈ, ਨਾ ਪੁੱਤ ਭੁੱਖਾ ਮਰਨ ਦਿੰਦਾ ਹੈ। ਰੱਤਾ ਬੋਲਾ ਵੀ ਆਪਣੇ ਪੁੱਤ ਨੂੰ ਡਾਲਰ ਜੋੜ ਕੇ ਦੇਈ ਜਾਂਦਾ, ਤੇ ਵੱਡਾ ਬਾਬਾ ਵੀ ਇੰਜ ਕਰਦਾ ਹੈ। ਫਰਕ ਇੰਨਾ ਕੁ ਹੈ ਕਿ ਰੱਤਾ ਬੋਲਾ ਲੰਗਰ ਵੱਲ ਹੋ ਗਿਆ, ਤੇ ਵੱਡਾ ਬਾਬਾ ਗੋਲਕ ਵੱਲ ਹੋਇਆ ਹੋਇਆ।" ਮੁਨਸ਼ੀ ਨੇ ਵੀ ਆਉਂਦਿਆਂ ਸਾਰ ਹਾਜ਼ਰੀ ਲਵਾਈ।

"ਮੁਨਸ਼ੀ! ਆਹ ਵੱਡਾ ਬਾਬਾ ਕਿਹੜੈ?" ਪਰੀਤਾ ਅਣਜਾਣ ਜਿਹਾ ਬਣਦਾ ਬੋਲਿਆ।

"ਪਰੀਤਿਆ, ਜਾਣ ਕੇ ਖਿੱਲਾਂ ਲੈਣੀਆਂ ਨੇ, ਸਮਝਣ ਵਾਲੇ ਤਾਂ ਸਮਝ ਗਏ।" ਮੁਨਸ਼ੀ ਨੇ ਪਰੀਤੇ ਵੱਲ ਗੋਲ ਕਰਦਿਆਂ ਕਿਹਾ।

"ਬਾਬਾ! ਐਤਕੀਂ ਫਿਰ ਤੁਹਾਡਾ ਸਾਲ ਲੰਘ ਗਿਆ। ਹੁਣ ਗੱਲ ਅਗਲੇ ਸਾਲ 'ਤੇ ਜਾ ਪਈ। ਅਸੀਂ ਤਾਂ ਸੋਚਿਆ ਸੀ, ਬਾਬਾ ਐਤਕੀਂ ਜਲੇਬੀਆਂ ਖੁਆ ਜਾਊਗਾ।" ਦੀਪਾ ਮੱਲ ਬਾਬੇ ਨੂੰ ਕਹਿਣ ਲੱਗਾ।

"ਦੀਪਿਆ! ਮੈਨੂੰ ਚਾਰ ਸਾਲ ਜਿਉਂ ਲੈਣ ਦੇ। ਜੇ ਤੂੰ ਜਲੇਬੀਆਂ ਖਾਣੀਆਂ, ਤਾਂ ਮੁੱਲਾਂਪੁਰੋਂ ਖੁਆ ਲਿਆਊਂਨਾ।" ਮੱਲ ਬਾਬਾ ਬੋਲਿਆ।

"ਕਰ ਲੈ ਗੱਲ! ਬਾਬਾ ਤਾਂ ਚਾਰ ਸਾਲ ਉਮਰ ਵਧਾ ਗਿਆ।" ਪਰੀਤਾ ਹੱਸਦਾ ਕਹਿਣ ਲੱਗਾ।

"ਉਏ ਬਾਬੇ ਦੇ ਕਹਿਣ ਦਾ ਮਤਲਬ ਐ ਕਿ ਵੱਡਾ ਬਾਬਾ ਤੁਹਾਡੇ ਅੱਗੇ ਹੱਥ ਜੋੜ ਕੇ ਇਕੋ ਵਾਰੀ ਵਧਾਉਂਦਾ ਹੋਇਆ ਪੰਜ ਪੂਰੀਆਂ ਕਰਨ ਮਗਰ ਪਿਆ ਹੈ, ਸਾਡਾ ਬਾਬਾ ਚਾਰ ਸਾਲ ਵੀ ਨਾ ਵਧਾਵੇ?" ਦੀਪਾ ਫਿਰ ਬਾਬੇ ਵੱਲ ਦੀ ਗੱਲ ਕਰ ਗਿਆ।

"ਬਾਬਾ ਇਕ ਗੱਲ ਹੋਰ ਐ... ਐਤਕੀਂ ਵੋਟਾਂ ਵੇਲੇ ਅਸੀਂ ਪਿੰਡ ਵਿਚ ਨਸ਼ਾ-ਪੱਤਾ ਵੰਡਣ ਨਹੀਂ ਦੇਣਾ। ਪੂਰਾ ਡੱਟ ਕੇ ਖੜ੍ਹਾਂਗੇ। ਜੇ ਸਾਨੂੰ ਇਸ ਕਾਰਜ ਲਈ ਸ਼ਹੀਦੀ ਵੀ ਪਾਉਣੀ ਪਈ, ਤਾਂ ਅਸੀਂ ਆਹ ਤਿੰਨੇ ਬਾਬੇ ਸ਼ਹੀਦ ਕਰਵਾਉਣ ਤੋਂ ਪਿੱਛੇ ਨਹੀਂ ਹਟਾਂਗੇ।" ਪਰੀਤਾ ਪੂਰਾ ਖਿੜਦਾ ਬੋਲਿਆ।

"ਤੁਹਾਡੇ ਸਾਰਿਆਂ ਕੋਲੋਂ ਕੁਝ ਨਹੀਂ ਜੇ ਹੋਣਾ! ਸਭ ਗੱਲਾਂ ਵਾਲੇ ਈ ਹੋ। 'ਪਿੰਡਾਂ ਅਗਾਂਹ ਪੁੱਤਾਂ ਪਿਛਾਂਹ' ਵਾਲੀ ਧਾਰਨਾ ਦੇ ਮਾਲਕ ਹੋ ਤੁਸੀਂ। ਬਾਬੇ ਸ਼ਹੀਦ ਨਾ ਕਰਵਾਓ, ਆਪਣੇ ਬੱਚੇ ਬਚਾ ਲਵੋ। ਅਸੀਂ ਹਿੱਕ ਤਾਣ ਕੇ ਵੀ ਦੇਖ ਲਿਆ, ਤੇ ਮੋਢੇ ਬੰਦੂਕਾਂ ਪਾ ਕੇ ਵੀ ਦੇਖ ਲਿਆ... ਲੋੜ ਹੈ ਸਾਨੂੰ ਏਕਤਾ ਦੀ, ਇੱਕਠੇ ਹੋ ਕੇ ਹੰਭਲਾ ਮਾਰਨ ਦੀ। ਨਹੀਂ ਤਾਂ ਸਾਡੇ ਬੱਚੇ ਕੁਝ ਹੋਰ ਹੀ ਇਤਿਹਾਸ ਪੜ੍ਹਿਆ ਕਰਨਗੇ।" ਕਾਮਰੇਡ ਕਹਿ ਕੇ ਤੁਰ ਗਿਆ। ਬਾਕੀ ਯਾਰ ਸੋਚੀਂ ਪੈ ਗਏ।

# ਭਾਈ ਗੁਰਮੇਜ ਸਿੰਘ ਨੂੰ 'ਸਿੱਖ ਰਤਨ' ਦੀ ਉਪਾਧੀ

**ਅੰਮ੍ਰਿਤਸਰ:** ਅਕਾਲ ਤਖ਼ਤ ਵੱਲੋਂ ਵੱਖ-ਵੱਖ ਖੇਤਰਾਂ ਵਿਚ ਅਹਿਮ ਯੋਗਦਾਨ ਪਾਉਣ ਵਾਲੀਆਂ ਤਿੰਨ ਸਿੱਖ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਸਾਬਕਾ ਹਜ਼ੂਰੀ ਰਾਗੀ ਭਾਈ ਗੁਰਮੇਜ ਸਿੰਘ ਨੂੰ 'ਸਿੱਖ ਰਤਨ' ਤੇ ਇਤਿਹਾਸਕਾਰ ਡਾ. ਕਿਰਪਾਲ ਸਿੰਘ ਨੂੰ 'ਪ੍ਰੋਫੈਸਰ ਆਫ ਸਿਖਇਜ਼ਮ' ਦੀ ਉਪਾਧੀ ਨਾਲ ਸਨਮਾਨਤ ਕੀਤਾ ਗਿਆ ਤੇ ਰਾਗੀ ਭਾਈ ਅਮਰੀਕ ਸਿੰਘ ਜ਼ਖ਼ਮੀ ਨੂੰ ਮਰਨ ਉਪਰੰਤ 'ਸ਼੍ਰੋਮਣੀ ਰਾਗੀ' ਪੁਰਸਕਾਰ ਭੇਟ ਕੀਤਾ ਗਿਆ।

ਨੇਤਰਹੀਣ ਭਾਈ ਗੁਰਮੇਜ ਸਿੰਘ ਨੂੰ ਬਰੇਲ ਲਿਪੀ ਵਿਚ ਗੁਰੂ ਗ੍ਰੰਥ ਸਾਹਿਬ ਦਾ ਲਿਪੀਅੰਤਰਣ ਕਰਨ ਲਈ, ਡਾ. ਕਿਰਪਾਲ ਸਿੰਘ ਨੂੰ ਸਿੱਖ ਇਤਿਹਾਸ ਦੀ ਖੋਜ ਕਰਨ ਤੇ ਸਿੱਖ ਸਰੋਤ, ਇਤਿਹਾਸ, ਗ੍ਰੰਥ ਸੰਪਾਦਨਾ ਦੇ ਕੰਮ ਲਈ ਤੇ ਭਾਈ ਅਮਰੀਕ ਸਿੰਘ ਜ਼ਖ਼ਮੀ ਨੂੰ ਜੀਵਨ ਭਰ ਗੁਰਬਾਣੀ ਦੇ ਰਾਗਾਂ ਵਿਚ ਗਾਇਨ ਕਰਨ ਦੀ ਪ੍ਰੰਪਰਾ ਨੂੰ ਨਿਭਾਉਣ ਲਈ ਇਹ ਮਾਣ ਸਨਮਾਨ ਦਿੱਤਾ ਗਿਆ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਅਕਾਲ ਤਖ਼ਤ ਵਿਖੇ ਵਿਸ਼ੇਸ਼ ਸਮਾਗਮ ਕੀਤਾ ਗਿਆ।

ਇਸ ਵਿਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਤੇ ਗ੍ਰੰਥੀ ਗਿਆਨੀ ਰਵੇਲ ਸਿੰਘ ਸਮੇਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਵੱਲੋਂ ਇਹ ਮਾਣ ਸਨਮਾਨ ਦਿੱਤਾ ਗਿਆ। ਸਨਮਾਨਤ ਕੀਤੀਆਂ ਗਈਆਂ ਸ਼ਖ਼ਸੀਅਤਾਂ ਨੂੰ ਚਾਂਦੀ ਦੀ ਤਸ਼ਤਰੀ, ਸਿਰੋਪਾ, ਸਿਰੀ ਸਾਹਿਬ ਤੇ ਲੋਈ ਦੇ ਕੇ ਸਨਮਾਨਤ ਕੀਤਾ ਗਿਆ। ਭਾਈ ਅਮਰੀਕ ਸਿੰਘ ਜ਼ਖ਼ਮੀ ਦਾ ਪੁਰਸਕਾਰ ਉਨ੍ਹਾਂ ਦੇ ਪੁੱਤਰ ਭਾਈ ਹਰਜੋਤ ਸਿੰਘ ਜ਼ਖ਼ਮੀ ਨੇ ਪ੍ਰਾਪਤ ਕੀਤਾ।

ਭਾਈ ਗੁਰਮੇਜ ਸਿੰਘ ਨੇ ਦੱਸਿਆ ਕਿ ਉਨ੍ਹਾਂ 18 ਪੋਥੀਆਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਬਰੇਲ ਲਿਪੀ ਵਿਚ ਲਿਪੀਅੰਤਰਣ ਕੀਤਾ ਹੈ ਜਿਸ ਨਾਲ ਨੇਤਰਹੀਣ ਵਿਅਕਤੀ ਵੀ ਗੁਰਬਾਣੀ ਨਾਲ ਜੁੜ ਜਾਣਗੇ। ਉਹ ਇਸ ਕਾਰਜ ਨੂੰ ਅਗਾਂਹ ਵੀ ਜਾਰੀ ਰੱਖਣਗੇ। ਇਤਿਹਾਸਕਾਰ ਡਾ. ਕਿਰਪਾਲ ਸਿੰਘ ਨੇ ਆਖਿਆ ਕਿ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਇਤਿਹਾਸ ਦੀ ਸੋਧ ਕਰਨ ਦਾ ਸੌਂਪਿਆ ਗਿਆ ਕੰਮ ਜਾਰੀ ਹੈ ਜਿਸ ਨੂੰ ਜਲਦੀ ਹੀ ਮੁਕੰਮਲ ਕਰ ਲਿਆ ਜਾਵੇਗਾ।

# ਬਜਟ ਵਿਚ ਮੱਧ ਵਰਗ ਨੂੰ ਖੁਸ਼ ਕਰਨ ਦੀ ਕੋਸ਼ਿਸ਼

**ਨਵੀਂ ਦਿੱਲੀ:** ਚੋਣਾਂ ਤੋਂ ਪਹਿਲਾਂ ਮੱਧ ਵਰਗ ਦਾ ਦਿਲ ਖੁਸ਼ ਕਰਦਿਆਂ, ਵਿੱਤ ਮੰਤਰੀ ਪੀ. ਚਿਦੰਬਰਮ ਨੇ ਕਾਰਾਂ ਤੇ ਸਕੂਟਰ-ਮੋਟਰਸਾਈਕਲਾਂ, ਟੀਵੀ, ਫਰਿਜ ਉਪਰ ਮਹਿਸੂਲ ਦਰ ਘਟਾ ਦਿੱਤੀ ਹੈ ਤੇ ਸਾਬਕਾ ਫੌਜੀਆਂ ਲਈ 'ਇਕ ਰੈਂਕ ਇਕ ਪੈਨਸ਼ਨ' ਦੀ ਮੰਗ ਪ੍ਰਵਾਨ ਕਰ ਲਈ ਹੈ। ਲੋਕ ਸਭਾ ਵਿਚ ਅੰਤਰਿਮ ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਪੀ. ਚਿਦੰਬਰਮ ਨੇ ਰਈਸ ਵਿਅਕਤੀਆਂ 'ਤੇ ਆਮਦਨ ਕਰ ਉਪਰ 10 ਫੀਸਦੀ ਸਰਚਾਰਜ ਤੇ ਕਾਰਪੋਰੇਟ ਕੰਪਨੀਆਂ 'ਤੇ ਪੰਜ ਫੀਸਦੀ ਟੈਕਸ ਬਰਕਰਾਰ ਰੱਖੇ ਹਨ। ਸਾਬਕਾ ਫੌਜੀਆਂ ਨੂੰ ਵੱਡੀ ਰਾਹਤ ਦਿੰਦਿਆਂ, ਉਨ੍ਹਾਂ ਕਿਹਾ ਕਿ 'ਇਕ ਰੈਂਕ ਇਕ ਪੈਨਸ਼ਨ' ਦੀ ਮੰਗ ਪ੍ਰਵਾਨ ਹੋ ਗਈ ਹੈ ਤੇ ਇਸ ਲਈ 500 ਕਰੋੜ ਰੁਪਏ ਰੱਖੇ ਗਏ ਹਨ। ਇਸ ਨਾਲ 30 ਲੱਖ ਰੱਖਿਆ ਪੈਨਸ਼ਨਰਾਂ ਨੂੰ ਲਾਭ ਮਿਲੇਗਾ।

ਇਸ ਤੋਂ ਇਲਾਵਾ ਖੇਤੀ ਕਰਜ਼ਿਆਂ 'ਤੇ ਸਬਸਿਡੀ ਸਕੀਮ ਜਾਰੀ ਰੱਖੀ ਗਈ ਹੈ ਤੇ 31 ਮਾਰਚ 2009 ਤੋਂ ਪਹਿਲਾਂ ਲਏ ਸਿੱਖਿਆ ਕਰਜ਼ਿਆਂ ਦੀਆਂ ਕਿਸ਼ਤਾਂ ਉਪਰ ਰੋਕ ਜਾਰੀ ਰਹੇਗੀ। ਵਿਦਿਆਰਥੀ ਕਰਜ਼ਿਆਂ 'ਤੇ 2600 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਜਾਵੇਗੀ। ਇਸ ਨਾਲ 9 ਲੱਖ ਵਿਦਿਆਰਥੀਆਂ ਨੂੰ ਲਾਭ ਮਿਲੇਗਾ।

ਆਟੋਮੋਬਾਈਲ ਸੈਕਟਰ ਨੂੰ ਹੁਲਾਰਾ ਦੇਣ ਦੇ ਇਰਾਦੇ ਨਾਲ ਸਰਕਾਰ ਨੇ ਛੋਟੀਆਂ ਕਾਰਾਂ, ਮੋਟਰਸਾਈਕਲਾਂ, ਸਕੂਟਰਾਂ ਤੇ ਕਮਰਸ਼ਲ ਵਾਹਨਾਂ 'ਤੇ ਆਬਕਾਰੀ ਕਰ 12 ਫੀਸਦੀ ਤੋਂ ਘਟਾ ਕੇ 8 ਫੀਸਦੀ ਤੇ ਐਸ.ਯੂ.ਵੀਜ਼. ਉਪਰ ਆਬਕਾਰੀ 30 ਫੀਸਦੀ ਤੋਂ ਘਟਾ ਕੇ 24 ਫੀਸਦੀ ਕਰ ਦਿੱਤੀ ਗਈ ਹੈ। ਵੱਡੀਆਂ ਤੇ ਦਰਮਿਆਨੀਆਂ ਕਾਰਾਂ 'ਤੇ ਆਬਕਾਰੀ ਡਿਊਟੀ 27/24 ਫੀਸਦੀ ਤੋਂ ਘਟਾ ਕੇ 24/20 ਫੀਸਦ ਕਰ ਦਿੱਤੀ ਗਈ ਹੈ। ਨਿਰਮਾਣ ਖੇਤਰ ਨੂੰ ਹੱਲਾਸ਼ੇਰੀ ਦੇਣ ਲਈ ਟੀਵੀ, ਫਰਿਜ, ਕੰਪਿਊਟਰ, ਮੋਬਾਈਲ ਫੋਨ, ਪ੍ਰਿੰਟਰ, ਡਿਜੀਟਲ ਕੈਮਰਾ, ਮਾਈਕਰੋਵੇਵ ਓਵਨ, ਡੀਵੀਡੀ ਪਲੇਅਰ 'ਤੇ ਆਬਕਾਰੀ 12 ਫੀਸਦੀ ਤੋਂ ਘਟਾ ਕੇ 10 ਫੀਸਦ ਕਰ ਦਿੱਤਾ ਗਿਆ।


# ਬੇਅੰਤ ਸਿੰਘ ਕੇਸ 'ਚ ਸ਼ਮਸ਼ੇਰ ਤੇ ਗੁਰਮੀਤ ਦੀਆਂ ਪਟੀਸ਼ਨਾਂ 'ਤੇ ਨੋਟਿਸ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀਆਂ ਸ਼ਮਸ਼ੇਰ ਸਿੰਘ ਤੇ ਗੁਰਮੀਤ ਸਿੰਘ ਵੱਲੋਂ ਰਿਹਾਈ ਲਈ ਪਾਈਆਂ ਪਟੀਸ਼ਨਾਂ ਉਪਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ, ਕੇਂਦਰ ਸਰਕਾਰ ਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਨਵੀਂ ਨੀਤੀ ਤਹਿਤ ਫੈਸਲਾ ਕਰਨ ਲਈ ਕਿਹਾ ਹੈ। ਅਦਾਲਤ ਨੇ ਇਸ ਲਈ ਛੇ ਹਫਤਿਆਂ ਦਾ ਸਮਾਂ ਦਿੱਤਾ ਹੈ।

ਦੋਵਾਂ ਨੇ ਆਪਣੀ ਪਟੀਸ਼ਨਾਂ ਵਿਚ ਕਿਹਾ ਹੈ ਕਿ ਉਹ 18 ਸਾਲਾਂ ਤੋਂ ਜੇਲ੍ਹ ਵਿਚ ਹਨ, ਇਸ ਆਧਾਰ 'ਤੇ ਉਨ੍ਹਾਂ ਦੀ ਰਿਹਾਈ ਕੀਤੀ ਜਾਵੇ। ਜਸਟਿਸ ਰਾਜੀਵ ਭੱਲਾ ਦੀ ਅਗਵਾਈ ਹੇਠਲੇ ਬੈਂਚ ਨੇ ਕੇਂਦਰ ਸਰਕਾਰ ਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਇਸ ਬਾਰੇ ਪੂਰੀ ਰਿਪੋਰਟ 4 ਅਪਰੈਲ ਨੂੰ ਪੇਸ਼ ਕਰਨ ਲਈ ਕਿਹਾ ਹੈ। ਬੈਂਚ ਨੇ ਦੋਵੇਂ ਦੋਸ਼ੀਆਂ ਨੂੰ ਕਿਹਾ ਕਿ ਜੇ ਉਹ ਫੈਸਲੇ ਤੋਂ ਸੰਤੁਸ਼ਟ ਨਾ ਹੋਏ ਤਾਂ ਉਹ ਇਸ ਖ਼ਿਲਾਫ਼ ਮੁੜ ਹਾਈ ਕੋਰਟ ਦਾ ਦਰਵਾਜ਼ਾ ਖੜਕਾ ਸਕਦੇ ਹਨ। ਬੁੜੈਲ ਜੇਲ੍ਹ ਵਿਚ ਬੰਦ ਸ਼ਮਸ਼ੇਰ ਸਿੰਘ ਅਤੇ ਗੁਰਮੀਤ ਸਿੰਘ ਨੇ ਕਿਹਾ ਕਿ ਜਦੋਂ 14 ਸਾਲ ਦੀ ਉਮਰ ਕੈਦ ਪੂਰੀ ਕਰ ਚੁੱਕੇ ਲੋਕਾਂ ਨੂੰ ਰਿਹਾਅ ਕੀਤਾ ਜਾ ਰਿਹਾ ਹੈ ਤਾਂ ਉਨ੍ਹਾਂ ਨਾਲ ਭੇਦਭਾਵ ਕਿਉਂ ਕੀਤਾ ਜਾ ਰਿਹਾ ਹੈ। ਸਰਕਾਰ ਵੱਲੋਂ ਉਨ੍ਹਾਂ ਦੀ ਰਿਹਾਈ ਬਾਰੇ ਬੇਨਤੀਆਂ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ।

# ਜਿਸ ਧਜ ਸੇ ਕੋਈ ਮਕਤਲ ਮੇਂ ਗਿਆ, ਵੋ ਸ਼ਾਨ...

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਦੇਸ਼ ਦੇ ਲੋਕ ਪਹਿਲਾਂ ਹੀ ਕੇਂਦਰ ਦੀ ਮੌਜੂਦਾ ਸਰਕਾਰ ਨਾਲ ਇਸ ਗੱਲੋਂ ਨਾਰਾਜ਼ ਹਨ ਕਿ ਵੱਡੇ ਪੂੰਜੀਪਤੀਆਂ ਦੀ ਆਮਦਨ ਵਧਾਉਣ ਲਈ ਇਹ ਪਿਛਲੇ ਸਮੇਂ ਵਿਚ ਮਹਿੰਗਾਈ ਰੋਕਣ ਦੇ ਕਦਮ ਚੁੱਕਣ ਤੋਂ ਪਾਸਾ ਵੱਟਦੀ ਰਹੀ ਹੈ, ਚੋਣ ਪ੍ਰਚਾਰ ਦੇ ਮੁੱਢ ਵੇਲੇ ਗੈਸ ਦੀਆਂ ਕੀਮਤਾਂ ਵਧਾਉਣ ਤੋਂ ਲੋਕ ਹੋਰ ਉਬਲ ਪੈਣਗੇ। ਉਨ੍ਹਾਂ ਦੇ ਇਸ ਮੂਡ ਬਾਰੇ ਜਾਣਦੇ ਹੋਣ ਦੇ ਬਾਵਜੂਦ ਕਾਂਗਰਸ ਪਾਰਟੀ ਦੇ ਆਗੂ ਇਹ ਕਦਮ ਇਸ ਲਈ ਚੁੱਕਣਗੇ ਕਿ ਉਹ ਜਿਸ ਦਾ ਦਿੱਤਾ ਖਾਂਦੇ ਹਨ, ਉਸ ਦੇ ਮੂਹਰੇ ਸਿਰ ਨਹੀਂ ਚੁੱਕਣ ਜੋਗੇ ਤੇ ਉਨ੍ਹਾਂ ਦਾ ਦਾਨ-ਦਾਤਾ ਆਪਣੇ ਗੁਜਰਾਤ ਦੇ ਵੱਡੇ ਪ੍ਰਾਜੈਕਟ ਖਾਤਰ ਨਰਿੰਦਰ ਮੋਦੀ ਨੂੰ ਦੇਸ਼ ਦੀ ਵੱਡੀ ਕੁਰਸੀ ਉਤੇ ਬਿਠਾਉਣ ਦਾ ਇਰਾਦਾ ਬਣਾ ਚੁੱਕਾ ਜਾਪਦਾ ਹੈ। ਕੁਰਸੀ ਦਾਅ ਉਤੇ ਕੇਜਰੀਵਾਲ ਨੇ ਵੀ ਲਾਈ ਅਤੇ ਛੱਡੀ ਹੈ ਤੇ ਕੁਰਸੀ ਦਾਅ ਉਤੇ ਮਨਮੋਹਨ ਸਿੰਘ ਦੀ ਵੀ ਲੱਗ ਗਈ ਹੈ, ਪਰ ਫਰਕ ਦੋਵਾਂ ਵਿਚ ਇਹ ਹੈ ਕਿ 'ਜਿਸ ਧਜ ਸੇ ਕੋਈ ਮਕਤਲ ਮੇਂ ਗਿਆ, ਵੋ ਸ਼ਾਨ ਸਲਾਮਤ ਰਹਿਤੀ ਹੈ।'***

ਇਸ ਮਹੀਨੇ ਦੀ ਬਾਰਾਂ ਤਰੀਕ ਨੂੰ ਜੰਮੂ-ਕਸ਼ਮੀਰ ਦੀ ਵਿਧਾਨ ਸਭਾ ਵਿਚ ਝਗੜਾ ਹੋਇਆ ਤੇ ਕੁਰਸੀਆਂ ਦੇ ਨਾਲ ਮੈਂਬਰਾਂ ਨੇ ਆਪੋ ਵਿਚ ਇੱਕ ਦੂਸਰੇ ਉਤੇ ਹਮਲਾ ਕਰ ਦਿੱਤਾ ਸੀ। ਉਸ ਅਸੈਂਬਲੀ ਵਿਚ ਅੱਗੇ ਵੀ ਇੱਕ ਵਾਰੀ ਝਗੜਾ ਹੋ ਚੁੱਕਾ ਸੀ। ਇਸ ਵਾਰੀ ਦੇ ਝਗੜੇ ਤੋਂ ਬਾਅਦ ਜਦੋਂ ਟੀ ਵੀ ਚੈਨਲਾਂ ਉਤੇ ਬਹਿਸ ਹੋ ਰਹੀ ਸੀ, ਇੱਕ ਸੱਜਣ ਨੇ ਠੀਕ ਸ਼ੰਕਾ ਪ੍ਰਗਟ ਕੀਤੀ ਕਿ ਜੋ ਕੁਝ ਸਾਡੀਆਂ ਵਿਧਾਨ ਸਭਾਵਾਂ ਵਿਚ ਹੁੰਦਾ ਅਸੀਂ ਰੋਜ਼ ਵੇਖ ਰਹੇ ਹਾਂ, ਕਿਸੇ ਦਿਨ ਸਾਡੀ ਪਾਰਲੀਮੈਂਟ ਵਿਚ ਵੀ ਵਾਪਰ ਸਕਦਾ ਹੈ, ਤੇ ਇਹ ਅਗਲੇ ਦਿਨ ਹੀ ਸੱਚਮੁਚ ਵਾਪਰ ਗਿਆ। ਜਿਸ ਦਿੱਲੀ ਵਿਚ ਪਾਰਲੀਮੈਂਟ ਵਿਚ ਇਹ ਘਟਨਾ ਵਾਪਰੀ, ਉਸੇ ਦਿੱਲੀ ਵਿਚ ਵਿਧਾਨ ਸਭਾ ਵਿਚ ਵੀ ਓਸੇ ਦਿਨ ਧਮੱਚੜ ਪਿਆ। ਦੇਸ਼ ਦੀਆਂ ਦੋ ਮੁੱਖ ਵਿਰੋਧੀ ਮੰਨੀਆਂ ਜਾਂਦੀਆਂ ਸਿਆਸੀ ਧਿਰਾਂ ਦੇ ਮੈਂਬਰ ਦਿੱਲੀ ਦੀ ਵਿਧਾਨ ਸਭਾ ਵਿਚ ਇੱਕ ਸਾਂਝੀ ਟੀਮ ਬਣ ਕੇ ਬੋਲੇ ਅਤੇ ਹਾਕਮ ਧਿਰ ਦੇ ਨਾਲ ਝਗੜੇ। ਅੰਤ ਨੂੰ ਉਨ੍ਹਾਂ ਦੇ ਮਨ ਦੀ ਮੁਰਾਦ ਪੂਰੀ ਹੋ ਗਈ। ਮੁੱਖ ਮੰਤਰੀ ਨੇ ਆਪਣੀ ਸਰਕਾਰ ਦਾ ਅਸਤੀਫਾ ਦੇ ਦਿੱਤਾ ਤੇ ਇਹ ਅਸਤੀਫਾ ਦੇਸ਼ ਦੇ ਲੋਕਾਂ ਲਈ ਪਾਰਲੀਮੈਂਟ ਵਿਚ ਸਿਰਫ ਇੱਕ ਦਿਨ ਪਹਿਲਾਂ ਹੋਏ ਦੰਗੇ ਤੋਂ ਵੀ ਵੱਡਾ ਰਾਜਸੀ ਮੁੱਦਾ ਬਣ ਗਿਆ। ਇਹ ਬਣਨਾ ਵੀ ਚਾਹੀਦਾ ਹੈ।

ਪਾਰਲੀਮੈਂਟ ਵਿਚ ਝਗੜਾ ਕਿਸ ਗੱਲ ਦਾ ਸੀ? ਇਸ ਗੱਲ ਦਾ ਕਿ ਆਂਧਰਾ ਪ੍ਰਦੇਸ਼ ਤੋਂ ਕੱਟ ਕੇ ਤਿਲੰਗਾਨਾ ਦਾ ਵੱਖਰਾ ਰਾਜ ਬਣਾਉਣਾ ਹੈ, ਜਿਸ ਦੀ ਮੰਗ ਪਹਿਲਾਂ ਭਾਵੇਂ ਤਿਲੰਗਾਨਾ ਰਾਸ਼ਟਰੀ ਸੰਮਤੀ ਕਰਦੀ ਸੀ, ਇਸ ਵੇਲੇ ਉਸ ਦੇ ਝੰਡਾ-ਬਰਦਾਰ ਵੀ ਕਾਂਗਰਸ ਦੇ ਕੁਝ ਲੋਕ ਬਣੇ ਹੋਏ ਹਨ ਅਤੇ ਉਸ ਦੇ ਵਿਰੋਧ ਲਈ ਵੀ ਉਥੋਂ ਦੇ ਕਾਂਗਰਸੀ ਮੁੱਖ ਮੰਤਰੀ ਤੇ ਕੁਝ ਪਾਰਲੀਮੈਂਟ ਮੈਂਬਰ ਸਾਰਿਆਂ ਤੋਂ ਅੱਗੇ ਹਨ। ਰਾਜਗੋਪਾਲ ਨਾਂ ਦੇ ਜਿਸ ਪਾਰਲੀਮੈਂਟ ਮੈਂਬਰ ਨੇ ਲੋਕ ਸਭਾ ਵਿਚ ਕਾਲੀ ਮਿਰਚ ਦਾ ਪਾਊਡਰ (ਪੈਪਰ ਸਪਰੇਅ) ਛਿੜਕਿਆ ਅਤੇ ਕਈ ਮੈਂਬਰਾਂ ਦੇ ਬਿਮਾਰ ਹੋਣ ਦੀ ਨੌਬਤ ਪੈਦਾ ਕਰ ਦਿੱਤੀ, ਉਹ ਵੀ ਕਾਂਗਰਸ ਦੀ ਟਿਕਟ ਉਤੇ ਜਿੱਤਿਆ ਸੀ ਤੇ ਜੇ ਪਾਰਟੀ ਉਸ ਨੂੰ ਦੋ ਦਿਨ ਪਹਿਲਾਂ ਆਪ ਹੀ ਨਾ ਕੱਢ ਦਿੰਦੀ ਤਾਂ ਹਾਲੇ ਵੀ ਇਸੇ ਪਾਰਟੀ ਵਿਚ ਰਹਿਣਾ ਚਾਹੁੰਦਾ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਕੇਂਦਰ ਸਰਕਾਰ ਦੇ ਕੁਝ ਮੰਤਰੀ ਵੀ ਉਸ ਦੇ ਨਾਲ ਖੜੇ ਹੋ ਕੇ ਆਪਣੀ ਸਰਕਾਰ ਦਾ ਵਿਰੋਧ ਕਰੀ ਜਾਂਦੇ ਸਨ ਤੇ ਪ੍ਰਧਾਨ ਮੰਤਰੀ ਅਤੇ ਕਾਂਗਰਸ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਇਸ ਮੌਕੇ ਜਾਣ-ਬੁੱਝ ਕੇ ਸਦਨ ਤੋਂ ਬਾਹਰ ਬੈਠੇ ਰਹੇ ਸਨ। ਭਾਜਪਾ ਵਾਲਿਆਂ ਨੂੰ ਇਸ ਦੀ ਸੂਹ ਪਹਿਲਾਂ ਲੱਗ ਗਈ ਜਾਪਦੀ ਸੀ, ਇਸ ਲਈ ਉਹ ਲੜਦਿਆਂ ਨੂੰ ਹਟਾਉਣ ਨਹੀਂ ਉਠੇ। ਜਿਵੇਂ ਕਾਂਗਰਸ ਪਾਰਟੀ ਦੇ ਆਗੂ ਤਿਲੰਗਾਨਾ ਬਣਾਉਣ ਅਤੇ ਬਣਦਾ ਰੋਕਣ ਵਾਲੀਆਂ ਦੋਵਾਂ ਧਿਰਾਂ ਨਾਲ ਖੜੇ ਹੋਣ ਦਾ ਨਾਟਕ ਕਰ ਰਹੇ ਹਨ, ਉਵੇਂ ਹੀ ਭਾਜਪਾ ਲੀਡਰਸ਼ਿਪ ਵੀ ਦੋਵਾਂ ਬੇੜੀਆਂ ਦੀ ਸਵਾਰੀ ਕਰਨ ਦੀ ਖੇਡ ਖੇਡਦੀ ਰਹੀ ਹੈ।

ਅਸਲੀ ਖੇਡ ਉਹ ਨਹੀਂ ਸੀ, ਜਿਹੜੀ ਪਾਰਲੀਮੈਂਟ ਵਿਚ ਖੇਡੀ ਗਈ, ਸਗੋਂ ਉਸ ਤੋਂ ਅਗਲੇ ਦਿਨ ਦਿੱਲੀ ਦੀ ਵਿਧਾਨ ਸਭਾ ਵਿਚ ਖੇਡੀ ਗਈ। ਦਿੱਲੀ ਦੀ ਇਸ ਖੇਡ ਵਾਲਾ ਪੜੁੱਲ ਇੱਕ ਦਿਨ ਪਹਿਲਾਂ ਤਿਆਰ ਹੋ ਗਿਆ ਸੀ। ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਦਿੱਲੀ ਵਿਚ 49 ਦਿਨਾਂ ਦੇ ਰਾਜ ਵਿਚ ਕਿੰਨਾ ਚੰਗਾ ਕੀਤਾ ਤੇ ਕੀ ਕਮੀਆਂ ਰਹਿ ਗਈਆਂ, ਇਸ ਦਾ ਮੁੱਲ ਪਾਉਣਾ ਦਿੱਲੀ ਦੇ ਨਾਗਰਿਕਾਂ ਲਈ ਛੱਡ ਕੇ ਸਾਨੂੰ ਕੁਝ ਹੋਰ ਪੱਖ ਵੇਖਣ ਦੀ ਲੋੜ ਹੈ। ਅੰਤਲੀ ਘੜੀ ਇਹ ਸਰਕਾਰ ਭਾਰਤੀ ਪੂੰਜੀ ਦੇ ਸਿਖਰਲੇ ਬੁਰਜ ਨਾਲ ਸਿੱਧੇ ਭੇੜ ਦਾ ਉਹ ਪ੍ਰਭਾਵ ਦੇ ਕੇ ਗਈ ਹੈ, ਜਿਸ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ।

ਥੋੜ੍ਹ-ਚਿਰੀ ਦਿੱਲੀ ਸਰਕਾਰ ਨੇ ਆਪਣੇ ਲਈ ਮੌਤ ਉਦੋਂ ਨਹੀਂ ਸੀ ਸਹੇੜੀ, ਜਦੋਂ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਦੇ ਖਿਲਾਫ ਇੱਕ, ਦੂਸਰਾ ਤੇ ਫਿਰ ਤੀਸਰਾ ਮੁਕੱਦਮਾ ਦਰਜ ਕਰਵਾਏ ਸਨ। ਇਹ ਵੀ ਉਸ ਲਈ ਖਾਸ ਗੱਲ ਨਹੀਂ ਸੀ ਕਿ ਉਸ ਨੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਨਾਲ ਆਢਾ ਲਾ ਲਿਆ ਸੀ, ਜਿਹੜਾ ਕੇਂਦਰ ਸਰਕਾਰ ਵੱਲੋਂ ਇਸ ਸ਼ਹਿਰ ਨੂੰ ਆਪਣੇ ਕਾਬੂ ਵਿਚ ਰੱਖਣ ਵਾਲੀ ਮਸ਼ੀਨਰੀ ਦਾ ਅਹਿਮ ਪੁਰਜ਼ਾ ਹੈ। ਜਿਵੇਂ ਖੁੱਲ੍ਹੇ ਸਟੇਡੀਅਮ ਵਿਚ ਅਜਲਾਸ ਕਰਨ ਦੀ ਜ਼ਿਦ ਆਖਰ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਛੱਡ ਦਿੱਤੀ ਸੀ, ਉਵੇਂ ਹੀ ਜਨ ਲੋਕਪਾਲ ਬਿੱਲ ਪੇਸ਼ ਤੇ ਪਾਸ ਕਰਨ ਦੀ ਮੰਗ ਵੀ ਕੁਝ ਦਿਨ ਅੱਗੇ ਪਾਉਣ ਦਾ ਰਾਹ ਨਿਕਲ ਸਕਦਾ ਸੀ। ਆਪਣੇ ਲਈ ਮਾਰੂ ਸਾਬਤ ਹੋਣ ਵਾਲੇ ਜਿਹੜੇ ਦੋ ਕਦਮ ਇਸ ਸਰਕਾਰ ਨੇ ਪੁੱਟੇ, ਤੇ ਸੁਚੇਤ ਤੌਰ ਉਤੇ ਪੁੱਟੇ, ਉਹ ਇਸ ਮੁਲਕ ਦੇ ਸਿਖਰਲੇ ਪੂੰਜੀਪਤੀ ਮੁਕੇਸ਼ ਅੰਬਾਨੀ ਦੇ ਵਿਰੁਧ ਜਾਂਦੇ ਸਨ। ਪਹਿਲਾ ਕਦਮ ਦਿੱਲੀ ਵਿਚ ਬਿਜਲੀ ਸਪਲਾਈ ਵਾਲੀਆਂ ਕੰਪਨੀਆਂ ਦੇ ਲੇਖੇ-ਪੱਤੇ ਦੀ ਪੜਤਾਲ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ (ਕੈਗ) ਤੋਂ ਕਰਵਾਉਣ ਦਾ ਸੀ, ਜਿਸ ਦਾ ਵਿਰੋਧ ਕਰਨ ਲਈ ਇਹ ਕੰਪਨੀਆਂ ਦਿੱਲੀ ਹਾਈ ਕੋਰਟ ਵੀ ਗਈਆਂ, ਪਰ ਉਥੇ ਉਨ੍ਹਾਂ ਦੀ ਮੰਗ ਮੰਨੀ ਨਹੀਂ ਗਈ। ਹੁਣ ਉਹ ਸੁਪਰੀਮ ਕੋਰਟ ਜਾ ਪਹੁੰਚੀਆਂ ਹਨ। ਦੂਸਰਾ ਕਦਮ ਗੈਸ ਦੀਆਂ ਕੀਮਤਾਂ ਅਤੇ ਸਪਲਾਈ ਦੇ ਮਾਮਲੇ ਨੂੰ ਲੈ ਕੇ ਮੁਕੇਸ਼ ਅੰਬਾਨੀ ਦੀ ਕੰਪਨੀ ਦੇ ਵਿਰੁਧ ਧੋਖਾਧੜੀ ਦਾ ਕੇਸ ਦਰਜ ਕਰਵਾਉਣ ਦਾ ਸੀ, ਜਿਸ ਵਿਚ ਭਾਰਤ ਦਾ ਮੌਜੂਦਾ ਅਤੇ ਸਾਬਕਾ ਪੈਟਰੋਲੀਅਮ ਮੰਤਰੀ ਵੀ ਨਾਲ ਟੰਗੇ ਗਏ ਸਨ। ਅਸਲ ਵਿਚ ਇਹੋ ਦੋ ਕਦਮ ਸਨ, ਜਿਨ੍ਹਾਂ ਨੇ ਕੇਜਰੀਵਾਲ ਦੀ ਸਰਕਾਰ ਡੇਗਣ ਲਈ ਭਾਜਪਾ ਤੇ ਕਾਂਗਰਸ ਦੋਵਾਂ ਨੂੰ ਇਕੱਠੇ ਕਰ ਦਿੱਤਾ ਸੀ।

ਉਹ ਦਿਨ ਬਹੁਤ ਪਿੱਛੇ ਰਹਿ ਗਏ, ਜਦੋਂ ਹਿੰਦੁਸਤਾਨ ਦੇ ਲੋਕ ਇਹ ਨਾਹਰਾ ਸੁਣਿਆ ਕਰਦੇ ਸਨ ਕਿ 'ਟਾਟਾ ਬਿਰਲਾ ਕੀ ਜਾਗੀਰ ਨਹੀਂ, ਹਿੰਦੁਸਤਾਨ ਹਮਾਰਾ ਹੈ।' ਹੁਣ ਹਿੰਦੁਸਤਾਨ ਇਸ ਦੇਸ਼ ਦੇ ਲੋਕਾਂ ਦਾ ਨਹੀਂ, ਕੁਝ ਚੋਣਵੇਂ ਪੂੰਜੀਪਤੀਆਂ ਦਾ ਬਣ ਚੁੱਕਾ ਹੈ। ਦੇਸ਼ ਦਾ ਸਿਖਰਲਾ ਪੂੰਜੀਪਤੀ ਇਸ ਵਕਤ ਮੁਕੇਸ਼ ਅੰਬਾਨੀ ਹੈ ਤੇ ਕਿਸੇ ਸਮੇਂ ਦੇ ਸਭ ਤੋਂ ਅਮੀਰ ਭਾਰਤੀ ਸੇਠ ਰਹਿ ਚੁੱਕੇ ਬਿਰਲਿਆਂ ਵਿਚੋਂ ਇੱਕ ਜਣਾ ਇਸ ਵੇਲੇ ਦੇ ਅਮੀਰਾਂ ਵਿਚ ਨੌਵੇਂ ਨੰਬਰ ਉਤੇ ਜਾ ਡਿੱਗਿਆ ਹੈ। ਉਸ ਦੀ ਜਾਇਦਾਦ ਹੁਣ ਦੇ ਨੰਬਰ ਇੱਕ ਵਾਲੇ ਅਮੀਰ ਮੁਕੇਸ਼ ਅੰਬਾਨੀ ਦੀ ਜਾਇਦਾਦ ਦਾ ਮਸਾਂ ਤੀਜਾ ਹਿੱਸਾ ਬਣਦੀ ਹੈ ਤੇ ਟਾਟਿਆਂ ਵਿਚੋਂ ਹੁਣ ਤਿੰਨਾਂ ਨੂੰ ਛੱਡੋ, ਤੇਰਾਂ ਵਿਚ ਵੀ ਕਿਤੇ ਕੋਈ ਨਹੀਂ ਲੱਭਦਾ।

ਇਸ ਅਮੀਰੀ ਦਾ ਦੂਸਰਾ ਪੱਖ ਇਹ ਹੈ ਕਿ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਦਾ ਪਾਰਲੀਮੈਂਟ ਮੈਂਬਰ ਪੁੱਤਰ ਸੰਦੀਪ ਇੱਕ ਦਿਨ ਰੇਲ ਦਾ ਸਫਰ ਕਰ ਰਿਹਾ ਸੀ। ਉਹ ਸਟੇਸ਼ਨ ਆਏ ਤੋਂ ਉਤਰ ਕੇ ਚਲਾ ਗਿਆ ਤਾਂ ਪਿੱਛੋਂ ਗੱਡੀ ਵਿਚ ਉਸ ਦੇ ਰਿਜ਼ਰਵ ਕੈਬਿਨ ਦੀ ਸਫਾਈ ਵਿਚ ਪੰਦਰਾਂ ਲੱਖ ਰੁਪਏ ਪਏ ਮਿਲ ਗਏ। ਸੰਦੀਪ ਦੀਕਸ਼ਤ ਨੂੰ ਪੁੱਛਿਆ ਗਿਆ ਤਾਂ ਉਸ ਨੇ ਬੜੇ ਸਹਿਜ ਭਾਵ ਨਾਲ ਕਹਿ ਦਿੱਤਾ ਕਿ ਰਹਿ ਗਏ ਹੋਣਗੇ। ਦਸ-ਪੰਦਰਾਂ ਲੱਖ ਰੁਪਏ ਹੁਣ ਇਨ੍ਹਾਂ ਲੋਕਾਂ ਦੇ ਕਿਤੇ ਪਏ ਵੀ ਰਹਿ ਜਾਣ ਤਾਂ ਉਨ੍ਹਾਂ ਨੂੰ ਚੇਤਾ ਨਹੀਂ ਰਹਿੰਦਾ। ਭਾਰਤੀ ਜਨਤਾ ਪਾਰਟੀ ਦੇ ਕੇਂਦਰੀ ਦਫਤਰ ਵਿਚੋਂ ਕੁਝ ਸਾਲ ਪਹਿਲਾਂ ਦੋ ਕਰੋੜ ਰੁਪਏ ਤੋਂ ਵੱਧ ਚੋਰੀ ਹੋ ਗਏ। ਪਾਰਟੀ ਮੀਟਿੰਗਾਂ ਕਰਦੀ ਰਹੀ ਸੀ, ਪਰ ਸ਼ਿਕਾਇਤ ਇਹ ਸੋਚ ਕੇ ਦਰਜ ਨਹੀਂ ਸੀ ਕਰਵਾਈ ਕਿ 'ਏਨੀ ਕੁ ਗੱਲ' ਦੀ ਸ਼ਿਕਾਇਤ ਕੀ ਕਰਨੀ ਹੈ? ਕਰੋੜਾਂ ਦੀ ਰਕਮ 'ਏਨੀ ਕੁ' ਇਸ ਕਰ ਕੇ ਬਣ ਜਾਂਦੀ ਹੈ ਕਿ ਦੇਣ ਵਾਲੇ ਇਸ ਤੋਂ ਕਈ ਗੁਣਾ ਦੇ ਜਾਂਦੇ ਹਨ। ਬਾਕੀ ਅਮੀਰਾਂ ਨੂੰ ਛੱਡੋ, ਇਕੱਲੇ ਰਿਲਾਇੰਸ ਘਰਾਣੇ ਵੱਲੋਂ ਹੀ ਭਾਜਪਾ ਅਤੇ ਕਾਂਗਰਸ ਦੋਵਾਂ ਨੂੰ ਕਈ-ਕਈ ਸੌ ਕਰੋੜ ਰੁਪਏ ਚੋਣ ਚੰਦਾ ਦਿੱਤਾ ਜਾਂਦਾ ਹੈ, ਜਿਸ ਦਾ ਕੁਝ ਹਿੱਸਾ ਕਾਗਜ਼ਾਂ ਵਿਚ ਦਰਜ ਹੁੰਦਾ ਹੈ ਤੇ ਬਾਕੀ ਬਾਰੇ ਸਿਰਫ ਚਰਚੇ ਸੁਣੀਂਦੇ ਹਨ।

ਹੁਣ ਇਸ ਅਮੀਰੀ ਦਾ ਤੀਸਰਾ ਪੱਖ ਵੀ ਵੇਖ ਲਈਏ। ਪੰਜਾਬ ਦੀ ਵਿਧਾਨ ਸਭਾ ਦੀ ਚੋਣ ਲੜਨ ਵਾਲੇ ਜਿਹੜੇ ਉਮੀਦਵਾਰ ਨੇ ਜਿੱਤਣ ਦੀ ਆਸ ਰੱਖਣੀ ਹੈ, ਉਸ ਨੂੰ ਦਸ ਕਰੋੜ ਰੁਪਏ ਦੀ ਪੂੰਜੀ ਚਾਹੀਦੀ ਹੈ ਤੇ ਲੋਕ ਸਭਾ ਵਾਸਤੇ ਪੰਜਾਹ ਕਰੋੜ ਤੋਂ ਵੱਧ ਤਿਆਰ ਰੱਖਣੀ ਪਵੇਗੀ। ਇਹ ਪੈਸਾ ਲੋਕ ਨਹੀਂ ਦੇਂਦੇ। ਪੰਜਾਬ ਵਿਚ ਲੋਕ ਸਭਾ ਦੀਆਂ ਤੇਰਾਂ ਸੀਟਾਂ ਹਨ, ਜਿਨ੍ਹਾਂ ਵਿਚ ਜਿੱਤਣ ਤੇ ਉਸ ਨਾਲ ਫਸਵਾਂ ਆਢਾ ਲੈਣ ਵਾਲੇ ਨੂੰ ਜੇ ਪੰਜਾਹ-ਪੰਜਾਹ ਕਰੋੜ ਰੁਪਏ ਦੀ ਲੋੜ ਹੋਵੇ ਤਾਂ ਸਾਰੀਆਂ ਤੇਰਾਂ ਸੀਟਾਂ ਦਾ ਮੁੱਲ ਮਸਾਂ ਤੇਰਾਂ ਸੌ ਕਰੋੜ ਰੁਪਏ ਹੁੰਦਾ ਹੈ। ਮੁਕੇਸ਼ ਅੰਬਾਨੀ ਕੋਲ ਇੱਕ ਲੱਖ ਤੀਹ ਹਜ਼ਾਰ ਕਰੋੜ ਦੀ ਨਿੱਜੀ ਪੂੰਜੀ ਹੈ, ਜੇ ਉਹ ਸਾਰੀਆਂ ਸੀਟਾਂ ਲਈ ਦੋਵਾਂ ਮੁੱਖ ਪਾਰਟੀਆਂ ਦਾ ਖਰਚਾ ਦੇ ਦੇਵੇ ਤਾਂ ਉਸ ਦੀ ਪੂੰਜੀ ਇੱਕ ਲੱਖ ਤੀਹ ਹਜ਼ਾਰ ਕਰੋੜ ਦੀ ਥਾਂ ਇੱਕ ਲੱਖ ਉਨੱਤੀ ਹਜ਼ਾਰ ਕਰੋੜ ਰੁਪਏ ਰਹਿ ਜਾਵੇਗੀ। ਇਸ ਨਾਲ ਜਿਹੜਾ ਕਸਾਰਾ ਲੱਗਣਾ ਹੈ, ਉਹ ਅਗਲੇ ਮਹੀਨੇ ਨਿਕਲ ਜਾਣਾ ਹੈ, ਜਿਸ ਦਾ ਅੜਿੱਕਾ ਹੁਣ ਨਿਕਲ ਗਿਆ ਹੈ।

ਅੜਿੱਕਾ ਲਾਇਆ ਸੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ, ਜਦੋਂ ਉਸ ਨੇ ਇਹ ਮੁਕੱਦਮਾ ਦਰਜ ਕਰਵਾਇਆ ਸੀ ਕਿ ਅੰਬਾਨੀ ਦੀ ਕੰਪਨੀ ਨੇ ਜਾਣ-ਬੁੱਝ ਕੇ ਗੈਸ ਘੱਟ ਕੱਢੀ ਹੈ, ਤਾਂ ਕਿ ਵਿਦੇਸ਼ ਤੋਂ ਮੰਗਵਾਉਣੀ ਪਵੇ ਤੇ ਵਿਦੇਸ਼ ਦੀ ਮਹਿੰਗੀ ਗੈਸ ਤੋਂ ਬਚਣ ਲਈ ਸਰਕਾਰ ਮੇਰੀ ਗੈਸ ਦਾ ਭਾਅ ਵਧਾ ਦੇਵੇਗੀ। ਭਾਰਤ ਦੇ ਕੁਝ ਅਹਿਮ ਵਿਅਕਤੀਆਂ ਨੇ ਇੱਕ ਸ਼ਿਕਾਇਤ ਕੀਤੀ ਸੀ, ਜਿਨ੍ਹਾਂ ਵਿਚ ਇੱਕ ਸੁਪਰੀਮ ਕੋਰਟ ਦੀ ਪ੍ਰਮੁੱਖ ਵਕੀਲ ਹੈ, ਦੂਸਰਾ ਇਸ ਦੇਸ਼ ਦੀ ਸਮੁੰਦਰੀ ਫੌਜ ਦਾ ਮੁਖੀ ਰਹਿ ਚੁੱਕਾ ਹੈ ਤੇ ਤੀਸਰਾ ਇਸ ਤੋਂ ਵੀ ਅਹਿਮ ਹੈ। ਉਹ ਭਾਰਤ ਸਰਕਾਰ ਦਾ ਕੈਬਨਿਟ ਸੈਕਟਰੀ ਰਹਿ ਚੁੱਕਾ ਹੈ ਤੇ ਕੈਬਨਿਟ ਸੈਕਟਰੀ ਉਹ ਅਫਸਰ ਹੁੰਦਾ ਹੈ, ਜੋ ਸਰਕਾਰ ਦੇ ਹਰ ਫੈਸਲੇ ਵੇਲੇ ਮੌਕੇ ਦਾ ਗਵਾਹ ਬਣਦਾ ਹੈ। ਇਨ੍ਹਾਂ ਅਹਿਮ ਹਸਤੀਆਂ ਨੇ ਜਦੋਂ ਇਹ ਸ਼ਿਕਾਇਤ ਕੀਤੀ ਕਿ ਕੈਗ ਵੱਲੋਂ ਹੋਈ ਜਾਂਚ ਰਿਪੋਰਟ ਵਿਚ ਵੀ ਆਹ ਸਾਰਾ ਕੁਝ ਸ਼ਾਮਲ ਹੈ ਤਾਂ ਕੇਜਰੀਵਾਲ ਸਰਕਾਰ ਨੂੰ ਕੇਸ ਦਰਜ ਕਰਵਾਉਣ ਦਾ ਮੌਕਾ ਮਿਲ ਗਿਆ।

ਹੈਰਾਨੀ ਦੀ ਗੱਲ ਇਹ ਹੈ ਕਿ ਦੇਸ਼ ਦੀਆਂ ਦੋ ਵੱਡੀਆਂ ਪਾਰਟੀਆਂ ਕਾਂਗਰਸ ਤੇ ਭਾਜਪਾ ਦੇ ਆਗੂ ਇਸ ਤੋਂ ਤੜਪ ਉਠੇ ਤੇ ਬਾਕੀ ਪਾਰਟੀਆਂ ਵਾਲੇ ਚੁੱਪ ਹੋ ਗਏ। ਕੇਜਰੀਵਾਲ ਸਰਕਾਰ ਦੇ ਇਸ ਕਦਮ ਦੇ ਪੱਖ ਵਿਚ ਜੇ ਕੋਈ ਬੋਲਿਆ ਤਾਂ ਉਹ ਭਾਰਤੀ ਕਮਿਊਨਿਸਟ ਪਾਰਟੀ ਦਾ ਸੀਨੀਅਰ ਆਗੂ ਗੁਰੂਦਾਸ ਦਾਸਗੁਪਤਾ ਸੀ, ਜਿਸ ਨੇ ਕਿਹਾ ਕਿ ਕੇਜਰੀਵਾਲ ਨੇ ਉਹੋ ਮਾਮਲਾ ਚੁੱਕਿਆ ਹੈ, ਜਿਸ ਦੀ ਅਸੀਂ ਵੀ ਚਿਰਾਂ ਤੋਂ ਮੰਗ ਕਰ ਰਹੇ ਸਾਂ।

ਹੁਣ ਜਦੋਂ ਦੇਸ਼ ਚੋਣਾਂ ਦੇ ਦਰਵਾਜ਼ੇ ਉਤੇ ਖੜਾ ਹੈ, ਦੇਸ਼ ਦਾ ਸਭ ਤੋਂ ਵੱਡਾ ਧਨ-ਕੁਬੇਰ ਆਪਣੀ ਲੋੜ ਦੇ ਲਈ ਕਾਂਗਰਸ ਪਾਰਟੀ ਦੀ ਬਲੀ ਦੇਣ ਲੱਗਾ ਹੈ। ਕੇਜਰੀਵਾਲ ਦੀ ਸਰਕਾਰ ਨੇ ਹਾਲੇ ਅਸਤੀਫਾ ਹੀ ਦਿੱਤਾ ਸੀ, ਇਸ ਉਤੇ ਪ੍ਰਵਾਨਗੀ ਦੀ ਮੋਹਰ ਨਹੀਂ ਸੀ ਲੱਗੀ ਕਿ ਕੇਂਦਰ ਸਰਕਾਰ ਦਾ ਪੈਟਰੋਲੀਅਮ ਮੰਤਰੀ ਵੀਰੱਪਾ ਮੋਇਲੀ ਹਿੱਕ ਠੋਕ ਕੇ ਇਹ ਐਲਾਨ ਕਰਨ ਲੱਗ ਪਿਆ ਕਿ ਪਹਿਲੀ ਅਪਰੈਲ ਨੂੰ ਗੈਸ ਦੀਆਂ ਕੀਮਤਾਂ ਵਧਣੀਆਂ ਹੀ ਵਧਣੀਆਂ ਹਨ। ਦੇਸ਼ ਦੇ ਲੋਕ ਪਹਿਲਾਂ ਹੀ ਕੇਂਦਰ ਦੀ ਮੌਜੂਦਾ ਸਰਕਾਰ ਨਾਲ ਇਸ ਗੱਲੋਂ ਨਾਰਾਜ਼ ਹਨ ਕਿ ਵੱਡੇ ਪੂੰਜੀਪਤੀਆਂ ਦੀ ਆਮਦਨ ਵਧਾਉਣ ਲਈ ਇਹ ਪਿਛਲੇ ਸਮੇਂ ਵਿਚ ਮਹਿੰਗਾਈ ਰੋਕਣ ਦੇ ਕਦਮ ਚੁੱਕਣ ਤੋਂ ਪਾਸਾ ਵੱਟਦੀ ਰਹੀ ਹੈ, ਚੋਣ ਪ੍ਰਚਾਰ ਦੇ ਮੁੱਢ ਵੇਲੇ ਗੈਸ ਦੀਆਂ ਕੀਮਤਾਂ ਵਧਾਉਣ ਤੋਂ ਲੋਕ ਹੋਰ ਉਬਲ ਪੈਣਗੇ। ਉਨ੍ਹਾਂ ਦੇ ਇਸ ਮੂਡ ਬਾਰੇ ਜਾਣਦੇ ਹੋਣ ਦੇ ਬਾਵਜੂਦ ਕਾਂਗਰਸ ਪਾਰਟੀ ਦੇ ਆਗੂ ਇਹ ਕਦਮ ਇਸ ਲਈ ਚੁੱਕਣਗੇ ਕਿ ਉਹ ਜਿਸ ਦਾ ਦਿੱਤਾ ਖਾਂਦੇ ਹਨ, ਉਸ ਦੇ ਮੂਹਰੇ ਸਿਰ ਨਹੀਂ ਚੁੱਕਣ ਜੋਗੇ ਤੇ ਉਨ੍ਹਾਂ ਦਾ ਦਾਨ-ਦਾਤਾ ਆਪਣੇ ਗੁਜਰਾਤ ਦੇ ਵੱਡੇ ਪ੍ਰਾਜੈਕਟ ਖਾਤਰ ਨਰਿੰਦਰ ਮੋਦੀ ਨੂੰ ਦੇਸ਼ ਦੀ ਵੱਡੀ ਕੁਰਸੀ ਉਤੇ ਬਿਠਾਉਣ ਦਾ ਇਰਾਦਾ ਬਣਾ ਚੁੱਕਾ ਜਾਪਦਾ ਹੈ। ਕੁਰਸੀ ਦਾਅ ਉਤੇ ਕੇਜਰੀਵਾਲ ਨੇ ਵੀ ਲਾਈ ਅਤੇ ਛੱਡੀ ਹੈ ਤੇ ਕੁਰਸੀ ਦਾਅ ਉਤੇ ਮਨਮੋਹਨ ਸਿੰਘ ਦੀ ਵੀ ਲੱਗ ਗਈ ਹੈ, ਪਰ ਫਰਕ ਦੋਵਾਂ ਵਿਚ ਇਹ ਹੈ ਕਿ 'ਜਿਸ ਧਜ ਸੇ ਕੋਈ ਮਕਤਲ ਮੇਂ ਗਿਆ, ਵੋ ਸ਼ਾਨ ਸਲਾਮਤ ਰਹਿਤੀ ਹੈ।' ਕਾਂਗਰਸ ਤਾਂ ਤਰੱਕੀ ਦਾ ਦਾਅਵਾ ਕਰਦੀ ਹੈ, ਭਾਰਤੀ ਜਨਤਾ ਪਾਰਟੀ ਤਰੱਕੀ ਦਾ ਵਾਅਦਾ ਕਰਦੀ ਤੇ ਸੁਫਨਾ ਦਿਖਾਉਂਦੀ ਹੈ, ਪਰ ਹਕੀਕਤ ਦੇ ਬਾਰੇ ਜੇ ਕੁਝ ਕਹਿਣਾ ਹੋਵੇ ਤਾਂ ਮਿਰਜ਼ਾ ਗਾਲਿਬ ਦਾ ਇਹ ਸ਼ੇਅਰ ਸਾਨੂੰ ਯਾਦ ਰੱਖਣਾ ਪਵੇਗਾ,

ਹਮ ਕੋ ਮਾਲੂਮ ਹੈ
ਜੰਨਤ ਕੀ ਹਕੀਕਤ ਲੇਕਿਨ,
ਦਿਲ ਕੇ ਖੁਸ਼ ਰਖਨੇ ਕੋ
ਗਾਲਿਬ ਯੇ ਖਯਾਲ ਅੱਛਾ ਹੈ।



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 2600 ਮਿੰਟ (43.5 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੋਲ ਫਰੀ ਨੰਬਰ 1-888-652-6268
732-983-4332/4333

# ਪੰਥ ਦੀ ਕਿਰਪਾਨ ਫਿਲਮ ਜਗਤ ਦੀ ਸ਼ਾਨ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com


ਫਿਲਮ 'ਤੇਰਾ ਮੇਰਾ ਕੀ ਰਿਸ਼ਤਾ' ਤੇ 'ਹਮ ਦਿਲ ਦੇ ਚੁਕੇ ਸਨਮ' ਦੀ ਸਕਰਿਪਟ ਲਿਖਣ ਵਾਲਾ ਅਤੇ ਗੁਲਜ਼ਾਰ ਦੀ ਫ਼ਿਲਮ 'ਮਾਚਿਸ' ਵਿਚ ਆਜੜੀ ਦਾ ਰੋਲ ਕਰਨ ਵਾਲਾ ਅਮਰੀਕ ਗਿੱਲ




'ਕਿਰਪਾਨ' ਨਾਂ ਦੀ ਨਵੀਂ ਫ਼ਿਲਮ ਵਿਚ ਨਿਰਦੇਸ਼ਕ ਬਣ ਕੇ ਨਿਤਰਿਆ ਹੈ। ਗੁਰਾਂ ਕੋਲੋਂ ਬਖਸ਼ੀਸ਼ ਵਿਚੋਂ ਮਿਲ ਇਕ ਜੱਦੀ-ਪੁਸ਼ਤੀ ਕਿਰਪਾਨ ਨੂੰ ਕੋਹਿਨੂਰ ਹੀਰੇ ਵਰਗੀ ਮੁਲਵਾਨ ਤੇ ਪਰਿਵਾਰ ਦੀ ਅਣਖ ਬਣਾ ਕੇ ਪੇਸ਼ ਕਰਨ ਵਿਚ ਘੜੀ ਗਈ ਇਹ ਕਹਾਣੀ ਸੱਚ-ਮੁੱਚ ਹੀ ਅੰਤਾਂ ਦੀ ਫਿਲਮੀ ਹੈ। ਨਿੱਤ ਨਵੀਆਂ ਲੜਾਈਆਂ ਲੜਨ ਵਾਲੇ ਤੇ ਗੁਰੂ ਸਾਹਿਬਾਨ ਦਾ ਥਾਪੜਾ ਪ੍ਰਾਪਤ ਕਈ ਪੰਜਾਬੀ ਪਰਿਵਾਰ ਅੱਜ ਤੱਕ ਆਪਣੇ ਘਰਾਂ ਵਿਚ ਗੁਰੂ ਦੀ ਬਖਸ਼ਿਸ਼ ਵਾਲੀਆਂ ਵਸਤਾਂ ਨੂੰ ਪੀੜ੍ਹੀਓ ਪੀੜ੍ਹੀ ਸੰਭਾਲੀ ਬੈਠੇ ਹਨ। ਕਹਾਣੀ ਦਾ ਨਾਇਕ ਬੀਰੂ ਵਿਦਿਆ ਪ੍ਰਾਪਤੀ ਦੇ ਦਿਨਾਂ ਵਿਚ ਹੀ ਅਜਿਹੀ ਸੰਗਤ ਵਿਚ ਪੈ ਜਾਂਦਾ ਹੈ ਕਿ ਉਸ ਨੂੰ ਆਪਣੇ ਦਾਦੇ-ਪੜਦਾਦੇ ਦੀ ਸੂਰਮਗਤੀ ਦਾ ਉਕਾ ਹੀ ਅਹਿਸਾਸ ਨਹੀਂ ਹੁੰਦਾ। ਉਂਜ ਉਸ ਦੇ ਵਿਅਕਤਿਤਵ ਵਿਚ ਅਜਿਹੇ ਗੁਣ ਹਨ ਕਿ ਉਸ ਦੇ ਨਾਲ ਪੜ੍ਹਨ ਵਾਲੇ ਮੁੰਡੇ ਤੇ ਕੁੜੀਆਂ ਉਸ ਨੂੰ ਪਿਆਰ ਕਰਦੇ ਹਨ। ਆਪਣੇ ਨਿੱਜੀ ਗੁਣਾਂ ਨੂੰ ਚੰਗੇ ਪਾਸੇ ਵਰਤਣ ਦੀ ਥਾਂ ਉਹ ਆਪਣੇ ਗੁਣਾਂ ਨੂੰ ਵਿੱਦਿਆ ਵਿਸਾਰਨ ਤੇ ਨਸ਼ੇ ਪਿਆਰਨ ਦੇ ਲੇਖੇ ਲਾ ਦਿੰਦਾ ਹੈ। ਉਸ ਦੇ ਹੱਥੋਂ ਸੀਰਤ ਵਰਗੀਆਂ ਉਹ ਕੁੜੀਆਂ ਵੀ ਜਿਹੜੀਆਂ ਉਸ ਦੇ ਅੰਦਰਲੇ ਗੁਣਾਂ ਨੂੰ ਪਛਾਣਦੀਆਂ ਹਨ, ਉਸ ਤੋਂ ਬੇਮੁੱਖ ਹੋ ਕੇ ਚੰਗੀ ਵਿਦਿਆ ਪ੍ਰਾਪਤ ਕਰਕੇ ਵੱਡੀਆਂ ਅਫਸਰ ਬਣਦੀਆਂ ਹਨ।

ਇਹ ਸਬੱਬ ਦੀ ਗੱਲ ਹੈ ਕਿ ਉਹ ਇੰਗਲੈਂਡ ਜਾ ਕੇ ਆਪਣੀਆਂ ਘਾਟਾਂ ਦੇ ਬਾਵਜੂਦ ਜੈਸਮੀਨ ਨਾਂ ਦੀ ਕੁੜੀ ਨੂੰ ਭਾ ਜਾਂਦਾ ਹੈ ਜਿਸ ਦੀ ਇਕ ਅਜਿਹੇ ਬਜ਼ੁਰਗ ਨਾਲ ਜਾਣ-ਪਛਾਣ ਹੈ ਜਿਸ ਦੇ ਮਨ ਵਿਚ ਬੀਰੂ ਦੇ ਦਾਦਾ ਅਰਜਣ ਸਿੰਘ ਤੇ ਪੜਦਾਦਾ ਗੁਰਮੁਖ ਸਿੰਘ ਦੀ ਬੜੀ ਇੱਜ਼ਤ ਹੈ। ਉਸ ਦੀ ਸੁਹਬਤ ਵਿਚ ਬੀਰੂ ਨਸ਼ਾ ਪਾਣੀ ਹੀ ਨਹੀਂ ਤਿਆਗਦਾ, ਆਪਣੇ ਦਾਦਾ ਜੀ ਕੋਲੋਂ ਖੁੱਸੀ ਤੇ ਬਰਤਾਨਵੀ ਅਜਾਇਬ ਘਰ ਵਿਚ ਕੈਦ ਹੋਈ ਕਿਰਪਾਨ ਨੂੰ ਆਪਣੇ ਪਿਤਾ (ਕੁਲਭੂਸ਼ਣ ਖਰਬੰਦਾ) ਦੀ ਨਜ਼ਰ ਕਰਨ ਵਿਚ ਸਫਲ ਹੋ ਜਾਂਦਾ ਹੈ।

ਕਿਰਪਾਨ ਦੀ ਕਹਾਣੀ ਵਰਤਮਾਨ ਪੀੜ੍ਹੀ ਨੂੰ ਮੱਤ ਅਤੇ ਉਸ ਤੋਂ ਪਹਿਲੀ ਪੀੜ੍ਹੀ ਨੂੰ ਆਦਰ-ਮਾਣ ਦੇਣ ਵਾਲੀ ਹੈ। ਵਿਦੇਸ਼ ਬੈਠੇ ਪੰਜਾਬੀਆਂ ਨੂੰ ਸਭ ਤੋਂ ਵੱਧ। ਇੱਕ ਹੋਰ ਖੂਬੀ ਇਸ ਫਿਲਮ ਦਾ ਸਾਫ਼ ਤੇ ਸੁੱਚੀ ਹੋਣਾ ਹੈ। ਨਾਚ ਗਾਣੇ ਵੀ ਸਾਫ਼ ਤੇ ਸੁੱਚੇ ਵਾਰਤਾਲਾਪ ਵੀ। ਇੱਕ ਹੋਰ ਖੂਬੀ ਇਹ ਕਿ ਆਦਿ ਤੋਂ ਅੰਤ ਤੱਕ ਇਹ ਫ਼ਿਲਮ ਸੱਚੇ ਤੇ ਸੁੱਚੇ ਰਿਸ਼ਤਿਆਂ ਦੀ ਪੇਸ਼ਕਾਰੀ ਕਰਦੀ ਹੈ। ਨੌਜਵਾਨਾਂ ਨੂੰ ਵਿਦਿਆ ਤੇ ਵੱਡਿਆਂ ਨੂੰ ਆਪਣੀ ਪਛਾਣ ਬਣਾਈ ਰਖਣ ਦਾ ਹੋਕਾ ਦੇਣ ਵਾਲੀ। ਅਨੰਦਪੁਰ




*ਅਮਰੀਕ ਗਿੱਲ*

ਸਾਹਿਬ ਤੋਂ ਦੂਰ ਬੈਠੇ ਪੰਜਾਬੀ ਤਾਂ ਇਸ ਫਿਲਮ ਵਿਚੋਂ ਹੋਲਾ ਮਹੱਲਾ ਦਾ ਰੰਗ ਵੀ ਮਾਣ ਸਕਦੇ ਹਨ।

ਮੇਰੇ ਲਈ ਤਾਂ ਇਹ ਪਹਿਲੀ ਫ਼ਿਲਮ ਹੈ ਜਿਸ ਦਾ ਨਿਰਦੇਸ਼ਕ ਹੀ ਮੇਰਾ ਮਿੱਤਰ ਨਹੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸੁਨੀਤਾ ਧੀਰ ਤੇ ਪਰਮੀਸ਼ ਵਰਮਾ ਅਤੇ ਸਾਹਿਬ ਸਿੰਘ ਨਾਟਕਕਾਰ ਦੀ ਬੇਟੀ ਮਲਿਕਾ ਸਿੰਘ ਤੇ ਉਸ ਦੀ ਮੰਮੀ ਰੋਜ਼ੀ ਦਾ ਇਸ ਵਿਚ ਕੰਮ ਕਰਦੇ ਹੋਣਾ ਵੀ ਖਿੱਚ ਦਾ ਕਾਰਨ ਸੀ। ਜੇ ਨਿਰਦੇਸ਼ਕ ਨੇ ਥੋੜ੍ਹਾ ਧਿਆਨ ਦਿੱਤਾ ਹੁੰਦਾ ਤਾਂ ਰੋਸ਼ਨ ਪ੍ਰਿੰਸ ਦਾ ਰੋਲ ਹੋਰ ਨਿਖਰ ਸਕਦਾ ਸੀ। ਕੁਲ ਮਿਲਾ ਕੇ ਅਮਰੀਕ ਗਿੱਲ ਨੂੰ ਸਾਫ਼ ਸੁਥਰੀ ਫਿਲਮ ਪੇਸ਼ ਕਰਨ ਲਈ ਵਧਾਈ।

**ਕਵੀ ਪਾਸ਼ ਦੇ ਹਿੱਸੇ ਦਾ ਘਾਹ:** ਪਿਛਲੇ ਦਿਨੀਂ ਮੈਨੂੰ ਸੰਗੀਤਾ ਗੁਪਤਾ ਵਲੋਂ ਤਿਆਰ ਕੀਤੀ ਪਾਸ਼ ਦੀਆਂ ਕਵਿਤਾਵਾਂ ਦੀ ਨਾਟਕੀ ਪੇਸ਼ਕਾਰੀ ਵੇਖਣ ਦਾ ਅਵਸਰ ਮਿਲਿਆ। 'ਮੈਂ ਘਾਹ ਹਾਂ'



*ਪਾਸ਼*

ਸਿਰਲੇਖ ਵਾਲੀ ਕਵਿਤਾ ਨੂੰ ਧੁਰਾ ਬਣਾ ਕੇ ਕਵੀ ਦੀ ਸ਼ਖਸੀਅਤ ਅਤੇ ਉਸ ਦੇ ਜੀਵਨ ਦਰਸ਼ਨ ਨੂੰ ਪੇਸ਼ ਕਰਨ ਵਾਲੀ ਸੁੱਚੀ ਪੇਸ਼ਕਾਰੀ।

ਮੈਂ ਘਾਹ ਹਾਂ, ਮੈਂ ਮਰਾਂਗਾ ਨਹੀਂ,
ਬੰਬ ਸਿੱਟ ਦਿਓ ਭਾਵੇਂ
ਵਿਸ਼ਵ ਵਿਦਿਆਲੇ 'ਤੇ।
ਬਣਾ ਦਿਓ ਹਰ ਹੋਸਟਲ ਮਲਬੇ ਦਾ ਢੇਰ,
ਸੁਹਾਗਾ ਫੇਰ ਦਿਓ
ਬੇਸ਼ਕ ਸਾਡੀਆਂ ਝੁੱਗੀਆਂ 'ਤੇ।
ਪਰ ਮੈਨੂੰ ਕੀ ਕਰੋਗੇ-ਮੈਂ ਘਾਹ ਹਾਂ,
ਹਰ ਚੀਜ਼ ਨੂੰ ਢਕ ਲਵਾਂਗਾ
ਹਰ ਢੇਰ 'ਤੇ ਉਗ ਆਵਾਂਗਾ
ਮੈਂ ਮਰਾਂਗਾ ਨਹੀਂ।
ਮੇਰੀ ਕਵਿਤਾ ਢੇਰ ਤੱਕ ਜ਼ਿੰਦਾ ਰਹੇਗੀ
ਕਿਉਂਕਿ ਇਹ ਸਮੁੱਚੀ ਜ਼ਿੰਦਗੀ ਨਾਲ
ਇਸ਼ਕ ਦੀ ਕਵਿਤਾ ਹੈ।

ਸੰਗੀਤਾ ਦੀ ਪੇਸ਼ਕਾਰੀ ਕਵੀ ਦੇ ਸੱਚ ਉਤੇ ਮੁਹਰ ਲਾਉਂਦੀ ਹੈ। ਉਹ ਮਰਿਆ ਨਹੀਂ ਤੇ ਘਾਹ ਵਾਂਗ ਉਗ ਆਇਆ ਹੈ ਤੇ ਉਗਦਾ ਰਹੇਗਾ। ਪਾਸ਼ ਦੀ ਕਵਿਤਾ ਵਿਚਲੇ ਰੂਪਕ ਤੇ ਚਿੰਨ ਬੜੇ ਜਾਨਦਾਰ ਹਨ। ਹੱਥਾਂ ਬਾਰੇ ਉਸ ਦਾ ਇਹ ਲਿਖਣਾ 'ਹੱਥ ਨਿਰੇ ਜੋੜਨ ਲਈ ਨਹੀਂ ਹੁੰਦੇ, ਗਿੱਚੀਆਂ ਮਰੋੜਨ ਲਈ ਵੀ ਹੁੰਦੇ ਹਨ' ਇਸੇ ਧਾਰਨਾ ਨੂੰ ਉਜਾਗਰ ਕਰਦਾ ਹੈ। ਪਾਸ਼ ਸ਼ਬਦਾਂ ਨੂੰ ਨਵੇਂ ਅਰਥ ਦੇਣ ਵਾਲਾ ਕਵੀ ਸੀ। ਉਸ ਦੀ ਕਵਿਤਾ ਵਿਚਲੇ ਸ਼ਬਦਾਂ ਤੇ ਉਨ੍ਹਾਂ ਦੇ ਅਰਥਾਂ ਦੀ ਗੂੰਜ ਸਮੇਂ ਸਥਾਨ ਦੀਆਂ ਸੀਮਾਵਾਂ ਟੱਪ ਕੇ ਧਰਤੀ ਤੋਂ ਆਕਾਸ਼ ਵਲ ਸਫ਼ਰ ਕਰਨ ਵਾਲੀ ਹੈ। ਜਿਵੇਂ,

ਪੁਲਸ ਦੀ ਕੁੱਟ
ਸਭ ਤੋਂ ਖਤਰਨਾਕ ਨਹੀਂ ਹੁੰਦੀ,
ਸਭ ਤੋਂ ਖਤਰਨਾਕ ਹੁੰਦੈ
ਸਾਡੇ ਸੁਪਨਿਆਂ ਦਾ ਮਰ ਜਾਣਾ।

ਸੰਗੀਤਾ ਖੁਦ ਵੀ ਜਾਨਦਾਰ ਅਭਿਨੇਤਰੀ ਹੈ। ਉਸ ਦੇ ਬੋਲਾਂ ਰਾਹੀਂ ਪਾਸ਼ ਦੇ ਸੁਪਨਿਆਂ ਦਾ ਜਿਉਂਦੇ ਰਹਿਣਾ ਘਾਹ ਦਾ ਮੁੜ ਮੁੜ ਉਗਣਾ ਬਹੁਤ ਚੰਗਾ ਲਗਦਾ ਹੈ। ਕੁਝ ਇਸੇ ਤਰ੍ਹਾਂ ਜਿਵੇਂ ਕੁਲਵੰਤ ਸਿੰਘ ਵਿਰਕ ਦੀ ਪ੍ਰਸਿੱਧ ਕਹਾਣੀ 'ਖੱਬਲ' ਰਾਹੀਂ ਮਨੁੱਖੀ ਰਿਸ਼ਤਿਆਂ ਦਾ ਬੱਲ ਕਾਇਮ ਰਹਿਣਾ। ਵਿਰਕ, ਪਾਸ਼ ਤੇ ਸੰਗੀਤਾ ਜ਼ਿੰਦਾਬਾਦ!

**ਅੰਤਿਕਾ:** (ਦਰਸ਼ਨ ਸਿੰਘ ਹੀਰ)
ਪਿਆਰ ਦੀ ਆਦਤ ਵਧ ਕੇ ਘਟਦਾ
ਤੇ ਫਿਰ ਵਧਦਾ ਕੁਝ ਚਿਰ ਘਟ ਕੇ।
ਬਿਰਧ ਹੋ ਗਿਆ ਯੁਵਕ ਪ੍ਰੇਮੀ
ਬਿਰਹਾ ਦੀ ਇਕ ਰਾਤ ਹੀ ਕੱਟ ਕੇ।

## ਵਰਲਡ ਸਿੱਖ ਫੈਡਰੇਸ਼ਨ ਵਲੋਂ ਭਗਤ ਰਵਿਦਾਸ ਦੇ ਪ੍ਰਕਾਸ਼ ਪੁਰਬ 'ਤੇ ਵਿਚਾਰ ਗੋਸ਼ਟੀ

**ਸੈਨ ਹੋਜ਼ੇ (ਬਿਊਰੋ):** ਵਰਲਡ ਸਿੱਖ ਫੈਡਰੇਸ਼ਨ ਵੱਲੋਂ ਭਗਤ ਰਵਿਦਾਸ ਦਾ ਜਨਮ ਦਿਹਾੜਾ ਗੁਰਦੁਆਰਾ ਸਿੰਘ ਸਭਾ ਬੇ-ਏਰੀਆ, ਮਿਲਪੀਟਸ ਵਿਖੇ ਇਕ ਵਿਸ਼ੇਸ਼ ਵਿਚਾਰ-ਗੋਸ਼ਟੀ ਨਾਲ ਮਨਾਇਆ ਗਿਆ। ਰਾਗੀ ਜਥੇ ਵਲੋਂ ਸ਼ਬਦ ਕੀਰਤਨ ਉਪਰੰਤ ਸਟੇਜ ਸਕੱਤਰ ਪ੍ਰੋ. ਕਮਲਜੀਤ ਸਿੰਘ ਨੇ ਭਗਤ ਜੀ ਦੇ ਜੀਵਨ ਅਤੇ ਸਿਖਿਆਵਾਂ ਬਾਰੇ ਮੁਢਲੀ ਜਾਣਕਾਰੀ ਦਿਤੀ।

ਇਸ ਮੌਕੇ ਬੋਲਦਿਆਂ ਸਿੱਖ ਚਿੰਤਕ ਮਝੈਲ ਸਿੰਘ ਸਰਾਂ ਨੇ ਭਗਤ ਜੀ ਦੇ ਬੇਗਮਪੁਰੇ ਦੇ ਸੰਕਲਪ ਦੀ ਗੱਲ ਕਰਦਿਆਂ ਕਿਹਾ ਕਿ ਅੱਜ ਇਸ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ ਡੇਰਾਵਾਦ ਹੈ। ਕਿਰਤ ਨੂੰ ਵੱਡੀ ਭਗਤੀ ਦੱਸਦਿਆਂ ਉਨ੍ਹਾਂ ਭਗਤ ਜੀ ਦੇ ਕਿਰਤੀ ਜੀਵਨ ਤੋਂ ਸੇਧ ਲੈਣ ਦੀ ਲੋੜ 'ਤੇ ਜੋਰ ਦਿੱਤਾ।

ਸੈਂਟਾ ਕਲਾਰਾ ਯੂਨੀਵਰਸਟੀ ਵਿਚ ਸਿਵਲ ਇੰਜੀਨੀਅਰਿੰਗ ਦੇ ਪ੍ਰੋਫੈਸਰ ਡਾ. ਸੁਖਮੰਦਰ ਸਿੰਘ ਨੇ ਜਾਤ-ਪਾਤ ਦੇ ਸਿਸਟਮ ਤੋਂ ਉਪਰ ਉਠ ਕੇ ਗੁਰੂਆਂ-ਭਗਤਾਂ ਦੇ ਚਲਾਏ ਸਾਂਝੀਵਾਲਤਾ ਦੇ ਮਾਰਗ 'ਤੇ ਚੱਲਣ ਉਪਰ ਜ਼ੋਰ ਦਿੰਦਿਆਂ ਕਿਹਾ ਕਿ ਸਾਡੀ ਅਣਗਹਿਲੀ ਕਾਰਣ ਭਗਤਾਂ ਨਾਲ ਜੁੜੇ ਵਰਗ ਸਿੱਖੀ ਤੋਂ ਦੂਰ ਹੁੰਦੇ ਜਾ ਰਹੇ ਹਨ ਜਿਨ੍ਹਾਂ ਨੂੰ ਦੱਸਣ ਦੀ ਲੋੜ ਹੈ ਕਿ ਸਿੱਖ ਸਦਾ ਹੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਰੇ ਹੀ ਭਗਤਾਂ ਦੀ ਗੁਰੂ ਰੂਪੀ ਬਾਣੀ ਅੱਗੇ ਨਤਮਸਤਕ ਹੁੰਦਾ ਹੈ। ਸਿੱਖੀ ਹੀ ਮੰਨੂ ਦੇ ਬਣਾਏ ਜਾਤ-ਪਾਤ ਸਿਸਟਮ ਤੋਂ ਬਚਣ ਦਾ ਵਧੀਆ ਢੰਗ ਹੈ।

ਜੋਗਾ ਸਿੰਘ (ਬੇ-ਪੁਆਇੰਟ) ਨੇ ਭਗਤ ਅਤੇ ਗੁਰੂ ਦੇ ਝਗੜੇ ਤੋਂ ਉਪਰ ਉਠ ਕੇ ਭਗਤ ਰਵਿਦਾਸ ਦੀ ਸਿੱਖਿਆ ਨੂੰ ਅਮਲੀ ਜਾਮੇ ਵਿਚ ਧਾਰਨ 'ਤੇ ਜੋਰ ਦਿੱਤਾ। ਰਾਜਬੀਰ ਕੌਰ (ਪੰਜਾਬੀ ਸਥ) ਨੇ ਦੂਜਿਆਂ 'ਤੇ ਦੋਸ਼ ਮੜਨ ਦੀ ਥਾਂ ਆਪਾ ਪੜਚੋਲਣ 'ਤੇ ਜੋਰ ਦਿੰਦਿਆਂ ਹਰ ਬੰਦੇ ਨੂੰ ਭਗਤ ਜੀ ਵਾਂਗ ਸੱਚ ਦੇ ਰਸਤੇ 'ਤੇ ਚੱਲਣ ਦੀ ਤਾਕੀਦ ਕੀਤੀ। ਸਰਬਜੀਤ ਸਿੰਘ ਸੈਕਰਾਮੈਂਟੋ ਨੇ ਭਗਤ ਰਵਿਦਾਸ ਦੇ ਜਨਮ ਦਿਨ ਸਦਾ ਇਕੋ ਤਾਰੀਕ 'ਤੇ ਮਨਾਉਣ ਲਈ ਸੁਦੀਆਂ-ਵਦੀਆਂ ਦੇ ਚੱਕਰ ਤੋਂ ਬਾਹਰ ਆਉਣ ਲਈ ਨਾਨਕਸ਼ਾਹੀ ਕੈਲੰਡਰ ਅਪਨਾਉਣ 'ਤੇ ਜ਼ੋਰ ਦਿਤਾ।

ਲੇਖਕ ਪਰਵਿੰਦਰ ਸਿੰਘ ਪਰਵਾਨਾ, ਸਾਹਿਤ ਸਭਾ ਦੇ ਜਸਦੀਪ ਸਿੰਘ, ਸੁਖਵਿੰਦਰ ਸਿੰਘ (ਬਿੱਲਾ), ਹਰਬਕਸ਼ ਸਿੰਘ ਰਾਊਕੇ ਅਤੇ ਕਮੇਟੀ ਮੈਂਬਰਾਂ ਨੇ ਵੀ ਆਪਣੇ ਵਿਚਾਰ ਪ੍ਰਗਟਾਏ। ਮੰਚ ਸੰਚਾਲਨ ਗੁਰਮੀਤ ਸਿੰਘ ਬਰਸਾਲ ਨੇ ਕੀਤਾ। ਇਸ ਮੌਕੇ ਵਰਲਡ ਸਿੱਖ ਫੈਡਰੇਸ਼ਨ ਦੀ ਨਵੀਂ ਵੈਬ ਸਾਈਟ ਡੇਲੀ ਸਿੱਖ ਨਿਊਜ਼ ਡਾਟ ਕੌਮ ਅਤੇ 24 ਘੰਟੇ ਚੱਲਣ ਵਾਲਾ ਕਥਾ-ਕੀਰਤਨ ਸੁਣਾਉਣ ਵਾਲਾ ਇੰਟਰਨੈਟ ਰੇਡੀਓ ਵੀ ਲਾਂਚ ਕੀਤਾ ਗਿਆ। ਇਸ ਮੌਕੇ ਬਲਵਿੰਦਰ ਸਿੰਘ ਲੰਗੜੋਆ, ਹਰਮਿੰਦਰ ਸਿੰਘ ਸੇਖਾ, ਸਰਬਜੀਤ ਸਿੰਘ ਜਪਰਾ ਵਲੋਂ ਲਾਏ ਗਏ ਸਟਾਲ ਤੋਂ ਗੁਰਮਤਿ ਦੀਆਂ ਸੀਡੀਆਂ ਅਤੇ ਐਮ ਪੀ ਥਰੀ ਭੇਟਾ ਰਹਿਤ ਵੰਡੀਆਂ ਗਈਆਂ।

## ਬਰਤਾਨੀਆ ਦੀ ਪਾਬੰਦੀ ਸੂਚੀ 'ਚ ਦਾਊਦ ਵੀ ਸ਼ਾਮਲ

**ਲੰਡਨ:** ਭਾਰਤ ਨੂੰ ਲੋੜੀਂਦੇ ਦਾਊਦ ਇਬਰਾਹੀਮ ਕਾਸਕਰ, ਪਾਕਿਸਤਾਨ ਨਾਲ ਸਬੰਧਤ ਅਤਿਵਾਦੀਆਂ ਅਤੇ ਜਥੇਬੰਦੀਆਂ ਨੂੰ ਬਰਤਾਨੀਆਂ ਨੇ ਉਸ ਸੂਚੀ ਵਿਚ ਉਪਰਲੇ ਸਥਾਨ 'ਤੇ ਰੱਖ ਦਿੱਤਾ ਹੈ ਜਿਨ੍ਹਾਂ 'ਤੇ ਵਿੱਤੀ ਪਾਬੰਦੀਆਂ ਲਗਾਈਆਂ ਗਈਆਂ ਹਨ। ਸਰਕਾਰ ਵੱਲੋਂ ਜਾਰੀ ਨਵੀਂ ਸੂਚੀ ਵਿਚ 1993 ਦੇ ਮੁੰਬਈ ਲੜੀਵਾਰ ਬੰਬ ਧਮਾਕਿਆਂ ਦੇ ਮੁੱਖ ਦੋਸ਼ੀ ਦਾਊਦ ਦਾ ਨਾਮ ਪ੍ਰਮੁੱਖਤਾ ਨਾਲ ਛਾਪਿਆ ਗਿਆ ਹੈ। ਉਸ ਖ਼ਿਲਾਫ਼ ਭਾਰਤ ਨੇ ਕੌਮਾਂਤਰੀ ਗ੍ਰਿਫਤਾਰੀ ਵਾਰੰਟ ਵੀ ਜਾਰੀ ਕੀਤੇ ਹੋਏ ਹਨ।

ਸੂਚੀ ਵਿਚ ਜੈਸ਼-ਏ-ਮੁਹੰਮਦ ਜਿਸ ਦਾ 2001 ਵਿਚ ਭਾਰਤ ਦੀ ਸੰਸਦ ਉਪਰ ਹਮਲੇ 'ਚ ਹੱਥ ਸੀ, ਉਤੇ ਵੀ ਬਰਤਾਨਵੀ ਸਰਕਾਰ ਨੇ ਆਰਥਿਕ ਪਾਬੰਦੀ ਲਗਾ ਦਿੱਤੀ ਹੈ। ਇਸ ਜਥੇਬੰਦੀ ਦੇ ਮੁੱਖ ਅੱਡੇ ਪਿਸ਼ਾਵਰ ਤੇ ਮੁਜ਼ੱਫਰਾਬਾਦ ਵਿਚ ਹਨ। ਇਸ ਤੋਂ ਇਲਾਵਾ ਪਾਕਿਸਤਾਨ ਵਿਚਲੀਆਂ ਹੋਰ ਅਤਿਵਾਦੀ ਜਥੇਬੰਦੀਆਂ ਹਰਕਤ-ਉਲ ਮੁਜ਼ਾਹਦੀਨ, ਲਸ਼ਕਰ-ਏ-ਤੋਇਬਾ, ਅਲ-ਅਖ਼ਤਰ ਟਰਸਟ ਇੰਟਰਨੈਸ਼ਨਲ ਤੇ ਹਰਕਤ ਉਲ-ਜਹਾਦ ਇਸਲਾਮੀ ਸ਼ਾਮਲ ਹਨ। ਸੂਚੀ ਵਿਚ ਜਿਹੜੇ ਹੋਰ ਅਤਿਵਾਦੀ ਸ਼ਾਮਲ ਹਨ, ਉਨ੍ਹਾਂ ਵਿਚ ਲਸ਼ਕਰ-ਏ-ਤੋਇਬਾ ਦਾ ਵਿੱਤ ਮੁਖੀ ਹਾਜੀ ਮੁਹੰਮਦ ਅਸ਼ਰਫ ਤੇ ਭਾਰਤ ਵਿਚ ਜਨਮਿਆ ਤੇ ਲਸ਼ਕਰ -ਏ-ਤੋਇਬਾ ਦਾ ਸਾਊਦੀ ਅਰਬ ਵਿਚ ਰਹਿ ਰਿਹਾ ਮੁਹੰਮਦ ਬਰਾਜ਼ਿਕ ਵੀ ਹਨ।

## ਸੰਜੈ ਦੱਤ ਦੀ ਪੈਰੋਲ ਹੋਰ ਵਧਾਈ

**ਪੁਣੇ:** ਸਾਲ 1993 ਦੇ ਮੁੰਬਈ ਬੰਬ ਧਮਾਕੇ ਕੇਸ ਵਿਚ ਅਦਾਕਾਰ ਸੰਜੈ ਦੱਤ ਦੀ ਪੈਰੋਲ ਇਕ ਹੋਰ ਮਹੀਨੇ ਲਈ ਵਧਾ ਦਿੱਤੀ ਗਈ ਹੈ। ਡਿਵੀਜ਼ਨਲ ਕਮਿਸ਼ਨਰ ਦੇ ਦਫਤਰ ਨੇ ਪੈਰੋਲ ਦੀ ਮਿਆਦ 21 ਮਾਰਚ 2014 ਤੱਕ ਵਧਾ ਦਿੱਤੀ ਹੈ। ਪਹਿਲੀ ਮਿਆਦ 21 ਫਰਵਰੀ ਨੂੰ ਸਮਾਪਤ ਹੋ ਰਹੀ ਸੀ। ਪ੍ਰਸ਼ਾਸਨ ਅਨੁਸਾਰ ਸੰਜੈ ਦੱਤ ਦੀ ਪੈਰੋਲ ਹੁਣ 21 ਮਾਰਚ ਤੋਂ ਅੱਗੇ ਨਹੀਂ ਵਧਾਈ ਜਾ ਸਕੇਗੀ।

## ਸਿੱਖ ਨਸਲਕੁਸ਼ੀ ਕੇਸ ਦੀ ਸੁਣਵਾਈ 19 ਮਾਰਚ ਨੂੰ

**ਨਿਊ ਯਾਰਕ (ਬਿਊਰੋ):** ਮਾਨਵ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਵਲੋਂ ਨਵੰਬਰ 1984 ਦੇ ਸਿੱਖ ਕਤਲੇਆਮ ਸਬੰਧੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਆਧਾਰ 'ਤੇ ਕੀਤੇ ਗਏ ਕੇਸ ਨੂੰ ਖਾਰਜ ਕਰਨ ਲਈ ਕਾਂਗਰਸ ਪਾਰਟੀ ਵਲੋਂ ਦਿਤੀ ਗਈ ਅਰਜ਼ੀ ਵਿਰੁਧ ਸੁਣਵਾਈ ਆਉਂਦੀ 19 ਮਾਰਚ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ ਸਿੱਖਸ ਫਾਰ ਜਸਟਿਸ ਨੇ ਅਮਰੀਕੀ ਫੈਡਰਲ ਅਦਾਲਤ ਵਿਚ ਮੈਮੋਰੈਂਡਮ ਆਫ ਲਾਅ ਦਾਇਰ ਕੀਤਾ ਹੈ ਜਿਸ ਵਿਚ ਕਾਂਗਰਸ (ਆਈ) ਖਿਲਾਫ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਕੇਸ ਨੂੰ ਜਾਰੀ ਰੱਖਣ ਦੇ ਸਮਰਥਨ ਵਿਚ ਸਿੱਖ ਜਥੇਬੰਦੀ ਅਤੇ 1984 ਦੇ ਪੀੜਤਾਂ ਦਾ ਕਾਨੂੰਨੀ ਸਟੈਂਡ ਅਤੇ ਸੁਣਵਾਈ ਲਈ ਅਦਾਲਤ ਨੂੰ ਬੇਨਤੀ ਕੀਤੀ ਗਈ ਹੈ। ਜਥੇਬੰਦੀ ਨੇ ਇਹ ਕੇਸ ਏਲੀਅਨ ਟੋਰਟਸ ਸਟੈਚਿਊਟ (ਏ ਟੀ ਐਸ) ਤਹਿਤ ਦਾਇਰ ਕੀਤਾ ਹੈ।

ਮੈਨਹਟਨ ਵਿਚਲੀ ਫੈਡਰਲ ਅਦਾਲਤ ਵਿਚ ਕੇਸ ਉਤੇ ਬਹਿਸ 19 ਮਾਰਚ ਨੂੰ ਹੋਵੇਗੀ। ਸੰਘੀ ਜੱਜ ਇਹ ਫੈਸਲਾ ਕਰੇਗਾ ਕਿ ਕੀ ਸਿੱਖ ਜਥੇਬੰਦੀ ਵਲੋਂ ਕਾਨੂੰਨੀ ਤੌਰ 'ਤੇ ਭਾਰਤ ਦੀ ਸੱਤਾਧਾਰੀ ਪਾਰਟੀ ਖਿਲਾਫ ਦਾਇਰ 1984 ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਕੇਸ ਨੂੰ ਜਾਰੀ ਰੱਖਣਾ ਚਾਹੀਦਾ ਹੈ ਜਾਂ ਫਿਰ ਕਾਂਗਰਸ ਪਾਰਟੀ ਦੀ ਅਰਜ਼ੀ ਅਨੁਸਾਰ ਖਾਰਜ ਕੀਤਾ ਜਾਣਾ ਚਾਹੀਦਾ ਹੈ।

ਤੰਦੂਰੀਏ, ਵੇਟਰ ਅਤੇ ਹੈਲਪਰ ਦੀ ਲੋੜ ਹੈ
ਅਟਲਾਂਟਾ, ਜਾਰਜੀਆ ਵਿਚ ਵਧੀਆ
ਚਲਦੇ ਇੰਡੀਅਨ ਰੈਸਟੋਰੈਂਟ ਲਈ
ਤਜ਼ਰਬੇਕਾਰ ਤੰਦੂਰੀਏ, ਵੇਟਰ
ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ, ਮੁਫਤ ਰਿਹਾਇਸ਼
ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ
ਫੋਨ: 757-240-9348

# ਬਰਤਾਨਵੀ ਸਲੂਕ ਤੋਂ ਕੌਮਾਂਤਰੀ ਵਿਦਿਆਰਥੀ ਔਖੇ

**ਲੰਡਨ (ਬਿਊਰੋ):** ਬਰਤਾਨੀਆ ਵਿਚ ਪੜ੍ਹਦੇ ਬਹੁਤੇ ਕੌਮਾਂਤਰੀ ਵਿਦਿਆਰਥੀ ਅਸੁਰੱਖਿਅਤ ਮਹਿਸੂਸ ਕਰਦੇ ਹਨ ਤੇ ਭਾਰਤ, ਪਾਕਿਸਤਾਨ ਤੇ ਨਾਇਜੀਰੀਆ ਤੋਂ ਆਉਂਦੇ ਬਹੁਤੇ ਵਿਦਿਆਰਥੀ ਆਪਣੇ ਜਾਣਕਾਰਾਂ ਨੂੰ ਪੜ੍ਹਨ ਲਈ ਬਰਤਾਨੀਆ ਨਾ ਆਉਣ ਦੀ ਸਲਾਹ ਦਿੰਦੇ ਹਨ। ਇਹ ਦਾਅਵਾ ਇਕ ਤਾਜ਼ਾ ਸਰਵੇਖਣ ਵਿਚ ਕੀਤਾ ਗਿਆ ਹੈ।

ਨੈਸ਼ਨਲ ਯੂਨੀਅਨ ਆਫ ਸਟੂਡੈਂਟਸ ਦੇ 3100 ਕੌਮਾਂਤਰੀ ਵਿਦਿਆਰਥੀਆਂ ਦੇ ਕੀਤੇ ਗਏ ਅਧਿਐਨ ਤੋਂ ਪਤਾ ਚਲਦਾ ਹੈ ਕਿ 50 ਫੀਸਦੀ ਤੋਂ ਵੱਧ ਵਿਦਿਆਰਥੀ ਮਹਿਸੂਸ ਕਰਦੇ ਹਨ ਕਿ ਬਰਤਾਨੀਆ ਸਰਕਾਰ ਵਿਦੇਸ਼ੀ ਵਿਦਿਆਰਥੀਆਂ ਦਾ ਸਵਾਗਤ ਨਹੀਂ ਕਰਦੀ। ਸਰਵੇਖਣ ਦੇ ਅੰਕੜਿਆਂ ਤੋਂ ਪਤਾ ਚਲਦਾ ਹੈ ਕਿ ਪੀ.ਐਚ.ਡੀ ਵਿਦਿਆਰਥੀਆਂ ਵਿਚ ਇਹ ਅਹਿਸਾਸ ਸਭ ਤੋਂ ਵੱਧ (65.8) ਪਾਇਆ ਜਾਂਦਾ ਹੈ ਜਦਕਿ ਜਪਾਨ (64.5 ਫੀਸਦ), ਨਾਇਜੀਰੀਆ (62.8 ਫੀਸਦ) ਤੇ ਭਾਰਤ (62 ਫੀਸਦ) ਦੇ ਵਿਦਿਆਰਥੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨਾਲ ਚੰਗਾ ਸਲੂਕ ਨਹੀਂ ਕੀਤਾ ਜਾਂਦਾ।

'ਦਿ ਇੰਡਿਪੈਂਡੈਂਟ' ਅਖ਼ਬਾਰ ਦੀ ਰਿਪੋਰਟ ਮੁਤਾਬਕ ਭਾਰਤ, ਪਾਕਿਸਤਾਨ ਤੇ ਨਾਇਜੀਰੀਆ ਦੇ ਵਿਦਿਆਰਥੀ ਆਮ ਤੌਰ 'ਤੇ ਆਪਣੇ ਦੋਸਤਾਂ ਨੂੰ ਇਥੇ ਪੜ੍ਹਾਈ ਲਈ ਨਾ ਆਉਣ ਦੀ ਸਲਾਹ ਦਿੰਦੇ ਹਨ। ਸਰਵੇਖਣ ਮੁਤਾਬਕ 40 ਫੀਸਦ ਵਿਦਿਆਰਥੀਆਂ ਦੀ ਰਾਏ ਹੈ ਕਿ ਮਕਾਨ ਮਾਲਕਾਂ ਨੂੰ ਉਨ੍ਹਾਂ ਦੇ ਕਾਨੂੰਨੀ ਦਰਜੇ ਦੀ ਪੜਤਾਲ ਦਾ ਹੱਕ ਦੇਣ ਤੇ 74 ਫੀਸਦ ਵਿਦਿਆਰਥੀਆਂ ਮੁਤਾਬਕ ਕੌਮੀ ਸਿਹਤ ਸੇਵਾ ਲੈਣੀ ਲਾਗੂ ਕਰਨ ਨਾਲ ਬਰਤਾਨੀਆ ਵਿਚ ਪੜ੍ਹਨਾ ਔਖਾ ਹੋ ਗਿਆ ਹੈ। ਵਿਦਿਆਰਥੀ ਆਗੂ ਦਲੀਲ ਦਿੰਦੇ ਹਨ ਕਿ ਇਹ ਅੰਕੜੇ ਬਹੁਤ ਚਿੰਤਾ ਦਾ ਵਿਸ਼ਾ ਹਨ ਕਿਉਂਕਿ ਕੌਮਾਂਤਰੀ ਵਿਦਿਆਰਥੀ ਬਰਤਾਨੀਆ ਦੇ ਅਰਥਚਾਰੇ ਵਿਚ ਸਾਲਾਨਾ 7.9 ਅਰਬ ਡਾਲਰ ਦਾ ਯੋਗਦਾਨ ਪਾਉਂਦੇ ਹਨ। ਅੰਕੜਿਆਂ ਮੁਤਾਬਕ ਪਿਛਲੇ ਸਾਲ ਕੌਮਾਂਤਰੀ ਵਿਦਿਆਰਥੀਆਂ ਦੀ ਆਮਦ 2,39,000 ਤੋਂ ਘਟ ਕੇ 1,97,000 ਰਹਿ ਗਈ ਸੀ ਹਾਲਾਂਕਿ ਯੂਨੀਵਰਸਿਟੀਜ਼ ਐਂਡ ਕਾਲਜਿਜ਼ ਐਡਮਿਸ਼ਨ ਸਰਵਿਸਿਜ਼ (ਯੂ.ਸੀ.ਏ.ਐਸ) ਦੇ ਤਾਜ਼ਾ ਅੰਕੜਿਆਂ ਵਿਚ ਦਾਖਲਿਆਂ ਵਿਚ ਵਾਧਾ ਦਰਸਾਇਆ ਗਿਆ ਹੈ।

ਨੈਸ਼ਨਲ ਯੂਨੀਅਨ ਆਫ ਸਟੂਡੈਂਟਸ ਦੇ ਕੌਮਾਂਤਰੀ ਵਿਦਿਆਰਥੀਆਂ ਬਾਰੇ ਅਫਸਰ ਡੇਨੀਅਲ ਸਟੀਵਨਜ਼ ਮੁਤਾਬਕ ਸਰਕਾਰ ਦੀਆਂ ਵੈਰਭਾਵੀ ਨੀਤੀਆਂ ਕਾਰਨ ਬਰਤਾਨੀਆ ਵਿਚ ਬਹੁਤ ਸਾਰੇ ਕੌਮਾਂਤਰੀ ਵਿਦਿਆਰਥੀ ਖੁਦ ਨੂੰ ਅਣਚਾਹੇ ਮਹਿਸੂਸ ਕਰਦੇ ਹਨ। ਆਵਾਸ ਬਿੱਲ ਤਜਵੀਜ਼ਾਂ ਕਾਰਨ ਕੌਮਾਂਤਰੀ ਵਿਦਿਆਰਥੀਆਂ ਲਈ ਨਵੇਂ ਅੜਿੱਕੇ ਖੜ੍ਹੇ ਹੋ ਸਕਦੇ ਹਨ।

# ਸਿੱਖ ਪ੍ਰਭੂਸੱਤਾ ਨਾਲ ਕਿਸੇ ਕਿਸਮ ਦਾ ਸਮਝੌਤਾ ਨਹੀਂ ਕੀਤਾ ਜਾ ਸਕਦਾ-ਡਾ. ਗੁਰਤੇਜ ਸਿੰਘ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** 21ਵੀਂ ਸਦੀ ਦੇ ਮਹਾਨ ਸਿੱਖ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ 67ਵਾਂ ਜਨਮ ਦਿਨ ਗੁਰਦੁਆਰਾ ਫਰੀਮਾਂਟ ਵਿਚ ਬੜੇ ਉਤਸ਼ਾਹ ਤੇ ਚੜ੍ਹਦੀ ਕਲਾ ਦੇ ਮਾਹੌਲ ਵਿਚ ਮਨਾਇਆ ਗਿਆ। ਹਫਤਾਵਾਰੀ ਦੀਵਾਨ ਵਿਚ ਭਾਈ ਸੁਰਜੀਤ ਸਿੰਘ ਮਜਬੂਰ ਤੇ ਭਾਈ ਗੁਰਪ੍ਰੀਤ ਸਿੰਘ ਦੇ ਕੀਰਤਨੀ ਜਥੇ ਨੇ ਰੱਬੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਭਗਤ ਰਵਿਦਾਸ ਦਾ ਪ੍ਰਕਾਸ਼ ਦਿਹਾੜਾ ਤੇ ਪੰਥ ਦੇ ਪ੍ਰਸਿੱਧ ਕਥਾਕਾਰ ਗਿਆਨੀ ਸੰਤ ਸਿੰਘ ਮਸਕੀਨ ਦੀ ਬਰਸੀ ਵੀ ਮਨਾਈ ਗਈ। ਕਥਾਕਾਰ ਗਿਆਨੀ ਸੁਰਜੀਤ ਸਿੰਘ ਜ਼ਖ਼ਮੀ ਨੇ ਭਗਤ ਰਵਿਦਾਸ ਦੇ ਜੀਵਨ ਵਿਚੋਂ ਮਨੁਖਤਾ ਵਿਰੋਧੀ ਸਿਧਾਂਤ ਜਾਤ-ਪਾਤ ਵਿਰੁਧ ਚਲਾਏ ਸੰਘਰਸ਼ 'ਤੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਗਿਆਨੀ ਮਸਕੀਨ ਨੇ ਗੁਰਮਤਿ ਦਾ ਪ੍ਰਚਾਰ ਕਰਨ ਲਈ ਆਪਣਾ ਸਾਰਾ ਜੀਵਨ ਲਾ ਦਿੱਤਾ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਯੂਨੀਵਰਸਿਟੀ ਆਫ ਕੈਲੀਫੋਰਨੀਆ ਤੋਂ ਡਾ. ਗੁਰਤੇਜ ਸਿੰਘ ਨੇ ਕੰਪਿਊਟਰ ਸਲਾਈਡਾਂ ਦੀ ਸਹਾਇਤਾ ਨਾਲ ਸਪਸ਼ਟ ਕੀਤਾ ਕਿ ਪੰਥਕ ਜਥੇਬੰਦੀਆਂ ਕਿਸੇ ਵੀ ਹਾਲਤ ਵਿਚ ਸਿੱਖ ਪ੍ਰਭੂਸੱਤਾ ਨਾਲ ਸਮਝੌਤਾ ਨਹੀਂ ਕਰ ਸਕਦੀਆਂ ਕਿਉਂਕਿ ਇਹ ਗੁਰੂ ਸਿਧਾਂਤ ਹੈ। ਦੂਜਾ ਨੁਕਤਾ ਪੇਸ਼ ਕਰਦਿਆਂ ਉਨ੍ਹਾਂ ਸੰਗਤਾਂ ਤੋਂ ਪੁੱਛਿਆ ਕਿ ਸੰਤ ਭਿੰਡਰਾਂਵਾਲਿਆਂ ਨੇ ਆਪਣੀ ਮਹਾਨ ਸ਼ਹੀਦੀ ਨਾਲ ਸਿੱਖ ਅਜ਼ਾਦੀ ਦੇ ਨਿਸ਼ਾਨੇ ਖਾਲਿਸਤਾਨ ਦੀ ਜੋ ਲਕੀਰ ਖਿੱਚੀ ਸੀ, ਅਸੀਂ ਉਸ ਲਕੀਰ ਦੇ ਕਿਸ ਪਾਸੇ ਖਲੋਤੇ ਹਾਂ?



ਡਾ. ਗੁਰਤੇਜ ਸਿੰਘ

ਉਨ੍ਹਾਂ ਕਿਹਾ ਕਿ ਸਾਨੂੰ ਅਜਿਹੇ ਸਿੱਖ ਆਗੂਆਂ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੈ ਜੋ ਸਾਡੇ ਵਿਚ ਵੰਡੀਆਂ ਪਾ ਕੇ ਸਾਡੀ ਸ਼ਕਤੀ ਨੂੰ ਖੇਰੂੰ ਖੇਰੂੰ ਕਰਨ ਲਈ ਪੂਰੀ ਵਾਹ ਲਾ ਰਹੇ ਹਨ। ਪੰਜਾਬ ਦੀ ਰਾਜਨੀਤੀ ਬਾਰੇ ਉਨ੍ਹਾਂ ਕਿਹਾ ਕਿ ਅਕਾਲੀ ਤੇ ਕਾਂਗਰਸੀ ਸਿਆਸਤ ਦਾ ਦੋਸਤਾਨਾ ਮੈਚ ਖੇਡ ਰਹੇ ਹਨ ਅਤੇ ਕੋਈ ਵੀ ਪੰਜਾਬ ਜਾਂ ਸਿੱਖਾਂ ਦੇ ਹਿਤਾਂ ਪ੍ਰਤੀ ਸੁਹਿਰਦ ਨਹੀਂ ਹੈ।

ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਘਰ ਦੀ ਤਰਫੋਂ ਡਾ. ਗੁਰਤੇਜ ਸਿੰਘ ਹੁਰਾਂ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ।

## ਭੁਪਿੰਦਰ ਹੁੱਡਾ 'ਤੇ ਮੁੜ ਜੁੱਤੀ ਨਾਲ ਹਮਲਾ

**ਡੱਬਵਾਲੀ:** ਇਕ ਵਿਅਕਤੀ ਨੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਵੱਲ ਬੂਟ ਵਗਾਹ ਮਾਰਿਆ। ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਸਟੇਡੀਅਮ ਵਿਚ ਵਿਸ਼ਾਲ ਰੈਲੀ ਨੂੰ ਸੰਬੋਧਨ ਕਰ ਰਹੇ ਸਨ ਜਿਸ ਦੌਰਾਨ ਭੀੜ ਵਿਚ ਚਿੱਟਾ ਕੁੜਤਾ ਪਜ਼ਾਮਾ ਪਹਿਨੇ ਬੈਠਾ ਅਧਖੜ੍ਹ ਵਿਅਕਤੀ ਖੜ੍ਹਾ ਹੋਇਆ ਤੇ ਉਸ ਨੇ ਕੁਝ ਬੋਲਦਿਆਂ ਆਪਣਾ ਬੂਟ ਮੁੱਖ ਮੰਤਰੀ ਵੱਲ ਵਗਾਹ ਕੇ ਮਾਰਿਆ। ਬੂਟ ਪ੍ਰੈੱਸ ਗੈਲਰੀ ਅੰਦਰ ਇਕ ਬੈਰੀਕੇਡ ਨਾਲ ਵੱਜ ਕੇ ਡਿੱਗ ਪਿਆ।

ਪੁਲੀਸ ਕਰਮਚਾਰੀਆਂ ਨੇ ਉਸ ਨੂੰ ਕਾਬੂ ਕਰ ਲਿਆ। ਬਾਅਦ ਵਿੱਚ ਜਿਸ ਦੀ ਸ਼ਨਾਖਤ ਕਰੀਬ 50 ਸਾਲਾ ਰਾਜਾ ਰਾਮ ਵਾਸੀ ਨਾਥੂਸਰੀ ਚੋਪਟਾ ਵਜੋਂ ਹੋਈ ਜਿਸ ਨੇ ਆਪਣੇ ਗਲੇ ਵਿਚ ਕਾਂਗਰਸ ਦੇ ਝੰਡੇ ਵਾਲਾ ਮਫ਼ਲਰ ਵੀ ਪਹਿਨਿਆ ਹੋਇਆ ਸੀ।










## ਸੁਰਜੀਤ ਪਾਤਰ ਨੂੰ ਕੁਸੁਮਗਰਾਜ ਪੁਰਸਕਾਰ

**ਨਾਸਿਕ:** ਸ਼ਾਇਰ ਸੁਰਜੀਤ ਪਾਤਰ ਨੂੰ ਯਸ਼ਵੰਤ ਰਾਓ ਚਵਾਨ ਓਪਨ ਯੂਨੀਵਰਸਿਟੀ ਵੱਲੋਂ



ਇਕ ਲੱਖ ਰੁਪਏ ਦੇ 'ਕੁ੍ਸੁ੍ਮ ਗਰਾਜ ਲਿਟਰੇਰੀ ਐਵਾਰਡ-2014' ਨਾਲ ਨਿਵਾਜਣ ਦਾ ਐਲਾਨ ਕੀਤਾ ਹੈ। ਪੁਰਸਕਾਰ 7 ਮਾਰਚ ਨੂੰ ਦਿੱਤਾ ਜਾਵੇਗਾ। ਇਹ ਪੁਰਸਕਾਰ ਮਰਹੂਮ ਮਰਾਠੀ ਕਵੀ ਵੀ.ਵੀ. ਸ਼ਿਰਵਾਡਕਰ ਦੀ ਯਾਦ ਵਿਚ ਸ਼ੁਰੂ ਕੀਤਾ ਗਿਆ ਸੀ ਜਿਨ੍ਹਾਂ ਕੁਸੁਮਗਰਾਜ ਦੇ ਨਾਂ ਹੇਠ ਕਵਿਤਾਵਾਂ ਲਿਖੀਆਂ ਸਨ।

## ਹਰਦੀਪ ਸਿੰਘ ਬੰਦੇਸ਼ਾ ਸ਼ੇਰੇ ਪੰਜਾਬ ਖੇਡ ਕਲੱਬ ਦੇ ਨਵੇਂ ਪ੍ਰਧਾਨ ਬਣੇ

**ਸ਼ਿਕਾਗੋ:** ਹਰਦੀਪ ਸਿੰਘ ਬੰਦੇਸ਼ਾ ਨੂੰ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸ਼ਿਕਾਗੋ ਦਾ ਪ੍ਰਧਾਨ ਬਣਾਇਆ ਗਿਆ ਹੈ। ਇਸ ਸਬੰਧੀ ਫੈਸਲਾ ਬੀਤੇ ਦਿਨੀਂ ਸੰਸਥਾ ਦੀ ਇਥੇ ਹੋਈ ਇਕ ਮੀਟਿੰਗ ਵਿਚ ਸਰਬਸੰਮਤੀ ਨਾਲ ਲਿਆ ਗਿਆ। ਸ. ਬੰਦੇਸ਼ਾ ਕਲੱਬ ਦੇ ਗਠਨ ਤੋਂ ਹੀ ਇਸ ਦੇ ਸਰਗਰਮ ਮੈਂਬਰ ਰਹੇ ਹਨ। ਅਹੁਦਾ ਛੱਡ ਰਹੇ ਪ੍ਰਧਾਨ ਅੰਮ੍ਰਿਤਪਾਲ ਗਿੱਲ ਨੇ ਕਿਹਾ ਕਿ ਉਮੀਦ ਹੈ ਕਿ ਸ. ਬੰਦੇਸ਼ਾ ਦੀ ਅਗਵਾਈ ਹੇਠ ਕਲੱਬ ਨਵੀਆਂ ਮੰਜ਼ਿਲਾਂ ਛੋਹੇਗਾ।

ਇਥੇ ਜਾਰੀ ਇਕ ਬਿਆਨ ਵਿਚ ਸ. ਬੰਦੇਸ਼ਾ ਨੇ ਆਖਿਆ ਕਿ ਉਹ ਕਲੱਬ ਵਲੋਂ ਸੌਂਪੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ



*ਹਰਦੀਪ ਸਿੰਘ ਬੰਦੇਸ਼ਾ*

ਅਤੇ ਨਵੀਂ ਪੀੜ੍ਹੀ ਨੂੰ ਖੇਡਾਂ ਨਾਲ ਜੋੜਨ ਲਈ ਭਰਪੂਰ ਯਤਨ ਕਰਨਗੇ। ਜ਼ਿਕਰਯੋਗ ਹੈ ਕਿ ਸ਼ੇਰੇ ਪੰਜਾਬ ਸਪੋਰਟਸ ਕਲੱਬ ਵਲੋਂ ਪਿਛਲੇ ਕਰੀਬ 7 ਸਾਲਾਂ ਤੋਂ ਹਰ ਸਾਲ ਖੇਡ ਟੂਰਨਾਮੈਂਟ ਕਰਵਾਇਆ ਜਾਂਦਾ ਹੈ। ਇਸ ਸਾਲ ਕਲੱਬ ਵਲੋਂ ਇਹ ਮੇਲਾ ਆਉਂਦੀ 31 ਅਗਸਤ ਨੂੰ ਲੇਬਰ ਡੇਅ ਵੀਕ ਐਂਡ 'ਤੇ ਕਰਵਾਇਆ ਜਾ ਰਿਹਾ ਹੈ। ਸ. ਬੰਦੇਸ਼ਾ ਨਾਲ ਸੰਪਰਕ ਫੋਨ 815-546-0525 ਰਾਹੀਂ ਕੀਤਾ ਜਾ ਸਕਦਾ ਹੈ।


## ਨਾਰਾਇਣ ਸਾਈਂ ਨੂੰ ਮਹਿੰਗਾ ਪਿਆ ਸਿੱਖ ਹੁਲੀਆ

**ਇੰਦੌਰ:** ਗ੍ਰਿਫ਼ਤਾਰੀ ਤੋਂ ਬਚਣ ਲਈ ਆਸਾਰਾਮ ਦੇ ਪੁੱਤਰ ਨਰਾਇਣ ਸਾਈਂ ਵਲੋਂ 'ਸਿੱਖ ਹੁਲੀਆ' ਧਾਰਨ ਕਰਨ ਵਿਰੁੱਧ ਦਾਇਰ ਸ਼ਿਕਾਇਤ 'ਤੇ ਅਦਾਲਤ ਨੇ ਆਪਣਾ ਫੈਸਲਾ 22 ਫਰਵਰੀ ਤੱਕ ਲਈ ਸੁਰੱਖਿਅਤ ਰੱਖ ਲਿਆ ਹੈ। ਇਸ ਸ਼ਿਕਾਇਤ ਵਿਚ ਦੋਸ਼ ਲਾਇਆ ਗਿਆ ਹੈ ਕਿ ਨਰਾਇਣ ਸਾਈਂ ਵੱਲੋਂ ਸਿੱਖ ਵਿਅਕਤੀ ਦਾ ਹੁਲੀਆ ਬਣਾਉਣ ਨਾਲ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ।


## ਪੌਂਟੀ ਚੱਢਾ ਕੇਸ ਦੀ ਸੁਣਵਾਈ 28 ਮਾਰਚ ਤੋਂ

**ਨਵੀਂ ਦਿੱਲੀ:** ਦਿੱਲੀ ਦੀ ਅਦਾਲਤ ਵੱਲੋਂ 2012 ਨੂੰ ਫਾਰਮ ਹਾਊਸ ਵਿਚ ਸ਼ਰਾਬ ਦੇ ਕਾਰੋਬਾਰੀ ਪੌਂਟੀ ਚੱਢਾ ਤੇ ਉਸ ਦੇ ਛੋਟੇ ਭਰਾ ਹਰਦੀਪ ਦੀ ਗੋਲੀਬਾਰੀ ਦੌਰਾਨ ਹੱਤਿਆ ਦੇ ਮਾਮਲੇ ਵਿਚ ਸੁਖਦੇਵ ਸਿੰਘ ਨਾਮਧਾਰੀ ਸਮੇਤ 21 ਮੁਲਜ਼ਮਾਂ ਖ਼ਿਲਾਫ਼ 28 ਮਾਰਚ ਤੋਂ ਮੁਕੱਦਮਾ ਚਲਾਇਆ ਜਾਵੇਗਾ। ਐਡੀਸ਼ਨਲ ਸੈਸ਼ਨ ਜੱਜ ਵਿਮਲ ਕੁਮਾਰ ਯਾਦਵ ਜਿਨ੍ਹਾਂ ਸਾਰੇ 21 ਮੁਲਜ਼ਮਾਂ ਤੋਂ ਹੱਤਿਆ ਦੇ ਦੋਸ਼ ਹਟਾ ਦਿੱਤੇ ਸਨ, ਨੇ ਮੁੱਖ ਸਾਜ਼ਿਸ਼ੀ ਨਾਮਧਾਰੀ ਤੇ ਉਸ ਦੇ ਨਿੱਜੀ ਸੁਰੱਖਿਆ ਅਫਸਰ ਸਚਿਨ ਤਿਆਗੀ ਖ਼ਿਲਾਫ਼ ਗ਼ੈਰ-ਇਰਾਦਾ ਹੱਤਿਆ ਦਾ ਦੋਸ਼ ਆਇਦ ਕਰ ਦਿੱਤਾ। ਸੈਸ਼ਨ ਕੋਰਟ ਨੇ ਹੱਤਿਆ ਦਾ ਦੋਸ਼ ਵਾਪਸ ਲੈਣ ਤੇ ਗ਼ੈਰ-ਇਰਾਦਾ ਹੱਤਿਆ ਦਾ ਦੋਸ਼ ਜੋੜਨ ਦੇ ਕਾਰਨਾਂ ਦੀ ਤਫ਼ਸੀਲ ਦਿੱਤੀ ਹੈ।

Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

Jammu Chiropractic
ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।
*We Accept Personal Injury (PI) Cases*
Medicare & Most Private Insurances Accepted
*Contact:*
Dr. Baljit Jammu
*Doctor of Chiropractic*
Ph: 510-940-8236
1090 La Playa Dr.,
Hayward CA 94545


ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ
Punjab Truck Wash & Repair 2301 Simpson Street, Kingsburg, CA 93631
ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114

*Truck Trailer Wash $55*
*ਨਵੇਂ ਪੁਰਾਣੇ ਟਾਇਰ *ਬਰੇਕ
*ਆਇਲ ਚੇਂਜ *ਰੀਅਰਐਂਡ
*ਸਸਪੈਂਸ਼ਨ *ਇੰਸ਼ਪੈਕਸ਼ਨ
*ਕਲੱਚ *ਵੈਲਡਿੰਗ
Oil Change Special $179.99
Labour $55 per hour
All major and minor repairs.
ਤਸੱਲੀਬਖਸ਼ ਕੰਮ ਵਾਜਬ ਰੇਟ
*Free Parking*


Stearing Tires American (set of two) $799.99
ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

# ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ ॥

ਪੰਨਾ 143, ਸਤਰ 14

Some are counterfeit, and some are genuine. He Himself is the Appraiser.




ਭਾਈ ਅਵਤਾਰ ਸਿੰਘ ਧਾਮੀ
Ph.: 510-376-9124



ਭਾਈ ਹਰਚਰਨ ਸਿੰਘ



ਬੀਬੀ ਰਣਬੀਰ ਕੌਰ



ਭਾਈ ਜਸਵੰਤ ਸਿੰਘ



ਭਾਈ ਗੁਰਚਰਨ ਸਿੰਘ ਮਾਨ
Ph.: 510-557-0061

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

## ਬੇ ਏਰੀਆ ਸਿੱਖ ਅਲਾਇੰਸ ਆਰਗੇਨਾਈਜ਼ੇਸ਼ਨ

### ਸੰਗਤ ਨੂੰ ਬਦਲ (Change) ਲਿਆਉਣ ਲਈ ਬੇਨਤੀ।
### ਸੰਗਤ ਸਿਰ 80 ਲੱਖ ਡਾਲਰ ਦੇ ਬੋਝ ਨੂੰ ਰੋਕਣ ਲਈ ਬੇਨਤੀ।

ਸਤਾਧਾਰੀ ਪ੍ਰਬੰਧਕ ਸਿੱਖ ਪੰਚਾਇਤ ਦੀ ਹਾਮੀ ਭਰਨ ਵਾਲੇ, ਸੰਗਤ ਦੀਆਂ ਲੋੜਾਂ ਨੂੰ ਬਿਨਾਂ ਨਾਪੇ ਤੋਲੇ (Need Analysis) ਆਪਣੀ ਸੋਚ ਮੁਤਾਬਿਕ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਲੰਗਰ ਹਾਲ, ਗ੍ਰੰਥੀ ਸਿੰਘ ਦੀ ਰਿਹਾਇਸ਼ ਵਾਲੇ ਮਕਾਨ ਅਤੇ ਬੱਚਿਆਂ ਦੀ ਕਲਾਸ ਵਾਲੇ ਟਰੇਲਰ ਨੂੰ ਬਿਨਾਂ ਵਜ੍ਹਾ ਢਾਹ ਕੇ ਅੱਸੀ ਲੱਖ (8000000) ਡਾਲਰ ਸੰਗਤ ਦੀ ਪ੍ਰਵਾਨਗੀ ਤੋਂ ਬਿਨਾਂ ਵਜ੍ਹਾ ਬੋਝ ਪਾਉਣ ਜਾ ਰਹੇ ਹਨ ਅਤੇ ਪਰਮਿਟਾਂ 'ਤੇ ਖਰਚੇ 4 ਲੱਖ 92 ਹਜ਼ਾਰ ਡਾਲਰ ਦਾ ਹਿਸਾਬ ਨਹੀਂ ਦੱਸ ਰਹੇ। ਅਸੀਂ ਸੱਤਾਧਾਰੀ ਪ੍ਰਬੰਧਕਾਂ ਨੂੰ ਸੰਗਤ ਵਲੋਂ ਬੇਨਤੀ ਕਰਦੇ ਹਾਂ। ਇਸ 80 ਲੱਖ ਡਾਲਰ ਵਾਲੇ Project ਨੂੰ Ballot 'ਤੇ ਲਿਆ ਕੇ ਸੰਗਤ ਦੀ ਮੋਹਰ ਲਵਾਈ ਜਾਵੇ। ਕੀ ਸੰਗਤ 80 ਲੱਖ ਡਾਲਰ ਦਾ ਬੋਝ ਚੁੱਕਣ ਨੂੰ ਤਿਆਰ ਹੈ। ਕੀ ਇਹ ਖਰਚਾ ਸੰਗਤਾਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਕੀਤਾ ਜਾ ਰਿਹਾ ਹੈ ਜਾਂ ਫੋਕੀ ਬੱਲੇ ਬੱਲੇ ਲਈ ਕੀਤਾ ਜੀ ਰਿਹਾ ਹੈ। 80 ਲੱਖ ਡਾਲਰ ਵਾਸਤੇ ਜੇ Loan 6% 'ਤੇ ਮਿਲਦਾ ਹੈ ਤਾਂ Monthly Payment Will be $48000 ਉਂਝ ਤਾਂ ਸੱਤਾਧਾਰੀ ਪ੍ਰਬੰਧਕਾਂ ਤੇ ਇਨ੍ਹਾਂ ਦੀ ਟੀਮ ਨੇ ਜਾਣਬੁੱਝ ਕੇ ਬੱਚਿਆਂ ਦੇ ਸਕੂਲ ਲਈ ਬਣਾਏ ਜਾਣ ਵਾਲੇ 6 ਕਮਰਿਆਂ ਦਾ Permit Expire ਕੀਤਾ। ਜਿਸ ਦੀ ਲਾਗਤ ਲੱਗਪਗ 5 ਲੱਖ ਡਾਲਰ ਸੀ ਅਤੇ 400 ਦੇ ਕਰੀਬ ਬੱਚਿਆਂ ਵਾਸਤੇ ਕਲਾਸ ਰੂਮ ਬਣ ਜਾਣੇ ਸੀ। ਸੰਗਤ ਦੇ ਮੈਂਬਰਾਂ ਨੂੰ ਰਸੀਦਾਂ ਸਹਿਤ ਹਿਸਾਬ ਲੈਣ ਲਈ ਪਹਿਲਾਂ Court Order ਲੈਣੇ ਜ਼ਰੂਰੀ ਹਨ। ਇਸ ਨੂੰ ਸੱਤਾਧਾਰੀ ਸੁਪਰੀਮ ਕੌਂਸਲ ਦੇ ਮੈਂਬਰਾਂ ਵੱਲੋਂ Quote ਕੀਤਾ ਜਾ ਰਿਹਾ ਹੈ। ਸ਼ਾਇਦ ਇਹ ਹਾਲੇ 501 (3C) Nonprofit ਦੇ ਕਾਇਦੇ ਕਾਨੂੰਨ ਤੋਂ ਨਾਵਾਕਫ਼ ਹਨ। ਭਾਈ ਅਵਤਾਰ ਸਿੰਘ ਧਾਮੀ, ਭਾਈ ਹਰਚਰਨ ਸਿੰਘ, ਬੀਬੀ ਰਣਬੀਰ ਕੌਰ, ਭਾਈ ਜਸਵੰਤ ਸਿੰਘ, ਭਾਈ ਗੁਰਚਰਨ ਸਿੰਘ ਮਾਨ ਵੱਲੋਂ ਸੰਗਤ ਨੂੰ ਬੇਨਤੀ ਹੈ ਕਿ ਸਾਨੂੰ ਵੋਟ ਪਾ ਕੇ ਸੇਵਾ ਦਾ ਮੌਕਾ ਦਿਓ।

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਜਸਬੀਰ ਸਿੰਘ ਤੱਖਰ 510-755-2132
ਅਮੋਲਕ ਸਿੰਘ ਗਾਖਲ 831-247-4637
ਪਰਮਜੀਤ ਸਿੰਘ ਸੇਖੋਂ (ਦਾਖਾ) 510-774-5909
ਤੀਰਥ ਸਿੰਘ 510-760-7882
ਭੁਪਿੰਦਰ ਸਿੰਘ ਪਰਮਾਰ 510-305-8351

ਪ੍ਰੀਤਮ ਸਿੰਘ 510-224-0421
ਲਖਬੀਰ ਸਿੰਘ 510-760-9882
ਅਮਰਜੀਤ ਸਿੰਘ ਸਿੱਧੂ 510-676-0027
ਹਰਜਿੰਦਰ ਸਿੰਘ ਜੌਹਲ 510-574-6469
ਅਵਤਾਰ ਸਿੰਘ ਤਾਰੀ 510-750-5152

ਕਿਸ਼ਤ 7

# ਸ਼ਹੀਦਾਨਿ-ਵਫ਼ਾ

## ਅੱਲ੍ਹਾ ਯਾਰ ਖ਼ਾਂ ਜੋਗੀ

*ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਇਕ ਸਦੀ ਪਹਿਲਾਂ 1913 ਵਿਚ ਲੰਮੀ ਨਜ਼ਮ 'ਸ਼ਹੀਦਾਨਿ ਵਫ਼ਾ' ਲਿਖੀ ਸੀ। 37 ਪੰਨਿਆਂ ਦੀ ਇਹ ਉਰਦੂ ਨਜ਼ਮ ਸਾਕਾ ਸਰਹਿੰਦ ਦੀ ਦਿਲ ਕੰਬਾਊ ਘਟਨਾ ਦੀ ਝਾਕੀ ਪੇਸ਼ ਕਰਦੀ ਹੈ। ਇਸ ਨਜ਼ਮ ਦੇ 110 ਬੰਦ ਹਨ ਅਤੇ ਹਰ ਬੰਦ ਦੇ 6-6 ਮਿਸਰੇ ਹਨ। ਸ਼ਾਇਰ ਨੇ ਇਹ ਨਜ਼ਮ ਨੂੰ ਮਰਸੀਏ ਦੀ ਸ਼ੈਲੀ ਵਿਚ ਲਿਖੀ ਹੈ। ਉਹ ਸ਼ਹਾਦਤ ਤੇ ਸ਼ਾਇਰੀ ਦੇ ਫ਼ਲਸਫ਼ੇ ਨੂੰ ਖ਼ੂਬ ਸਮਝਦਾ ਹੈ। ਤਾਂ ਹੀ ਤਾਂ ਉਹਨੇ ਸ਼ਹਾਦਤ ਦੀ ਘਟਨਾ ਨੂੰ ਬਿਆਨ ਕਰਨ ਲਈ ਮਰਸੀਏ ਦੀ ਸ਼ੈਲੀ ਦੀ ਚੋਣ ਕੀਤੀ ਹੈ ਅਤੇ ਕਰੁਣਾ ਤੇ ਬੀਰ ਰਸਾਂ ਤੋਂ ਇਲਾਵਾ ਅਦਭੁਤ, ਰੌਦਰ ਤੇ ਭਿਆਨਕ ਰਸਾਂ ਦੀ ਬੜੀ ਮੁਹਾਰਤ ਨਾਲ ਵਰਤੋਂ ਕੀਤੀ ਹੈ। ਉਸ ਨੇ 1915 ਵਿਚ ਸਾਕਾ ਚਮਕੌਰ ਸਾਹਿਬ ਬਾਰੇ 'ਗੰਜਿ-ਸ਼ਹੀਦਾਂ' ਨਾਂ ਦੀ ਲੰਮੀ ਨਜ਼ਮ ਵੀ ਲਿਖੀ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਅੱਲ੍ਹਾ ਯਾਰ ਖ਼ਾਂ ਜੋਗੀ ਦੀ ਲਾਸਾਨੀ ਰਚਨਾ 'ਸ਼ਹੀਦਾਨਿ-ਵਫ਼ਾ' ਲੜੀਵਾਰ ਛਾਪ ਰਹੇ ਹਾਂ। -ਸੰਪਾਦਕ*

## ਅਲਕਿੱਸਾ ਜਬ ਸਵੇਰ ਕੋ ਜਾਗੀਂ ਗੁਰੂ ਕੀ ਮਾਂ

61

ਅਲਕਿੱਸਾ ਜਬ ਸਵੇਰ ਕੋ ਜਾਗੀਂ ਗੁਰੂ ਕੀ ਮਾਂ।
ਰੱਖੇ ਹੂਏ ਖ਼ਜ਼ਾਨੇ ਕਾ ਪਾਯਾ ਨਾ ਕੁਛ ਨਿਸ਼ਾਂ।
ਗੰਗੂ ਸੇ ਬੋਲੀਂ ਲੇਤਾ ਹੈ ਕਯੋਂ ਸਬਰ-ਏ-ਬੇਕਸਾਂ।
ਜ਼ਰ ਲੇ ਗਯਾ ਉਠਾ ਕੇ ਤੂ ਐ ਜ਼ਿਸ਼ਤ-ਰੂ ਕਹਾਂ।
ਬਿਹਤਰ ਥਾ ਮਾਂਗ ਲੇਤਾ ਤੂ ਹਮ ਸੇ ਤਮਾਮ ਮਾਲ।
ਲੇਕਿਨ ਹੁਆ ਚੁਰਾਨੇ ਸੇ ਤੁਝ ਪਰ ਹਰਾਮ ਮਾਲ।
*(ਅਲਕਿੱਸਾ=ਮੁੱਕਦੀ ਗੱਲ, ਬੇਕਸਾਂ=ਬੇਸਹਾਰਾ, ਜ਼ਿਸ਼ਤ-ਰੂ=ਕਾਲ-ਮੂੰਹਾਂ )*

62

ਜਿਸ ਘਰ ਕਾ ਤੂ ਗ਼ੁਲਾਮ ਥਾ ਉਸ ਸੇ ਦਗ਼ਾ ਕੀਯਾ।
ਲਾ ਕਰ ਕੇ ਘਰ ਮੇਂ ਕਾਮ ਯਿਹ ਕਯਾ ਬੇਵਫ਼ਾ ਕੀਯਾ।
ਜ਼ਰ ਕੇ ਲੀਏ ਸਵਾਲ ਨਾ ਕਯੋਂ ਬਰਮਲਾ ਕੀਯਾ।
ਹਮ ਸੇ ਤੋ ਜਿਸ ਨੇ ਜੋ ਭੀ ਹੈ ਮਾਂਗਾ ਅਤਾ ਕੀਯਾ।
ਮਾਤਾ ਹੂੰ ਕਲਗ਼ੀਧਰ ਕੀ ਤੁਝੇ ਕਯਾ ਖ਼ਬਰ ਨਾ ਥੀ।
ਤੇਰੀ ਤਰਹ ਤੋ ਮੁਝਕੋ ਜ਼ਰਾ ਹਿਰਸ-ਏ-ਜ਼ਰ ਨਾ ਥੀ।
*(ਬਰਮਲਾ=ਸਪਸ਼ਟ, ਅਤਾ=ਬਖ਼ਸ਼ਣਾ, ਹਿਰਸ-ਏ-ਜ਼ਰ=ਧਨ ਦਾ ਲੋਭ)*

63

ਵਾਹਿਗੁਰੂ ਕੇ ਨਾਮ ਪਿ ਕੁਲ ਮਾਲ-ਓ-ਜ਼ਰ ਭੀ ਦੂੰ।
ਖ਼ਿਲਕਤ ਕੇ ਫ਼ਾਇਦੇ ਕੋ ਲੁਟਾ ਅਪਨਾ ਘਰ ਭੀ ਦੂੰ।
ਗਰਦਨ ਪਤੀ ਕੀ ਦੇ ਹੀ ਚੁਕੀ ਅਪਨਾ ਸਰ ਭੀ ਦੂੰ।
ਖ਼ੁਸ਼ਨੂਦੀ-ਏ-ਅਕਾਲ ਕੋ ਲਖ਼ਤ-ਏ-ਜਿਗਰ ਭੀ ਦੂੰ।
ਇਕਰਾਰ ਕਰ ਲੇ ਅਪਨੀ ਖ਼ਤਾ ਤੂ ਅਗਰ ਅਭੀ।
ਹਮ ਬਖ਼ਸ਼ ਦੇਂਗੇ ਸ਼ੌਕ ਸੇ ਮਾਲ-ਓ-ਜ਼ਰ ਅਭੀ।
*(ਖ਼ਿਲਕਤ=ਲੋਕ, ਖ਼ੁਸ਼ਨੂਦੀ=ਖ਼ੁਸ਼ੀ)*

64

ਉਪਦੇਸ਼ ਮਾਤ ਗੁਜਰੀ ਕਾ ਸੁਨਕਰ ਵੁਹ ਬੇ-ਹਯਾ।
ਸ਼ਰਮਿੰਦਾ ਹੋਨੇ ਕੀ ਜਗਹ ਚਿੱਲਾਨੇ ਲਗ ਗਯਾ।
ਬਕਤਾ ਥਾ ਜ਼ੋਰ ਜ਼ੋਰ ਸੇ ਦੇਖੋ ਗ਼ਜ਼ਬ ਹੈ ਕਯਾ।
ਤੁਮ ਕੋ ਪਨਾਹ ਦੇਨੇ ਕੀ ਕਯਾ ਥੀ ਯਹੀ ਜਜ਼ਾ।
ਫ਼ਿਰਤੇ ਹੋ ਜਾਂ ਛੁਪਾਏ ਹੂਏ ਖ਼ੁਦ ਨਵਾਬ ਸੇ।
ਕਹਤੇ ਹੋ ਮੁਝ ਕੋ ਚੋਰ ਯਿਹ ਫ਼ਿਰ ਕਿਸ ਹਿਸਾਬ ਸੇ।
*(ਜਜ਼ਾ=ਬਦਲਾ)*

65

ਚੁਪ ਚਾਪ ਘਰ ਸੇ ਚਲ ਦੀਯਾ ਫ਼ਿਰ ਵੁਹ ਨਮਕ ਹਰਾਮ।
ਪਹੁੰਚਾ ਵੁਹ ਇਸ ਜਗਹ ਪਿ ਮੋਰਿੰਡਾ ਥਾ ਜਿਸ ਕਾ ਨਾਮ।
ਮੁਖ਼ਬਿਰ ਵਹਾਂ ਨਵਾਬ ਕੇ ਰਖਤੇ ਥੇ ਕੁਛ ਕਯਾਮ।
ਖ਼ੁਫ਼ੀਯਾ ਕੁਛ ਉਨ ਸੇ ਕਰਨੇ ਲਗਾ ਬਦਸਯਰ ਕਲਾਮ।
ਮਤਲਬ ਥਾ ਜਿਸ ਕਾ, ਘਰ ਮਿਰੇ ਸਤਿਗੁਰ ਕੇ ਲਾਲ ਹੈਂ।
ਜਿਨ ਕੇ ਪਕੜਨੇ ਕੇ ਸਭੀ ਖ਼ਾਹਾਂ ਕਮਾਲ ਹੈ।
*(ਬਦਸਯਰ=ਬੁਰੀ ਨੀਤ ਵਾਲਾ, ਖ਼ਾਹਾਂ=ਚਾਹਵਾਨ)*

66

ਰਾਜੋਂ ਸੇ ਔਰ ਨਵਾਬ ਸੇ ਦਿਲਵਾਓ ਗਰ ਇਨਾਮ।
ਆਕਾ ਕੀ ਮਾਂ ਕੋ, ਬੇਟੋਂ ਕੋ ਪਕੜਾਊਂ ਲਾਕਲਾਮ।
ਪਾ ਕੇ ਸਿਲਾ ਬਜੀਦ ਸੇ ਤੁਮ ਭੀ ਹੋ ਸ਼ਾਦ-ਕਾਮ।
ਮੁਝ ਕੋ ਭੀ ਖ਼ਿਲਅਤੋਂ ਸੇ ਕਰੇ ਫ਼ਾਇਜ਼ੁਲਮਰਾਮ।
ਅਲਕਿੱਸਾ ਲੇ ਕੇ ਸਾਥ ਵੁਹ ਜਾਸੂਸ ਆ ਗਯਾ।
ਪਕੜਾਨੇ ਸ਼ਾਹਜ਼ਾਦੋਂ ਕੋ ਮਨਹੂਸ ਆ ਗਯਾ।
*(ਲਾਕਲਾਮ=ਬੇਸ਼ਕ, ਸ਼ਾਦ-ਕਾਮ=ਮੁਰਾਦ ਪਾ ਕੇ ਖ਼ੁਸ਼ ਹੋਣਾ, ਫ਼ਾਇਜ਼ੁਲਮਰਾਮ=ਮੁਰਾਦ ਪਾ ਕ ਫ਼ਾਇਦਾ ਹੋਣਾ)*

67

ਬੱਚੇ ਉਨ੍ਹੋਂ ਨੇ ਆ ਕੇ ਗ੍ਰਿਫ਼ਤਾਰ ਕਰ ਲੀਏ।
ਕਾਬੂ ਬ-ਜਬਰ ਬੇਕਸ-ਓ-ਬੇਯਾਰ ਕਰ ਲੀਏ।
ਕਬਜ਼ੇ ਮੇਂ ਅਪਨੇ ਦੋ ਦੁਰ-ਏ-ਸ਼ਾਹਵਾਰ ਕਰ ਲੀਏ।
ਸਰਹਿੰਦ ਸਾਥ ਚਲਨੇ ਕੋ ਤੈਯਾਰ ਕਰ ਲੀਏ।
ਪੀਨਸ ਥੀ, ਪਾਲਕੀ ਥੀ ਨਾ ਹੋਦਾ ਅਮਾਰੀ ਥੀ।
ਬਦਬਖ਼ਤ ਲਾਏ ਬੈਲ ਕੀ ਗਾੜੀ ਸਵਾਰੀ ਥੀ।
*(ਬ-ਜਬਰ=ਜ਼ਬਰਦਸਤੀ, ਬੇਕਸ-ਓ-ਬੇਯਾਰ=ਬੇਸਹਾਰਾ ਤੇ ਬਿਨਾਂ ਦੋਸਤ, ਦੁਰ-ਏ-ਸ਼ਾਹਵਾਰ=ਬਾਦਸ਼ਾਹਾਂ ਦੇ ਯੋਗ ਮੋਤੀ, ਹੋਦਾ ਅਮਾਰੀ=ਊਠ ਦਾ ਹੋਦਾ)*

68


ਸਰਹਿੰਦ ਜਾ ਕੇ ਪਹੁੰਚੇ ਹਜ਼ਾਰ ਇਜ਼ਤਿਰਾਬ ਸੇ।
ਦੋ-ਚਾਰ, ਹਾਇ! ਜਬ ਹੂਏ ਜ਼ਾਲਿਮ ਨਵਾਬ ਸੇ।
ਕਮਬਖ਼ਤ ਦੇਖਤੇ ਹੀ ਯਿਹ ਬੋਲਾ ਇਤਾਬ ਸੇ।
ਫ਼ਿਲਹਾਲ ਇਨ ਕੋ ਕੈਦ ਮੇਂ ਰਖੋ ਅਜ਼ਾਬ ਸੇ।
ਗੁੰਬਦ ਥਾ ਜਿਸ ਮਕਾਂ ਮੇਂ ਮੁਕੱਯਦ ਹੁਜ਼ੂਰ ਥੇ।
ਦੋ ਚਾਂਦ ਇਕ ਬੁਰਜ ਮੇਂ ਰਖਤੇ ਜ਼ਹੂਰ ਥੇ।
*(ਇਜ਼ਤਿਰਾਬ=ਪਰੇਸ਼ਾਨੀ, ਇਤਾਬ=ਗੁੱਸਾ, ਮੁਕੱਯਦ=ਕੈਦੀ)*

69

ਕੈਦ-ਏ-ਬਲਾ ਮੇਂ ਤੀਸਰਾ ਦਿਨ ਥਾ ਜਨਾਬ ਕੋ।
ਬੇ-ਆਬ ਕਰ ਚੁਕੀ ਥੀ ਅਤਸ਼ ਹਰ ਗੁਲਾਬ ਕੋ।
ਤਰਸੇ ਹੂਏ ਥੇ ਰਿਜ਼ਕ ਕੋ ਜੀ ਔਰ ਖ਼ਾਬ ਕੋ।
ਇਸ ਰੋਜ਼ ਸੁੱਚਾਨੰਦ ਯਿਹ ਬੋਲਾ ਨਵਾਬ ਕੋ।
ਮੰਗਵਾ ਕੇ ਕਲਗ਼ੀਧਰ ਕੇ ਪਿਸਰ ਇੰਤਿਕਾਮ ਲੋ।
ਮਾਸੂਮ ਇਨ੍ਹੇਂ ਸਮਝ ਕੇ ਦਯਾ ਸੇ ਨਾ ਕਾਮ ਲੋ।

70

ਬੋਲਾ ਵੁਹ ਸੁੱਚਾਨੰਦ ਸੇ ਲੇ ਆ ਉਨ੍ਹੇ ਸ਼ਿਤਾਬ।
ਚਰਕੋਂ ਸੇ ਸਤਿਗੁਰੂ ਕੇ ਜਿਗਰ ਹੈ ਮਿਰਾ ਕਬਾਬ।
ਗੋਬਿੰਦ ਨੇ ਗੰਵਾ ਦੀਯਾ ਸਬ ਮੇਰਾ ਰੁਅਬ ਦਾਬ।
ਰਾਜੇ ਕੇ ਸਾਥ ਮੇਰੀ ਭੀ ਮੱਟੀ ਹੂਈ ਖ਼ਰਾਬ।
ਦੁਸ਼ਮਨ ਕੇ ਬੱਚੇ ਕਤਲ ਕਰੂੰਗਾ ਜ਼ਰੂਰ ਮੈਂ।
ਕਹਨੇ ਪਿ ਤੇਰੇ ਆਜ ਚਲੂੰਗਾ ਜ਼ਰੂਰ ਮੈਂ।
*(ਸ਼ਿਤਾਬ=ਛੇਤੀ, ਚਰਕ=ਝਾਂਸਾ)* **(ਚਲਦਾ)**



### ਅਦੁੱਤੀ ਕੁਰਬਾਨੀਆਂ ਦਾ ਅਸਰ

*ਹਕੀਮ ਅੱਲਾ ਯਾਰ ਖ਼ਾਂ ਜੋਗੀ ਪੰਜਾਬ ਦੇ ਵੱਖ-ਵੱਖ ਥਾਂ ਗਏ ਅਤੇ ਲੋਕਾਂ ਤੇ ਲਿਖਤਾਂ ਤੋਂ ਪੰਜਾਬ ਦੀਆਂ ਅਹਿਮ ਘਟਨਾਵਾਂ ਬਾਰੇ ਜਾਣਕਾਰੀ ਹਾਸਲ ਕੀਤੀ। ਉਹ ਗੁਰੂ ਗੋਬਿੰਦ ਸਿੰਘ, ਉਨ੍ਹਾਂ ਦੇ ਪਰਿਵਾਰ ਅਤੇ ਸਾਥੀਆਂ ਦੀਆਂ ਕੁਰਬਾਨੀਆਂ ਤੋਂ ਬਹੁਤ ਪ੍ਰਭਾਵਿਤ ਹੋਏ। ਇਸੇ ਪ੍ਰਭਾਵ ਹੇਠ ਉਨ੍ਹਾਂ ਇਹ ਦੋ ਮਿਸਾਲੀ ਰਚਨਾਵਾਂ 'ਸ਼ਹੀਦਾਨਿ-ਵਫ਼ਾ' ਅਤੇ 'ਗੰਜਿ-ਸ਼ਹੀਦਾਂ' ਲਿਖੀਆਂ।*

# ਆਖ ਤਸਵੀਰਾਂ ਬੋਲਦੀਆਂ


ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 2 ਮਾਰਚ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-105



*ਇਸ ਬਾਬੇ ਨੇ 'ਬਾਬੇ ਨਾਨਕ' ਦਾ ਰਾਹ ਪਛਾਣਿਆ।*
*ਤਾਂਹੀਓਂ ਇਸ ਉਮਰੇ ਕਿਰਤ ਨੂੰ ਉਤਮ ਜਾਣਿਆ।*

## ਕੈਪਸ਼ਨ ਮੁਕਾਬਲਾ-103



ਖੇਸ ਲਪੇਟੀਂ ਬੈਠਾ ਦਾਤਾ,
ਗੱਡਾ ਹੱਕੀ ਜਾਵੇ।
ਸਾਵੇ ਬੱਗੇ 'ਤੇ ਝੁੱਲ ਦੇ ਕੇ,
ਜੀਵਨ ਚਾਲ ਚਲਾਵੇ।
ਖਿੜੇ ਖੇਤ ਵੀ ਵੱਢ ਵੱਢ ਖਾਵਣ,
ਮਿਹਨਤ ਰਾਸ ਨਾ ਆਵੇ।
***-ਜਗਮੀਤ ਸਿੰਘ ਪੰਧੇਰ***

---

ਪੁੱਤਰਾਂ ਵਾਂਗੂੰ ਪਾਲੀਆਂ ਕਣਕਾਂ
ਸਰ੍ਹਵਾਂ ਗਲ ਗਲ ਹੋਈਆਂ।
ਮਾਰ ਕੇ ਬੁੱਕਲ ਮੋਟੇ ਕੰਬਲ ਦੀ
ਪਾ ਕੇ ਬਲਦਾਂ 'ਤੇ ਝੁੱਲ।
ਕਿਸਾਨ ਖੁਸ਼ੀ ਵਿਚ ਖੀਵਾ ਹੋਇਆ
ਫਟਕੜੀ ਹੋਈ ਜਿਉਂ ਫੁੱਲ।
ਅਰਦਾਸਾਂ ਕਰਦਾ ਸੋਚਾਂ ਦੇ ਵਿਚ
ਮੌਸਮ ਦੀ ਮੰਗਦਾ ਖੈਰ।
ਗੱਡੇ ਉਤੇ ਬੈਠਾ ਪਸ਼ੂਆਂ ਨੂੰ ਹੱਕਦਾ
ਨਾ ਰੱਖੇ ਕਿਸੇ ਸੰਗ ਵੈਰ।
***-ਸੇਵਾ ਸਿਘ ਨੂਰਪਰੀ***
***ਫੋਨ: 408-912-3438***

---

ਮਾਰ ਕੇ ਬੁੱਕਲ ਫਿਕਰਾਂ ਵਾਲੀ,
ਰਾਹੀ ਤੁਰਿਆ ਜਾਵੇ।
ਪੈਂਡਾ ਲੱਗੇ ਮੁੱਕ ਜਾਵੇਗਾ,
ਪਰ ਨਿੱਤ ਵਧਦਾ ਜਾਵੇ।
ਬਾਲ ਸਕੂਲੇ ਪੜ੍ਹਦੇ-ਪੜ੍ਹਦੇ,
ਖੇਤਾਂ ਜੋਗੇ ਰਹਿ ਗਏ।
ਬਰਛੇ ਗੁਰਬਤ ਵਾਲੇ ਲੋਕੋ,
ਸੀਨੇ ਦੇ ਵਿਚ ਲਹਿ ਗਏ।
ਫਿਰ ਵੀ ਰੋਜ਼ ਸਵੇਰੇ ਉਠਦਾ,
ਜਿਸ ਤਰ੍ਹਾਂ ਸੂਰਜ ਚੜ੍ਹਦਾ।
ਭਾਵੇਂ ਭੁੱਖਾ ਭਾਵੇਂ ਰੱਜਿਆ,
ਜਾ ਖੇਤਾਂ ਵਿਚ ਵੜਦਾ।
ਇਸ ਦਾ ਦੇਣ ਦੇਊਗਾ ਕਿਹੜਾ,
ਨਾ ਦੇਵੀ ਨਾ ਦੂਤ।
ਆਪੇ ਬੀਜੀ ਆਪੇ ਵੱਢੀ,
ਆਪੇ ਵਕਤ ਨੂੰ ਕੀਤਾ ਸੂਤ।
***-ਪਲਵਿੰਦਰ ਸਿੰਘ, ਮਿਲਪੀਟਸ***

---

ਬੱਲੇ ਬੱਲੇ ਓ ਛੋਟੇ ਕਿਸਾਨ,
ਮਿਹਨਤ ਤੇਰੀ ਕਿੰਨੀ ਮਹਾਨ।
ਗਰਮੀ ਹੋਵੇ ਜਾਂ ਹੋਵੇ ਸਰਦੀ,
ਰੱਖਣੀ ਪੈਂਦੀ ਤਲੀ 'ਤੇ ਜਾਨ।
ਕਰਜ਼ੇ ਤੋਂ ਮੁਕਤੀ ਫਿਰ ਵੀ ਨਾ ਪਾਵੇਂ,
ਸੂਲੀ ਟੰਗੀ ਰਹਿੰਦੀ ਜਾਨ।
ਅੰਨਦਾਤਾ ਜੱਗ ਦਾ ਅਖਵਾਵੇਂ,
ਸਰਕਾਰਾਂ ਕਿਉਂ ਨਾ ਦੇਣ ਧਿਆਨ?
***-ਗੁਰਦੇਵ ਸਿੰਘ ਵਿਰਦੀ, ਕੈਨੇਡਾ***
***ਫੋਨ: 226-345-7126***

---

ਸਰੋਂ ਦੇ ਫੁੱਲਾਂ ਲੱਦੇ ਖੇਤ ਕੋਲੋਂ
ਲੰਘਦੇ ਜੱਟ ਦੀ ਟੌਹਰ ਨਿਆਰੀ।
ਚਿੱਟੇ ਜੋੜ ਕੇ ਬਲਦ ਜੱਟ ਨੇ
ਕਰ ਲਈ ਕੰਮ ਦੀ ਤਿਆਰੀ।
ਜੇਠ ਹਾੜ੍ਹ ਦੀ ਗਰਮੀ ਹੋਵੇ
ਜਾਂ ਪੋਹ ਮਾਘ ਦੀ ਠੰਢ।
ਕਦੀ ਨਾ ਉਸ ਨੂੰ ਵਿਹਲ ਮਿਲਦੀ
ਸਿਰ 'ਤੇ ਰਹਿੰਦੀ ਫਿਕਰਾਂ ਵਾਲੀ ਪੰਡ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਕਿਹੜੇ ਜ਼ਮਾਨਿਆਂ ਦੀ ਫੋਟੋ ਛਾਪੀ ਜਾਂਦੇ ਹੋ।
ਸਾਡੇ ਜਜ਼ਬਾਤ ਦੀ ਡੂੰਘਾਈ ਮਾਪੀ ਜਾਂਦੇ ਹੋ।
ਯਾਦਾਂ ਦੀ ਪਟਾਰੀ ਵਿਚੋਂ ਕੱਢੀ ਕਾਪੀ ਜਾਂਦੇ ਹੋ।
ਬੈਠੇ ਭਾਵੇਂ ਦੂਰ ਪਰ ਨੇੜੇ ਜਾਪੀ ਜਾਂਦੇ ਹੋ।
ਦਿਲ ਕਦੇ ਖੁਸ਼ ਕਦੇ ਹੁੰਦਾ ਏ ਨਿਰਾਸ਼ ਭਾਈ।
ਜ਼ਿੰਦਗੀ ਦੀ ਡੋਰੀ ਨਾਲ ਬੱਝ ਗਈ ਆਸ ਭਾਈ।
ਆਸ ਕਦੇ ਮੁੱਕਦੀ ਨਾ ਮੁੱਕਣ ਨਾ ਝੇੜੇ ਬਈ।
ਭਰ ਦੋ ਖੇੜੇ ਹਾਏ ਆ ਕੇ ਸਾਡੇ ਵਿਹੜੇ ਬਈ!
***-ਫਕੀਰ ਚੰਦ ਸੈਂਪਲਾ, ਐਲ ਏ***

# ਪ੍ਰੈਸ ਦੀ ਆਜ਼ਾਦੀ ਪੱਖੋਂ ਭਾਰਤ 140ਵੇਂ ਨੰਬਰ 'ਤੇ

**ਵਾਸ਼ਿੰਗਟਨ:** ਪ੍ਰੈਸ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਦੱਸਣ ਵਾਲਾ ਭਾਰਤ ਪ੍ਰੈਸ ਦੀ ਆਜ਼ਾਦੀ ਦੇ ਮਾਮਲੇ ਵਿਚ 180 ਦੇਸ਼ਾਂ ਵਿਚੋਂ 140ਵੇਂ ਸਥਾਨ 'ਤੇ ਆਉਂਦਾ ਹੈ ਜਦਕਿ ਪਾਕਿਸਤਾਨ 158ਵੇਂ ਤੇ ਚੀਨ 175ਵੇਂ ਸਥਾਨ 'ਤੇ ਹੈ। 2014 ਦੇ ਆਲਮੀ ਪ੍ਰੈੱਸ ਦੀ ਆਜ਼ਾਦੀ ਦੇ ਸੂਚਕ ਅੰਕ ਵਿਚ 'ਰਿਪੋਰਟਜ਼ ਵਿਦਾਊਟ ਬਾਰਡਰ' ਵੱਲੋਂ ਜਾਰੀ ਕੀਤੀ ਆਪਣੀ ਸਾਲਾਨਾ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਵਿਚ 2013 ਦੌਰਾਨ ਅੱਠ ਪੱਤਰਕਾਰ ਕਤਲ ਕਰ ਦਿੱਤੇ ਗਏ ਤੇ ਪੱਤਰਕਾਰਾਂ ਖ਼ਿਲਾਫ਼ ਹਿੰਸਾ ਦੀ ਜ਼ਬਰਦਸਤ ਲਹਿਰ ਦੇਖਣ ਨੂੰ ਮਿਲੀ।

ਉਨ੍ਹਾਂ ਨੂੰ ਰਾਜਕੀ ਤੇ ਗੈਰ-ਰਾਜਕੀ ਅਨਸਰਾਂ ਦੋਵਾਂ ਵੱਲੋਂ ਨਿਸ਼ਾਨਾ ਬਣਾਇਆ ਜਾਂਦਾ ਹੈ। ਸ਼ਾਇਦ ਹੀ ਕੋਈ ਖਿੱਤਾ ਇਸ ਤੋਂ ਅਛੂਤਾ ਹੋਵੇਗਾ ਪਰ ਕਸ਼ਮੀਰ ਤੇ ਛੱਤੀਸਗੜ੍ਹ ਵਿਚ




ਪੱਤਰਕਾਰਾਂ ਖ਼ਿਲਾਫ਼ ਹਿੰਸਾ ਅਤੇ ਸੈਂਸਰਸ਼ਿਪ ਮਿਆਦੀ ਰੋਗ ਬਣੇ ਹੋਏ ਹਨ। ਰਿਪੋਰਟ ਵਿਚ ਕਿਹਾ ਗਿਆ ਕਿ ਪੱਤਰਕਾਰਾਂ ਖ਼ਿਲਾਫ਼ ਧਮਕੀਆਂ ਤੇ ਸਰੀਰਕ ਹਿੰਸਾ ਲਈ ਕਸੂਰਵਾਰ ਧਿਰਾਂ ਵਿਚ ਪੁਲਿਸ ਸੁਰੱਖਿਆ ਦਸਤਿਆਂ ਤੋਂ ਇਲਾਵਾ ਅਪਰਾਧੀ ਗਰੁੱਪ, ਪ੍ਰਦਰਸ਼ਨਕਾਰੀ ਤੇ ਸਿਆਸੀ ਪਾਰਟੀਆਂ ਦੇ ਹਮਾਇਤੀ ਸ਼ਾਮਲ ਹੁੰਦੇ ਹਨ ਤੇ ਅਕਸਰ ਨਿਆਂਇਕ ਪ੍ਰਣਾਲੀ ਵੱਲੋਂ ਪੱਤਰਕਾਰਾਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਜਾਂਦਾ ਹੈ।

ਪ੍ਰੈੱਸ ਦੀ ਆਜ਼ਾਦੀ ਪੱਖੋਂ ਫਿਨਲੈਂਡ ਅੱਵਲ ਨੰਬਰ ਦੇਸ਼ ਬਣ ਕੇ ਉਭਰਿਆ ਜਿਸ ਤੋਂ ਬਾਅਦ ਨੈਦਰਲੈਂਡ ਤੇ ਨਾਰਵੇ ਦਾ ਨੰਬਰ ਆਉਂਦਾ ਹੈ। ਅਮਰੀਕਾ ਦਰਜਾਬੰਦੀ ਵਿਚ ਪਿਛਲੇ ਸਾਲ 32ਵੇਂ ਨੰਬਰ ਤੋਂ ਇਸ ਸਾਲ ਖਿਸਕ ਕੇ 46ਵੇਂ ਸਥਾਨ 'ਤੇ ਚਲੇ ਗਿਆ ਹੈ। ਚੀਨ 175ਵੇਂ ਤੇ ਪਾਕਿਸਤਾਨ 158ਵੇਂ ਸਥਾਨ 'ਤੇ ਹੈ। ਪਾਕਿਸਤਾਨ ਪੱਤਰਕਾਰਾਂ ਲਈ ਦੁਨੀਆਂ ਭਰ ਵਿਚੋਂ ਸਭ ਤੋਂ ਖਤਰਨਾਕ ਥਾਵਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ ਜਿਥੇ ਪੱਤਰਕਾਰਾਂ ਲਈ ਹਥਿਆਰਬੰਦ ਗਰੁੱਪ, ਦੇਸ਼ ਦੀਆਂ ਖੁਫ਼ੀਆ ਏਜੰਸੀਆਂ ਖਾਸ ਕਰਕੇ ਆਈ.ਐਸ.ਆਈ ਪੱਤਰਕਾਰਾਂ ਲਈ ਖਤਰਾ ਹਨ।

ਪਾਕਿਸਤਾਨ ਵਿਚ ਨਿਆਂ ਦੇਣ ਵਿਚ ਦਿਲਚਸਪੀ ਦੀ ਘਾਟ ਹੈ ਤੇ ਸਰਕਾਰ ਨਾ ਸਿਰਫ਼ ਤਾਲਿਬਾਨ, ਜਹਾਦੀਆਂ ਤੇ ਹੋਰ ਹਥਿਆਰਬੰਦ ਗਰੁੱਪਾਂ ਸਾਹਮਣੇ ਸਗੋਂ ਫੌਜੀ ਤੰਤਰ ਸਾਹਮਣੇ ਵੀ ਨਿਤਾਣੀ ਬਣੀ ਹੋਈ ਹੈ। ਕੌਮਾਂਤਰੀ ਸਮੀਖਿਅਕਾਂ ਵੱਲੋਂ ਇਸ ਫੌਜੀ ਤੰਤਰ ਨੂੰ 'ਰਾਜ ਅੰਦਰ ਹੀ ਰਾਜ' ਦੀ ਸੰਗਿਆ ਦਿੱਤੀ ਜਾਂਦੀ ਹੈ। 2014 ਦੇ ਇਸ ਸੂਚਕ ਅੰਕ ਵਿਚ ਸੂਚਨਾ ਦੀ ਆਜ਼ਾਦੀ ਅਤੇ ਟਕਰਾਵਾਂ ਦਰਮਿਆਨ ਦਵੰਧ ਨੂੰ ਰੇਖਾਂਕਤ ਕਰਦੀ ਹੈ। ਪੈਰਿਸ ਆਧਾਰਤ ਅਧਿਕਾਰਾਂ ਦੀ ਹਾਮੀ ਸੰਸਥਾ ਦਾ ਕਹਿਣਾ ਹੈ ਕਿ ਜਿਹੜੇ ਦੇਸ਼ ਲੋਕ ਰਾਜ ਹੋਣ ਤੇ ਕਾਨੂੰਨ ਦੇ ਰਾਜ ਦਾ ਸਤਿਕਾਰ ਕਰਨ ਦੀਆਂ ਫੜਾਂ ਮਾਰਦੇ ਹਨ, ਉਨ੍ਹਾਂ ਵੀ ਕੋਈ ਬਹੁਤੀ ਹਟ ਕੇ ਮਿਸਾਲ ਪੈਦਾ ਨਹੀਂ ਕੀਤੀ।

# ਗੁਰੂ ਰਵਿਦਾਸ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਸੈਕਰਾਮੈਂਟੋ (ਬਿਊਰੋ):** ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਇਥੇ ਗੁਰਦੁਆਰਾ ਰੀਓ ਲਿੰਡਾ ਵਿਚ ਲੰਘੀ 14 ਫਰਵਰੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਅਖੰਡ ਪਾਠ ਦੀ ਲੜੀ ਵਿਚ ਪਾਠ ਦੇ ਭੋਗ ਉਪਰੰਤ ਦੀਵਾਨ ਸਜਾਏ ਗਏ। ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਰਮੇਸ਼ ਬੰਗੜ, ਸਤੀਸ਼ ਕੁਮਾਰ ਰੱਲ੍ਹ ਅਤੇ ਪ੍ਰੇਮ ਕੁਮਾਰ ਚੁੰਬਰ ਨੇ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਉਂਦਿਆਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਉਤੇ ਚਾਨਣਾ ਪਾਇਆ ਅਤੇ ਸੰਗਤਾਂ ਨੂੰ ਉਨ੍ਹਾਂ ਦੇ ਪਾਏ ਪੂਰਨਿਆਂ ਉਤੇ ਚੱਲਣ ਦੀ ਪ੍ਰੇਰਨਾ ਕੀਤੀ। ਦੀਵਾਨ ਦੀ ਸਮਾਪਤੀ ਮੌਕੇ ਮੇਵਾ ਉਜਾਗਰ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ।



ਵਾਜਬ ਭਾਅ ਉਤੇ ਵਧੀਆ ਹੈਲਥ ਇੰਸ਼ੋਰੈਂਸ ਲੈਣ ਲਈ

COVERED CALIFORNIA

YOUR DESTINATION FOR
AFFORDABLE
QUALITY HEALTH CARE
INCLUDING MEDI-CAL

CERTIFIED INSURANCE AGENT
GURCHARAN SINGH MANN
License # 0C70672

(510) 797-7989
2450 PERALTA BLVD, SUITE 203
FREMONT CA 94536

The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

COMMERCIAL GRADE
SECURITY SOLUTIONS




MORE THAN SECURITY
LICENCE PLATE READER
BILL READER
LONG RANGE
CASH REGISTER INTERFACE
HD SERIES CAMERAS




Vista CCTV TECHNOLOGY
Buy Online : www.ezchase.com
Email : commvision@sbcglobal.net
Call Sukhpal
661-586-5080

# ਬਾਦਲ ਵੱਲੋਂ ਜਥੇਦਾਰ ਅਵਤਾਰ ਸਿੰਘ ਝੂਠਾ ਕਰਾਰ

**ਜਲੰਧਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਵੱਲੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਬਣੀ ਸਾਕਾ ਨੀਲਾ ਤਾਰਾ ਦੀ ਯਾਦਗਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਲਾਹ ਨਾਲ ਬਣਾਏ ਜਾਣ ਦੇ ਦਿੱਤੇ ਬਿਆਨ 'ਤੇ ਸਖ਼ਤ ਟਿੱਪਣੀ ਕਰਦਿਆਂ ਮੁੱਖ ਮੰਤਰੀ ਬਾਦਲ ਨੇ ਕਿਹਾ ਹੈ ਕਿ ਅਵਤਾਰ ਸਿੰਘ ਨੇ ਝੂਠ ਬੋਲਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਕ ਖੁਦਮੁਖਤਿਆਰ ਅਦਾਰਾ ਹੈ ਤੇ ਉਸ ਦੇ ਕੰਮਾਂ ਵਿਚ ਉਨ੍ਹਾਂ ਵੱਲੋਂ ਕਦੇ ਕੋਈ ਦਖ਼ਲ ਨਹੀਂ ਦਿੱਤਾ ਜਾਂਦਾ।

ਸ. ਬਾਦਲ ਨੇ ਇਕ ਵਾਰ ਨਹੀਂ ਸਗੋਂ ਦੋ-ਤਿੰਨ ਵਾਰ ਇਸ ਗੱਲ ਨੂੰ ਦੁਹਰਾਇਆ ਕਿ ਦਰਬਾਰ ਸਾਹਿਬ ਕੰਪਲੈਕਸ ਅੰਦਰ ਬਣੀ ਸਾਕਾ ਨੀਲਾ ਤਾਰਾ ਦੀ ਯਾਦਗਾਰ ਸਮੇਂ ਉਨ੍ਹਾਂ ਦੀ ਸਲਾਹ ਲੈਣ ਬਾਰੇ ਜਥੇਦਾਰ ਅਵਤਾਰ ਸਿੰਘ ਵੱਲੋਂ ਕੀਤੀ ਗਈ ਬਿਆਨਬਾਜ਼ੀ ਝੂਠੀ ਹੈ। ਉਨ੍ਹਾਂ ਕਿਹਾ ਕਿ ਯਾਦਗਾਰ ਬਣਾਉਣ ਬਾਰੇ ਉਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਗਿਆ। ਇਹ ਸਵਾਲ ਪੁੱਛੇ ਜਾਣ 'ਤੇ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦਾ ਨਾਂ ਹੀ ਜਦੋਂ ਲਿਫ਼ਾਫ਼ੇ ਵਿਚੋਂ ਨਿਕਲਦਾ ਹੈ ਤਾਂ ਕੀ ਇਹ ਦਖਲਅੰਦਾਜ਼ੀ ਨਹੀਂ ਹੈ, ਦੇ ਜਵਾਬ ਵਿਚ ਸ. ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਦਖਲਅੰਦਾਜ਼ੀ ਸਿਰਫ਼ ਲਿਫ਼ਾਫ਼ਾ ਭੇਜਣ ਤੱਕ ਹੀ ਹੁੰਦੀ ਹੈ। ਉਸ ਤੋਂ ਬਾਅਦ ਜਦੋਂ ਪ੍ਰਧਾਨ ਬਣ ਜਾਂਦਾ ਹੈ ਤਾਂ ਉਹ ਫ਼ੈਸਲੇ ਆਪਣੀ ਮਰਜ਼ੀ ਨਾਲ ਕਰਦਾ ਹੈ।

### ਸਾਕਾ ਨੀਲਾ ਤਾਰਾ ਦੀ ਯਾਦਗਾਰ ਬਾਰੇ ਨਹੀਂ ਦਿੱਤੀ ਸਲਾਹ: ਬਾਦਲ



ਜ਼ਿਕਰਯੋਗ ਹੈ ਕਿ ਲੰਘੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਅੰਮ੍ਰਿਤਸਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਸ ਗੱਲ ਦਾ ਖੁਲਾਸਾ ਕੀਤਾ ਸੀ ਕਿ ਦਰਬਾਰ ਸਾਹਿਬ ਕੰਪਲੈਕਸ ਵਿਚ ਬਣੀ ਸਾਕਾ ਨੀਲਾ ਤਾਰਾ ਦੀ ਯਾਦਗਾਰ ਪ੍ਰਕਾਸ਼ ਸਿੰਘ ਬਾਦਲ ਦੀ ਸਲਾਹ ਨਾਲ ਬਣਾਈ ਗਈ ਹੈ। ਉਨ੍ਹਾਂ ਇਹ ਵੀ ਦਾਅਵਾ ਕੀਤਾ ਸੀ ਕਿ ਸ਼੍ਰੋਮਣੀ ਕਮੇਟੀ ਦੇ ਬਹੁਤ ਸਾਰੇ ਕੰਮ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਸਲਾਹ ਨਾਲ ਹੀ ਹੁੰਦੇ ਹਨ ਕਿਉਂਕਿ ਸ਼੍ਰੋਮਣੀ ਕਮੇਟੀ 'ਤੇ ਅਕਾਲੀ ਦਲ ਦਾ ਹੀ ਕੰਟਰੋਲ ਹੈ।

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਾਕਾ ਨੀਲਾ ਤਾਰਾ ਸਬੰਧੀ ਕੇਂਦਰ ਨਾਲ ਗੰਢਤੁੱਪ ਕਰਨ ਦੇ ਲਾਏ ਜਾ ਰਹੇ ਦੋਸ਼ਾਂ ਬਾਰੇ ਕੀਤੇ ਗਏ ਸਵਾਲ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਝੂਠ ਬੋਲਣ ਦੇ ਮਾਮਲੇ ਵਿਚ ਅਮਰਿੰਦਰ ਸਿੰਘ ਦਾ ਵੀ ਕੋਈ ਸਾਨੀ ਨਹੀਂ ਹੈ। ਜੇਲ੍ਹ ਕੱਟਣ ਬਾਰੇ ਕੀਤੇ ਜਾ ਰਹੇ ਦਾਅਵਿਆਂ 'ਤੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਹੁਣ ਜਦੋਂ ਲੋਕ ਸਭਾ ਚੋਣਾਂ ਨੇੜੇ ਆ ਗਈਆਂ ਹਨ ਤਾਂ ਪੰਜਾਬ ਦਾ ਮਾਹੌਲ ਖ਼ਰਾਬ ਕਰਨ ਲਈ ਕਾਂਗਰਸ ਅਜਿਹੇ ਹੱਥਕੰਡੇ ਅਪਨਾ ਰਹੀ ਹੈ।

ਉਨ੍ਹਾਂ ਕਿਹਾ ਕਿ ਐਮਰਜੈਂਸੀ ਦੌਰਾਨ ਉਨ੍ਹਾਂ ਨੇ 19 ਮਹੀਨੇ ਜੇਲ੍ਹ ਕੱਟੀ ਹੈ। ਜਦੋਂ ਉਨ੍ਹਾਂ ਨੂੰ ਇਹ ਪੁੱਛਿਆ ਗਿਆ ਕਿ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਵਾਲੇ ਦਿਨ ਉਹ ਕਿੱਥੇ ਸਨ ਤਾਂ ਉਨ੍ਹਾਂ ਕਿਹਾ ਕਿ ਉਹ ਉਸ ਦਿਨ ਆਪਣੇ ਪਿੰਡ ਬਾਦਲ ਵਿਚ ਸਨ ਤੇ ਅਗਲੇ ਦਿਨ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਮੁੱਖ ਮੰਤਰੀ ਨੇ ਕਿਹਾ ਕਿ ਜੇ ਕਾਂਗਰਸੀ ਇਸ ਗੱਲ 'ਤੇ ਖ਼ੁਸ਼ ਹੁੰਦੇ ਹਨ ਕਿ ਉਨ੍ਹਾਂ ਨੇ 17 ਸਾਲ ਜੇਲ੍ਹ ਨਹੀਂ ਕੱਟੀ ਤਾਂ ਉਹ ਕਾਂਗਰਸੀਆਂ ਦੀ ਖ਼ੁਸ਼ੀ ਲਈ ਇਹ ਵੀ ਮੰਨਣ ਨੂੰ ਤਿਆਰ ਹਨ ਕਿ ਉਹ ਇਕ ਦਿਨ ਵੀ ਜੇਲ੍ਹ ਨਹੀਂ ਗਏ।

## ਬਾਦਲਾਂ ਦੀ ਪੂਰੀ ਸਹਿਮਤੀ ਨਾਲ ਹੀ ਬਣੀ ਸੀ ਯਾਦਗਾਰ: ਕਾਂਗਰਸ

**ਅੰਮ੍ਰਿਤਸਰ:** ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਦੇ ਮੁੱਦੇ 'ਤੇ ਸਿਆਸਤ ਖੇਡ ਰਹੇ ਹਨ ਤੇ ਯਾਦਗਾਰ ਦੋਵਾਂ ਬਾਦਲਾਂ ਦੀ ਸਹਿਮਤੀ ਨਾਲ ਬਣੀ ਹੈ। ਸ. ਬਾਜਵਾ ਨੇ ਉਨ੍ਹਾਂ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਦਾ ਇਕ ਹਿੱਸਾ ਹੈ ਤੇ ਅਕਾਲੀ ਦਲ ਵੱਲੋਂ ਆਪਣੇ ਸਿਆਸੀ ਹਿੱਤਾਂ ਲਈ ਇਸ ਨੂੰ ਮੰਚ ਵਜੋਂ ਵਰਤਿਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕਮੇਟੀ ਦੇ ਜਨਰਲ ਹਾਊਸ ਦੇ ਮੈਂਬਰਾਂ ਵੱਲੋਂ ਨਹੀਂ ਚੁਣਿਆ ਜਾਂਦਾ ਸਗੋਂ ਪਿਛਲੇ ਕਈ ਸਾਲਾਂ ਤੋਂ ਸ. ਬਾਦਲ ਵੱਲੋਂ ਭੇਜੇ ਸੀਲ ਬੰਦ ਲਿਫ਼ਾਫ਼ੇ ਵਿਚੋਂ ਨਿਕਲੀ ਪਰਚੀ ਰਾਹੀਂ ਚੁਣਿਆ ਜਾਂਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਮੇਤ ਕੋਈ ਵੀ ਮੈਂਬਰ ਆਪਣੇ ਤੌਰ 'ਤੇ ਫ਼ੈਸਲਾ ਲੈਣ ਲਈ ਆਜ਼ਾਦ ਨਹੀਂ ਹੈ।

## ਜਥੇਦਾਰ ਅਵਤਾਰ ਸਿੰਘ ਨੇ ਸੁਰ ਬਦਲੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ 'ਝਿੜਕ' ਮਗਰੋਂ ਆਖਿਆ ਕਿ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸਾਕਾ ਨੀਲਾ ਤਾਰਾ ਫੌਜੀ ਹਮਲੇ ਵਿਚ ਸ਼ਹੀਦ ਹੋਏ ਲੋਕਾਂ ਦੀ ਯਾਦ ਵਿਚ ਸ਼ਹੀਦੀ ਯਾਦਗਾਰ ਬਣਾਉਣ ਦਾ ਫੈਸਲਾ ਨਿਰੋਲ ਸ਼੍ਰੋਮਣੀ ਕਮੇਟੀ ਦਾ ਸੀ। ਇਹ ਫੈਸਲਾ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਭਾਵਨਾਵਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਗਿਆ ਸੀ। ਉਨ੍ਹਾਂ ਸਪਸ਼ਟ ਕੀਤਾ ਕਿ ਉਨ੍ਹਾਂ ਦੇ ਬਿਆਨ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ ਜਿਸ ਖ਼ਿਲਾਫ਼ ਉਹ ਕਾਰਵਾਈ ਕਰਨ ਬਾਰੇ ਵਿਚਾਰ ਕਰ ਰਹੇ ਹਨ।

ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਸ਼ਹੀਦੀ ਯਾਦਗਾਰ ਬਣਾਉਣ ਦੇ ਫੈਸਲੇ ਨਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕੋਈ ਸਬੰਧ ਨਹੀਂ ਹੈ। ਸ਼੍ਰੋਮਣੀ ਕਮੇਟੀ ਕੋਲ ਵੱਡੇ ਪੱਧਰ 'ਤੇ ਸਿੱਖ ਭਾਈਚਾਰੇ ਵੱਲੋਂ ਮੰਗ ਰੱਖੀ ਗਈ ਸੀ ਕਿ ਸਾਕਾ ਨੀਲਾ ਤਾਰਾ ਦੀ ਯਾਦ ਵਿਚ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸ਼ਹੀਦੀ ਯਾਦਗਾਰ ਬਣਾਈ ਜਾਵੇ। ਇਸ ਸਬੰਧੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦੇ ਸਮੇਂ ਵਿਚ ਵੀ ਯਤਨ ਹੋਏ ਸਨ ਤੇ ਉਸ ਵੇਲੇ ਦੀ ਅੰਤਰਿੰਗ ਕਮੇਟੀ ਵੱਲੋਂ ਮਤਾ ਵੀ ਪਾਸ ਕੀਤਾ ਗਿਆ ਸੀ।

ਜਦੋਂ ਯਾਦਗਾਰ ਦੀ ਉਸਾਰੀ ਦਾ ਕੰਮ ਲਟਕ ਗਿਆ ਤਾਂ ਕਈ ਸਿੱਖ ਜਥੇਬੰਦੀਆਂ ਵੱਲੋਂ ਦੇਰੀ 'ਤੇ ਨਾਰਾਜ਼ਗੀ ਜਤਾਉਂਦਿਆਂ ਰੋਸ ਪ੍ਰਦਰਸ਼ਨ ਵੀ ਕੀਤੇ ਗਏ ਸਨ। ਸਿੱਖ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਸ਼੍ਰੋਮਣੀ ਕਮੇਟੀ ਨੇ 3 ਮਈ, 2012 ਨੂੰ ਅੰਤਰਿੰਗ ਕਮੇਟੀ ਦੀ ਮੀਟਿੰਗ ਵਿਚ ਯਾਦਗਾਰ ਦੀ ਉਸਾਰੀ ਦਾ ਫੈਸਲਾ ਲਿਆ ਸੀ। ਇਸ ਦੀ ਉਸਾਰੀ ਦੀ ਕਾਰ ਸੇਵਾ ਦਮਦਮੀ ਟਕਸਾਲ ਨੂੰ ਸੌਂਪੀ ਗਈ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਆਖਿਆ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ਼੍ਰੋਮਣੀ ਅਕਾਲੀ ਦਲ ਦੇ ਨੁਮਾਇੰਦੇ ਹਨ ਜਿਸ ਦੀ ਟਿਕਟ 'ਤੇ ਚੋਣ ਜਿੱਤ ਕੇ ਉਹ ਇਸ ਧਾਰਮਿਕ ਸੰਸਥਾ ਦੇ ਮੈਂਬਰ ਬਣੇ ਹਨ ਪਰ ਇਸ ਧਾਰਮਿਕ ਸੰਸਥਾ ਦਾ ਸਿਆਸੀ ਪਾਰਟੀ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਉਨ੍ਹਾਂ ਆਖਿਆ ਕਿ ਸ. ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ, ਸੀਨੀਅਰ ਆਗੂ ਤੇ ਸਰਵਪ੍ਰਵਾਨਿਤ ਨੇਤਾ ਹਨ। ਉਨ੍ਹਾਂ ਬਾਰੇ ਇਸ ਬਾਰੇ ਕਿਸੇ ਵੀ ਤਰ੍ਹਾਂ ਦੇ ਦੋਸ਼ ਠੀਕ ਨਹੀਂ ਹਨ।

# ਸਿੱਖਾਂ ਵੱਲੋਂ ਕੈਮਰੌਨ ਦੀ ਪਾਰਟੀ ਦੇ ਬਾਈਕਾਟ ਦੀ ਧਮਕੀ

ਲੰਡਨ: ਬਰਤਾਨੀਆ ਵਿਚ ਸਿੱਖ ਭਾਈਚਾਰੇ ਨੇ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਵਿਚ ਫੌਜੀ ਕਾਰਵਾਈ ਦੀ ਯੋਜਨਾ ਬਣਾਉਣ ਵਿਚ ਸਰਕਾਰ ਦੀ ਭੂਮਿਕਾ ਬਾਰੇ ਵਿਆਪਕ ਜਾਂਚ ਕਰਵਾਉਣ ਦੀ ਮੰਗ ਨੂੰ ਲੈ ਕੇ ਡੇਵਿਡ ਕੈਮਰੌਨ ਨੂੰ ਪੱਤਰ ਲਿਖਣ ਲਈ ਮੁਹਿੰਮ ਸ਼ੁਰੂ ਕੀਤੀ ਹੈ। ਸਿੱਖ ਫੈਡਰੇਸ਼ਨ ਯੂ.ਕੇ. ਨੇ ਚਿਤਾਵਨੀ ਦਿੱਤੀ ਹੈ ਕਿ ਜੇ ਸ੍ਰੀ ਕੈਮਰੌਨ ਸਾਕਾ ਨੀਲਾ ਤਾਰਾ ਤੋਂ ਪਹਿਲਾਂ ਲੰਡਨ ਦੀ ਭੂਮਿਕਾ ਬਾਰੇ ਵਿਆਪਕ ਜਾਂਚ ਕਰਵਾਉਣ ਦੀ ਮੰਗ ਨਾ ਮੰਨੇ ਤਾਂ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਵਿਚ ਹਜ਼ਾਰਾਂ ਸਿੱਖ ਵੋਟਰ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰਾਂ ਦਾ ਬਾਈਕਾਟ ਕਰਨਗੇ। ਜਥੇਬੰਦੀ ਦੇ ਆਗੂ ਅਮਰੀਕ ਸਿੰਘ ਨੇ 'ਸੰਡੇ ਟੈਲੀਗਰਾਫ' ਅਖ਼ਬਾਰ ਨੂੰ ਦੱਸਿਆ ਕਿ ਸੁਤੰਤਰ ਤੌਰ 'ਤੇ ਜਨਤਕ ਜਾਂਚ ਦੀ ਮੰਗ ਦੀ ਵੱਖ-ਵੱਖ ਸਿਆਸੀ ਪਾਰਟੀਆਂ ਦੇ 50 ਤੋਂ ਵੱਧ ਸਿਆਸਤਦਾਨ ਹਮਾਇਤ ਕਰ ਚੁੱਕੇ ਹਨ। ਆਉਣ ਵਾਲੇ ਕੁਝ ਦਿਨਾਂ ਵਿਚ ਇਹ ਗਿਣਤੀ ਵਧ ਕੇ 100 ਨੂੰ ਟੱਪ ਜਾਵੇਗੀ। ਉਂਜ ਲੇਬਰ ਪਾਰਟੀ ਨਾਲ ਟੱਕਰ ਵਾਲੀਆਂ ਸੀਟਾਂ 'ਤੇ ਬਹੁਤ ਸਾਰੇ ਕੰਜ਼ਰਵੇਟਿਵ ਸਿਆਸਤਦਾਨਾਂ ਉਤੇ ਜਾਂਚ ਦੀ ਮੰਗ ਦਾ ਭਾਰੀ ਦਬਾਅ ਪੈ ਰਿਹਾ ਕਿਉਂਕਿ ਹੁਣ ਉਨ੍ਹਾਂ ਦੇ ਵਿਰੋਧੀ ਉਮੀਦਵਾਰਾਂ ਦੀ ਹਮਾਇਤ ਵੀ ਮਿਲਣ ਲੱਗ ਪਈ ਹੈ। ਬਰਤਾਨੀਆ ਦੇ ਸ਼ਹਿਰੀ ਖੇਤਰਾਂ ਵਿਚ ਇਕ ਅਨੁਮਾਨ ਅਨੁਸਾਰ ਸੱਤ ਲੱਖ ਸਿੱਖ ਵਸਦੇ ਹਨ ਤੇ ਲੰਡਨ, ਬਰਮਿੰਘਮ ਤੇ ਵੈਸਟ ਮਿਡਲੈਂਡਜ਼ ਜਿਹੇ ਕੁਝ ਹਲਕਿਆਂ ਵਿਚ ਸਿੱਖ ਵੋਟਰ ਅਹਿਮ ਭੂਮਿਕਾ ਨਿਭਾਅ ਸਕਦੇ ਹਨ। ਦੇਸ਼ ਭਰ ਦੇ ਗੁਰਦੁਆਰਿਆਂ ਵਿਚ ਸ਼ਰਧਾਲੂਆਂ ਨੂੰ ਅਪੀਲ ਕੀਤੀ ਜਾਵੇਗੀ ਕਿ ਉਹ ਆਪੋ-ਆਪਣੇ ਐਮ.ਪੀ. ਨੂੰ ਮੁਕੰਮਲ ਜਨਤਕ ਜਾਂਚ ਦੀ ਮੰਗ ਦੇ ਪੱਖ ਵਿਚ ਚਿੱਠੀ ਲਿਖਣ। ਫੈਡਰੇਸ਼ਨ ਨੇ ਆਖਿਆ ਕਿ ਜਿਹੜੇ ਐਮ.ਪੀ. ਇਸ ਮੰਗ ਦੀ ਹਮਾਇਤ ਨਹੀਂ ਕਰਨਗੇ, ਉਨ੍ਹਾਂ ਨੂੰ ਗੁਰਦੁਆਰਿਆਂ ਵਿਚ ਦਾਖਲ ਨਹੀਂ ਹੋਣ ਦਿੱਤਾ ਜਾਵੇਗਾ ਤੇ ਉਨ੍ਹਾਂ ਨੂੰ ਸਿੱਖ ਵੋਟਰਾਂ ਦੀ ਹਮਾਇਤ ਤੋਂ ਵੀ ਹੱਥ ਧੋਣੇ ਪੈਣਗੇ।




ਜੇ ਪ੍ਰਧਾਨ ਮੰਤਰੀ ਕੈਮਰੌਨ ਇਸ ਮੁੱਦੇ 'ਤੇ ਚਰਚਾ ਕਰਨ ਲਈ ਫੌਰੀ ਸੱਦਾ ਨਹੀਂ ਦਿੰਦੇ ਤਾਂ ਵੈਸਟਮਿਨਸਟਰ ਵਿਚ ਪਾਰਲੀਮੈਂਟ ਨੇੜੇ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਬਰਤਾਨੀਆ ਦੇ ਕੈਬਨਿਟ ਸਕੱਤਰ ਜੈਰੇਮੀ ਹੇਅਵੁਡ ਵੱਲੋਂ ਕੀਤੀ ਜਾਂਚ ਤੋਂ ਬਾਅਦ ਇਸ ਮਹੀਨੇ ਦੇ ਸ਼ੁਰੂ ਵਿਚ ਸਰਕਾਰ ਨੇ ਕਿਹਾ ਸੀ ਕਿ ਫੌਜੀ ਕਾਰਵਾਈ ਦੀ ਵਿਉਂਤਬੰਦੀ ਵਿਚ ਬਰਤਾਨੀਆ ਦੀ ਭੂਮਿਕਾ ਸਲਾਹ ਦੇਣ ਤੱਕ ਸੀਮਤ ਸੀ। ਸਿੱਖ ਫੈਡਰੇਸ਼ਨ ਨੇ ਕਿਹਾ ਸੀ ਕਿ ਜਾਂਚ ਵਿਚ ਪਹਿਲੇ ਪੜਾਅ ਨੂੰ ਹੀ ਕਵਰ ਕੀਤਾ ਗਿਆ ਸੀ ਜਦਕਿ ਸਮੁੱਚੇ ਮਾਮਲੇ ਵਿਚ ਸਰਕਾਰ ਦੀ ਭੂਮਿਕਾ ਦੀ ਜਾਂਚ ਕਰਾਈ ਜਾਣੀ ਚਾਹੀਦੀ ਹੈ।

# ਕਿਰਪਾਨ ਨਾ ਉਤਾਰਨ 'ਤੇ ਸਿੱਖ ਨੌਜਵਾਨ ਨੂੰ ਜੁਰਮਾਨਾ

**ਵੀਨਸ:** ਇਟਲੀ ਵਿਚ ਸਿੱਖ ਨੌਜਵਾਨ ਵੱਲੋਂ ਪਹਿਨੀ ਗਈ ਸ੍ਰੀ ਸਾਹਿਬ ਨਾ ਉਤਾਰੇ ਜਾਣ ਦੇ ਇਕ ਕੇਸ ਵਿਚ ਇਥੋਂ ਦੀ ਅਦਾਲਤ ਨੇ ਇਸ ਨੌਜਵਾਨ ਨੂੰ (23 ਹਜ਼ਾਰ ਯੂਰੋ) ਯਾਨੀ ਤਕਰੀਬਨ ਸਾਢੇ 19 ਲੱਖ ਰੁਪਏ ਦੀ ਰਕਮ ਦਾ ਭਾਰੀ ਜੁਰਮਾਨਾ ਕੀਤਾ ਹੈ। ਅਦਾਲਤ ਦੇ ਇਸ ਫੈਸਲੇ ਨਾਲ ਜਿੱਥੇ ਇਟਲੀ ਦੇ ਸਿੱਖਾਂ ਦੇ ਮਨਾਂ ਨੂੰ ਗਹਿਰੀ ਸੱਟ ਪਹੁੰਚੀ ਹੈ, ਉਥੇ ਇਸ ਫੈਸਲੇ ਦੇ ਨਾਲ ਉਕਤ ਨੌਜਵਾਨ ਮਨਪ੍ਰੀਤ ਸਿੰਘ ਕਾਫੀ ਨਿਰਾਸ਼ ਹੈ। ਨੌਜਵਾਨ ਮਨਪ੍ਰੀਤ ਸਿੰਘ ਵਾਸੀ ਟਾਂਡਾ (ਹੁਸ਼ਿਆਰਪੁਰ) ਨੇ ਦੱਸਿਆ ਕਿ ਤਕਰੀਬਨ ਇਕ ਸਾਲ ਪਹਿਲਾਂ ਭਾਵ 23 ਫਰਵਰੀ, 2013 ਨੂੰ ਇਟਲੀ ਦੇ ਤਰਵੀਜੋ ਸ਼ਹਿਰ ਵਿਖੇ ਕੰਮ ਦੌਰਾਨ ਉਹ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ ਤਾਂ ਉਸ ਨੂੰ ਉਸ ਸਮੇਂ ਇਲਾਜ ਲਈ ਤਰਵੀਜੋ ਦੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ ਜਿੱਥੇ ਕਿ ਡਾਕਟਰਾਂ ਦੀ ਟੀਮ ਨੇ ਨੌਜਵਾਨ ਮਨਪ੍ਰੀਤ ਸਿੰਘ ਵੱਲੋਂ ਪਹਿਨੀ ਗਈ ਸ੍ਰੀ ਸਾਹਿਬ ਨੂੰ ਲਾਹੁਣ ਲਈ ਕਿਹਾ ਸੀ।

ਮਨਪ੍ਰੀਤ ਸਿੰਘ ਵੱਲੋਂ ਡਾਕਟਰਾਂ ਨੂੰ ਸ੍ਰੀ ਸਾਹਿਬ ਦੀ ਮਹੱਤਤਾ ਬਾਰੇ ਦੱਸ ਕੇ ਕ੍ਰਿਪਾਨ ਨਾ ਉਤਾਰਨ ਦੀ ਆਪਣੀ ਗੱਲ ਦੱਸੀ ਗਈ। ਮਨਪ੍ਰੀਤ ਸਿੰਘ ਵੱਲੋਂ ਨਾਂਹ ਕਰਨ 'ਤੇ ਡਾਕਟਰਾਂ ਨੇ ਇਟਾਲੀਅਨ ਪੁਲਿਸ ਨੂੰ ਸੂਚਿਤ ਕਰ ਦਿੱਤਾ ਜਿਸ 'ਤੇ ਤਰਵੀਜੋ ਦੀ ਪੁਲਿਸ ਨੇ ਮਨਪ੍ਰੀਤ ਸਿੰਘ 'ਤੇ ਇਜਾਜ਼ਤ ਤੋਂ ਵੱਡੀ ਭਾਵ 18 ਸੈਂਟੀਮੀਟਰ ਦੀ ਸ੍ਰੀ ਸਾਹਿਬ ਪਹਿਨੀ ਰੱਖਣ ਦਾ ਦੋਸ਼ ਲਾ ਕੇ ਇਸ ਨੂੰ ਹਥਿਆਰ ਰੱਖਣ ਦਾ ਜੁਰਮ ਮੰਨ ਕੇ ਇਟਾਲੀਅਨ ਸੰਵਿਧਾਨ ਦੇ ਐਕਟ 4 ਦੀ ਧਾਰਾ 110 ਅਧੀਨ ਕੇਸ ਦਰਜ ਕਰ ਦਿੱਤਾ।

ਮਨਪ੍ਰੀਤ ਸਿੰਘ ਨੇ ਆਪਣੇ ਵਕੀਲ ਬਾਸੋ ਜਾਸੇਪੇ ਰਾਹੀਂ ਕੇਸ ਦੀ ਲਗਾਤਾਰ ਪੈਰਵੀ ਵੀ ਕੀਤੀ ਪਰ 22 ਜਨਵਰੀ, 2014 ਨੂੰ ਉਸ ਨੂੰ ਆਪਣੇ ਵਕੀਲ ਰਾਹੀਂ ਤਰਵੀਜੋ ਅਦਾਲਤ ਦਾ ਇਹ ਨੋਟਿਸ ਮਿਲ ਗਿਆ ਜਿਸ ਅਨੁਸਾਰ ਅਦਾਲਤ ਵੱਲੋਂ ਇਸ ਉਕਤ ਸਿੱਖ ਨੌਜਵਾਨ ਨੂੰ 23 ਹਜ਼ਾਰ ਯੂਰੋ ਦੀ ਭਾਰੀ ਰਕਮ ਦਾ ਜੁਰਮਾਨਾ ਸੁਣਾਇਆ ਗਿਆ ਹੈ। ਜੁਰਮਾਨਾ ਨਾ ਭਰ ਸਕਣ ਦੀ ਸੂਰਤ ਵਿਚ ਤਿੰਨ ਮਹੀਨੇ ਦੀ ਸਜ਼ਾ ਵੀ ਸੁਣਾਈ ਗਈ ਹੈ। ਭਾਵੇਂਕਿ ਇਸ ਫੈਸਲੇ ਦੇ ਬਚਾਓ ਵਿਚ ਉਕਤ ਨੌਜਵਾਨ ਮਨਪ੍ਰੀਤ ਸਿੰਘ ਨੇ ਮਾਹਿਰ ਵਕੀਲ ਅਗਰੋਨਾ ਦੇ ਰਾਹੀਂ ਕਾਨੂੰਨੀ ਪ੍ਰਕਿਰਿਆ ਰਾਹੀਂ ਜਵਾਬੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਪਰ ਇਟਲੀ ਦੀ ਅਦਾਲਤ ਦੇ ਇਸ ਫੈਸਲੇ ਨਾਲ ਇਟਲੀ ਰਹਿੰਦੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਜ਼ਿਕਰਯੋਗ ਹੈ ਕਿ ਹਾਲੇ ਕੁਝ ਮਹੀਨੇ ਪਹਿਲਾਂ ਹੀ ਇਥੋਂ ਦੀ ਸਰਕਾਰ ਨੇ ਇਟਲੀ ਵਿਚ ਸਿੱਖ ਧਰਮ ਰਜਿਸਟਰ ਕਰਨ ਸਬੰਧੀ ਸਿੱਖਾਂ ਦੇ ਇਕ ਕੇਸ ਨੂੰ ਖਾਰਜ ਕਰ ਦਿੱਤਾ ਸੀ। ਇਟਲੀ ਵਿਚ ਜਨਤਕ ਥਾਵਾਂ 'ਤੇ ਸ੍ਰੀ ਸਾਹਿਬ ਪਹਿਨੇ ਜਾਣ ਦੀ ਇਜਾਜ਼ਤ ਦਿੱਤੇ ਜਾਣਾ ਇਸ ਕੇਸ ਦੀ ਇਕ ਪ੍ਰਮੁੱਖ ਮਦ ਸੀ।

# ਭਗਤ ਸਿੰਘ ਤੇ ਆਜ਼ਾਦ ਨੂੰ ਅਤਿਵਾਦੀ ਕਹਿਣ 'ਤੇ ਵਿਵਾਦ

**ਸੂਰਤ (ਪੰਜਾਬ ਟਾਈਮਜ਼ ਬਿਊਰੋ):** ਬ੍ਰਿਟਿਸ਼ ਇਤਿਹਾਸਕਾਰ ਡੇਵਿਡ ਹਾਰਡੀਮਾਨ ਵੱਲੋਂ ਭਗਤ ਸਿੰਘ ਤੇ ਚੰਦਰ ਸ਼ੇਖਰ ਆਜ਼ਾਦ 'ਤੇ ਦਿੱਤੇ ਭਾਸ਼ਣ ਵਿਚ ਉਨ੍ਹਾਂ ਨੂੰ ਅਤਿਵਾਦੀ ਸਮੂਹਾਂ ਦਾ ਮੈਂਬਰ ਦੱਸ ਕੇ ਵਿਵਾਦ ਨੂੰ ਹਵਾ ਦੇ ਦਿੱਤੀ ਹੈ। ਯੂਨੀਵਰਸਿਟੀ ਆਫ ਵਾਰਵਿਕ ਵਿਚ ਇਤਿਹਾਸ ਦੇ ਪ੍ਰੋਫੈਸਰ ਡੇਵਿਡ ਹਾਰਡੀਮਾਨ ਨੇ ਆਜ਼ਾਦੀ ਦੀ ਲੜਾਈ ਵਿਚ ਦੋਵਾਂ ਰਾਸ਼ਟਰੀ ਨਾਇਕਾਂ ਦੇ ਯੋਗਦਾਨ ਨੂੰ ਅਤਿਵਾਦੀ ਸਰਗਰਮੀਆਂ ਕਰਾਰ ਦਿੱਤਾ ਹਾਲਾਂਕਿ ਭਾਸ਼ਣ ਦੌਰਾਨ ਮੌਜੂਦ ਲੋਕਾਂ ਦੇ ਵਿਰੋਧ ਤੋਂ ਬਾਅਦ ਪ੍ਰੋ. ਡੇਵਿਡ ਨੇ ਕਿਹਾ ਕਿ ਦੋਵਾਂ ਨਾਇਕਾਂ ਵਿਰੁੱਧ ਇਸਤੇਮਾਲ ਕੀਤੇ ਸ਼ਬਦ ਕਿਸੇ ਨੂੰ ਬੇਇੱਜ਼ਤ ਕਰਨ ਲਈ ਨਹੀਂ।

ਇਕ ਅਖ਼ਬਾਰ ਵਿਚ ਛਪੀ ਰਿਪੋਰਟ ਅਨੁਸਾਰ ਹਾਰਡੀਮਾਨ ਸੈਂਟਰ ਫਾਰ ਸੋਸ਼ਲ ਸਟੱਡੀਜ਼ ਵਿਚ ਕਰਵਾਏ 24ਵੇਂ ਆਈ.ਪੀ. ਦੇਸਾਈ ਮੈਮੋਰੀਅਲ ਲੈਕਚਰ ਵਿਚ ਸਾਲ 1915-47 ਦੌਰਾਨ ਭਾਰਤ ਵਿਚ ਆਜ਼ਾਦੀ ਦੇ ਦੌਰਾਨ 'ਅਹਿੰਸਾਤਮਕ ਪ੍ਰਤੀਰੋਧ' 'ਤੇ ਬੋਲ ਰਹੇ ਸਨ। ਭਾਸ਼ਣ ਦੌਰਾਨ ਹਾਰਡੀਮਾਨ ਨੇ ਕਿਹਾ ਕਿ ਸਾਰੇ ਅਹਿੰਸਾਤਮਕ ਸਮੂਹਾਂ ਨਾਲ ਹਿੰਸਾਤਮਕ ਸਮੂਹ ਜੁੜਿਆ ਰਹਿੰਦਾ ਹੈ ਜੋ ਅਹਿੰਸਾਤਮਕ ਸਮੂਹਾਂ ਵਾਂਗ ਉਹੀ ਚੀਜ਼ ਪ੍ਰਾਪਤ ਕਰਨਾ ਚਾਹੁੰਦਾ ਹੈ ਪਰ ਹਿੰਸਾ ਦੇ ਜ਼ੋਰ 'ਤੇ।





ਉਨ੍ਹਾਂ ਕਿਹਾ ਕਿ ਅਜਿਹੇ ਹਿੰਸਕ ਸਮੂਹ ਬੰਬ ਧਮਾਕੇ, ਹੱਤਿਆ ਤੇ ਗੋਲੀਬਾਰੀ ਵਰਗੇ ਅਤਿਵਾਦੀ ਕੰਮਾਂ ਨਾਲ ਜੁੜੇ ਰਹਿੰਦੇ ਸਨ। ਅੰਦੋਲਨ ਇਸ ਲਈ ਸਫਲ ਹੋ ਜਾਂਦੇ ਹਨ ਕਿਉਂਕਿ ਪ੍ਰਸ਼ਾਸਨ ਨੂੰ ਲੱਗਦਾ ਹੈ ਕਿ ਖ਼ਤਰਨਾਕ ਅਤਿਵਾਦੀਆਂ ਮੁਕਾਬਲੇ ਅਹਿੰਸਾਵਾਦੀ ਲੋਕਾਂ ਨਾਲ ਨਜਿੱਠਣਾ ਜ਼ਿਆਦਾ ਸੌਖਾ ਰਹਿੰਦਾ ਹੈ। ਹਾਰਡੀਮਾਨ ਨੇ ਕਿਹਾ ਕਿ ਗਾਂਧੀਵਾਦੀ ਅੰਦੋਲਨ ਦੇ ਨਾਲ-ਨਾਲ ਅਤਿਵਾਦੀ ਸਮੂਹ ਵੀ ਕੰਮ ਕਰਦੇ ਰਹੇ।

ਭਗਤ ਸਿੰਘ ਤੇ ਚੰਦਰ ਸ਼ੇਖਰ ਆਜ਼ਾਦ ਅਜਿਹੇ ਹੀ ਮਸ਼ਹੂਰ ਵਿਅਕਤੀ ਸਨ ਜੋ ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ ਤੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ ਦੇ ਮੈਂਬਰ ਸਨ। ਹਾਰਡੀਮਾਨ ਦੀਆਂ ਇਨ੍ਹਾਂ ਟਿੱਪਣੀਆਂ ਦਾ ਵੀਰ ਨਰਮਾਦ ਦੱਖਣੀ ਗੁਜਰਾਤ ਯੂਨੀਵਰਸਿਟੀ ਦੇ ਕਾਰਜਕਾਰੀ ਪ੍ਰੀਸ਼ਦ ਦੇ ਮੈਂਬਰ ਉਨਮੇਸ਼ ਪਾਂਡੇ ਨੇ ਜੰਮ ਕੇ ਵਿਰੋਧ ਕਰਦਿਆਂ ਕਿਹਾ ਕਿ ਸੁਤੰਤਰਤਾ ਸੈਨਾਨੀਆਂ ਲਈ 'ਅਤਿਵਾਦੀ' ਸ਼ਬਦ ਦਾ ਇਸਤੇਮਾਲ ਨਹੀਂ ਕੀਤਾ ਜਾ ਸਕਦਾ।

# ਅਮਰੀਕਾ ਨੇ ਖਤਮ ਕੀਤਾ ਮੋਦੀ ਦਾ 'ਬਾਈਕਾਟ'

**ਗਾਂਧੀਨਗਰ:** ਅਮਰੀਕੀ ਸ਼ਫੀਰ ਨੈਨਸੀ ਪਾਵੇਲ ਨੇ ਨੌਂ ਸਾਲ ਦੇ ਅੜਿੱਕੇ ਨੂੰ ਖਤਮ ਕਰਦਿਆਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ। ਪਾਵੇਲ ਨੇ ਕਿਹਾ ਹੈ ਕਿ ਅਮਰੀਕਾ ਲੋਕ ਸਭਾ ਚੋਣਾਂ ਤੋਂ ਬਾਅਦ ਨਵੀਂ ਸਰਕਾਰ ਨਾਲ ਮਿਲ ਕੇ ਕੰਮ ਕਰੇਗਾ। ਉਨ੍ਹਾਂ ਗੁਜਰਾਤ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਸ਼ੰਕਰ ਸਿੰਘ ਵਾਘੇਲਾ ਤੇ ਹੋਰ ਕਾਂਗਰਸ ਆਗੂਆਂ ਨਾਲ ਵੀ ਮੁਲਾਕਾਤ ਕੀਤੀ। ਰਿਪੋਰਟਾਂ ਮੁਤਾਬਕ ਸ੍ਰੀ ਮੋਦੀ ਨੂੰ ਅਮਰੀਕਾ ਦਾ ਵੀਜ਼ਾ ਜਾਰੀ ਕਰਨ ਬਾਰੇ ਕੋਈ ਗੱਲਬਾਤ ਨਹੀਂ ਹੋਈ ਹੈ।

ਸੂਤਰਾਂ ਮੁਤਾਬਕ ਅਮਰੀਕੀ ਸਫੀਰ ਨੇ ਗੁਜਰਾਤ ਮਾਡਲ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਅਜਿਹਾ ਮਾਡਲ ਦੁਨੀਆਂ ਦੇ ਹੋਰਨਾਂ ਹਿੱਸਿਆਂ ਵਿਚ ਵੀ ਲਾਗੂ ਹੋਣਾ ਚਾਹੀਦਾ ਹੈ। ਪਾਵੇਲ ਨੇ ਕਿਹਾ ਕਿ ਗੁਜਰਾਤ ਵਿਚ ਸਰਮਾਇਆ ਲਾਉਣ ਦਾ ਮਾਹੌਲ ਵਧੀਆ ਹੈ ਤੇ ਪਿਛਲੇ ਦੋ ਦਹਾਕਿਆਂ ਵਿਚ ਹੋਈ ਤਰੱਕੀ ਤੋਂ ਕਾਫੀ ਖ਼ੁਸ਼ ਹਨ। ਸੂਤਰਾਂ ਨੇ ਕਿਹਾ ਕਿ ਮੋਦੀ ਨੇ ਭਾਰਤੀ ਸਫੀਰ ਰਹੀ ਦੇਵਿਯਾਨੀ ਖੋਬਰਗੜੇ ਦਾ ਮਾਮਲਾ ਉਠਾਇਆ, ਜਿਸ 'ਤੇ ਨੈਨਸੀ ਨੇ ਕਿਹਾ ਕਿ ਅਮਰੀਕਾ ਇਸ ਦਾ ਤੇਜ਼ੀ ਨਾਲ ਨਿਪਟਾਰਾ ਕਰੇਗਾ।

ਉਂਝ, ਅਮਰੀਕਾ ਨੇ ਇਨ੍ਹਾਂ ਅਟਕਲਾਂ ਨੂੰ ਰੱਦ ਕਰ ਦਿੱਤਾ ਹੈ ਕਿ ਉਸ ਦੀ ਰਾਜਦੂਤ ਨੈਨਸੀ ਬਾਵੈੱਲ ਤੇ ਨਰਿੰਦਰ ਮੋਦੀ ਵਿਚਕਾਰ ਹਈ ਮੁਲਾਕਾਤ ਤੋਂ ਬਾਅਦ ਭਾਜਪਾ ਆਗੂ 'ਤੇ ਲੱਗੀ ਵੀਜ਼ਾ ਪਾਬੰਦੀ ਚੁੱਕਣ ਦਾ ਰਾਹ ਪੱਧਰਾ ਹੋ ਜਾਵੇਗਾ। ਅਮਰੀਕਾ ਨੇ ਜ਼ੋਰ ਦੇ ਕੇ ਕਿਹਾ ਕਿ ਉਸ ਦੀ ਨੌਂ ਸਾਲ ਪੁਰਾਣੀ ਨੀਤੀ ਵਿਚ ਕੋਈ ਤਬਦੀਲੀ ਨਹੀਂ ਆਈ ਜੋ 2002 ਦੇ ਗੁਜਰਾਤ ਦੰਗਿਆਂ ਤੋਂ ਬਾਅਦ ਲਾਗੂ ਕੀਤੀ ਗਈ ਸੀ। ਵਿਦੇਸ਼ ਵਿਭਾਗ ਦੀ ਤਰਜਮਾਨ ਜੇਨ ਸੇਕੀ ਨੇ ਕਿਹਾ ਕਿ ਜਦੋਂ ਵਿਅਕਤੀ ਵੀਜ਼ਾ ਲਈ ਅਰਜ਼ੀ ਦਿੰਦੇ ਹਨ ਤਾਂ ਅਮਰੀਕੀ ਕਾਨੂੰਨ ਤੇ ਨੀਤੀ ਮੁਤਾਬਕ ਉਨ੍ਹਾਂ ਦੀਆਂ ਅਰਜ਼ੀਆਂ ਦੀ ਪੜਚੋਲ ਕੀਤੀ ਜਾਂਦੀ ਹੈ।

ਉਧਰ, ਅਮਰੀਕੀ ਮੀਡੀਆ ਨੇ ਭਾਰਤ ਵਿਚ ਅਮਰੀਕੀ ਸਫ਼ੀਰ ਨੈਨਸੀ ਪਾਵੇਲ ਵੱਲੋਂ ਗੁਜਰਾਤ ਦੇ ਮੁੱਖ ਮੰਤਰੀ ਤੇ ਭਾਜਪਾ ਦੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਨਰਿੰਦਰ ਮੋਦੀ ਨਾਲ ਮੁਲਾਕਾਤ ਨੂੰ ਵਿਹਾਰਕ ਤੇ ਜ਼ਰੂਰੀ ਕਦਮ ਕਰਾਰ ਦਿੱਤਾ ਹੈ। 'ਨਿਊਯਾਰਕ ਟਾਈਮਜ਼' ਵੱਲੋਂ ਪ੍ਰਕਾਸ਼ਤ ਸੰਪਾਦਕੀ ਵਿਚ ਕਿਹਾ ਗਿਆ ਹੈ ਕਿ ਜੇਕਰ ਸ੍ਰੀ ਮੋਦੀ ਪ੍ਰਧਾਨ ਮੰਤਰੀ ਬਣਦੇ ਹਨ ਤਾਂ ਉਨ੍ਹਾਂ ਨੂੰ ਅਮਰੀਕੀ ਵੀਜ਼ਾ ਦੇਣ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ। ਉਧਰ ਅਮਰੀਕਾ ਦੇ ਗ੍ਰਹਿ ਵਿਭਾਗ ਦੀ ਉਪ-ਤਰਜਮਾਨ ਮੈਰੀ ਹਰਫ਼ ਨੇ ਕਿਹਾ ਹੈ ਕਿ ਭਾਰਤ ਵਿਚ ਲੋਕ ਸਭਾ ਚੋਣਾਂ ਤੋਂ ਬਾਅਦ ਆਉਣ ਵਾਲੀ ਨਵੀਂ ਸਰਕਾਰ ਨਾਲ ਅਮਰੀਕਾ ਮਿਲ ਕੇ ਕੰਮ ਕਰੇਗਾ।

# ਸੋਲਰ ਪ੍ਰੋਜੈਕਟਾਂ ਬਾਰੇ ਭਾਰਤ ਦੇ ਫੈਸਲੇ ਤੋਂ ਅਮਰੀਕਾ ਖਫਾ

**ਵਾਸ਼ਿੰਗਟਨ:** ਅਮਰੀਕਾ ਨੇ ਸੋਲਰ ਪ੍ਰਾਜੈਕਟਾਂ ਲਈ ਘਰੇਲੂ ਉਪਕਰਨਾਂ ਦੀ ਹੀ ਵਰਤੋਂ ਲਾਜ਼ਮੀ ਕਰਾਰ ਦੇਣ 'ਤੇ ਭਾਰਤ ਖ਼ਿਲਾਫ਼ ਵਿਸ਼ਵ ਵਪਾਰ ਸੰਸਥਾ (ਡਬਲਿਊ.ਟੀ.ਓ.) ਕੋਲ ਕੇਸ ਪਾਇਆ ਹੈ ਪਰ ਨਵੀਂ ਦਿੱਲੀ ਨੇ ਇਹ ਦੋਸ਼ ਖਾਰਜ ਕਰਦਿਆਂ ਕਿਹਾ ਕਿ ਨਵਿਆਉਣ ਯੋਗ ਊਰਜਾ ਪ੍ਰਾਜੈਕਟਾਂ ਲਈ ਬਹੁਤ ਸਾਰੇ ਅਮਰੀਕੀ ਰਾਜਾਂ ਵੱਲੋਂ ਬਚਾਓਵਾਦੀ ਨੀਤੀ ਅਪਣਾਈ ਜਾਂਦੀ ਹੈ।

ਅਮਰੀਕਾ ਨੇ ਭਾਰਤ ਦੇ ਸੋਲਰ ਮਿਸ਼ਨ ਵਾਸਤੇ ਘਰੇਲੂ ਉਪਕਰਨਾਂ ਦੀ ਲੋੜ ਨੂੰ ਚੁਣੌਤੀ ਦਿੱਤੀ ਹੈ ਜਿਸ ਤਹਿਤ ਸੌਰ ਊਰਜਾ ਪ੍ਰਾਜੈਕਟਾਂ ਲਈ ਭਾਰਤ ਵਿਚ ਹੀ ਬਣੇ ਉਪਕਰਨਾਂ ਦੀ ਵਰਤੋਂ ਕੀਤੀ ਜਾਵੇਗੀ। ਅਮਰੀਕਾ ਨੇ ਡਬਲਿਊ.ਟੀ.ਓ. ਸਕੱਤਰੇਤ ਨੂੰ ਭਾਰਤ ਨਾਲ ਗੱਲਬਾਤ ਲਈ ਬੇਨਤੀ ਕੀਤੀ ਹੈ ਕਿ ਸੋਲਰ ਸੈੱਲਾਂ ਤੇ ਸੋਲਰ ਪੈਨਲਾਂ ਲਈ ਘਰੇਲੂ ਉਪਕਰਨਾਂ ਦੀ ਮੰਗ ਨਾਲ ਸਬੰਧਤ ਕੁਝ ਉਪਰਾਲਿਆਂ ਬਾਰੇ ਵਿਚਾਰ-ਚਰਚਾ ਕੀਤੀ ਜਾਵੇ। ਇਹ ਉਪਰਾਲੇ ਜਵਾਹਰ ਲਾਲ ਨਹਿਰੂ ਨੈਸ਼ਨਲ ਸੋਲਰ ਮਿਸ਼ਨ ਪ੍ਰੋਗਰਾਮ ਫੇਜ਼ ਦੋ ਨਾਲ ਸਬੰਧਤ ਹਨ।

ਡਬਲਿਊ.ਟੀ.ਓ. ਮੁਤਾਬਕ ਅਮਰੀਕੀ ਪ੍ਰਸ਼ਾਸਨ ਨੇ ਕਿਹਾ ਹੈ ਕਿ ਸੌਰ ਊਰਜਾ ਡਿਵੈਲਪਰਾਂ ਨੂੰ ਕੁਝ ਰਿਆਇਤਾਂ ਤੇ ਲਾਭ ਮਿਲਦੇ ਹਨ ਜਿਵੇਂ ਬਿਜਲੀ ਲਈ ਲੰਮ ਮਿਆਦੀ ਦਰਾਂ, ਉਨ੍ਹਾਂ ਦੀ ਖਰੀਦ ਤੇ ਘਰੇਲੂ ਉਪਜ ਦੇ ਸੋਲਰ ਸੈਲਾਂ ਤੇ ਸੋਲਰ ਮਾਡਿਊਲਜ਼ ਦੀ ਖਰੀਦ ਅਤੇ ਵਰਤੋਂ ਉਪਰ ਹੰਗਾਮੀ ਰਿਆਇਤਾਂ ਆਦਿ। ਇਸੇ ਦੌਰਾਨ ਭਾਰਤ ਵੱਲੋਂ ਚੀਨ ਤੇ ਅਮਰੀਕਾ ਦੇ ਬਣੇ ਸੋਲਰ ਪੈਨਲਾਂ ਦੀ ਡੰਪਿੰਗ ਬਾਰੇ ਜਾਂਚ ਕੀਤੀ ਜਾ ਰਹੀ ਹੈ। ਇਹ ਜਾਣਕਾਰੀ ਕਾਮਰਸ ਸਕੱਤਰ ਰਾਜੀਵ ਖੇਰ ਨੇ ਦਿੱਤੀ।


ਤੰਦੂਰੀਏ, ਕੱਰੀ ਕੁਕ ਅਤੇ ਡਿਸ਼ ਵਾਸ਼ਰ ਦੀ ਲੋੜ ਹੈ



ਆਇਓਵਾ ਸਟੇਟ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕੱਰੀ ਕੁਕ ਅਤੇ ਡਿਸ਼ ਵਾਸ਼ਰ ਦੀ ਲੋੜ ਹੈ।
ਪਤੀ-ਪਤਨੀ ਜੋੜੇ ਨੂੰ ਪਹਿਲ
ਚੰਗੀ ਤਨਖਾਹ ਤੇ ਮੁਫਤ ਰਿਹਾਇਸ਼

ਸੰਪਰਕ ਕਰੋ, ਮਿਸਟਰ ਸਿੰਘ
ਫੋਨ: 515-291-1961



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖ਼ੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash Grand Opening

• 8 Drive Tires For $3300 Kelly KDA

• Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.547.9210
FAX: 209.547.9211
www.gfbontime.com, raj@gfbontime.com

REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

TEL: 209.547.9210
FAX: 209.547.9211

REGISTRATION SERVICES


ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

TEL: 209.982.9996
FAX: 209.982.9997

# ਜਥੇਦਾਰ ਨੰਦਗੜ੍ਹ ਅਤੇ ਬਾਬਾ ਧੁੰਮਾ ਹੋਏ ਆਹਮੋ-ਸਾਹਮਣੇ

**ਤਲਵੰਡੀ ਸਾਬੋ:** ਫਤਿਹਗੜ੍ਹ ਸਾਹਿਬ ਵਿਚ ਸ਼ਹੀਦੀ ਜੋੜ ਮੇਲੇ ਦੇ ਸਮਾਪਤੀ ਸਮਾਗਮਾਂ ਮੌਕੇ ਪੁਰਾਤਨ ਮਰਿਆਦਾ ਦੀ ਉਲੰਘਣਾ ਕਰਨ ਸਬੰਧੀ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ, ਗਿਆਨੀ ਬਲਵੰਤ ਸਿੰਘ ਨੰਦਗੜ੍ਹ ਵੱਲੋਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਨੂੰ ਅਕਾਲ ਤਖ਼ਤ 'ਤੇ ਤਲਬ ਕਰਕੇ ਤਨਖਾਹ ਲਾਏ ਜਾਣ ਦੇ ਉਠਾਏ ਗਏ ਮੁੱਦੇ ਤੋਂ ਬਾਅਦ ਛਿੜਿਆ ਵਿਵਾਦ ਹੁਣ ਸ਼ਬਦੀ ਜੰਗ ਦਾ ਰੂਪ ਧਾਰਦਾ ਜਾ ਰਿਹਾ ਹੈ।





ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਕਿਹਾ ਹੈ ਕਿ ਬਾਬਾ ਹਰਨਾਮ ਸਿੰਘ ਧੁੰਮਾ ਨੂੰ ਵਿਸ਼ਵ ਭਰ ਦੇ ਸਿੱਖਾਂ ਦੀ ਏਕਤਾ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ ਹੈ। ਸਗੋਂ ਉਨ੍ਹਾਂ ਨੂੰ ਦਮਦਮੀ ਟਕਸਾਲ ਦੇ ਆਪਣੇ ਜਥੇ ਮਹਿਤਾ, ਗਿਆਨੀ ਮੋਹਨ ਸਿੰਘ ਜਥਾ ਭਿੰਡਰਾਂ ਤੇ ਭਾਈ ਰਾਮ ਸਿੰਘ ਦੇ ਧੜਿਆਂ ਵਿਚਾਲੇ ਏਕਤਾ ਕਰਵਾਉਣ ਬਾਰੇ ਸੋਚਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਕ ਛੋਟੇ ਜਿਹੇ ਧੜੇ ਦੇ ਮੁਖੀ ਨੂੰ ਸਮੁੱਚੇ ਪੰਥ ਬਾਰੇ ਨਿਰਣੇ ਲੈਣ ਦਾ ਕੋਈ ਅਧਿਕਾਰ ਨਹੀਂ।

ਉਨ੍ਹਾਂ ਨੇ ਬਾਬਾ ਧੁੰਮਾ ਨੂੰ ਇਹ ਸੱਚਾਈ ਯਾਦ ਰੱਖਣ ਦੀ ਨਸੀਹਤ ਦਿੱਤੀ ਕਿ ਜਦ ਉਹ ਮਹਿਤਾ ਜਥੇ ਦੇ ਮੁਖੀ ਬਣੇ ਸਨ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਤੇ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਉਨ੍ਹਾਂ ਨੂੰ ਮਾਨਤਾ ਨਹੀਂ ਦਿੱਤੀ ਗਈ ਸੀ। ਸਗੋਂ ਇਨ੍ਹਾਂ ਪੰਥ ਨੁਮਾਇੰਦਾ ਸੰਸਥਾਵਾਂ ਤੇ ਜਥੇਬੰਦੀਆਂ ਨੇ ਭਾਈ ਰਾਮ ਸਿੰਘ ਨੂੰ ਦਮਦਮੀ ਟਕਸਾਲ ਦੇ ਮੁਖੀ ਵਜੋਂ ਦਸਤਾਰਾਂ ਭੇਟ ਕੀਤੀਆਂ ਸਨ।

ਗਿਆਨੀ ਨੰਦਗੜ੍ਹ ਨੇ ਕਿਹਾ ਕਿ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਗੁਰਬਚਨ ਸਿੰਘ, ਗਿਆਨੀ ਕਰਤਾਰ ਸਿੰਘ ਤੇ ਸੰਤ ਜਰਨੈਲ ਸਿੰਘ ਖ਼ਾਲਸਾ ਨੇ ਕਦੇ ਵੀ ਅਕਾਲ ਤਖ਼ਤ ਵੱਲੋਂ ਪ੍ਰਮਾਣਿਤ ਮਰਿਆਦਾ ਦੀ ਉਲੰਘਣਾ ਕਰਨ ਜਾਂ ਵਿਰੋਧ ਨਹੀਂ ਕੀਤਾ ਸਗੋਂ ਇਸ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਖਤੀ ਨਾਲ ਵਰਜਿਆ। ਉਨ੍ਹਾਂ ਆਪਣੇ ਜਥੇ ਦੀ ਮਰਿਆਦਾ ਜਾਂ ਸੋਚ ਸਮੁੱਚੇ ਸਿੱਖ ਜਗਤ ਉਪਰ ਥੋਪਣ ਦੀ ਕੋਸ਼ਿਸ਼ ਨਹੀਂ ਕੀਤੀ ਪਰ ਹਰਨਾਮ ਸਿੰਘ ਧੁੰਮਾ ਉਸੇ ਪੰਥਪ੍ਰਸਤ ਦਮਦਮੀ ਟਕਸਾਲ ਦੇ ਇਕ ਧੜੇ ਦੇ ਮੁਖੀ ਬਣ ਕੇ ਪਹਿਲਾਂ ਰਹਿ ਚੁੱਕੇ ਟਕਸਾਲ ਦੇ ਮੁਖੀਆਂ ਵੱਲੋਂ ਪੰਥਕ ਮਸਲਿਆਂ ਬਾਰੇ ਅਪਣਾਈ ਨੀਤੀ ਦੀ ਉਲੰਘਣਾ ਕਰਕੇ ਪੰਥ ਵਿਚ ਦੁਬਿਧਾ ਤੇ ਫੁੱਟ ਪਾਉਣ ਲਈ ਤਤਪਰ ਹਨ।

ਉਨ੍ਹਾਂ ਸਖ਼ਤ ਸ਼ਬਦਾਂ ਵਿਚ ਕਿਹਾ ਕਿ ਬਾਬਾ ਧੁੰਮਾ ਮੀਰੀ-ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਵੱਲੋਂ ਸਿਰਜੇ ਅਕਾਲ ਤਖ਼ਤ ਦੇ ਬਰਾਬਰ ਕਮੇਟੀਆਂ ਬਣਾ ਕੇ ਅਕਾਲ ਤਖ਼ਤ ਨੂੰ ਵੰਗਾਰਨ ਦੀ ਕੋਸ਼ਿਸ਼ ਕਰ ਰਹੇ ਹਨ। ਗਿਆਨੀ ਨੰਦਗੜ੍ਹ ਨੇ ਬਾਬਾ ਧੁੰਮਾ ਨੂੰ ਦਮਦਮੀ ਟਕਸਾਲ ਦੇ ਪਿਛੋਕੜ ਤੋਂ ਸੇਧ ਤੇ ਪ੍ਰੇਰਣਾ ਲੈ ਕੇ ਪੰਥਕ ਮਸਲਿਆਂ ਬਾਰੇ ਉਸਾਰੂ ਪਹੁੰਚ ਅਪਨਾਉਣ ਦੀ ਸਲਾਹ ਦਿੱਤੀ ਹੈ ਤਾਂ ਜੋ ਪੰਥ ਵਿਚ ਏਕਤਾ ਤੇ ਪਿਆਰ ਬਰਕਰਾਰ ਰਹਿ ਸਕੇ।

## ਸੰਤ ਸਮਾਜ ਵੱਲੋਂ ਸਵਾਲਾਂ ਦੀ ਵਾਛੜ

**ਮੁਹਾਲੀ:** ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਵੱਲੋਂ ਛੋਟੇ ਸਾਹਿਬਜ਼ਾਦਿਆਂ ਦੇ ਫਤਹਿਗੜ੍ਹ ਸਾਹਿਬ ਵਿਖੇ ਦਸੰਬਰ 2013 ਵਿਚ ਮਨਾਏ ਗਏ ਸ਼ਹੀਦੀ ਜੋੜ ਮੇਲੇ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖਾਲਸਾ 'ਤੇ ਪੁਰਾਤਨ ਮਰਿਆਦਾ ਨੂੰ ਭੰਗ ਕਰਨ ਦੇ ਦੋਸ਼ ਲਾਉਣ ਦਾ ਸੰਤ ਸਮਾਜ ਨੇ ਗੰਭੀਰਤਾ ਨਾਲ ਨੋਟਿਸ ਲਿਆ ਹੈ।

ਉਧਰ, ਰਾਜ ਸਰਕਾਰ, ਸ਼੍ਰੋਮਣੀ ਕਮੇਟੀ ਤੇ ਸਿੱਖ ਸੰਸਥਾਵਾਂ ਦੇ ਆਗੂ ਇਸ ਤਾਜ਼ਾ ਵਿਵਾਦ ਨੂੰ ਲੈ ਕੇ ਕਾਫੀ ਚਿੰਤਤ ਹਨ। ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਦੇ ਮੀਤ ਪ੍ਰਧਾਨ ਸੰਤ ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਸਕੱਤਰ ਜਨਰਲ ਬਾਬਾ ਹਰੀ ਸਿੰਘ ਰੰਧਾਵਾ ਵਾਲੇ, ਜਨਰਲ ਸਕੱਤਰ ਬਾਬਾ ਲਖਬੀਰ ਸਿੰਘ ਰਤਵਾੜਾ ਸਾਹਿਬ ਵਾਲੇ ਤੇ ਬਾਬਾ ਸੁਖਚੈਨ ਸਿੰਘ ਧਰਮਪੁਰਾ ਨੇ ਗਿਆਨੀ ਬਲਵੰਤ ਸਿੰਘ ਨੰਦਗੜ੍ਹ 'ਤੇ ਜੁਆਬੀ ਹਮਲਾ ਕਰਦਿਆਂ ਜਥੇਦਾਰ ਵੱਲੋਂ ਦਿੱਤੇ ਬਿਆਨ ਨੂੰ ਪੰਥ ਵਿਚ ਅਰਾਜਕਤਾ ਫੈਲਾ ਕੇ ਸਿੱਖ ਕੌਮ ਵਿਚ ਵੰਡੀਆਂ ਪਾਉਣ ਤੇ ਪੰਥ ਦੋਖੀਆਂ ਨੂੰ ਸ਼ਹਿ ਦੇਣਾ ਕਰਾਰ ਦਿਤਾ ਹੈ।ਉਨ੍ਹਾਂ ਕਿਹਾ ਕਿ ਫਤਹਿਗੜ੍ਹ ਸਾਹਿਬ ਸ਼ਹੀਦੀ ਜੋੜ ਮੇਲੇ 'ਤੇ ਅਨੰਦ ਸਾਹਿਬ ਦਾ ਪਾਠ ਨਾ ਕਰਨਾ, ਦੇਗ ਨਾ ਵਰਤਾਉਣ ਵਾਲੀ ਗੱਲ ਦਮਦਮੀ ਟਕਸਾਲ ਦੇ ਸਿਰ ਮੜ੍ਹਨ ਦਾ ਯਤਨ ਕਰਨ ਬਾਰੇ ਸਮੁੱਚੀ ਕੌਮ ਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ।

ਸੰਤ ਸਮਾਜ ਨੇ ਕਿਹਾ ਕਿ 2012 ਵਿਚ ਸ਼ਹੀਦੀ ਜੋੜ ਮੇਲੇ 'ਤੇ ਜਦੋਂ ਜਥੇਦਾਰ ਨੰਦਗੜ੍ਹ ਖ਼ੁਦ ਇਸ ਨਗਰ ਕੀਰਤਨ ਵਿਚ ਸ਼ਾਮਲ ਸਨ। ਉਸ ਸਮੇਂ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਜਸਵਿੰਦਰ ਸਿੰਘ ਨੇ ਅਨੰਦ ਸਾਹਿਬ ਦਾ ਪਾਠ ਕਰਨ ਤੋਂ ਸਾਫ਼ ਮਨਾ ਕੀਤਾ ਤੇ ਦੇਗ ਚੁਕਵਾਉਂਦਿਆਂ ਇਹ ਦਲੀਲ ਦਿੱਤੀ ਗਈ ਸੀ ਕਿ ਫਤਿਹਗੜ੍ਹ ਸਾਹਿਬ ਦੇ ਇਸ ਨਗਰ ਕੀਰਤਨ ਦੀ ਇਹ ਪ੍ਰੰਪਰਾ ਨਹੀਂ ਹੈ ਕਿਉਂਕਿ ਉਨ੍ਹਾਂ ਬਹੁਤ ਲੰਮਾ ਸਮਾਂ ਬਤੌਰ ਹੈੱਡ ਗ੍ਰੰਥੀ ਇਥੇ ਸੇਵਾ ਨਿਭਾਈ ਹੈ। ਨੰਦਗੜ੍ਹ ਸਾਹਿਬ ਕੌਮ ਨੂੰ ਜੁਆਬ ਦੇਣ ਕਿ ਉਸ ਸਮੇਂ ਅਜਿਹੀ ਕਿਹੜੀ ਮਜਬੂਰੀ ਵਿਚ ਉਹ ਚੁੱਪ ਸਨ ਤੇ ਅੱਜ ਕਿਸ ਮਜਬੂਰੀ ਵਿਚ ਸ਼ਹੀਦੀ ਜੋੜ ਮੇਲੇ ਦੇ 3 ਮਹੀਨੇ ਬੀਤਣ ਪਿਛੋਂ ਉਨ੍ਹਾਂ ਨੂੰ ਮਰਯਾਦਾ ਯਾਦ ਆ ਗਈ ਹੈ।

## ਨਾਨਕਸ਼ਾਹੀ ਕੈਲੰਡਰ ਦਾ ਵਿਵਾਦ ਨਜਿਠਿਆ ਜਾਵੇ: ਵੇਦਾਂਤੀ

**ਅੰਮ੍ਰਿਤਸਰ:** ਨਾਨਕਸ਼ਾਹੀ ਕੈਲੰਡਰ ਬਾਰੇ ਚੱਲ ਰਹੇ ਵਿਵਾਦ ਨੂੰ ਕਿਸੇ ਤਣ-ਪੱਤਣ ਲਾਉਣ ਦੀ ਗੱਲ ਕਰਦਿਆਂ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਕਿਹਾ ਕਿ ਜੇਕਰ 2003 ਵਿਚ ਜਾਰੀ ਕੀਤਾ ਗਿਆ ਨਾਨਕਸ਼ਾਹੀ ਕੈਲੰਡਰ ਗਲਤ ਹੈ ਤਾਂ ਇਸ ਨੂੰ ਬਣਾਉਣ ਵਾਲੇ, ਸਹਿਮਤੀ ਦੇਣ ਵਾਲੇ ਤੇ ਲਾਗੂ ਕਰਨ ਵਾਲਿਆਂ ਸਮੂਹ ਸ਼ਖ਼ਸੀਅਤਾਂ ਨੂੰ ਅਕਾਲ ਤਖ਼ਤ 'ਤੇ ਤਲਬ ਕਰਕੇ ਤਨਖਾਹ ਲਾਈ ਤੇ ਜੇਕਰ ਇਹ ਗ਼ਲਤ ਨਹੀਂ ਹੈ ਤਾਂ ਫਿਰ ਇਸ ਬਾਰੇ ਬੇਲੋੜਾ ਵਿਰੋਧ ਕਰਨ ਵਾਲਿਆਂ ਨੂੰ ਤਲਬ ਕੀਤਾ ਜਾਵੇ।



ਗੌਰਤਲਬ ਹੈ ਕਿ 2003 ਵਿਚ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੇ ਕਾਰਜਕਾਲ ਸਮੇਂ ਉਨ੍ਹਾਂ ਵੱਲੋਂ ਹੀ ਇਹ ਕੈਲੰਡਰ ਜਾਰੀ ਕੀਤਾ ਗਿਆ ਸੀ। ਉਸ ਵੇਲੇ ਇਹ ਕੈਲੰਡਰ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਜਾਰੀ ਕੀਤਾ ਗਿਆ ਸੀ ਤੇ ਕੈਲੰਡਰ ਜਾਰੀ ਕਰਨ ਸਮੇਂ ਉਸ ਵੇਲੇ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਬਚਨ ਸਿੰਘ, ਕੈਲੰਡਰ ਨੂੰ ਤਿਆਰ ਕਰਨ ਵਾਲੇ ਪਾਲ ਸਿੰਘ ਪੁਰੇਵਾਲ ਤੇ ਹੋਰ ਸਮੂਹ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਸਨ।

ਇਸ ਬਾਰੇ ਮੁੜ ਉਭਰੇ ਵਿਵਾਦ ਬਾਰੇ ਗੱਲ ਕਰਦਿਆਂ ਸਾਬਕਾ ਜਥੇਦਾਰ ਵੇਦਾਂਤੀ ਨੇ ਕਿਹਾ ਕਿ ਕੈਲੰਡਰ ਦੀ ਤਿਆਰੀ 1999 ਵਿਚ ਸ਼ੁਰੂ ਹੋ ਗਈ ਸੀ। ਉਨ੍ਹਾਂ ਵੇਲੇ ਜਦੋਂ ਇਹ ਮਾਮਲਾ ਅਕਾਲ ਤਖ਼ਤ 'ਤੇ ਆਇਆ ਤਾਂ ਇਸ ਬਾਰੇ 11 ਮੈਂਬਰੀ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਨੇ ਕੈਲੰਡਰ ਦੀ ਲੋੜ ਤੇ ਕੈਲੰਡਰ ਨੂੰ ਠੀਕ ਕਰਾਰ ਦਿੱਤਾ। ਇਸ ਕਮੇਟੀ ਦੀ ਰਿਪੋਰਟ ਆਉਣ ਮਗਰੋਂ ਸ਼੍ਰੋਮਣੀ ਕਮੇਟੀ ਨੂੰ ਸਿੱਖ ਸੰਸਥਾਵਾਂ ਨਾਲ ਵਿਚਾਰ ਕਰਨ ਲਈ ਆਖਿਆ ਗਿਆ ਤੇ ਇਸ ਬਾਰੇ ਰਾਏ ਵੀ ਲਈ ਗਈ। ਉਨ੍ਹਾਂ ਦੱਸਿਆ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਨੁਮਾਇੰਦਿਆਂ ਦੀ ਰਾਏ ਲੈਣ ਲਈ ਉਹ ਖ਼ੁਦ ਉਥੇ ਗਏ ਸਨ ਤੇ ਉਨ੍ਹਾਂ ਨਾਲ ਇਸ ਬਾਰੇ ਵਿਚਾਰ ਚਰਚਾ ਵੀ ਕੀਤੀ ਸੀ।

## ਤਖਤ ਹਜ਼ੂਰ ਸਾਹਿਬ ਦੀ ਨਵੀਂ ਕਮੇਟੀ ਕਾਇਮ

**ਅੰਮ੍ਰਿਤਸਰ:** ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਗੁਰਦੁਆਰਾ ਤਖ਼ਤ ਸੱਚਖੰਡ ਬੋਰਡ ਦੀ ਪ੍ਰਬੰਧਕੀ ਕਮੇਟੀ ਦਾ ਮਹਾਰਾਸ਼ਟਰ ਸਰਕਾਰ ਵੱਲੋਂ ਗਠਨ ਕਰਦਿਆਂ ਇਸ ਬਾਰੇ ਨੋਟੀਫਿਕੇਸ਼ਨ ਗੁਰਦੁਆਰਾ ਬੋਰਡ ਦਫ਼ਤਰ ਵਿਚ ਭੇਜ ਦਿੱਤਾ ਗਿਆ। ਨਵੀਂ ਬਣਨ ਵਾਲੀ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਤੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਨੂੰ ਵੀ ਮੈਂਬਰ ਵਜੋਂ ਲਿਆ ਗਿਆ ਹੈ ਜਦਕਿ ਨਵੀਂ ਕਮੇਟੀ ਦੇ ਪ੍ਰਸ਼ਾਸਕ ਵਜੋਂ ਆਈ.ਏ.ਐਸ. ਅਧਿਕਾਰੀ ਵਿਜੈ ਸਤਬੀਰ ਸਿੰਘ ਨਿਯੁਕਤ ਕੀਤੇ ਗਏ ਹਨ।

ਪਹਿਲੀ ਵਾਰੀ ਸੂਬਾ ਸਰਕਾਰ ਵੱਲੋਂ ਬਣਾਈ ਗਈ 22 ਮੈਂਬਰੀ ਨਵੀਂ ਕਮੇਟੀ ਵਿਚ ਜ਼ਿਲ੍ਹਾ ਅਧਿਕਾਰੀ ਧੀਰਜ ਕੁਮਾਰ ਤੋਂ ਇਲਾਵਾ ਨਾਂਦੇੜ ਦੇ ਸਾਬਕਾ ਮੇਅਰ ਬਲਵੰਤ ਸਿੰਘ ਗੱਡੀ ਵਾਲੇ, ਰਵਿੰਦਰ ਸਿੰਘ ਬੁੰਗਈ (ਨਾਂਦੇੜ), ਸੁਖਦੇਵ ਸਿੰਘ ਹੁੰਦਲ (ਨਾਂਦੇੜ), ਕੁਲਵੰਤ ਸਿੰਘ ਕੋਹਲੀ (ਮੁੰਬਈ), ਜਰਨੈਲ ਸਿੰਘ (ਨਾਂਦੇੜ), ਨੌਨਿਹਾਲ ਸਿੰਘ (ਨਾਂਦੇੜ), ਇੰਦਰਪਾਲ ਸਿੰਘ (ਮੁੰਬਈ), ਸ਼ੇਰ ਸਿੰਘ (ਨਾਂਦੇੜ), ਰਜਿੰਦਰ ਸਿੰਘ (ਨਾਂਦੇੜ), ਗੁਰਮੀਤ ਸਿੰਘ (ਨਾਂਦੇੜ), ਦਲਜੀਤ ਸਿੰਘ (ਹੈਦਰਾਬਾਦ), ਗੁਰਦੀਪ ਸਿੰਘ ਭਾਟੀਆ (ਇੰਦੌਰ), ਗੁਰਿੰਦਰ ਸਿੰਘ ਬਾਵਾ (ਮੁੰਬਈ), ਭੁਪਿੰਦਰ ਸਿੰਘ ਮਿਨਹਾਸ (ਮੁੰਬਈ), ਗੁਰਚਰਨ ਸਿੰਘ ਨਾਂਦੇੜ, ਸੁਰਿੰਦਰ ਸਿੰਘ ਨਾਂਦੇੜ, ਗੁਲਾਬ ਸਿੰਘ ਨਾਂਦੇੜ, ਰਣਜੀਤ ਸਿੰਘ ਨਾਂਦੇੜ ਸ਼ਾਮਲ ਹਨ।

ਸ੍ਰੀ ਹਜ਼ੂਰ ਸਾਹਿਬ ਤੋਂ ਜਾਣਕਾਰੀ ਦਿੰਦਿਆਂ ਸੁਖਦੇਵ ਸਿੰਘ ਹੁੰਦਲ ਨੇ ਦੱਸਿਆ ਕਿ ਕਮੇਟੀ ਦੇ ਨੋਟੀਫਿਕੇਸ਼ਨ ਉਪਰੰਤ ਸਥਾਨਕ ਮੈਂਬਰਾਂ ਵੱਲੋਂ ਸੱਚਖੰਡ ਹਜ਼ੂਰ ਸਾਹਿਬ ਵਿਖੇ ਸਮੂਹਿਕ ਰੂਪ ਵਿਚ ਨਤਮਸਤਕ ਹੋਣ ਉਪਰੰਤ ਅਰਦਾਸ ਕੀਤੀ। ਇਸ ਮੌਕੇ ਤਖ਼ਤ ਸੱਚਖੰਡ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਵੱਲੋਂ ਸਮੂਹ ਮੈਂਬਰਾਂ ਨੂੰ ਗੁਰੂ ਦੀ ਬਖ਼ਸ਼ਿਸ਼ ਸਿਰੋਪਾਓ ਤੇ ਸ਼ਾਲ ਦੇ ਕੇ ਸਨਮਾਨਤ ਕੀਤਾ ਗਿਆ। ਇਸ ਨਵੀਂ ਬਣੀ ਕਮੇਟੀ ਵਿਚ ਸਥਾਨਕ ਪੱਧਰ ਦੇ ਕਾਂਗਰਸ ਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਆਗੂਆਂ ਨੂੰ ਸ਼ਾਮਲ ਕਰਨ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਤੇ ਆਂਧਰਾ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਦੇ ਸਿੱਖਾਂ ਦੇ ਨੁਮਾਇੰਦੇ ਵੀ ਸ਼ਾਮਲ ਹਨ।

## ਲੰਗਰ ਹਾਲ ਦੀ ਉਸਾਰੀ ਬਾਰੇ ਕੰਪਨੀ ਨੂੰ ਵਿਸ਼ੇਸ਼ ਹਦਾਇਤਾਂ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਰੋਸਾ ਦਵਾਇਆ ਹੈ ਕਿ ਉਹ ਲੰਗਰ ਸ੍ਰੀ ਗੁਰੂ ਰਾਮਦਾਸ ਦੀ ਇਮਾਰਤ ਦੀ ਉਸਾਰੀ ਸਮੇਂ ਪੰਥਕ ਭਾਵਨਾਵਾਂ ਤੇ ਮਰਿਆਦਾ ਨੂੰ ਯਕੀਨੀ ਬਣਾਏਗੀ। ਇਸ ਬਾਰੇ ਲੰਗਰ ਇਮਾਰਤ ਦੀ ਉਸਾਰੀ ਕਰਵਾ ਰਹੀ ਐਸ.ਐਸ. ਕੰਸਟਰੱਕਸ਼ਨ ਕੰਪਨੀ (ਚੰਡੀਗੜ੍ਹ) ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਆਪਣੇ ਇੰਜਨੀਅਰ ਤੇ ਕੰਮ ਕਰਨ ਵਾਲੇ ਆਦਮੀਆਂ ਨੂੰ ਸਿੱਖ ਭਾਵਨਾਵਾਂ ਤੇ ਮਰਿਆਦਾ ਦਾ ਖਾਸ ਖਿਆਲ ਰੱਖਣ ਲਈ ਕਹਿਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਢਾਡੀ ਤੇ ਕਵੀਸ਼ਰ ਸ਼੍ਰੋਮਣੀ ਕਮੇਟੀ ਤੇ ਪੰਥ ਦਾ ਅਨਿੱਖੜਵਾਂ ਅੰਗ ਹਨ। ਢਾਡੀ ਸਭਾ ਦੇ ਪ੍ਰਧਾਨ ਬਲਦੇਵ ਸਿੰਘ ਐਮ.ਏ. ਨੇ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਹੈ ਕਿ ਲੰਗਰ ਦੇ ਨਿਰਮਾਣ ਲਈ ਉਸਾਰੀ ਕਰਵਾ ਰਹੀ ਕੰਪਨੀ ਵੱਲੋਂ ਲਾਏ ਗਏ ਕੁਝ ਕਾਮਿਆਂ ਨੂੰ ਸਿੱਖ ਧਰਮ ਬਾਰੇ ਗਿਆਨ ਨਹੀਂ ਤੇ ਉਹ ਕੰਮ ਕਰਦੇ ਸਮੇਂ ਸਿੱਖ ਭਾਵਨਾਵਾਂ ਤੇ ਮਰਿਆਦਾ ਦਾ ਖਿਆਲ ਨਹੀਂ ਰੱਖਦੇ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਲੰਗਰ ਇਮਾਰਤ ਉਸਾਰੀ ਦੀ ਨਿਗਰਾਨੀ ਸਮੇਂ ਸਿੱਖ ਭਾਵਨਾਵਾਂ ਤੇ ਮਰਿਆਦਾ ਨੂੰ ਯਕੀਨੀ ਬਣਾਉਂਦਿਆਂ ਆਪਣੇ ਨਿਗਰਾਨ ਵੀ ਲਗਾਏਗੀ ਤਾਂ ਜੋ ਇਮਾਰਤ ਉਸਾਰੀ ਲਈ ਕੰਮ ਕਰ ਰਹੇ ਦੂਜੇ ਧਰਮਾਂ ਦੇ ਆਦਮੀਆਂ ਨੂੰ ਪੰਥਕ ਭਾਵਨਾਵਾਂ ਤੇ ਮਰਿਆਦਾ ਬਾਰੇ ਜਾਣਕਾਰੀ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਰੋਜ਼ਾਨਾ ਹੀ ਲੱਖਾਂ ਸ਼ਰਧਾਲੂ ਆਉਂਦੇ ਹਨ। ਉਨ੍ਹਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਲੰਗਰ ਇਮਾਰਤ ਦੀ ਜਲਦੀ ਉਸਾਰੀ ਕਰਵਾਉਣ ਲਈ ਐਸ.ਐਸ. ਕੰਸਟਰੱਕਸ਼ਨ ਕੰਪਨੀ ਚੰਡੀਗੜ੍ਹ ਪਾਸੋਂ ਕੰਮ ਕਰਵਾਇਆ ਜਾ ਰਿਹਾ ਹੈ।

S.G.P.C.

## ਦਿੱਲੀ ਸਰਕਾਰ ਵੀ ਭੁੱਲਰ ਦੀ ਫਾਂਸੀ ਤੁੜਵਾਉਣ ਲਈ ਨਿੱਤਰੀ

**ਨਵੀਂ ਦਿੱਲੀ:** ਦਿੱਲੀ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਮਾਨਸਿਕ ਹਾਲਤ ਦੇ ਮੱਦੇਨਜ਼ਰ ਉਪ ਰਾਜਪਾਲ ਨਜੀਬ ਜੰਗ ਉਨ੍ਹਾਂ ਦੀ ਸਜ਼ਾ-ਏ-ਮੌਤ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੀ ਸਿਫਾਰਸ਼ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਕਰ ਚੁੱਕੇ ਹਨ। ਸੁਪਰੀਮ ਕੋਰਟ ਵਿਚ ਦਿੱਲੀ ਸਰਕਾਰ ਦੇ ਗ੍ਰਹਿ ਮੰਤਰਾਲੇ ਦੀ ਪ੍ਰਿੰਸੀਪਲ ਸਕੱਤਰ ਅਰਚਨਾ ਅਰੋੜਾ ਵੱਲੋਂ ਪੇਸ਼ ਕੀਤੇ ਹਲਫਨਾਮੇ ਵਿਚ ਕਿਹਾ ਗਿਆ ਹੈ ਕਿ ਉਪ ਰਾਜਪਾਲ ਨੇ ਸਿਫਾਰਸ਼ 6 ਜਨਵਰੀ, 2014 ਨੂੰ ਕਰ ਦਿੱਤੀ ਸੀ ਤੇ ਉਹ 20 ਜਨਵਰੀ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਭੇਜ ਦਿੱਤੀ ਤਾਂ ਜੋ ਉਸ ਨੂੰ ਅੱਗੋਂ ਰਾਸ਼ਟਰਪਤੀ ਕੋਲ ਭੇਜਿਆ ਜਾ ਸਕੇ।



ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਪਤਨੀ ਨਵਨੀਤ ਕੌਰ ਵੱਲੋਂ ਪਾਈ ਗਈ ਤਾਜ਼ਾ ਪਟੀਸ਼ਨ ਦੇ ਆਧਾਰ 'ਤੇ 31 ਜਨਵਰੀ ਨੂੰ ਸੁਪਰੀਮ ਕੋਰਟ ਨੇ ਦਿੱਲੀ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਸੀ ਤੇ ਉਸ ਦੇ ਜਵਾਬ ਵਿਚ ਸਰਕਾਰ ਨੇ ਇਹ ਹਲਫਨਾਮਾ ਦਾਖਲ ਕੀਤਾ ਹੈ। ਰਾਸ਼ਟਰਪਤੀ ਨੇ ਬੀਬੀ ਨਵਨੀਤ ਕੌਰ ਦੀ ਰਹਿਮ ਦੀ ਅਪੀਲ ਤੇ ਉਪ ਰਾਜਪਾਲ ਪਾਸੋਂ ਵਿਚਾਰ ਮੰਗੇ ਸਨ। ਇਸ 'ਤੇ ਇਕ ਮੈਡੀਕਲ ਬੋਰਡ ਕਾਇਮ ਕੀਤਾ ਗਿਆ ਤੇ ਉਸ ਨੂੰ ਦਿੱਲੀ ਨੇੜੇ ਇੰਸਟੀਚਿਊਟ ਆਫ ਹਿਊਮਨ ਬੀਹੇਵੀਅਰ ਐਂਡ ਅਲਾਈਡ ਸਾਇੰਸਜ਼ ਵਿਖੇ 3 ਦਸੰਬਰ, 2013 ਨੂੰ ਭੇਜਿਆ ਗਿਆ ਜਿਥੇ ਭੁੱਲਰ ਦਾ 2010 ਤੋਂ ਇਲਾਜ ਚੱਲ ਰਿਹਾ ਹੈ। ਆਪਣੀ ਰਿਪੋਰਟ ਵਿਚ ਬੋਰਡ ਨੇ ਕਿਹਾ ਹੈ ਕਿ ਭੁੱਲਰ ਕਿਸੇ ਸੁਆਲ ਦਾ ਸਹੀ ਢੰਗ ਨਾਲ ਜੁਆਬ ਨਹੀਂ ਦੇ ਸਕੇ ਤੇ ਉਨ੍ਹਾਂ ਦੇ ਠੀਕ ਹੋਣ ਦੀ ਸੰਭਾਵਨਾ ਵੀ ਨਹੀਂ ਹੈ। ਇਸ ਰਿਪੋਰਟ ਨੂੰ ਦੇਖਣ ਮਗਰੋਂ ਉਪ ਰਾਜਪਾਲ ਨੇ ਕਿਹਾ ਕਿ ਉਨ੍ਹਾਂ ਜਦੋਂ ਭੁੱਲਰ ਦੀ ਮਾਨਸਿਕ ਸਥਿਤੀ ਬਾਰੇ ਰਿਪੋਰਟ ਪੜ੍ਹੀ ਤਾਂ ਲੱਗਿਆ ਕਿ ਇਸ ਹਾਲਤ ਵਿਚ ਕਿਸੇ ਵਿਅਕਤੀ ਨੂੰ ਸਜ਼ਾ-ਏ-ਮੌਤ ਦੇਣਾ ਮਨੁੱਖਤਾ ਤੇ ਕੁਦਰਤੀ ਨਿਆਂ ਦੇ ਖਿਲਾਫ ਹੈ। ਇਸ ਲਈ ਉਹ ਬੀਬੀ ਨਵਨੀਤ ਕੌਰ ਦੀ ਰਹਿਮ ਦੀ ਅਪੀਲ ਨੂੰ ਰੱਦ ਕਰਨ ਦੀ ਸਿਫਾਰਸ਼ ਨਹੀਂ ਕਰ ਸਕਦੇ ਤੇ ਉਨ੍ਹਾਂ ਆਪਣੇ ਵਿਚਾਰ ਰਾਸ਼ਟਰਪਤੀ ਨੂੰ ਕੇਸ ਦੇ ਨਿਬੇੜੇ ਲਈ ਭੇਜ ਦਿੱਤੇ ਹਨ।

21 ਜਨਵਰੀ ਨੂੰ ਸੁਪਰੀਮ ਕੋਰਟ ਨੇ ਭੁੱਲਰ ਦੀ ਸਜ਼ਾ-ਏ-ਮੌਤ 'ਤੇ ਰੋਕ ਲਾ ਦਿੱਤੀ ਸੀ। ਬੀਬੀ ਨਵਨੀਤ ਕੌਰ ਨੇ ਆਪਣੇ ਪਤੀ ਦੀ ਸਜ਼ਾ-ਏ-ਮੌਤ ਨੂੰ ਉਮਰ ਕੈਦ ਵਿਚ ਬਦਲਣ ਲਈ ਜਿਥੇ ਉਨ੍ਹਾਂ ਦੀ ਮਾਨਸਿਕ ਹਾਲਤ ਦਾ ਹਵਾਲਾ ਦਿੱਤਾ, ਉਥੇ ਇਹ ਵੀ ਕਿਹਾ ਕਿ ਉਨ੍ਹਾਂ ਦੇ ਪਤੀ ਦੀ ਰਹਿਮ ਦੀ ਅਪੀਲ ਉਪਰ ਫੈਸਲਾ ਕਰਨ ਲਈ ਅੱਠ ਸਾਲ ਲਾ ਦਿੱਤੇ ਗਏ। ਪ੍ਰੋ. ਭੁੱਲਰ ਨੂੰ ਸਤੰਬਰ 1993 ਵਿਚ ਕੀਤੇ ਬੰਬ ਧਮਾਕੇ ਵਿਚ 9 ਵਿਅਕਤੀਆਂ ਦੀਆਂ ਜਾਨਾਂ ਲੈਣ ਤੇ 25 ਨੂੰ ਜ਼ਖਮੀ ਕਰਨ ਦੇ ਦੋਸ਼ ਵਿਚ ਸਜ਼ਾ-ਏ-ਮੌਤ ਸੁਣਾਈ ਗਈ ਸੀ। ਹਮਲੇ ਵਿਚ ਤਤਕਾਲੀ ਯੂਥ ਕਾਂਗਰਸ ਦੇ ਮੁਖੀ ਮਨਿੰਦਰਜੀਤ ਸਿੰਘ ਬਿੱਟਾ ਵੀ ਫੱਟੜ ਹੋ ਗਏ ਸਨ।

## ਜਸਪਿੰਦਰ ਨਰੂਲਾ ਆਮ ਆਦਮੀ ਪਾਰਟੀ 'ਚ ਸ਼ਾਮਲ

**ਨਵੀਂ ਦਿੱਲੀ (ਬਿਊਰੋ):** ਬਾਲੀਵੁੱਡ ਅਤੇ ਪੰਜਾਬੀ ਗਾਇਕਾ ਜਸਪਿੰਦਰ ਨਰੂਲਾ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਈ ਹੈ। ਮਸ਼ਹੂਰ ਗਾਇਕਾ ਜਸਪਿੰਦਰ ਨਰੂਲਾ 1999 ਵਿਚ ਆਪਣੇ ਗੀਤ 'ਪਿਆਰ ਤੋ ਹੋਨਾ ਹੀ ਥਾ' ਲਈ ਫ਼ਿਲਮ ਫੇਅਰ ਦਾ ਸਰਵੋਤਮ ਪਿੱਠਵਰਤੀ ਗਾਇਕਾ ਦਾ ਪੁਰਸਕਾਰ ਜਿੱਤ ਚੁੱਕੀ ਹੈ।

ਪਾਰਟੀ ਵਿਚ ਸ਼ਾਮਲ ਹੋਣ ਦਾ ਸਵਾਗਤ ਕਰਦਿਆਂ ਆਮ ਆਦਮੀ ਪਾਰਟੀ ਦੇ ਇਕ ਆਗੂ ਸੰਜੇ ਸਿੰਘ ਨੇ ਕਿਹਾ ਕਿ ਜਸਪਿੰਦਰ ਨਰੂਲਾ ਪੰਜਾਬ ਵਿਚ ਆਮ ਆਦਮੀ ਪਾਰਟੀ ਦੇ ਆਧਾਰ ਨੂੰ ਮਜ਼ਬੂਤ ਕਰਨਗੇ।

# ਛਿੱਤਰ ਦੀ ਢਹਿੰਦੀ ਕਲਾ

*ਨਿਰੁਕਤੀ ਜਾਂ ਨਿਰੁਕਤ-ਸ਼ਾਸਤਰ ਉਹ ਵਿਸ਼ਾ ਹੈ ਜਿਸ ਅਧੀਨ ਅਸੀਂ ਕਿਸੇ ਸ਼ਬਦ ਦਾ ਮੁਢਲਾ ਰੂਪ ਤੇ ਇਸ ਦੇ ਪਸਾਰ ਦੀ ਖੋਜ ਕਰਦੇ ਹਾਂ। ਇਸ ਵਿਚ ਕਈ ਨੇਮਾਂ ਤੋਂ ਇਲਾਵਾ ਅਨੁਮਾਨ ਤੋਂ ਵੀ ਕੰਮ ਲਿਆ ਜਾਂਦਾ ਹੈ। ਨਵੇਂ ਤੱਥਾਂ ਜਾਂ ਵਧੇਰੇ ਤਰਕਸ਼ੀਲ ਅਨੁਮਾਨਾਂ ਦੀ ਰੋਸ਼ਨੀ ਵਿਚ ਇਸ ਦੇ ਨਤੀਜੇ ਨਿਰੰਤਰ ਅਪਡੇਟ ਕਰਨੇ ਪੈਂਦੇ ਹਨ। ਕੁਝ ਸਮਾਂ ਪਹਿਲਾਂ ਅਸੀਂ 'ਛਿੱਤਰ' ਸ਼ਬਦ ਬਾਰੇ ਲਿਖਿਆ ਸੀ। ਪਰ ਹੁਣ ਮੈਨੂੰ ਉਹ ਤਸੱਲੀਬਖਸ਼ ਨਹੀਂ ਲੱਗਾ। ਇਸ ਦੇ ਧਾਤੂ ਬਾਰੇ ਪੁਨਰ-ਵਿਚਾਰ ਕੀਤਾ ਤਾਂ ਕਹਾਣੀ ਹੋਰ ਲੱਗੀ। ਇਸ ਲਈ ਇਸ ਨੂੰ ਨਵੇਂ ਰੂਪ ਵਿਚ ਪੇਸ਼ ਕਰ ਰਿਹਾ ਹਾਂ। -ਲੇਖਕ*

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-259-9353

ਜੇ ਮੇਰੀ ਕਿਸੇ ਬੱਜਰ ਗਲਤੀ ਕਾਰਨ ਕੋਈ ਸੂਟਿਡ-ਬੂਟਿਡ ਬੰਦਾ ਮੈਨੂੰ ਧਮਕੀ ਦੇਵੇ, "ਛਿੱਤਰ ਲਾਵਾਂਗਾ ਤੇਰੇ!" ਤਾਂ ਮੈਂ ਉਸ ਨੂੰ ਫੱਟ ਜਵਾਬ ਦੇਵਾਂਗਾ, "ਲਾ ਕੇ ਦਿਖਾਲ, ਤੇਰੇ ਕੋਲ ਛਿੱਤਰ ਹੈ ਹੀ ਨਹੀ।" ਉਹ ਭਾਵੇਂ ਮੈਨੂੰ ਆਪਣੇ ਬੂਟ ਦੀ ਨੋਕ ਦਿਖਾਲਣ ਲੱਗ ਪਵੇ ਪਰ ਬੂਟ ਛਿੱਤਰ ਨਹੀਂ ਹਨ। ਹਾਂ, ਇਹ ਸੱਚਾਈ ਜ਼ਰੂਰ ਹੈ ਕਿ ਅੱਜ ਕੱਲ੍ਹ ਖੜਕ-ਮੱਸਿਆ ਹਰ ਤਰ੍ਹਾਂ ਦੇ ਬੂਟਾਂ, ਚੱਪਲਾਂ, ਸੈਂਡਲਾਂ ਜਾਂ ਪੈਰ ਵਿਚ ਕਿਸੇ ਵੀ ਅੜਾਉਣ ਵਾਲੀ ਸ਼ੈਅ ਨਾਲ ਕਰ ਦਿੱਤੀ ਜਾਂਦੀ ਹੈ। ਛਿੱਤਰ ਫੇਰਨ ਵਾਲਾ ਬੰਦਾ ਉਚੇ ਜੋੜਾਂ ਤੇ ਵਧੀਆ ਜੋੜਿਆਂ ਵਾਲਾ ਹੁੰਦਾ ਹੈ, ਉਸ ਦੇ ਸ਼ੂਅਰੈਕ ਵਿਚ ਘਿਸਿਆਰੇ ਛਿੱਤਰ ਹੁੰਦੇ ਹੀ ਕਿਥੇ ਹਨ। ਨਾਲੇ ਹੁਣ ਤਾਂ ਪੁਲਿਸ ਵੀ ਅਕਸਰ ਹੀ ਮੁਜਰਮਾਂ ਦੀ ਛਿੱਤਰ-ਪਰੇਡ ਕਰਦੀ ਹੈ। ਕਈ ਫਿਟ-ਲਾਹਣਤੀਆਂ ਦਾ 'ਸੌ ਛਿੱਤਰ ਪੈਣ ਇਹੋ ਜਿਹੇ ਦੇ' ਗਾਲ ਸੁਣ ਕੇ ਹੀ ਛੁਟਕਾਰਾ ਹੋ ਜਾਦਾ ਹੈ, ਕਈਆਂ ਨੂੰ ਸਿਰਫ ਛਿੱਤਰ ਦਿਖਾਲੇ ਹੀ ਜਾਂਦੇ ਹਨ, ਕਈਆਂ 'ਤੇ ਚੁੱਕ ਲਏ ਜਾਂਦੇ ਹਨ, ਕਈ ਹੋਰਨਾਂ ਦੇ ਭੇਂਅ ਭੇਂਅ ਕੇ ਵਜਾਏ ਜਾਂਦੇ ਹਨ। ਮਜਨੂੰਆਂ, ਪਖੰਡੀ ਸਾਧਾਂ, ਚਰੋਟਿਆਂ, ਇਥੋਂ ਤੱਕ ਕਿ ਹੁਣ ਤਾਂ ਸਿਆਸਤਦਾਨਾਂ ਦੀ ਵੀ ਅਕਸਰ ਹੀ ਛਿਤਰ-ਪੌਲਾ ਹੁੰਦੀ ਰਹਿੰਦੀ ਹੈ। ਘੋਰ ਬੇਸ਼ਰਮਾਂ ਦੇ ਛਿਤਰੌਲ ਫਿਰਦੇ ਹਨ। ਸਭ ਤੋ ਵਧ ਜ਼ਲਾਲਤ ਉਨ੍ਹਾਂ ਦੀ ਹੁੰਦੀ ਹੈ ਜੋ ਸੌ ਛਿੱਤਰ ਵੀ ਖਾਂਦੇ ਹਨ, ਸੌ ਗੰਢੇ ਵੀ ਪਰ ਮੁੜ ਦੰਡ ਦੇ ਭਾਗੀ ਬਣੇ ਰਹਿੰਦੇ ਹਨ।

ਕਿਸੇ ਦੀ ਸ਼ਾਬਦਿਕ ਲਾਹ ਪਾਹ ਦੇ ਭਾਵ ਦਰਸਾਉਣ ਲਈ ਵੀ 'ਉਸ ਦੇ ਖੂਬ ਛਿੱਤਰ ਪਏ' ਮੁਹਾਵਰਾ ਵਰਤ ਲਿਆ ਜਾਂਦਾ ਹੈ। ਜ਼ਰਾ ਸੋਚਿਆ ਜਾਵੇ, ਕੀ ਛਿੱਤਰ ਕਿਸੇ ਦੇ ਮਾਰਨ ਲਈ ਹੀ ਰੱਖੇ ਹੋਏ ਹਨ, ਹੋਰ ਕਿਸੇ ਕੰਮ ਦੇ ਨਹੀ? ਸਪਾਟ ਸ਼ਬਦਾਂ ਵਿਚ, ਕੀ ਛਿੱਤਰ ਸ਼ਬਦ ਮਾਰਨ ਵਾਲੀ ਜੁੱਤੀ ਲਈ ਹੀ ਵਰਤਿਆ ਜਾਦਾ ਹੈ? ਪੈਰੀ ਜੁੱਤੀ ਪਾਉਣ ਲੱਗੇ ਅਸੀਂ ਕਿਉਂ ਨਹੀਂ ਕਹਿੰਦੇ, "ਲਿਆਈਂ ਭਾਗਵਾਨੇ ਮੇਰੇ ਛਿੱਤਰ।" ਕੀ ਸਾਡਾ ਸਮਾਜ ਏਨਾ ਐਸ਼ਪ੍ਰਸਤ ਹੋ ਗਿਆ ਹੈ ਕਿ ਮਾਰਨ ਲਈ ਹੋਰ ਤੇ ਪਹਿਨਣ ਲਈ ਹੋਰ ਚਰਨਦਾਸੀਆਂ ਰੱਖਦਾ ਫਿਰਦਾ ਹੈ?

ਅਸਲ ਵਿਚ ਛਿੱਤਰ ਸ਼ਬਦ ਕਿਸੇ ਜ਼ਮਾਨੇ ਵਿਚ ਆਮ ਜੁੱਤੀ ਲਈ ਹੀ ਵਰਤਿਆ ਜਾਂਦਾ ਸੀ ਪਰ ਹੌਲੀ ਹੌਲੀ ਇਸ ਦੇ ਅਰਥ ਪਤਿਤ ਹੋ ਗਏ ਤੇ ਇਹ ਸਾਬਤ ਜੁੱਤੀ ਤੋਂ ਅਜਿਹੀ ਜੁੱਤੀ ਦੇ ਅਰਥਾਂ ਦਾ ਧਾਰਨੀ ਬਣ ਗਿਆ ਜਿਸ ਵਿਚ ਛੇਕ ਹੀ ਛੇਕ ਹੋਣ। ਇਸ ਗੱਲ ਦਾ ਸਬੂਤ ਹੈ, 'ਟੁੱਟੇ ਹੋਏ ਛਿੱਤਰ' ਵਾਕੰਸ਼। ਕੋਈ ਕਿਸੇ ਝਗੜੇ ਆਦਿ ਦਾ ਬਹੁਤਾ ਹੀ ਵਾਧਾ ਕਰੇ ਤਾਂ ਅਸੀਂ ਆਖ ਦਿੰਦੇ ਹਾਂ ਕਿ ਉਹ ਤਾਂ ਟੁੱਟੇ ਛਿੱਤਰ ਵਾਂਗ ਵਧੀ ਹੀ ਜਾਂਦਾ ਹੈ। ਸਮਾਂ ਪਾ ਕੇ ਇਸ ਵਾਕੰਸ਼ ਤੋਂ ਟੁੱਟਾ ਸ਼ਬਦ ਟੁੱਟ ਗਿਆ ਤੇ ਛਿੱਤਰ ਆਪਣੇ ਆਪ ਵਿਚ ਹੀ ਟੁੱਟੀ ਜਾਂ ਛੇਕਾਂ ਵਾਲੀ ਜੁੱਤੀ ਦਾ ਅਰਥਾਵਾਂ ਬਣ ਗਿਆ। ਅਜਿਹੀ ਜੁੱਤੀ ਤੋਂ ਹੋਰ ਤਾਂ ਕੋਈ ਕੰਮ ਲਿਆ ਨਹੀਂ ਜਾ ਸਕਦਾ, ਇਹ ਮਾਰਨ ਦੇ ਹੀ ਕੰਮ ਆ ਸਕਦੀ ਹੈ। ਦਰਅਸਲ ਭਾਵੇਂ ਆਮ ਜੁੱਤੀ ਹੀ ਮਾਰੀ ਜਾਂਦੀ ਹੈ ਪਰ ਇਸ ਦੀ ਟੁੱਟੇ ਛਿੱਤਰ ਵਜੋਂ ਕਲਪਨਾ ਕਰਕੇ। ਕਿਸੇ ਨੂੰ ਲਾਹਣਤ ਪਾਉਣੀ ਹੋਵੇ, ਉਸ ਦੇ ਸਿਰ 'ਤੇ ਪੈਰਾਂ ਚ ਪਾਉਣ ਵਾਲੀ ਚੀਜ਼ ਮਾਰੋ ਤੇ ਮਾਰੋ ਵੀ ਉਹ ਜੁੱਤੀ ਜੋ ਨਖਿਧ ਹੋਵੇ, ਜੋ ਪਾ ਪਾ ਕੇ ਹੰਢਾਈ, ਚਿੱਬਿਆਈ, ਠਿੱਬਿਆਈ, ਘਸਾਈ ਤੇ ਫਿਰ ਛੇਕੋ-ਛੇਕ ਕਰਕੇ ਕੋਠੜੀ 'ਚ ਸਿੱਟ-ਪਸਿੱਟੀ ਕੀਤੀ ਹੋਈ ਹੋਵੇ। ਕੌਣ ਨਹੀਂ ਜਾਣਦਾ ਕਿ ਜੇ ਪਹਿਨਣਯੋਗ ਜੁੱਤੀ ਨਾਲ ਕਿਸੇ ਦੀ ਭੁਗਤ ਸਵਾਰੀ ਜਾਵੇ ਤਾਂ ਲਗਾਤਾਰ ਚੁਭਦੀਆਂ ਤੇ ਖੁਭਦੀਆਂ ਹੱਡੀਆਂ ਕਾਰਨ ਇਹ ਜ਼ਾਰ ਜ਼ਾਰ ਹੋ ਕੇ ਛਿੱਤਰ ਹੀ ਬਣ ਜਾਵੇਗੀ। ਭਲਾ ਕੌਣ ਅਜਿਹਾ ਘਾਟੇਵੰਦ ਸੌਦਾ ਕਰੇਗਾ?



ਜਿਸ ਤਨ ਲਾਗੇ ਸੋ ਤਨ ਜਾਣੇ ਦੇ ਮਹਾਵਾਕ ਅਨੁਸਾਰ ਸਮੇਂ ਦੇ ਬੀਤਣ ਨਾਲ ਛਿੱਤਰ ਖਾਣ ਵਾਲਾ ਵੀ ਕੌੜ ਖਾਣ ਲੱਗ ਪਿਆ। ਉਹ ਮੁਕਾਬਲੇ ਵਿਚ ਅੜਨ ਲੱਗ ਗਿਆ, ਉਸ ਨੇ ਬਰਾਬਰ ਦੀ ਜੁੱਤੀ ਚੱਕ ਲਈ। ਅਜਿਹੀ ਸਥਿਤੀ ਲਈ ਸਾਡੇ ਤਰਸਭਾਵੀ ਸਮਾਜ ਨੇ ਸ਼ਰਮੋਂ-ਕੁਸ਼ਰਮੀਂ ਸ਼ਬਦ ਯੁਗਮ ਘੜ ਲਿਆ, ਛਿੱਤਰੋ-ਛਿੱਤਰੀ ਅਰਥਾਤ ਪਹਿਲੇ ਨੇ ਦੂਜੇ ਦੇ ਜੁੱਤੀਆ ਮਾਰੀਆਂ ਤੇ ਦੂਜੇ ਨੇ ਪਹਿਲੇ ਦੇ। ਮਾਰੂ ਹਥਿਆਰਾਂ ਦੀ ਗੈਰਹਾਜ਼ਰੀ ਵਿਚ ਇਹ ਲੜਾਈ ਦੀ ਇੰਤਹਾ ਹੈ ਜਿਸ ਨੂੰ ਹਿੰਦੀਨੁਮਾ ਪੰਜਾਬੀ ਵਿਚ 'ਘਾਤਕ ਸ਼ਸਤਰਾਂ ਦੀ ਅਣਉਪਸਥਿਤੀ ਵਿਚ ਇਹ ਭਿੜੰਤ ਦੀ ਚਰਮ ਸੀਮਾ ਹੈ' ਕਿਹਾ ਜਾ ਸਕਦਾ ਹੈ।

ਚਲੋ, ਟੁੱਟੇ ਛਿੱਤਰ ਵਾਂਗ ਗੱਲ ਦਾ ਕੀ ਵਧਾਉਣਾ, ਇਸ ਦੇ ਅਰਥ ਵਿਨਾਸ਼ ਵੱਲ ਝਾਤੀ ਮਾਰੀਏ। ਕੁਝ ਨਿਰੁਕਤਕਾਰਾਂ ਦਾ ਵਿਚਾਰ ਹੈ ਕਿ ਛਿੱਤਰ ਸ਼ਬਦ ਦਾ ਧਾਤੂ 'ਛਿਦ' ਹੈ ਜਿਸ ਦਾ ਅਰਥ ਕੱਟਣਾ, ਪਾੜਨਾ, ਲਾਪਰਨਾ, ਛੇਕ ਕਰਨਾ ਆਦਿ ਹੈ। ਸਪੱਸ਼ਟ ਹੈ ਕਿ ਛਿੱਤਰ ਨੂੰ ਟੁੱਟੀ, ਛੇਕਾਂ ਵਾਲੀ ਵਸਤੂ ਸਮਝ ਕੇ ਇਸ ਸ਼ਬਦ ਦਾ ਇਸ ਧਾਤੂ ਨਾਲ ਨਾਤਾ ਜੋੜਿਆ ਗਿਆ ਹੈ। ਪਰ ਅਸਲ ਵਿਚ ਅਜਿਹਾ ਨਹੀਂ ਹੈ। ਛਿੱਤਰ ਦਾ ਕਿਸੇ ਵੇਲੇ ਆਪਣੇ ਆਪ ਵਿਚ ਸਾਬਤ ਸਬੂਤ ਜੁੱਤੀ ਦਾ ਰੁਤਬਾ ਸੀ। ਛਿੱਤਰ ਸ਼ਬਦ ਦਾ ਪ੍ਰਾਕਿਰਤ ਰੂਪ 'ਛਿਤਰੂ' ਹੈ। ਬਹੁਤ ਸਾਰੇ ਸ੍ਰੋਤਾਂ ਨੇ ਇਸ ਦਾ ਮੂਲ ਸੰਸਕ੍ਰਿਤ 'ਛਦ' ਦੱਸਿਆ ਹੈ ਜਿਸ ਦਾ ਭਾਵ ਢਕਣਾ, ਕੱਜਣਾ, ਲਪੇਟਣਾ, ਸੁਰੱਖਿਆ ਦੇਣਾ ਆਦਿ ਹੁੰਦਾ ਹੈ। ਛਿੱਤਰ ਜਾਂ ਜੁੱਤੀ ਕੀ ਹੈ? ਇਹ ਚਮੜੇ ਆਦਿ ਦਾ ਇਕ ਅਜਿਹਾ ਲਿਬਾਸ ਹੈ ਜੋ ਸਾਡੇ ਪੈਰਾਂ ਨੂੰ ਢਕਦਾ ਹੈ, ਲਪੇਟਦਾ ਹੈ ਅਤੇ ਇਨ੍ਹਾਂ ਨੂੰ ਮੌਸਮ ਜਾਂ ਧਰਤੀ ਦੀ ਕਰੜਾਈ ਤੋਂ ਬਚਾਉਂਦਾ ਹੈ। ਛਿੱਤਰ ਦੀ ਢਹਿੰਦੀ ਕਲਾ ਦੇਖੋ, ਬੰਦੇ ਦੇ ਪੈਰਾਂ ਨੂੰ ਬਚਾਉਣ ਦੇ ਸਾਧਨ ਤੋਂ ਚਲ ਕੇ ਇਹ ਬੰਦੇ ਦਾ ਮਾੜ੍ਹ ਪੋਲਾ ਕਰਨ ਦਾ ਹਥਿਆਰ ਬਣ ਗਿਆ ਹੈ।

ਖੈਰ, 'ਛਦ' ਧਾਤੂ ਤੋਂ ਹੋਰ ਕਈ ਜਾਣੇ ਪਛਾਣੇ ਸ਼ਬਦਾਂ ਦੀ ਉਤਪਤੀ ਹੋਈ ਹੈ ਜਿਨ੍ਹਾਂ ਵਿਚ ਢਕਣ ਦੇ ਭਾਵ ਹਨ। ਇਨ੍ਹਾਂ ਵਿਚੋਂ ਸਭ ਤੋਂ ਅਹਿਮ ਹੈ, ਚਾਦਰ। ਗੁਰਬਾਣੀ ਵਿਚ ਛਾਦਨ ਅਤੇ ਛਾਦਿ ਸ਼ਬਦ ਵਸਤਰ ਲਈ ਵਰਤੇ ਗਏ ਹਨ। ਇਨ੍ਹਾਂ ਤੋਂ ਇਲਾਵਾ ਛੱਤ, ਛੱਤਣਾ, ਛਤੜਾ, ਛੰਨ, ਛੱਪਰ, ਛਤੀਰੀ, ਛੱਤਾ, ਛਤਰੀ, ਛੱਤਰਪਤੀ ਆਦਿ ਸ਼ਬਦ ਵੀ 'ਛਦ' ਧਾਤੂ ਦੇ ਢਕਣ, ਕੱਜਣ ਆਦਿ ਦੇ ਭਾਵਾਂ ਨਾਲ ਮੇਲ ਖਾਂਦੇ ਹਨ। ਬਹੁਤ ਸਾਰੇ ਸ਼ਬਦਾਂ ਦੀ ਫਿਰ ਕਦੇ ਚਰਚਾ ਕਰਾਂਗੇ।

ਬੋਲ ਚਾਲ ਦੀ ਭਾਸ਼ਾ ਵਿਚ ਦਰਵਾਜ਼ੇ ਤਾਕੀਆਂ ਨੂੰ ਲਾਉਣ ਵਾਲੀ ਇਕ ਕਿਸਮ ਦੀ ਕੁੰਡੀ ਦਾ ਨਾਂ ਹੀ ਛਿੱਤਰ-ਕੁੰਡੀ ਚੱਲ ਪਿਆ ਹੈ। ਇਸ ਚਿਟਕਣੀ ਦੇ ਆਧਾਰ ਦੀ ਸ਼ਕਲ ਜੁੱਤੀ ਨਾਲ ਮਿਲਦੀ ਹੁੰਦੀ ਹੈ। ਸ਼ਾਇਦ ਇਹ ਸ਼ਬਦ ਤਰਖਾਣ ਭਰਾਵਾਂ ਨੇ ਘੜਿਆ ਹੈ। ਕਈ ਬੰਦਿਆਂ ਦੇ ਨਾਂ ਛਿੱਤਰ ਮੱਲ, ਛਿੱਤਰ ਸਿੰਘ ਮਿਲਦੇ ਹਨ। ਸੁਖਾਂ-ਲੱਧੇ ਬੱਚੇ ਨੂੰ ਈਰਖਾਲੂ ਨਜ਼ਰਾਂ ਤੋ ਬਚਾਉਣ ਲਈ ਅਜਿਹੇ ਨਾਂ ਰੱਖੇ ਜਾਂਦੇ ਹਨ। ਇਸੇ ਮੰਤਵ ਅਧੀਨ ਨਜ਼ਰਬੱਟੂ ਦੀ ਤਰ੍ਹਾਂ ਆਲੀਸ਼ਾਨ ਘਰ ਦੇ ਬਨੇਰੇ 'ਤੇ ਵੀ ਛਿੱਤਰ ਟੰਗ ਦਿੱਤੇ ਜਾਦੇ ਹਨ। ਕਹਿੰਦੇ ਹਨ, ਛਿੱਤਰ ਸੁੰਘਾਉਣ ਨਾਲ ਮਿਰਗੀ ਦਾ ਦੌਰਾ ਹਟ ਜਾਂਦਾ ਹੈ। ਸਿੱਧੀ ਗੱਲ ਹੈ, ਛਿੱਤਰ ਦੇਖ ਕੇ ਮਿਰਗੀ ਤਾਂ ਕੀ ਮਿਰਗ ਵੀ ਦੌਰੇ 'ਤੇ ਜਾਣ ਤੋਂ ਤੌਬਾ ਕਰੇਗਾ। ਮਿਰਗ ਕੋਈ ਆਦਮੀਆਂ ਦੀ ਤਰ੍ਹਾਂ ਢੀਠ ਜਾਨਵਰ ਤਾਂ ਹੈ ਨਹੀਂ। ਅੰਗਰੇਜ਼ਾਂ ਨੇ ਸਾਡੇ ਲਾਠੀਆਂ ਵੀ ਵਰ੍ਹਾਈਆਂ ਤੇ ਨਾਲ ਹੀ ਸਾਨੂੰ ਲਾਠੀ-ਚਾਰਜ, ਡੰਡਾ-ਚਾਰਜ ਜਿਹੇ ਸ਼ਬਦ ਵੀ ਦਿੱਤੇ। ਪਰ ਛਿੱਤਰ ਤੋਂ ਹੋਰ ਸਮਾਸ ਬਣਾਉਣ ਲੱਗਿਆਂ ਅਸੀਂ ਨਾਲ 'ਚਾਰਜ' ਨਹੀਂ ਬਲਕਿ ਅੰਗਰੇਜ਼ਾਂ ਦਾ ਇਕ ਹੋਰ ਧੌਂਸਕਾਰੀ ਸ਼ਬਦ ਚੁੱਕਿਆ 'ਪਰੇਡ'। ਲਾਠੀ-ਚਾਰਜ ਅੰਧਾ-ਧੁੰਦ ਕੀਤੀ ਜਾਂਦੀ ਹੈ ਪਰ ਛਿੱਤਰ ਪਰੇਡ-ਆਰਾਮ ਨਾਲ, ਗਿਣ ਗਿਣ ਕੇ, ਪਰੇਡ ਦੀ ਤਰ੍ਹਾਂ, ਏਕ ਦੋ।

## ਕਾਵਿ-ਜਗਤ

*ਯੂ.ਐਨ.ਓ. ਵਲੋਂ 21 ਫਰਵਰੀ ਨੂੰ 'ਕੌਮਾਂਤਰੀ ਮਦਰੀ ਜ਼ੁਬਾਨ ਦਿਨ' ਐਲਾਨਿਆ ਗਿਆ ਹੈ। ਇਸ ਦਿਨ ਨੂੰ ਸਮਰਪਿਤ ਇਹ ਕਵਿਤਾ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ*

### ਇਹ ਤਾਂ ਟੌਹਰ ਹੈ ਸਾਰੇ ਪੰਜਾਬੀਆਂ ਦਾ

ਮਿੱਠੀ ਬੋਲੀ ਪੰਜਾਬੀ ਹੈ ਮਾਂ ਸਾਡੀ,
ਦਿਲੋਂ ਰੱਜ ਕੇ ਇਹ ਨੂੰ ਪਿਆਰਦੇ ਹਾਂ।
ਹਿਰਦੇ ਵਿਚ ਸਮੋ ਕੇ ਸਦਾ ਰੱਖੀਏ,
ਉਨਤੀ ਏਸ ਦੀ ਸਦਾ ਚਿਤਾਰਦੇ ਹਾਂ।
ਭਾਵੇਂ ਸਿੱਖੀਏ ਹੋਰ ਅਨੇਕ ਗੱਲਾਂ,
ਆਪਣੀ ਬੋਲੀ ਨਾ ਦਿਲੋਂ ਵਿਸਾਰਦੇ ਹਾਂ।
ਜਾਣ ਏਸ ਨੂੰ ਆਨ ਤੇ ਸ਼ਾਨ ਆਪਣੀ,
ਸੁਹਜ ਏਸ ਦਾ ਸਦਾ ਸੁਆਰਦੇ ਹਾਂ।
ਸੰਤਾਂ ਭਗਤਾਂ ਨੇ ਜਿਸ 'ਚ ਗੀਤ ਗਾਏ,
ਇਹ ਉਹ ਨੂਰ ਹੈ ਰੱਬੀ ਰਬਾਬੀਆਂ ਦਾ।
ਫਿਰਕੇ ਇਕ ਦੀ ਬੋਲੀ ਨਾ ਇਹ ਯਾਰੋ,
ਇਹ ਤਾਂ ਟੌਹਰ ਹੈ ਸਾਰੇ ਪੰਜਾਬੀਆਂ ਦਾ।

ਉਠੋ ਪੰਜ ਦਰਿਆਵਾਂ ਦੇ ਸ਼ੇਰ ਵੀਰੋ,
ਉਚੀ ਹੋਰ ਵੀ ਇਸ ਦੀ ਸ਼ਾਨ ਕਰੀਏ।
ਆਪ ਸਿੱਖੀਏ ਹੋਰਾਂ ਨੂੰ ਸਬਕ ਦਈਏ,
ਸੇਵਾ ਏਸ ਦੀ ਹੋਰ ਮਹਾਨ ਕਰੀਏ।
ਬਣੀ ਰਹੇ ਪਟਰਾਣੀ ਏਹ ਮਾਂ ਬੋਲੀ,
ਗੋਲੀ ਜਾਣ ਨਾ ਕਦੇ ਅਪਮਾਨ ਕਰੀਏ।
ਇਹਨੂੰ ਲੱਗੇ ਨਾ ਜੱਗ ਦੀ ਨਜ਼ਰ ਭੈੜੀ,
ਏਸ ਗੱਲ ਤੇ ਖਾਸ ਧਿਆਨ ਕਰੀਏ।
ਸਾਂਭ ਰੱਖਿਆ ਇਹਨੇ ਨਾਯਾਬ ਕਿੱਸਾ,
ਜਾਨਾਂ ਸਖਤ ਤੇ ਰੂਹਾਂ ਗੁਲਾਬੀਆਂ ਦਾ।
ਨਹੀਉਂ ਦੋ ਪੰਜਾਬਾਂ ਦੀ ਗੱਲ ਯਾਰੋ,
ਇਹ ਤਾਂ ਟੌਹਰ ਹੈ ਸਾਰੇ ਪੰਜਾਬੀਆਂ ਦਾ।

ਸਾਡੀ ਬੋਲੀ ਹੈ ਸਾਡਾ ਅਨਮੋਲ ਵਿਰਸਾ,
ਜ਼ਜ਼ਬੇ ਅਸਾਂ ਦੇ ਏਸ 'ਚੋਂ ਬੋਲਦੇ ਨੇ।
ਕਵੀ ਸ਼ਾਇਰ ਤੇ ਗੁਣੀ ਗਹੀਰ ਇਸ 'ਚ,
ਭੇਦ ਗੂੜ੍ਹ ਗਿਆਨ ਦਾ ਖੋਲ੍ਹਦੇ ਨੇ।
ਇੱਕੋ ਧਾਰ ਹੈ ਪੰਜਾਂ ਇਹ ਪਾਣੀਆਂ ਦੀ,
ਜਾਚਕ ਏਸ 'ਚੋਂ ਮੋਤੀ ਫਰੋਲਦੇ ਨੇ।
ਸਾਰੇ ਆਖਦੇ ਨੇ ਗੁਣੀ ਨਿਧਾਨ ਇਸ ਨੂੰ,
ਹੀਰੇ ਬੋਲੀ ਦੇ ਇਸ 'ਚੋਂ ਟੋਲਦੇ ਨੇ।
ਹਰ ਅੱਖਰ 'ਚੋਂ ਏਸ ਦੇ ਦਿਲ ਧੜਕੇ,
ਜ਼ਿੰਦਾ ਦਿਲ ਦਲੇਰ ਪੰਜ-ਆਬੀਆਂ ਦਾ।
ਗੱਲ ਕਰੋ ਨਾ ਹੱਦਾਂ ਤੇ ਵੰਡੀਆਂ ਦੀ,
ਇਹ ਤਾਂ ਟੌਹਰ ਹੈ ਸਾਰੇ ਪੰਜਾਬੀਆਂ ਦਾ।

ਇਹ ਤਾਂ ਸੱਧਰਾਂ ਵਲਵਲੇ ਸ਼ੌਕ ਸਾਡਾ,
ਇਹ ਹੈ ਸੁਹਜ ਸੁਆਦ ਤੇ ਰੂਹ ਸਾਡੀ।
ਹਰ ਸਾਹ 'ਚ ਵਸੀ ਹੈ ਧੂਹ ਇਸ ਦੀ,
ਇਹ ਤਾਂ ਧੂਹਾਂ ਦੀ ਧੂਹ ਹੈ ਧੂਹ ਸਾਡੀ।
ਸਾਂਝੇ ਆਸ਼ਿਕਾਂ ਸਾਦਿਕਾਂ ਵਾਂਗ ਸਾਂਝੀ,
ਇਹ ਹੈ ਜੱਦੀ ਵਸੀਂਵਾਂ ਤੇ ਜੂਹ ਸਾਡੀ।
ਇਹ ਹੈ ਆਨ ਤੇ ਜਾਨ ਜ਼ਮੀਰ ਸਾਡੀ,
ਏਹ ਹੈ ਪੁਰਖਾਂ ਦਾ ਬੂਹਾ ਬਰੂਹ ਸਾਡੀ।
ਉਨਤੀ ਇਹਦੀ 'ਚ ਪਾਉਣ ਰੁਕਾਵਟਾਂ ਜੋ,
ਫਸਤਾ ਵਢ੍ਹਾਂਗੇ ਸਭ ਖਰਾਬੀਆਂ ਦਾ।
ਇੱਕੇ ਦੁੱਕੇ ਦੀ ਬੋਲੀ ਨਾ ਇਹ ਯਾਰੋ,
ਇਹ ਤਾਂ ਟੌਹਰ ਹੈ ਸਾਰੇ ਪੰਜਾਬੀਆਂ ਦਾ।

*-ਗਿਆਨ ਸਿੰਘ ਕੋਟਲੀ, ਵੈਨਕੂਵਰ*
*ਫੋਨ: 604-502-7151*

---

### ਅਜ਼ਾਦ ਦੇਸ਼ ਦੀ ਨਾਰੀ

ਜਦ ਤੋਂ ਉਸ ਦੇ ਸਿਰ ਦੀ ਚੁੰਨੀ ਚਿੱਟੀ ਹੋ ਗਈ ਸੀ,
ਕੁੰਦਨ ਵਰਗੀ ਦੇਹੀ ਉਸ ਦੀ ਮਿੱਟੀ ਹੋ ਗਈ ਸੀ।

ਅੱਧ ਵਿਚਾਲੇ ਛੱਡ ਗਿਆ ਸੀ ਜਦ ਸਾਥੀ ਸਾਹਾਂ ਦਾ,
ਪੰਧ ਲੰਮੇਰਾ ਹੋ ਗਿਆ ਸੀ ਤਦ ਬਿਖੜੇ ਰਾਹਾਂ ਦਾ।

ਅੱਖਾਂ ਵਿਚ ਨਾ ਚਮਕ ਰਹੀ ਨਾ ਚਿਹਰੇ ਲਾਲੀ ਸੀ,
ਰੀਝਾਂ-ਭਰੀ ਪਟਾਰੀ ਸਾਰੀ ਹੋ ਗਈ ਖ਼ਾਲੀ ਸੀ।

ਹਾਰ ਸ਼ਿੰਗਾਰ ਵੀ ਹੁਣ ਤਾਂ ਉਸ ਨੂੰ ਮੂਲ ਨਾ ਭਾਉਂਦਾ ਸੀ,
ਸ਼ੀਸ਼ਾ ਵੀ ਹੁਣ ਉਸ ਤੇ ਰਹਿੰਦਾ ਮੂੰਹ ਚਿੜ੍ਹਾਉਂਦਾ ਸੀ।

ਪੜ੍ਹੀ-ਲਿਖੀ ਜਦ ਰੋਜ਼ੀ ਖ਼ਾਤਿਰ ਦਫ਼ਤਰ ਜਾਂਦੀ ਸੀ,
ਤੱਕ ਕੇ ਮੈਲ਼ੀਆਂ ਨਜ਼ਰਾਂ ਉਹ ਤਾਂ ਠਰਦੀ ਜਾਂਦੀ ਸੀ।

ਕਲੀਆਂ ਝੰਬੇ ਜਾਣ ਦੀਆਂ ਖ਼ਬਰਾਂ ਜਦ ਪੜ੍ਹਦੀ ਸੀ,
ਆਪਣੇ ਹੀ ਪਰਛਾਵੇਂ ਕੋਲੋਂ ਰਹਿੰਦੀ ਡਰਦੀ ਸੀ।

ਕਮਰੇ ਵਿਚੋਂ ਇਕ ਦਿਨ ਉਹ ਬਾਹਰ ਨਾ ਨਿੱਕਲੀ ਸੀ,
ਬਾਪ ਬਰਾਬਰ ਸਹੁਰਾ ਪਾ ਗਿਆ ਮੂੰਹ 'ਤੇ ਛਿੱਕਲੀ ਸੀ।

ਮਮਤਾ ਮਾਰੀ ਬੱਚਿਆਂ ਖ਼ਾਤਿਰ ਜੀਊਣਾ ਚਾਹੁੰਦੀ ਏ,
ਅਜ਼ਾਦ ਦੇਸ਼ ਦੀ ਨਾਰੀ ਏਦਾਂ ਜੂਨ ਹੰਢਾਉਂਦੀ ਏ।

*-ਨੀਲਮ ਸੈਣੀ*
*ਫੋਨ: 501-502-0551*

---

### ਦੂਰ ਰਹਿਣ ਤੱਤੀਆਂ ਹਵਾਵਾਂ

ਮੰਦਰਾਂ, ਮਸੀਤਾਂ ਵਿਚ ਕਰਾਂ ਮੈਂ ਦੁਆਵਾਂ,
ਦੂਰ ਰਹਿਣ ਤੈਥੋਂ ਯਾਰਾ ਤੱਤੀਆਂ ਹਵਾਵਾਂ।

ਤੈਂ ਜੋ ਕਰੀਆਂ ਮੁਹੱਬਤਾਂ ਦਾ ਮੁੱਲ ਕੋਈ ਨਾ।
ਜੋ ਤੇਰੇ ਪਿਆਰ 'ਚ ਸੁਗੰਧਾਂ ਦੇਵੇ ਫੁੱਲ ਕੋਈ ਨਾ।
ਵਸੇ ਦਿਲ ਵਿਚ ਤੂੰ ਹੀ ਤੈਨੂੰ ਕਿਵੇਂ ਮੈਂ ਦਿਖਾਵਾਂ।
ਦੂਰ ਰਹਿਣ ਤੈਥੋਂ ਯਾਰਾ ਤੱਤੀਆਂ ਹਵਾਵਾਂ।

ਏਸ ਦੁਨੀਆਂ 'ਚ ਦੱਸ ਤੇਰੇ ਬਿਨਾ ਸਾਡਾ ਕੀ।
ਤੈਨੂੰ ਵੇਖ ਵੇਖ ਸੱਜਣਾ ਓਏ ਅਸੀਂ ਰਹੇ ਜੀਅ।
ਸਾਡੇ ਲਈ ਆ ਹੱਜ ਸਾਨੂੰ ਤੇਰਾ ਪਰਛਾਵਾਂ।
ਦੂਰ ਰਹਿਣ ਤੈਥੋਂ ਯਾਰਾ ਤੱਤੀਆਂ ਹਵਾਵਾਂ।

ਚੀਮਨੇ ਦਿਆ ਹੈ ਏਹੇ ਕੋਈ ਸੰਜੋਗਾਂ ਵਾਲੀ ਗੱਲ।
ਰਾਜ ਪਿਆਰ ਤੇਰਾ ਉਮਰਾਂ ਦੇ ਰੋਗਾਂ ਵਾਲੀ ਗੱਲ।
ਮਣਾਂ ਮੂੰਹੀਂ ਮਾਣ ਉਹ ਵੀ, ਤੇਰਾ ਜੋ ਕਹਾਵਾਂ।
ਦੂਰ ਰਹਿਣ ਤੈਥੋਂ ਯਾਰਾ ਤੱਤੀਆਂ ਹਵਾਵਾਂ।

*-ਰਾਜ ਧਾਲੀਵਾਲ*
*ਟੈਫਟ, ਕੈਲੀਫੋਰਨੀਆ।*

### ਗ਼ਜ਼ਲ

ਕੁਝ ਵੀ ਨਾ ਹੋਇਆ ਹਾਸਲ ਇਮਾਨ ਗਵਾ ਬੈਠੇ।
ਗੱਦੀ ਬਚਾਈ ਲੜ-ਭਿੜ, ਦੀਵਾਨ ਗਵਾ ਬੈਠੇ।

ਮੰਦਰ ਵੀ ਨਾ ਬਣਿਆ, ਮਸਜ਼ਿਦ ਵੀ ਤੋੜ ਦਿੱਤੀ,
ਆਪਸ ਵਿਚ ਹੀ ਲੜ ਕੇ ਭਗਵਾਨ ਗਵਾ ਬੈਠੇ।

ਧਰਤੀ ਨੂੰ ਨਾਪ ਲੀਤਾ, ਸੱਤੇ ਸਮੁੰਦਰ ਤਰ ਲਏ,
ਕੁੱਲ ਕਾਇਨਾਤ ਜਿੱਤੀ, ਇਨਸਾਨ ਗਵਾ ਬੈਠੇ।

ਵੰਡ-ਵੰਡਾਈ ਹੋਵੇ ਤਾਂ ਦੋਵਾਂ ਨੂੰ ਪੈਂਦਾ ਘਾਟਾ,
ਅਸੀਂ ਨਨਕਾਣਾ 'ਗਿੱਲ', ਓਹ ਹਿੰਦੁਸਤਾਨ ਗਵਾ ਬੈਠੇ।

*-ਜੁਗਰਾਜ ਗਿੱਲ, ਸ਼ਾਰਲਟ*

---

### ਮੇਰੇ ਵਤਨ ਦੀਆਂ ਕੀ ਬਾਤਾਂ

ਏਨੀ ਹਾਕਮਾਂ ਨੇ ਵੰਡੀ ਚਿੱਟ ਕੋਰੀ,
ਕਿ ਕਾਗਜ਼ਾਂ ਦਾ ਕਾਲ ਪੈ ਗਿਆ।

ਪਈਆਂ ਮੂਧੀਆਂ ਮਧਾਣੀਆਂ ਤੇ ਚਾਟੀਆਂ,
ਤੇ ਚੌਂਕੇ ਵਿਚ ਭੰਗ ਭੁੱਜਦੀ।

ਵਜ਼ੀਰਾ! ਸਾਂਭ ਲੈ ਛੱਪੜੀਆਂ ਤੇ ਟੋਭੇ,
ਸੱਤਾ ਦਾ ਅਚਾਰ ਨਾ ਪਵੇ।

ਮੇਰੀ ਨੀਅਤ ਨਾ ਦਰੋਗਿਆ ਸੀ ਮਾੜੀ,
ਅੱਖ ਵਿਚ ਕੱਖ ਪੈ ਗਿਆ।

ਨਾਰੀਤਵ ਦੀ ਮਾਨਤਾ ਕਰਦੇ,
ਗੌਲੀਆਂ ਨਾ ਫੁੱਲਚਿੜੀਆਂ।

ਮਿੰਟਾਂ 'ਚ ਮੁਜਾਹਰਾ ਹੋ ਜੂ,
ਸੋਚ ਕੇ ਬੁਲਾਈਂ 'ਆਮ' ਨੂੰ।

ਲੁਕੀ ਬਿਜਲੀ ਕਮਲਿਓ ਪਛਾਣੋਂ,
'ਆਪ' ਦਿਆਂ ਬੱਦਲਾਂ ਵਿਚ।

*-ਕੁਲਬੀਰ ਪੱਡਾ*

# ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ

ਗੁਰਮਤਿ ਵਿਚਾਰ



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖ ਵਿਚ ਗੁਰੂ ਨਾਨਕ ਸਾਹਿਬ ਦੇ ਇਸਤਰੀ ਨੂੰ ਬਰਾਬਰ ਦੇ ਮਾਨਵੀ ਅਧਿਕਾਰ ਦੇਣ ਦੇ ਸਿਧਾਂਤ ਦਾ ਜ਼ਿਕਰ ਹੋਇਆ ਸੀ। ਇਸ ਪਉੜੀ ਵਿਚ ਗੁਰੂ ਨਾਨਕ ਸਾਹਿਬ ਦੱਸਦੇ ਹਨ ਕਿ ਇਸ ਸੰਸਾਰ ਤੇ ਹਰ ਮਨੁੱਖ ਨੂੰ ਮੋਹ-ਮਮਤਾ ਲੱਗੀ ਹੋਈ ਹੈ। ਕੋਈ ਵੀ ਇਸ ਤੋਂ ਬਚਿਆ ਹੋਇਆ ਨਹੀਂ ਹੈ। ਜੇ ਕੋਈ ਐਸਾ ਮਨੁੱਖ ਹੈ ਤਾਂ ਉਹ ਵੱਖਰਾ ਕਰਕੇ ਦਿਖਾਉ। ਕਹਿਣ ਤੋਂ ਭਾਵ ਬਹੁਤ ਵਿਰਲੇ ਇਨਸਾਨ ਹਨ ਜੋ ਇਸ ਮਮਤਾ ਤੋਂ ਬਚੇ ਹੋਏ ਹਨ। ਗੁਰੂ ਸਾਹਿਬ ਅੱਗੇ ਕਹਿੰਦੇ ਹਨ ਕਿ ਹਰ ਮਨੁੱਖ ਨੂੰ ਆਪਣੇ ਕੀਤੇ ਹੋਏ ਕਰਮਾਂ ਦਾ ਲੇਖਾ ਵੀ ਆਪ ਹੀ ਦੇਣਾ ਪੈਂਦਾ ਹੈ। ਇਹ ਸੰਸਾਰ ਸਥਾਈ ਨਹੀਂ ਹੈ ਅਰਥਾਤ ਹਰ ਮਨੁੱਖ ਨੇ ਇੱਕ ਦਿਨ ਇੱਥੋਂ ਜਾਣਾ ਹੀ ਹੈ, ਫਿਰ ਕਿਉਂ ਅਹੰਕਾਰ ਵਿਚ ਆ ਕੇ ਕਿਸੇ ਨੂੰ ਮੰਦਾ ਕਹਿਣਾ ਹੈ? ਕੇਵਲ ਇਹ ਅੱਖ਼ਰ ਅਰਥਾਤ ਉਪਦੇਸ਼ ਪੜ੍ਹ ਕੇ ਇਹ ਸਮਝ ਲੈਣਾ ਚਾਹੀਦਾ ਹੈ ਕਿ ਕਿਸੇ ਨੂੰ ਮੰਦਾ ਨਹੀਂ ਬੋਲਣਾ ਚਾਹੀਦਾ ਅਤੇ ਮੂਰਖ ਨਾਲ ਝਗੜਨਾ ਨਹੀਂ ਚਾਹੀਦਾ (ਕਿਉਂਕਿ ਜਿਸ ਨੂੰ ਸਮਝ ਹੀ ਨਹੀਂ ਹੈ ਉਸ ਨਾਲ ਮੱਥਾ ਮਾਰਨ ਦਾ ਕੀ ਫ਼ਾਇਦਾ?),

ਸਭੁ ਕੋ ਆਖੈ ਆਪਣਾ
ਜਿਸੁ ਨਾਹੀ ਸੋ ਚੁਣਿ ਕਢੀਐ॥
ਕੀਤਾ ਆਪੋ ਆਪਣਾ
ਆਪੇ ਹੀ ਲੇਖਾ ਸੰਢੀਐ॥
ਜਾ ਰਹਣਾ ਨਾਹੀ ਐਤੁ ਜਗਿ
ਤਾ ਕਾਇਤੁ ਗਾਰਬਿ ਹੰਢੀਐ॥
ਮੰਦਾ ਕਿਸੈ ਨ ਆਖੀਐ
ਪੜਿ ਅਖਰੁ ਏਹੋ ਬੁਝੀਐ॥
ਮੂਰਖੈ ਨਾਲਿ ਨ ਲੁਝੀਐ॥੧੯॥
(ਪੰਨਾ ੪੭੩)

ਗੁਰੂ ਨਾਨਕ ਸਾਹਿਬ ਨੇ ਮਨੁੱਖ ਦੇ ਮਨੁੱਖ ਨਾਲ ਆਪਸੀ ਪ੍ਰੇਮ, ਭਾਈਚਾਰਕ-ਸਾਂਝ ਵਾਲੇ ਵਰਤਾਰੇ ਦਾ ਉਪਦੇਸ਼ ਦਿੱਤਾ ਹੈ। ਮਿੱਠਾ ਬੋਲਣ ਨੂੰ ਉਨ੍ਹਾਂ ਨੇ ਗੁਣਾਂ ਦਾ ਤੱਤ ਸਾਰ ਮੰਨਿਆ ਹੈ। ਮਿੱਠਾ ਬੋਲਣ ਦੇ ਵਿਪਰੀਤ ਕੌੜਾ ਜਾਂ ਫਿੱਕਾ ਬੋਲਣਾ ਹੈ। ਹਉਮੈ ਨੂੰ ਗੁਰਮਤਿ ਦਰਸ਼ਨ ਵਿਚ ਨਕਾਰਿਆ ਗਿਆ ਹੈ। ਫਿੱਕਾ ਜਾਂ ਕੌੜਾ ਬੋਲਣਾ ਮਨੁੱਖ ਦੇ ਅੰਹਕਾਰੀ ਹੋਣ ਦਾ ਲੱਛਣ ਹੈ ਜਦ ਕਿ ਮਿੱਠਾ ਬੋਲਣਾ ਹਲੀਮੀ ਦਾ ਪ੍ਰਤੀਕ ਹੈ। ਆਸਾ ਦੀ ਵਾਰ ਵਿਚ ਹੀ ਤੇਰ੍ਹਵੀਂ ਪਉੜੀ ਤੋਂ ਅਗਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਨੇ 'ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ' ਦੀ ਗੱਲ ਕੀਤੀ ਹੈ। ਇਸ ਸਲੋਕ ਵਿਚ ਬਾਬਾ ਨਾਨਕ ਨੇ ਫਿੱਕਾ ਅਰਥਾਤ ਕੌੜਾ ਬੋਲਣ ਨੂੰ 'ਤਨੁ ਮਨੁ ਫਿਕਾ ਹੋਇ' ਕਿਹਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜੋ ਮਨੁੱਖ ਰੁੱਖਾ ਅਤੇ ਕੌੜਾ ਬੋਲਦੇ ਹਨ, ਉਨ੍ਹਾਂ ਦੇ ਮਨ ਅਤੇ ਸਰੀਰ ਉਤੇ ਵੀ ਉਸ ਰੁੱਖੇ ਵਰਤਾਰੇ ਦਾ ਅਸਰ ਹੁੰਦਾ ਹੈ। ਰੁੱਖਾ ਬੋਲਣ ਕਰਕੇ ਅਜਿਹਾ ਮਨੁੱਖ ਆਮ ਲੋਕਾਂ ਵਿਚ ਵੀ ਰੁੱਖੇ ਮਨੁੱਖ ਵਜੋਂ ਹੀ ਮਸ਼ਹੂਰ ਹੋ ਜਾਂਦਾ ਹੈ ਅਤੇ ਲੋਕ ਉਸ ਦੇ ਰੁੱਖੇ ਬੋਲਾਂ ਨੂੰ ਹੀ ਯਾਦ ਕਰਦੇ ਹਨ। ਅਜਿਹੇ ਮਨੁੱਖ ਦੇ ਅੰਦਰੋਂ ਪ੍ਰੇਮ ਸੁੱਕ ਜਾਂਦਾ ਹੈ ਅਤੇ ਉਹ ਅਕਾਲ ਪੁਰਖ ਦੀ ਦਰਗਾਹ ਵਿਚ ਵੀ ਰੱਦ ਹੋ ਜਾਂਦਾ ਹੈ ਭਾਵ ਉਸ ਨੂੰ ਉਥੇ ਵੀ ਮਾਨਤਾ ਨਹੀਂ ਮਿਲਦੀ ਅਤੇ ਉਸ ਨੂੰ ਫਿਟਕਾਰ ਹੀ ਮਿਲਦੀ ਹੈ। ਰੁੱਖੇ ਮਨੁੱਖ ਨੂੰ ਮੂਰਖ ਹੀ ਆਖਣਾ ਚਾਹੀਦਾ ਹੈ (ਸਿਆਣਾ ਮਨੁੱਖ ਦੂਸਰਿਆਂ ਨਾਲ ਸਿਆਣਪ ਵਾਲਾ ਵਤੀਰਾ ਅਪਨਾਉਂਦਾ ਹੈ)। ਪ੍ਰੇਮ ਤੋਂ ਸੱਖਣੇ ਮਨੁੱਖ ਦੀ ਬੇਇੱਜ਼ਤੀ ਹੀ ਹੁੰਦੀ ਹੈ ਕਿਉਂਕਿ ਉਸ ਨੂੰ ਕੋਈ ਵੀ ਪਸੰਦ ਨਹੀਂ ਕਰਦਾ,

ਨਾਨਕ ਫਿਕੈ ਬੋਲਿਐ
ਤਨੁ ਮਨੁ ਫਿਕਾ ਹੋਇ॥
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥
ਫਿਕਾ ਦਰਗਹ ਸਟੀਐ
ਮੁਹਿ ਥੁਕਾ ਫਿਕੇ ਪਾਇ॥
ਫਿਕਾ ਮੂਰਖੁ ਆਖੀਐ
ਪਾਣਾ ਲਹੈ ਸਜਾਇ॥੧॥ (ਪੰਨਾ ੪੭੩)

ਮਨੁੱਖ ਨੂੰ ਸਿਰਫ ਬਾਹਰੀ ਤੌਰ 'ਤੇ ਹੀ ਮਿੱਠਾ ਨਹੀਂ ਬੋਲਣਾ ਚਾਹੀਦਾ ਬਲਕਿ ਉਸ ਦੇ ਅੰਦਰ ਵੀ ਸੱਚ ਹੋਣਾ ਚਾਹੀਦਾ ਹੈ। ਕਹਿਣ ਦਾ ਭਾਵ ਹੈ ਕਿ ਜੇ ਮਨ ਦੇ ਅੰਦਰ ਖੋਟ ਹੋਵੇ ਅਤੇ ਬਾਹਰੋਂ ਵਰਤਾਰਾ ਵਧੀਆ ਹੋਵੇ, ਇਹ ਗੱਲ ਵੀ ਚੰਗੀ ਨਹੀਂ। ਗੁਰੂ ਨਾਨਕ ਸਾਹਿਬ ਅਗਲੇ ਸਲੋਕ ਵਿਚ ਦੱਸਦੇ ਹਨ ਕਿ ਜਿਹੜੇ ਮਨੁੱਖ ਮਨ ਦੇ ਤੌਰ 'ਤੇ ਤਾਂ ਝੂਠੇ ਹੁੰਦੇ ਹਨ ਪਰ ਬਾਹਰੋਂ ਚੰਗੇ ਹੋਣ ਦਾ ਢੌਂਗ ਰਚਾ ਰੱਖਦੇ ਹਨ, ਅਜਿਹੇ ਮਨੁੱਖਾਂ ਨੇ ਝੂਠੀ ਇੱਜ਼ਤ ਬਣਾਈ ਹੁੰਦੀ ਹੈ। ਸੰਸਾਰਕ ਤੌਰ 'ਤੇ ਉਹ ਚੰਗੇ ਹੋਣ ਦਾ ਦਿਖਾਵਾ ਕਰ ਰਹੇ ਹੁੰਦੇ ਹਨ ਪਰ ਅਸਲ ਵਿਚ ਚੰਗੇ ਹੁੰਦੇ ਨਹੀਂ; ਉਹ ਭਾਵੇਂ ਅਠਾਹਠ ਤੀਰਥਾਂ ਉਤੇ ਜਾ ਕੇ ਇਸ਼ਨਾਨ ਕਰ ਲੈਣ ਪਰ ਇਸ ਬਾਹਰੀ ਇਸ਼ਨਾਨ ਨਾਲ ਉਨ੍ਹਾਂ ਦੇ ਅੰਦਰ ਦੀ ਕਪਟ ਦੀ ਮੈਲ ਨਹੀਂ ਧੋਤੀ ਜਾਂਦੀ। ਜਿਨ੍ਹਾਂ ਦੇ ਅੰਦਰ ਪੱਟ ਹੈ ਭਾਵ ਕੋਮਲਤਾ ਅਤੇ ਪ੍ਰੇਮ ਹੈ, ਉਹ ਬਾਹਰੋਂ ਭਾਵੇਂ ਗੁੱਦੜ ਹਨ ਅਰਥਾਤ ਉਨ੍ਹਾਂ ਦਾ ਵਤੀਰਾ ਬਾਹਰੋਂ ਭਾਵੇਂ ਖੁਰਦਰਾ ਹੈ, ਦੁਨੀਆਂ ਵਿਚ ਉਨ੍ਹਾਂ ਬੰਦਿਆਂ ਨੂੰ ਨੇਕ ਗਿਣਿਆ ਜਾਂਦਾ ਹੈ। ਕਹਿਣ ਦਾ ਅਰਥ ਹੈ ਕਿ ਮਨੁੱਖ ਦਾ ਅੰਦਰੋਂ ਚੰਗੇ ਹੋਣਾ, ਸਾਫ਼-ਦਿਲ ਹੋਣਾ ਜ਼ਿਆਦਾ ਮਾਅਨੇ ਰੱਖਦਾ ਹੈ। ਅਜਿਹੇ ਮਨੁੱਖਾਂ ਦਾ ਅਕਾਲ ਪੁਰਖ ਨਾਲ ਪ੍ਰੇਮ ਬਣਿਆ ਹੁੰਦਾ ਹੈ ਅਤੇ ਉਨ੍ਹਾਂ ਦਾ ਮਨ ਅਕਾਲ ਪੁਰਖ ਦੇ ਦਰਸ਼ਨ-ਦੀਦਾਰੇ ਕਰਨ ਵੱਲ ਲੱਗਿਆ ਰਹਿੰਦਾ ਹੈ। ਉਹ ਮਨੁੱਖ ਪਰਵਰਦਗਾਰ ਦੇ ਪ੍ਰੇਮ ਵਿਚ ਰੰਗੇ ਹੋਏ ਕਦੇ ਹੱਸਦੇ ਹਨ ਅਤੇ ਕਦੇ ਰੋਂਦੇ ਹਨ, ਕਦੇ ਚੁੱਪ ਵੀ ਕਰ ਜਾਂਦੇ ਹਨ। ਉਹ ਪਰਮਾਤਮ-ਪ੍ਰੇਮ ਵਿਚ ਹੀ ਸਭ ਕੁਝ ਕਰਦੇ ਹਨ ਅਤੇ ਉਸ ਦੇ ਪ੍ਰੇਮ ਵਿਚ ਮਸਤ ਰਹਿੰਦੇ ਹਨ। ਉਨ੍ਹਾਂ ਨੂੰ ਉਸ ਸੱਚੇ ਮਾਲਕ ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਦੀ ਮੁਥਾਜੀ ਨਹੀਂ ਹੁੰਦੀ। ਅਜਿਹੇ ਮਨੁੱਖ ਆਪਣਾ ਜੀਵਨ-ਸਫ਼ਰ ਤਹਿ ਕਰਦੇ ਹੋਏ ਅਕਾਲ ਪੁਰਖ ਦੇ ਦਰ ਤੋਂ ਨਾਮ-ਦਾਤ ਦੀ ਖ਼ੁਰਾਕ ਹੀ ਮੰਗਦੇ ਹਨ, ਜਦੋਂ ਰੱਬ ਦੀ ਬਖ਼ਸ਼ਿਸ਼ ਨਾਲ ਮਿਲਦੀ ਹੈ ਉਦੋਂ ਹੀ ਖਾਂਦੇ ਹਨ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਉਨ੍ਹਾਂ ਨੂੰ ਇਹ ਭਰੋਸਾ ਹੁੰਦਾ ਹੈ ਕਿ ਅਕਾਲ ਪੁਰਖ ਆਪ ਹੀ ਫ਼ੈਸਲਾ ਕਰਨ ਵਾਲਾ ਹੈ ਅਤੇ ਆਪ ਹੀ ਲੇਖਾ ਲਿਖਣ ਵਾਲਾ ਹੈ। ਹਰ ਤਰ੍ਹਾਂ ਦੇ ਚੰਗੇ ਮੰਦੇ ਜੀਵਾਂ ਦਾ ਮੇਲਾ ਉਸ ਦੇ ਦਰ 'ਤੇ ਹੁੰਦਾ ਹੈ। ਉਹ ਅਕਾਲ ਪੁਰਖ ਹਰ ਇਨਸਾਨ ਕੋਲੋਂ ਉਸ ਦੇ ਕੀਤੇ ਹੋਏ ਕੰਮਾਂ ਦਾ ਲੇਖਾ ਮੰਗਦਾ ਹੈ। ਮੰਦੇ ਮਨੁੱਖਾਂ ਨੂੰ ਆਪਣੇ ਕੀਤੇ ਹੋਏ ਮਾੜੇ ਕਰਮਾਂ ਦੀ ਸਜ਼ਾ ਜ਼ਰੂਰ ਮਿਲਦੀ ਹੈ ਅਤੇ ਉਹ ਕੋਹਲੂ ਵਿਚ ਪੀੜੇ ਗਏ ਤਿਲਾਂ ਦੀ ਤਰ੍ਹਾਂ ਆਪਣੇ ਕੀਤੇ ਕਰਮਾਂ ਦੀ ਪੀੜ ਸਹਿੰਦੇ ਹਨ,

ਅੰਦਰਹੁ ਝੂਠੇ ਪੈਜ ਬਾਹਰਿ
ਦੁਨੀਆ ਅੰਦਰਿ ਫੈਲੁ॥
ਅਠਸਠਿ ਤੀਰਥ ਜੇ ਨਾਵਹਿ
ਉਤਰੈ ਨਾਹੀ ਮੈਲੁ॥ (ਪੰਨਾ ੪੭੩)

ਅਗਲੀ ਪਉੜੀ ਵਿਚ ਗੁਰੂ ਸਾਹਿਬ ਮਨੁੱਖ ਨੂੰ ਆਪਣਾ ਜੀਵਨ ਸਫ਼ਲਾ ਕਰਨ ਲਈ ਆਪ ਹੀ ਉਦਮ ਕਰਨ ਦਾ ਉਪਦੇਸ਼ ਦਿੰਦੇ ਹਨ। ਉਹ ਦੱਸਦੇ ਹਨ ਕਿ ਅਕਾਲ ਪੁਰਖ ਨੇ ਆਪ ਹੀ ਇਸ ਸੰਸਾਰ ਦੀ ਰਚਨਾ ਕੀਤੀ ਹੈ ਅਤੇ ਆਪ ਹੀ ਇਸ ਦੇ ਅੰਦਰ ਜੀਵਨ-ਰੌਂ ਪਾ ਰੱਖੀ ਹੈ। ਆਪਣੇ ਇਸ ਸੰਸਾਰ ਨੂੰ ਪੈਦਾ ਕਰਕੇ ਜੀਵਾਂ ਦਾ ਚੰਗੇ-ਮੰਦੇ ਹੋਣਾ ਵੀ ਆਪ ਹੀ ਦੇਖ ਅਤੇ ਸੰਭਾਲ ਰਿਹਾ ਹੈ। ਹਰ ਜੀਵ ਜੋ ਇਸ ਸੰਸਾਰ 'ਤੇ ਪੈਦਾ ਹੁੰਦਾ ਹੈ ਉਸ ਨੇ ਆਪਣੀ ਵਾਰੀ ਨਾਲ ਆਪਣਾ ਕਰਮ ਕਰਕੇ ਇਸ ਸੰਸਾਰ ਤੋਂ ਕੂਚ ਕਰ ਜਾਣਾ ਹੈ, ਜੋ ਜਨਮਦਾ ਹੈ ਉਸ ਨੇ ਆਪਣੀ ਵਾਰੀ ਨਾਲ ਤੁਰ ਵੀ ਜਾਣਾ ਹੈ। ਗੁਰੂ ਸਾਹਿਬ ਨੇ ਮਨੁੱਖ ਨੂੰ ਉਸ ਪਰਵਰਦਗਾਰ ਨੂੰ ਹਮੇਸ਼ਾ ਯਾਦ ਰੱਖਣ ਲਈ ਕਿਹਾ ਹੈ ਜਿਸ ਨੇ ਉਸ ਨੂੰ ਪੈਦਾ ਕਰਕੇ ਜੀਵਨ ਬਖ਼ਸ਼ਿਸ਼ ਕੀਤਾ ਹੈ, ਜਿੰਦ ਅਤੇ ਪ੍ਰਾਣ ਦਿੱਤੇ ਹਨ। ਜਦੋਂ ਤੱਕ ਸਰੀਰ ਅਤੇ ਉਸ ਵਿਚ ਪ੍ਰਾਣ ਹਨ ਮਨੁੱਖ ਨੂੰ ਆਪਣੇ ਹੱਥਾਂ ਨਾਲ ਹੀ ਆਪਣਾ ਕਾਰਜ ਸਵਾਰਨ ਦਾ ਉਪਦੇਸ਼ ਕੀਤਾ ਹੈ, ਆਪਣੇ ਲਈ ਆਪ ਉਦਮ ਕਰਨ ਦੀ ਸਿੱਖਿਆ ਦਿੱਤੀ ਹੈ,

ਆਪੇ ਹੀ ਕਰਣਾ ਕੀਓ ਕਲ
ਆਪੇ ਹੀ ਤੈ ਧਾਰੀਐ॥
ਦੇਖਹਿ ਕੀਤਾ ਆਪਣਾ ਧਰਿ
ਕਚੀ ਪਕੀ ਸਾਰੀਐ॥
ਜੋ ਆਇਆ ਸੋ ਚਲਸੀ
ਸਭੁ ਕੋਈ ਆਈ ਵਾਰੀਐ॥
ਜਿਸ ਕੇ ਜੀਅ ਪਰਾਣ ਹਹਿ
ਕਿਉ ਸਾਹਿਬੁ ਮਨਹੁ ਵਿਸਾਰੀਐ॥
ਆਪਣ ਹਥੀ ਆਪਣਾ
ਆਪੇ ਹੀ ਕਾਜੁ ਸਵਾਰੀਐ॥੨੦॥
(ਪੰਨਾ ੪੭੩-੭੪)

ਅਗਲਾ ਸਲੋਕ ਦੂਸਰੀ ਨਾਨਕ ਜੋਤਿ ਗੁਰੂ ਅੰਗਦ ਦੇਵ ਜੀ ਦਾ ਹੈ। ਇਸ ਸਲੋਕ ਵਿਚ ਗੁਰੂ ਸਾਹਿਬ ਦੱਸਦੇ ਹਨ ਕਿ ਇਹ ਕਿਹੋ ਜਿਹੀ ਆਸ਼ਕੀ ਜਾਂ ਪ੍ਰੇਮ ਹੈ ਕਿ ਕੋਈ ਆਪਣੇ ਪ੍ਰੀਤਮ ਨੂੰ ਛੱਡ ਕੇ ਕਿਸੇ ਹੋਰ ਵਿਚ ਆਪਣਾ ਮਨ ਲਗਾ ਲਵੇ। ਅਜਿਹੇ ਇਸ਼ਕ ਨੂੰ ਸੱਚਾ ਇਸ਼ਕ ਨਹੀਂ ਆਖਿਆ ਜਾ ਸਕਦਾ। ਸੱਚਾ ਆਸ਼ਕ ਉਸ ਮਨੁੱਖ ਨੂੰ ਕਿਹਾ ਜਾਂਦਾ ਹੈ ਜੋ ਹਰ ਸਮੇਂ ਆਪਣੇ ਪਿਆਰੇ ਦੀ ਯਾਦ ਵਿਚ ਲੱਗਾ ਰਹਿੰਦਾ ਹੈ ਅਰਥਾਤ ਜੋ ਮਾਇਆਵੀ ਮੋਹ ਨੂੰ ਛੱਡ ਕੇ ਉਸ ਅਕਾਲ ਪੁਰਖ ਦੀ ਯਾਦ ਵਿਚ ਜੁੜਿਆ ਰਹਿੰਦਾ ਹੈ। ਅਸਲੀ ਪ੍ਰੇਮੀ ਉਹ ਹੀ ਹੈ ਜੋ ਉਸ ਦੇ ਕੀਤੇ ਹਰ ਕੰਮ ਨੂੰ ਚੰਗਾ ਕਰਕੇ ਜਾਣੇ ਅਰਥਾਤ ਉਸ ਦੇ ਭਾਣੇ ਵਿਚ ਵਿਚਰੇ। ਜੋ ਮਨੁੱਖ ਉਸ ਵੱਲੋਂ ਕੀਤੇ ਚੰਗੇ ਕੰਮ 'ਤੇ ਤਾਂ ਖੁਸ਼ ਹੋਵੇ ਪਰ ਮਾੜੇ ਕੰਮ ਅਰਥਾਤ ਦੁੱਖ ਨੂੰ ਦੇਖ ਕੇ ਕਹੇ ਕਿ ਇਹ ਚੰਗਾ ਨਹੀਂ ਕੀਤਾ, ਉਹ ਵੀ ਸੱਚਾ ਪ੍ਰੇਮੀ ਜਾਂ ਆਸ਼ਕ ਨਹੀਂ ਕਿਹਾ ਜਾ ਸਕਦਾ, ਕਿਉਂਕਿ ਉਹ ਹਿਸਾਬ-ਕਿਤਾਬ ਵਿਚ ਪੈਂਦਾ ਹੈ ਭਾਵ ਗਿਣਤੀਆਂ ਗਿਣ ਗਿਣ ਕੇ ਪਿਆਰ ਦੀ ਸਾਂਝ ਪਾਉਂਦਾ ਹੈ,

ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥
ਨਾਨਕ ਆਸਕੁ ਕਾਂਢੀਐ
ਸਦ ਹੀ ਰਹੈ ਸਮਾਇ॥
ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥
ਆਸਕੁ ਏਹੁ ਨ ਆਖੀਐ
ਜਿ ਲੇਖੈ ਵਰਤੈ ਸੋਇ॥੧॥ (ਪੰਨਾ ੪੭੪)

ਮਨ ਵਿਚ ਦਵੈਤ ਦੀ ਭਾਵਨਾ ਲੈ ਕੇ ਅਕਾਲ ਪੁਰਖ ਪ੍ਰਤੀ ਪ੍ਰੇਮ ਦਾ ਪ੍ਰਗਟਾਵਾ ਕਰਨ ਵਾਲੇ ਵਿਅਕਤੀ ਪ੍ਰਤੀ ਹੀ ਗੁਰੂ ਅੰਗਦ ਦੇਵ ਜੀ ਦਾ ਅਗਲਾ ਸਲੋਕ ਵੀ ਹੈ। ਇਸ ਵਿਚ ਉਹ ਦੱਸਦੇ ਹਨ ਕਿ ਜਿਹੜਾ ਮਨੁੱਖ ਆਪਣੇ ਮਾਲਕ ਅਕਾਲ ਪੁਰਖ ਦੇ ਹੁਕਮ ਅੱਗੇ ਕਦੇ ਤਾਂ ਸਿਰ ਝੁਕਾਉਂਦਾ ਹੈ ਅਰਥਾਤ ਉਸ ਦੇ ਕੀਤੇ ਨੂੰ ਮਿੱਠਾ ਕਰਕੇ ਮੰਨਦਾ ਹੈ, ਪਰ ਕਦੇ ਉਸ ਦੇ ਕੀਤੇ ਹੋਏ 'ਤੇ ਇਤਰਾਜ਼ ਕਰਦਾ ਹੈ, ਕਿੰਤੂ-ਪ੍ਰੰਤੂ ਕਰਦਾ ਹੈ, ਉਹ ਮਨੁੱਖ ਉਸ ਮਾਲਕ ਦੀ ਰਜ਼ਾ ਵਿਚ ਤੁਰਨ ਤੋਂ ਉਕਾ ਹੀ ਖੁੰਝਿਆ ਹੋਇਆ ਤੁਰਿਆ ਜਾ ਰਿਹਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਸਿਰ ਨਿਵਾਉਣਾ ਅਤੇ ਇਤਰਾਜ਼ ਕਰਨਾ-ਦੋਵੇਂ ਹੀ ਝੂਠੇ ਹਨ, ਇਨ੍ਹਾਂ ਵਿਚੋਂ ਕੋਈ ਗੱਲ ਵੀ ਮਾਲਕ ਦਰਵਾਜ਼ੇ 'ਤੇ ਕਬੂਲ ਨਹੀਂ ਹੁੰਦੀ। ਕਹਿਣ ਤੋਂ ਭਾਵ ਹੈ ਕਿ ਉਸ ਦੀ ਕਰਨੀ ਤੇ ਇਤਰਾਜ਼ ਵੀ ਕਰਨਾ ਹੈ ਅਤੇ ਉਸ ਅੱਗੇ ਸਿਰ ਵੀ ਨਿਵਾਉਣਾ ਹੈ, ਇਹ ਦੋਵੇਂ ਗੱਲਾਂ ਵਿਰੋਧਾਭਾਸੀ ਹਨ, ਦੋਵੇਂ ਗੱਲਾਂ ਸੱਚੀਆਂ ਨਹੀਂ ਹੋ ਸਕਦੀਆਂ,

ਸਲਾਮੁ ਜਬਾਬੁ ਦੋਵੈ ਕਰੇ
ਮੁੰਢਹੁ ਘੁਥਾ ਜਾਇ॥
ਨਾਨਕ ਦੋਵੈ ਕੂੜੀਆ
ਥਾਇ ਨ ਕਾਈ ਪਾਈ॥੨॥ (ਪੰਨਾ ੪੭੪)

ਅਗਲੀ ਪਉੜੀ ਵਿਚ ਗੁਰੂ ਨਾਨਕ ਸਾਹਿਬ ਇਹ ਗੱਲ ਸਮਝਾਉਂਦੇ ਹਨ ਕਿ ਜਿਸ ਅਕਾਲ ਪੁਰਖ ਦਾ ਸਿਮਰਨ ਕੀਤਿਆਂ, ਜਿਸ ਨੂੰ ਯਾਦ ਰੱਖਿਆਂ ਸੁੱਖ ਦੀ ਪ੍ਰਾਪਤੀ ਹੁੰਦੀ ਹੈ, ਉਸ ਸੁਆਮੀ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ। ਹਰ ਮਨੁੱਖ ਨੂੰ ਉਸ ਦੇ ਕੀਤੇ ਹੋਏ ਕਰਮਾਂ ਦਾ ਫਲ ਆਪ ਹੀ ਭੋਗਣਾ ਪੈਂਦਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜਦੋਂ ਮਨੁੱਖ ਨੇ ਆਪਣੇ ਕੀਤੇ ਹੋਏ ਕੰਮਾਂ ਦਾ ਫਲ ਆਪ ਹੀ ਭੋਗਣਾ ਹੈ ਤਾਂ ਫੇਰ ਮਨੁੱਖ ਨੂੰ ਕੋਈ ਮਾੜੀ ਕਮਾਈ ਨਹੀਂ ਕਰਨੀ ਚਾਹੀਦੀ ਜਿਸ ਦਾ ਉਸ ਨੂੰ ਫਲ ਵੀ ਮਾੜਾ ਭੋਗਣਾ ਪਵੇ। ਮਾੜਾ ਕੰਮ ਮਨੁੱਖ ਨੂੰ ਭੁੱਲ ਕੇ ਵੀ ਨਹੀਂ ਕਰਨਾ ਚਾਹੀਦਾ ਕਿਉਂਕਿ ਜੇ ਚੰਗੀ ਵਿਚਾਰ ਵਾਲੀ ਨਜ਼ਰ ਨਾਲ ਦੇਖਿਆ ਜਾਵੇ ਤਾਂ ਮਾੜੇ ਕੰਮਾਂ ਦਾ ਨਤੀਜਾ ਵੀ ਮਾੜਾ ਹੀ ਨਿਕਲਦਾ ਹੈ। ਇਸ ਲਈ ਮਨੁੱਖ ਨੂੰ ਚੰਗੇ ਕੰਮਾਂ ਲਈ ਉਦਮ ਕਰਨਾ ਚਾਹੀਦਾ ਹੈ ਤਾਂ ਕਿ ਉਸ ਦਾ ਪ੍ਰੇਮ ਅਕਾਲ ਪੁਰਖ ਨਾਲ ਬਣਿਆ ਰਹੇ, ਉਸ ਦੀ ਪ੍ਰੀਤ ਨਾ ਟੁੱਟੇ। ਮਨੁੱਖ ਦਾ ਜਨਮ ਔਖੀ ਪ੍ਰਾਪਤੀ ਹੈ ਇਸ ਲਈ ਇਸ ਨੂੰ ਸਫਲ ਬਣਾਉਣ ਵਾਲੀ ਘਾਲ ਕਮਾਈ ਕਰਨੀ ਚਾਹੀਦੀ ਹੈ,

ਜਿਤੁ ਸੇਵਿਐ ਸੁਖੁ ਪਾਈਐ
ਸੋ ਸਾਹਿਬੁ ਸਦਾ ਸਮ੍ਹਾਲੀਐ॥
ਜਿਤੁ ਕੀਤਾ ਪਾਈਐ ਆਪਣਾ
ਸਾ ਘਾਲ ਬੁਰੀ ਕਿਉ ਘਾਲੀਐ॥
ਮੰਦਾ ਮੂਲਿ ਨ ਕੀਚਈ
ਦੇ ਲੰਮੀ ਨਦਰਿ ਨਿਹਾਲੀਐ॥
ਜਿਉ ਸਾਹਿਬ ਨਾਲਿ ਨ ਹਾਰੀਐ
ਤੇਵੇਹਾ ਪਾਸਾ ਢਾਲੀਐ॥
ਕਿਛੁ ਲਾਹੇ ਉਪਰਿ ਘਾਲੀਐ॥੨੧॥
(ਪੰਨਾ ੪੭੪)

ਇਸ ਤੋਂ ਅਗਲਾ ਸਲੋਕ ਵੀ ਗੁਰੂ ਅੰਗਦ ਦੇਵ ਜੀ ਦਾ ਹੈ। ਇਸ ਵਿਚ ਵੀ ਨੌਕਰ ਅਤੇ ਮਾਲਕ ਦੇ ਰਿਸ਼ਤੇ ਦੀ ਉਦਾਹਰਣ ਰਾਹੀਂ ਮਨੁੱਖ ਦੀ ਅਕਾਲ ਪੁਰਖ ਪ੍ਰਤੀ ਸੇਵਾ-ਭਾਵਨਾ ਦੀ ਗੱਲ ਕੀਤੀ ਹੈ। ਕਿਸੇ ਦੀ ਚਾਕਰੀ ਕਰਨ ਵਿਚ ਆਕੜ ਨਹੀਂ ਚਲਦੀ ਕਿਉਂਕਿ ਦੋਵਾਂ ਗੱਲਾਂ ਦਾ ਕੋਈ ਮੇਲ ਨਹੀਂ ਹੈ। ਗੁਰੂ ਅੰਗਦ ਦੇਵ ਜੀ ਅਨੁਸਾਰ ਜੇ ਕੋਈ ਨੌਕਰ ਆਪਣੇ ਮਾਲਕ ਦੀ ਨੌਕਰੀ ਵੀ ਕਰੇ ਅਤੇ ਉਸ ਦੇ ਸਾਹਮਣੇ ਆਕੜ ਵਾਲੀਆਂ ਗੱਲਾਂ ਵੀ ਕਰੀ ਜਾਵੇ ਅਤੇ ਇਹੋ ਜਿਹੀਆਂ ਗੱਲਾਂ ਮਾਲਕ ਦੇ ਸਾਹਮਣੇ ਬਹੁਤੀਆਂ ਕਰੇ ਤਾਂ ਮਾਲਕ ਅਜਿਹੇ ਨੌਕਰ 'ਤੇ ਖੁਸ਼ ਨਹੀਂ ਹੁੰਦਾ, ਅਜਿਹਾ ਨੌਕਰ ਮਾਲਕ ਦੀ ਖੁਸ਼ੀ ਹਾਸਲ ਨਹੀਂ ਕਰ ਸਕਦਾ। ਜਿਸ ਤਰ੍ਹਾਂ ਮਾਲਕ ਦੀ ਖੁਸ਼ੀ ਪ੍ਰਾਪਤ ਕਰਨ ਲਈ ਨੌਕਰ ਨੂੰ ਆਪਣਾ ਆਪ ਮਿਟਾ ਕੇ ਸੇਵਾ ਕਰਨੀ ਪੈਂਦੀ ਹੈ, ਇਸੇ ਤਰ੍ਹਾਂ ਜੋ ਮਨੁੱਖ ਆਪਣਾ ਆਪ ਮਿਟਾ ਕੇ ਅਕਾਲ ਪੁਰਖ ਦੀ ਸੇਵਾ ਕਰਦੇ ਹਨ, ਉਹ ਹੀ ਉਸ ਦੇ ਦਰਵਾਜ਼ੇ 'ਤੇ ਆਦਰ ਅਤੇ ਸਤਿਕਾਰ ਪਾਉਂਦੇ ਹਨ। ਅਜਿਹੀ ਭਾਵਨਾ ਨਾਲ ਸੇਵਾ ਕਰਨ ਵਾਲਾ ਮਨੁੱਖ ਹੀ ਆਪਣੇ ਮਾਲਕ ਨੂੰ ਮਿਲ ਪੈਂਦਾ ਹੈ ਜਿਸ ਦੀ ਸੇਵਾ ਵਿਚ ਉਹ ਲੱਗਾ ਹੋਇਆ ਹੈ। ਆਪਣਾ ਆਪ ਗੁਆ ਕੇ ਹੀ ਮਾਲਕ ਦੇ ਦਰ 'ਤੇ ਕਬੂਲ ਹੋ ਸਕੀਦਾ ਹੈ,

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ॥
ਗਲਾ ਕਰੇ ਘਣੇਰੀਆ
ਖਸਮ ਨ ਪਾਏ ਸਾਦੁ॥
ਆਪੁ ਗਵਾਇ ਸੇਵਾ ਕਰੇ
ਤਾ ਕਿਛੁ ਪਾਏ ਮਾਨੁ॥
ਨਾਨਕ ਜਿਸ ਨੋ ਲਗਾ
ਤਿਸੁ ਮਿਲੈ ਲਗਾ ਸੋ ਪਰਵਾਨੁ॥੧॥
(ਪੰਨਾ ੪੭੪)

ਇਸੇ ਸੰਦਰਭ ਵਿਚ ਅਗਲਾ ਸਲੋਕ ਫਿਰ ਗੁਰੂ ਅੰਗਦ ਦੇਵ ਦਾ ਹੈ ਜਿਸ ਵਿਚ ਤਰਕ ਸਿਰਜਿਆ ਹੈ ਕਿ ਜਿਸ ਕਿਸਮ ਦਾ ਕਾਰਨ ਹੋਵੇਗਾ ਉਸ ਤੋਂ ਕਾਰਜ ਵੀ ਉਹੋ ਜਿਹਾ ਹੀ ਪੈਦਾ ਹੋਵੇਗਾ ਅਰਥਾਤ ਜਿਸ ਕਿਸਮ ਦੇ ਮਨੁੱਖ ਕਰਮ ਕਰੇਗਾ ਉਸ ਨੂੰ ਉਸ ਦਾ ਫਲ ਵੀ ਉਹੋ ਜਿਹਾ ਹੀ ਮਿਲੇਗਾ। ਜੇ ਬੀਜੀਏ ਕੁਝ ਹੋਰ ਅਤੇ ਫਲ ਦੀ ਆਸ ਕਿਸੇ ਹੋਰ ਦੀ ਕਰੀਏ, ਇਹ ਤਰਕ-ਸੰਗਤ ਨਹੀਂ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਜੋ ਕੁਝ ਮਨੁੱਖ ਦੇ ਮਨ ਵਿਚ ਹੁੰਦਾ ਹੈ ਉਹੀ ਬਾਹਰ ਦਿੱਸ ਆਉਂਦਾ ਹੈ, ਪ੍ਰਗਟ ਹੁੰਦਾ ਹੈ। ਭਾਵ ਜਿਹੋ ਜਿਹੀ ਕਿਸੇ ਦੀ ਨੀਯਤ ਹੁੰਦੀ ਹੈ, ਉਸ ਨੂੰ ਮੁਰਾਦ ਵੀ ਉਹੋ ਜਿਹੀ ਹੀ ਮਿਲਦੀ ਹੈ, ਫਲ ਵੀ ਉਹੋ ਜਿਹਾ ਹੀ ਪ੍ਰਾਪਤ ਹੁੰਦਾ ਹੈ। ਜੇ ਮਨ ਦੇ ਅੰਦਰ ਕੁਝ ਹੋਰ ਹੋਵੇ ਅਤੇ ਬਾਹਰ ਮਨੁੱਖ ਕੁਝ ਹੋਰ ਮੰਗੇ ਜਾਂ ਭਾਲੇ ਇਹ ਵਿਅਰਥ ਹੈ। ਇਹ ਹੈਰਾਨੀ ਵਾਲੀ ਅਤੇ ਅਨੋਖੀ ਗੱਲ ਹੈ ਕਿ ਮਨੁੱਖ ਬੀਜਦਾ ਤਾਂ ਜ਼ਹਿਰ ਹੈ ਪਰ ਉਸ ਦਾ ਫਲ ਅੰਮ੍ਰਿਤ ਦੇ ਰੂਪ ਵਿਚ ਭਾਲਦਾ ਹੈ ਜੋ ਕਿ ਸੰਭਵ ਨਹੀਂ ਹੈ,

ਜੋ ਜੀਇ ਹੋਇ ਸੁ ਉਗਵੈ
ਮੁਹਿ ਕਾ ਕਹਿਆ ਵਾਉ॥
ਬੀਜੇ ਬਿਖੁ ਮੰਗੈ ਅੰਮ੍ਰਿਤੁ
ਵੇਖਹੁ ਏਹੁ ਨਿਆਉ॥੨॥ (ਪੰਨਾ ੪੭੪)

## ਗੁਰਬਾਣੀ ਗਿਆਨ

## ਗੁਰਿ ਪੂਰੈ ਚਰਨੀ ਲਾਇਆ

**ਸੋਰਠਿ ਮਹਲਾ ੫**
ਗੁਰਿ ਪੂਰੈ ਚਰਨੀ ਲਾਇਆ॥
ਹਰਿ ਸੰਗਿ ਸਹਾਈ ਪਾਇਆ॥
ਜਹ ਜਾਈਐ ਤਹਾ ਸੁਹੇਲੇ॥
ਕਰਿ ਕਿਰਪਾ ਪ੍ਰਭਿ ਮੇਲੇ॥੧॥
ਹਰਿ ਗੁਣ ਗਾਵਹੁ ਸਦਾ ਸੁਭਾਈ॥
ਮਨ ਚਿੰਦੇ ਸਗਲੇ ਫਲ ਪਾਵਹੁ
ਜੀਅ ਕੈ ਸੰਗਿ ਸਹਾਈ॥੧॥ ਰਹਾਉ॥
ਨਾਰਾਇਣ ਪ੍ਰਾਣ ਅਧਾਰਾ॥
ਹਮ ਸੰਤ ਜਨਾਂ ਰੇਨਾਰਾ॥
ਪਤਿਤ ਪੁਨੀਤ ਕਰਿ ਲੀਨੇ॥
ਕਰਿ ਕਿਰਪਾ ਹਰਿ ਜਸੁ ਦੀਨੇ॥੨॥
ਪਾਰਬ੍ਰਹਮੁ ਕਰੇ ਪ੍ਰਤਿਪਾਲਾ॥
ਸਦ ਜੀਅ ਸੰਗਿ ਰਖਵਾਲਾ॥
ਹਰਿ ਦਿਨੁ ਰੈਨਿ ਕੀਰਤਨੁ ਗਾਈਐ॥
ਬਹੁੜਿ ਨ ਜੋਨੀ ਪਾਈਐ॥੩॥
ਜਿਸੁ ਦੇਵੈ ਪੁਰਖੁ ਬਿਧਾਤਾ॥
ਹਰਿ ਰਸੁ ਤਿਨ ਹੀ ਜਾਤਾ॥
ਜਮਕੰਕਰੁ ਨੇੜਿ ਨ ਆਇਆ॥
ਸੁਖੁ ਨਾਨਕ ਸਰਣੀ ਪਾਇਆ॥੪॥

ਸ੍ਰੀ ਗੁਰੂ ਅਰਜਨ ਦੇਵ ਆਖਦੇ ਹਨ, ਹੇ ਭਾਈ! ਜਿਸ ਜੀਵ ਨੂੰ ਪੂਰੇ ਗੁਰੂ ਨੇ ਪ੍ਰਭ ਜੀ ਦੇ ਚਰਨਾਂ ਨਾਲ ਜੋੜ ਦਿੱਤਾ, ਉਸ ਜੀਵ ਨੇ ਉਹ ਹਰੀ ਪ੍ਰਭੂ ਲੱਭ ਲਿਆ ਜੋ ਸਦਾ ਹੀ ਅੰਗ-ਸੰਗ ਰਹਿਣ ਵਾਲਾ ਹੈ। ਜਹ ਜਾਈਐ ਤਹਾ ਸੁਹੇਲੇ, ਹੇ ਭਾਈ! ਜੇ ਪ੍ਰਭੂ ਜੀ ਦੇ ਪਾਵਨ ਚਰਨਾਂ ਨਾਲ ਜੁੜੇ ਰਹੀਏ ਤਾਂ ਜਿਥੇ ਵੀ ਜਾਈਏ, ਉਥੇ ਸੁਖੀ ਰਹਿ ਸਕੀਦਾ ਹੈ। ਪ੍ਰਭੂ ਦੀ ਕ੍ਰਿਪਾ ਸਦਕਾ ਹੀ ਜੀਵ ਉਸ ਨੂੰ ਮਿਲ ਪਾਉਂਦਾ ਹੈ।

ਹਰਿ ਗੁਣ ਗਾਵਹੁ ਸਦਾ ਸੁਭਾਈ॥
ਮਨ ਚਿੰਦੇ ਸਗਲੇ ਫਲ ਪਾਵਹੁ
ਜੀਅ ਕੈ ਸੰਗਿ ਸਹਾਈ॥੧॥ ਰਹਾਉ॥

ਗੁਰਦੇਵ ਪਿਤਾ ਜੀ ਰਹਾਉ ਦੀ ਪੰਕਤੀ ਵਿਚ ਬਖ਼ਸ਼ਿਸ਼ ਕਰਦੇ ਹਨ, ਹੇ ਭਾਈ! ਹਰੀ ਦੇ ਗੁਣਾਂ ਦਾ ਗਾਇਨ ਸਦਾ ਹੀ ਗਾਉਂਦੇ ਰਿਹਾ ਕਰੋ; ਮਨ ਚਿੰਦੇਂ ਸਗਲੇ ਫਲ ਪਾਵਹੁ, ਜੋ ਜੀਵ ਉਸ ਪ੍ਰਭੂ ਜੀ ਦੀ ਸਿਫ਼ਤ-ਸਲਾਹ ਦੇ ਗੀਤ ਪਿਆਰ ਨਾਲ ਗਾਉਂਦੇ ਹਨ, ਉਹ ਪ੍ਰਭੂ ਦੇ ਦਰ ਤੋਂ ਸਦਾ ਹੀ ਮਨ ਚਾਹੇ ਫਲ ਪ੍ਰਾਪਤ ਕਰ ਲੈਂਦੇ ਹਨ ਤੇ ਫਿਰ ਉਨ੍ਹਾਂ ਜੀਵਾਂ ਨੂੰ ਮਿਹਰਵਾਨ ਪ੍ਰਭੂ ਆਪਣੀ ਜੀਅ-ਜਾਨ ਨਾਲ ਵੱਸਦਾ ਸੰਗੀ-ਸਾਥੀ ਜਾਪਦਾ ਰਹਿੰਦਾ ਹੈ।

ਨਾਰਾਇਣ ਪ੍ਰਾਣ ਅਧਾਰਾ॥
ਹਮ ਸੰਤ ਜਨਾਂ ਰੇਨਾਰਾ॥
ਪਤਿਤ ਪੁਨੀਤ ਕਰਿ ਲੀਨੇ॥
ਕਰਿ ਕਿਰਪਾ ਹਰਿ ਜਸੁ ਦੀਨੇ॥੨॥

ਗੁਰਦੇਵ ਜੀ ਸਮਝਾਉਂਦੇ ਹਨ, ਹੇ ਭਾਈ! ਉਹ ਨਾਰਾਇਣ ਜੋ ਇਸ ਜਗਤ ਦਾ ਮਾਲਕ ਹੈ, ਸੁਆਮੀ ਹੈ, ਉਹ ਤਾਂ ਪ੍ਰਾਣਾਂ ਦਾ ਆਸਰਾ ਹੈ; ਉਸ ਮਿਹਰਵਾਨ ਪ੍ਰਭੂ ਜੀ ਦੀ ਕ੍ਰਿਪਾ ਸਦਕਾ ਹੀ ਮੈਂ ਤਾਂ ਪ੍ਰਭ ਜਨਾਂ ਦੇ ਚਰਨਾਂ ਦੀ ਧੂੜ ਬਣਿਆ ਰਹਿੰਦਾ ਹਾਂ; ਪਤਿਤ ਪੁਨੀਤ ਕਰਿ ਲੀਨੇ, ਹੇ ਭਾਈ! ਸੰਤ ਜਨ ਤਾਂ ਵਿਕਾਰਾਂ ਵਿਚ ਗ੍ਰਸੇ ਹੋਏ ਜੀਵ ਨੂੰ ਵੀ ਉਚੇ ਜੀਵਨ ਵਾਲਾ ਬਣਾ ਦਿੰਦੇ ਹਨ। ਇਹ ਸਭ ਉਦੋਂ ਮਿਲਦਾ ਹੈ, ਜਦੋਂ ਪ੍ਰਭੂ ਜਨ ਕ੍ਰਿਪਾ ਕਰ ਕੇ ਜੀਵ ਨੂੰ ਹਰੀ ਜਸ ਨਾਲ ਜੋੜ ਦਿੰਦੇ ਹਨ।

ਪਾਰਬ੍ਰਹਮੁ ਕਰੇ ਪ੍ਰਤਿਪਾਲਾ॥
ਸਦ ਜੀਅ ਸੰਗਿ ਰਖਵਾਲਾ॥
ਹਰਿ ਦਿਨੁ ਰੈਨਿ ਕੀਰਤਨੁ ਗਾਈਐ॥
ਬਹੁੜਿ ਨ ਜੋਨੀ ਪਾਈਐ॥੩॥

ਗੁਰਦੇਵ ਜਗਤ ਦੇ ਜੀਵਾਂ ਨੂੰ ਆਵਾਜ਼ ਦਿੰਦੇ ਹਨ- ਹੇ ਭਾਈ! ਦਿਨ ਅਤੇ ਰਾਤ, ਹਰ ਵੇਲੇ ਹੀ ਉਸ ਪ੍ਰਭੂ ਜੀ ਦੀ ਸਿਫ਼ਤ-ਸਲਾਹ ਦੇ ਗੀਤ ਗਾਉਂਦੇ ਰਹਿਣਾ ਚਾਹੀਦਾ ਹੈ, ਕਿਉਂਕਿ ਪ੍ਰਭੂ ਜੀ ਦੀ ਸਿਫ਼ਤ-ਸਲਾਹ, ਭਾਵ ਨਾਮ ਸਿਮਰਨ ਕਰਨ ਨਾਲ ਜੀਵ ਫਿਰ ਜਨਮ ਅਤੇ ਮਰਨ ਦੇ ਗੇੜ ਵਿਚ ਨਹੀਂ ਪੈਂਦਾ, ਉਹ ਜਗਤ ਦਾ ਸੁਆਮੀ ਪਰਮਾਤਮਾ ਨਾਮ ਸਿਮਰਨ ਕਰਨ ਵਾਲਿਆਂ ਦੀ ਆਪ ਪਾਲਣਾ ਕਰਦਾ ਹੈ ਅਤੇ ਨਾਮ ਸਿਮਰਨ ਕਰਨ ਵਾਲੇ ਜੀਵਾਂ ਦੀ ਜਿੰਦ-ਜਾਨ ਦੀ ਰਾਖੀ ਕਰ ਕੇ ਉਨ੍ਹਾਂ ਦੀ ਸਹਾਇਤਾ ਵੀ ਕਰਦਾ ਹੈ।

ਜਿਸੁ ਦੇਵੈ ਪੁਰਖੁ ਬਿਧਾਤਾ॥
ਹਰਿ ਰਸੁ ਤਿਨ ਹੀ ਜਾਤਾ॥
ਜਮਕੰਕਰੁ ਨੇੜਿ ਨ ਆਇਆ॥
ਸੁਖੁ ਨਾਨਕ ਸਰਣੀ ਪਾਇਆ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਜੀ ਆਖਦੇ ਹਨ- ਜਿਸੁ ਦੇਵੈ ਪੁਰਖੁ ਬਿਧਾਤਾ, ਹੇ ਭਾਈ! ਜਿਸ ਜੀਵ ਨੂੰ ਉਹ ਸਿਰਜਣਹਾਰ ਸਰਬ ਵਿਆਪਕ ਪ੍ਰਭੂ ਜੀ ਮਿਹਰਾਂ ਵਿਚ ਆ ਕੇ ਆਪ ਇਹ ਦਾਤ ਦਿੰਦਾ ਹੈ; ਹਰਿ ਰਸੁ ਤਿਨ ਹੀ ਜਾਤਾ, ਤਾਂ ਫਿਰ ਉਸ ਜੀਵ ਨੇ ਪ੍ਰਭੂ ਦੇ ਸੋਹਣੇ ਨਾਂ ਦੇ ਰਸ ਸੁਆਦ ਨੂੰ ਜਾਣਿਆ ਹੈ। ਗੁਰਦੇਵ ਪਿਤਾ ਆਖ ਰਹੇ ਹਨ- ਹੇ ਨਾਨਕ ਜੋ ਜੀਵ ਪ੍ਰਭ ਜੀ ਦੀ ਸ਼ਰਨ ਵਿਚ ਰਹਿ ਕੇ ਆਤਮਿਕ ਸੁੱਖ ਤੇ ਅੰਨਦ ਮਾਣਦਾ ਹੈ, ਜਮ ਦਾ ਦੂਤ ਵੀ ਉਸ ਨਾਮ ਜਪਣ ਵਾਲੇ ਜੀਵ ਦੇ ਕਦੇ ਨੇੜੇ ਨਹੀਂ ਆ ਸਕਦਾ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਇਨਸਾਨੀਅਤ ਦੇ ਕਦਰਦਾਨ ਭਾਈ ਕਾਨ੍ਹ ਸਿੰਘ

**ਚੇਤਾ ਤੇ ਚਰਚਾ**

ਇਕ ਵਿਦਵਾਨ, ਖਾਸ ਕਰਕੇ 'ਮਹਾਨ ਕੋਸ਼' ਦਾ ਰਚਨਾਕਾਰ ਹੋਣ ਤੋਂ ਇਲਾਵਾ ਚੜ੍ਹਦੀ ਉਮਰੇ ਭਾਈ ਕਾਨ੍ਹ ਸਿੰਘ ਦੀ ਸ਼ਖ਼ਸੀਅਤ ਦੀ ਜੋ ਬਹੁਤ ਡੂੰਘੀ ਛਾਪ ਮੇਰੇ ਮਨ ਉਤੇ ਲੱਗੀ, ਉਹ ਸੀ ਜਾਤਪਾਤ ਬਾਰੇ ਉਨ੍ਹਾਂ ਦੇ ਵਿਚਾਰ। ਇਥੇ ਇਹ ਗੱਲ ਚਿਤਾਰਨੀ ਠੀਕ ਰਹੇਗੀ ਕਿ ਉਸ ਸਮੇਂ ਜਾਤਪਾਤ ਸਮਾਜ ਦਾ ਇਕ ਪ੍ਰਵਾਨਤ ਸੱਚ ਸੀ। ਕਥਿਤ ਉਚੀਆਂ ਜਾਤਾਂ ਵੱਲੋਂ ਹੀ ਨਹੀਂ, ਅਜੇ ਸਮਾਜ ਦੇ ਪੀੜੇ-ਨਿਰਾਦਰੇ ਹਿੱਸਿਆਂ ਵੱਲੋਂ ਆਪ ਵੀ ਇਹਨੂੰ ਸਮਾਜਕ ਜੀਵਨ ਦਾ ਇਕ ਸਾਧਾਰਨ ਵਰਤਾਰਾ ਸਮਝਿਆ ਜਾਂਦਾ ਸੀ।



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

ਇਹ ਗੱਲ ਸਹੀ ਹੈ ਕਿ ਪੰਜਾਬ ਵਿਚ ਸਿੱਖ ਗੁਰੂਆਂ ਦੀ ਸਿੱਖਿਆ ਦੇ ਪ੍ਰਭਾਵ ਕਾਰਨ ਛੂਤਛਾਤ ਓਨੀ ਭਿਆਨਕ ਨਹੀਂ ਸੀ ਜਿੰਨੀ ਬਾਕੀ ਭਾਰਤ ਵਿਚ ਸੀ, ਪਰ ਇਥੇ ਵੀ ਇਹਨੂੰ ਅਣਮਨੁੱਖੀ ਤੇ ਵਹਿਸ਼ੀ ਤੋਂ ਇਲਾਵਾ ਕੁਛ ਹੋਰ ਕਹਿਣਾ ਵਾਜਬ ਤੇ ਸੰਭਵ ਨਹੀਂ। ਸਮਾਜ ਉਤੇ ਮੰਨੂਵਾਦੀ ਪਕੜ-ਜਕੜ ਏਨੀ ਮਜ਼ਬੂਤ ਸੀ ਕਿ ਸਿੱਖੀ ਦੇ ਛੋਟੇ ਜਿਹੇ ਇਤਿਹਾਸ ਵਿਚ ਹੀ ਇਕੋ ਖੰਡੇ-ਬਾਟੇ ਦੇ ਅੰਮ੍ਰਿਤ ਵਾਲੀ ਸੋਚ ਪਿੱਛੇ ਰਹਿ ਕੇ ਮਜ਼ਬੀ ਸਿੱਖ, ਰਵਿਦਾਸੀਏ ਸਿੱਖ ਜਿਹੇ ਕਥਨ ਪ੍ਰਚਲਿਤ ਹੋ ਗਏ ਸਨ। ਪ੍ਰਚਲਿਤ ਹੀ ਨਹੀਂ ਸਨ ਹੋਏ ਸਗੋਂ ਪ੍ਰਵਾਨ ਵੀ ਹੋ ਚੁੱਕੇ ਸਨ ਅਤੇ ਲਗਾਤਾਰ ਮਜ਼ਬੂਤੀ ਫੜ ਰਹੇ ਸਨ।

ਉਸ ਮਾਹੌਲ ਵਿਚ ਸਾਡੇ ਪਿੰਡ ਵਿਚ ਇਕ ਘਟਨਾ ਅਜਿਹੀ ਵਾਪਰੀ ਜੋ ਬਾਪੂ ਜੀ ਦੇ ਮੂੰਹੋਂ ਸੁਣ ਕੇ ਛੋਟੀ ਉਮਰੇ ਵੀ ਅਲੋਕਾਰ ਤਾਂ ਲੱਗੀ ਪਰ ਜਿਸ ਦਾ ਅਸਲ ਮਹੱਤਵ ਅੱਗੇ ਚੱਲ ਕੇ ਸਮਾਜਕ-ਰਾਜਨੀਤਕ ਸੋਝੀ ਆਈ ਤੋਂ ਸਮਝ ਆਇਆ। ਬਾਪੂ ਜੀ ਆਖਦੇ, ਇਹ ਭਾਈ ਸਾਹਿਬ ਦੇ ਵਿਦਵਾਨ, ਲੇਖਕ ਤੇ ਸਿੱਖੀ ਦੀ ਅਸਲ ਭਾਵਨਾ ਨੂੰ ਸਮਝਣ ਵਾਲਾ ਹੋਣ ਕਾਰਨ ਸੀ ਕਿ ਉਹ ਜਾਤ-ਪਾਤ ਜਿਹੀਆਂ ਸੌੜੀਆਂ ਵਲਗਣਾਂ ਤੋਂ ਉਚੇ ਉਠ ਸਕੇ।

ਭਾਈ ਕਾਨ੍ਹ ਸਿੰਘ ਬਾਰੇ ਬਹੁਤ ਕੁਛ ਪੜ੍ਹਦਿਆਂ ਅਜਿਹੀ ਕੋਈ ਗੱਲ, ਕੋਈ ਘਟਨਾ ਮੇਰੀ ਜਾਣਕਾਰੀ ਵਿਚ ਨਹੀਂ ਆਈ ਜਿਸ ਤੋਂ ਜਾਤ-ਪਾਤ ਸਬੰਧੀ ਉਨ੍ਹਾਂ ਦੇ ਵਿਚਾਰ ਸਪਸ਼ਟਤਾ ਨਾਲ ਸਾਡੇ ਸਾਹਮਣੇ ਆਉਂਦੇ ਹੋਣ। ਇਸ ਨਜ਼ਰੀਏ ਤੋਂ ਇਹ ਘਟਨਾ ਅਹਿਮ ਤਾਂ ਹੈ ਹੀ, ਦਿਲਚਸਪ ਵੀ ਬਹੁਤ ਹੈ। ਸਾਡੇ ਪਿੰਡ ਇੰਦਰ ਸਿੰਘ ਢਿੱਲੋਂ ਨਾਂ ਦੇ ਇਕ ਵਿਅਕਤੀ ਸਨ। ਉਹ ਦੂਰੋਂ-ਨੇੜਿਉਂ ਭਾਈ ਕਾਨ੍ਹ ਸਿੰਘ ਦੇ ਵਡੇਰੇ ਪਰਿਵਾਰ ਵਿਚੋਂ ਹੀ ਸਨ। ਉਹ ਭਾਈ ਸਾਹਿਬ ਨਾਲੋਂ ਕਾਫ਼ੀ ਛੋਟੇ ਵੀ ਸਨ ਅਤੇ ਉਨ੍ਹਾਂ ਨੇ ਉਮਰ ਵੀ ਲੰਮੀ ਭੋਗੀ, ਇਸ ਕਰਕੇ ਉਹ ਕਿਤੇ ਪਿਛਲੀ ਸਦੀ ਦੇ ਸੱਤਰਵਿਆਂ ਵਿਚ ਜਾ ਕੇ ਪੂਰੇ ਹੋਏ। ਸਾਡੇ ਪਰਿਵਾਰ ਨਾਲ ਉਨ੍ਹਾਂ ਦਾ ਨੇੜਲਾ ਵਾਸਤਾ ਰਿਹਾ ਅਤੇ ਇਕ ਵਾਰ ਉਹ ਮੇਰੇ ਕੋਲ ਦਿੱਲੀ ਵੀ ਆਏ। ਮੈਂ ਉਨ੍ਹਾਂ ਨੂੰ ਤਾਇਆ ਜੀ ਕਿਹਾ ਕਰਦਾ ਸੀ। ਇਸ ਲੰਮੇ ਵਾਹ ਵਿਚੋਂ ਹੀ ਮੇਰੀ ਕਹਾਣੀ 'ਕਸਤੂਰੀ ਵਾਲਾ ਮਿਰਗ' ਦਾ ਜਨਮ ਹੋਇਆ। ਇਹ ਮੇਰੀਆਂ ਉਨ੍ਹਾਂ ਇੱਕਾ-ਦੁੱਕਾ ਕਹਾਣੀਆਂ ਵਿਚੋਂ ਹੈ ਜਿਨ੍ਹਾਂ ਵਿਚ ਮੈਨੂੰ ਕਲਪਨਾ ਦਾ ਰਲਾ ਪਾਉਣਾ ਹੀ ਨਹੀਂ ਪਿਆ, ਭਾਵ ਜੀਵਨ ਵਿਚੋਂ ਉਹ ਮੈਨੂੰ ਪੱਕੀਆਂ-ਪਕਾਈਆਂ ਮਿਲ ਗਈਆਂ ਅਤੇ ਮੈਂ ਕਾਗ਼ਜ਼ ਉਤੇ ਉਤਾਰ ਦਿੱਤੀਆਂ। ਇਸ ਕਹਾਣੀ ਦੇ ਸਰਦਾਰ ਉਤਮ ਸਿੰਘ ਸੰਧੂ ਅਸਲੀ ਜੀਵਨ ਵਿਚ ਤਾਇਆ ਇੰਦਰ ਸਿੰਘ ਢਿੱਲੋਂ ਹੀ ਸਨ।

ਉਹ ਉਰਦੂ ਪੜ੍ਹੇ ਹੋਏ ਸਨ। ਉਨ੍ਹਾਂ ਦਾ ਬਾਣਾ ਕਾਫ਼ੀ ਨਿਵੇਕਲਾ ਸੀ। ਉਹ ਕਫ਼ਾਂ ਵਾਲੇ ਕੁਛ ਕੁਛ ਲੰਮੇ ਕਮੀਜ਼ ਨਾਲ ਸਫ਼ੈਦ ਪੋਠੋਹਾਰੀ ਸਲਵਾਰ ਪਹਿਨਦੇ, ਜਿਸ ਦਾ ਸਾਡੇ ਇਲਾਕੇ ਵਿਚ ਰਿਵਾਜ ਨਹੀਂ ਸੀ। ਹੱਥ ਵਿਚ ਉਹ ਖ਼ੂਬਸੂਰਤ ਖੂੰਡੀ ਰਖਦੇ ਜੋ ਲੋੜ ਨਾਲੋਂ ਬਹੁਤੀ ਆਦਤ ਜਾਂ ਸ਼ੁਕੀਨੀ ਸੀ। ਪਿੰਡ ਵਾਲੀ ਜ਼ਮੀਨ ਤੋਂ ਇਲਾਵਾ ਉਨ੍ਹਾਂ ਦੇ ਬਹਾਵਲਪੁਰ ਵਿਚ ਵੀ ਮੁਰੱਬੇ ਸਨ। ਉਥੇ ਉਨ੍ਹਾਂ ਦੇ ਮੁਰੱਬਿਆਂ ਦੇ ਗੁਆਂਢੀ ਚੰਗੇ ਵੱਡੇ ਮੁਸਲਮਾਨ ਜ਼ਿੰਮੀਦਾਰ ਸਨ ਜਿਨ੍ਹਾਂ ਨਾਲ ਉਨ੍ਹਾਂ ਦਾ ਵਧੀਆ ਸਨੇਹ ਤੇ ਵਰਤ-ਵਰਤਾਵਾ ਸੀ। ਸ਼ਾਇਦ ਇਹੋ ਕਾਰਨ ਸੀ ਕਿ ਉਨ੍ਹਾਂ ਦੀ ਸੂਖਮ ਜਿਹੀ ਉਰਦੂਨੁਮਾ ਬੋਲਬਾਣੀ ਅਤੇ ਉਦਾਰ ਵਰਤੋਂ-ਵਿਹਾਰ ਵਿਚ ਇਕ ਖਾਸ ਸਲੀਕਾ ਤੇ ਸੁਚੱਜ ਸੀ। ਉਨ੍ਹਾਂ ਦੇ ਨਾਂ ਨਾਲ ਦੋ ਗੱਲਾਂ ਅਜਿਹੀਆਂ ਜੁੜੀਆਂ ਹੋਈਆਂ ਸਨ ਜੋ ਪਿੰਡ ਵਾਸੀਆਂ ਦੀ ਨਜ਼ਰ ਵਿਚ ਉਨ੍ਹਾਂ ਨੂੰ ਸਾਧਾਰਨ ਮਨੁੱਖ ਦੀ ਥਾਂ ਅਜੀਬ ਪ੍ਰਾਣੀ ਬਣਾਉਂਦੀਆਂ ਸਨ। ਪਹਿਲੀ ਕਿ ਉਨ੍ਹਾਂ ਨੇ "ਗਾਂ ਦਾ ਮਾਸ ਖਾਧਾ ਹੋਇਆ ਹੈ" ਤੇ ਦੂਜੀ, ਉਨ੍ਹਾਂ ਨੇ "ਚਮਿਆਰਾਂ ਦੇ ਘਰੋਂ ਦੁੱਧ ਪੀਤਾ ਹੋਇਆ ਹੈ!" ਬਾਪੂ ਜੀ ਨੂੰ ਗਾਂ ਦੇ ਮਾਸ ਵਾਲੀ ਘਟਨਾ ਦਾ ਵਿਸਤਾਰ ਪਤਾ ਨਹੀਂ ਸੀ। ਸ਼ਾਇਦ ਉਨ੍ਹਾਂ ਨੇ ਨਾਜ਼ਕ ਵਿਸ਼ਾ ਹੋਣ ਕਰਕੇ ਇਸ ਬਾਰੇ ਕਦੀ ਤਾਇਆ ਜੀ ਨਾਲ ਗੱਲ ਵੀ ਨਹੀਂ ਸੀ ਕੀਤੀ। ਹਾਂ, ਦੁੱਧ ਵਾਲੀ ਘਟਨਾ ਪਿੰਡ ਵਿਚ ਪਰਤੱਖ ਵਾਪਰੀ ਹੋਣ ਕਰਕੇ ਮੈਂ ਬਾਪੂ ਜੀ ਦੇ ਮੂੰਹੋਂ ਪੂਰੀ ਸੁਣੀ ਹੋਈ ਸੀ। ਮਗਰੋਂ ਮੇਰੀ ਕਹਾਣੀ ਵਿਚ ਹੋਏ ਜ਼ਿਕਰ ਵਾਂਗ ਜਦੋਂ ਤਾਇਆ ਜੀ ਇੰਦਰ ਸਿੰਘ ਮੇਰੇ ਕੋਲ ਦਿੱਲੀ ਠਹਿਰੇ, ਮੈਂ ਉਨ੍ਹਾਂ ਨੂੰ ਦੋਵੇਂ ਵਰਜਨਾਂ ਤੋੜਨ ਬਾਰੇ ਪੁੱਛ ਹੀ ਲਿਆ। ਉਹ ਨਿਝੱਕ ਬੋਲੇ, ਹਾਂ ਬੇਟਾ, ਮੈਂ ਗਾਂ ਦਾ ਮਾਸ ਵੀ ਖਾਧਾ ਤੇ ਸੀਰੀ ਦੇ ਘਰੋਂ ਦੁੱਧ ਵੀ ਪੀਤਾ! ਤੇ ਉਨ੍ਹਾਂ ਨੇ ਦੋਵੇਂ ਘਟਨਾਵਾਂ ਪੂਰੇ ਵਿਸਤਾਰ ਵਿਚ ਸੁਣਾਈਆਂ।



*ਭਾਈ ਕਾਨ੍ਹ ਸਿੰਘ ਦਾ ਇਕ ਚਿੱਤਰ*

ਗਾਂ ਦੇ ਮਾਸ ਵਾਲੀ ਗੱਲ ਸਾਡੇ ਇਸ ਲੇਖ ਲਈ ਪ੍ਰਸੰਗਕ ਨਾ ਹੋਣ ਕਰਕੇ, ਬੜੀ ਦਿਲਚਸਪ ਹੋਣ ਦੇ ਬਾਵਜੂਦ, ਇਥੇ ਹੀ ਛਡਦਿਆਂ ਅਸੀਂ ਦੁੱਧ ਵਾਲੀ ਘਟਨਾ ਲੈਂਦੇ ਹਾਂ ਕਿਉਂਕਿ ਤਾਇਆ ਜੀ ਇੰਦਰ ਸਿੰਘ ਤੋਂ ਇਲਾਵਾ ਇਸ ਦੇ ਦੂਜੇ ਵੱਡੇ ਪਾਤਰ ਭਾਈ ਕਾਨ੍ਹ ਸਿੰਘ ਸਨ। ਇਹ ਉਸੇ ਰੂਪ ਵਿਚ ਹੈ ਜਿਸ ਵਿਚ ਮੈਨੂੰ ਬਾਪੂ ਜੀ ਨੇ ਸੁਣਾਈ ਅਤੇ ਮਗਰੋਂ ਤਾਇਆ ਜੀ ਨੇ ਦੁਹਰਾਈ। ਸਾਡੀ ਨਾਭਾ ਰਿਆਸਤ ਵਿਚ ਮਜ਼ਬੀਆਂ ਤੇ ਰਵਿਦਾਸੀਆਂ ਦੇ ਵਿਹੜੇ ਫਿਰਨੀ ਤੋਂ ਬਾਹਰ ਹੁੰਦੇ ਸਨ, ਭਾਵ ਉਨ੍ਹਾਂ ਨੂੰ ਫਿਰਨੀ ਦੇ ਅੰਦਰ ਪਿੰਡ ਵਿਚ ਵਸਣ ਦੀ ਆਗਿਆ ਨਹੀਂ ਸੀ। ਹੋਰ ਕੋਈ ਦਲਿਤ ਭਾਈਚਾਰਾ ਸਾਡੇ ਪਿੰਡ ਵਿਚ ਹੈ ਹੀ ਨਹੀਂ ਸੀ। ਜੇ ਕਿਸੇ ਪਿੰਡ ਵਾਲੇ ਨੇ ਕਿਸੇ ਮਜ਼ਬੀ-ਰਵਿਦਾਸੀਏ ਨੂੰ ਬੁਲਾਉਣਾ ਹੁੰਦਾ, ਉਹ ਵਿਹੜੇ ਦੇ ਬਾਹਰ ਖਲੋ ਜਾਂਦਾ ਅਤੇ ਕਿਸੇ ਅੰਦਰ ਜਾਣ ਵਾਲੇ ਨੂੰ ਆਖਦਾ,"ਓ ਬਈ, ਫਲਾਣੇ ਨੂੰ ਭੇਜੀਂ।"

ਇਕ ਦਿਨ ਤਾਇਆ ਇੰਦਰ ਸਿੰਘ ਦਾ ਰਵਿਦਾਸੀਆ ਸੀਰੀ ਪਹਿਲਾਂ ਦੱਸੇ ਬਿਨਾਂ ਕੰਮ ਉਤੇ ਨਾ ਆਇਆ। ਉਹ ਵਿਹੜੇ ਵੱਲ ਗਏ ਅਤੇ ਰੀਤ ਅਨੁਸਾਰ ਕਿਸੇ ਅੰਦਰ ਜਾਣ ਵਾਲੇ ਦੀ ਉਡੀਕ ਕੀਤੇ ਬਿਨਾਂ ਪੁਛਦੇ-ਪੁਛਾਉਂਦੇ ਸੀਰੀ ਦੇ ਘਰ ਜਾ ਪਹੁੰਚੇ। ਸੀਰੀ ਕਿਸੇ ਕੰਮ ਕਾਰਨ ਕੁਛ ਸਮੇਂ ਲਈ ਕਿਤੇ ਨੇੜੇ-ਤੇੜੇ ਹੀ ਗਿਆ ਹੋਇਆ ਸੀ। ਵਿਚਾਰੀ ਸੀਰਨ ਦਾ, ਅਚਾਨਕ ਆ ਬਣੀ ਇਸ ਅਜੀਬ ਸਥਿਤੀ ਕਾਰਨ, ਘਬਰਾਉਣਾ ਤੇ ਹੜਬੜਾਉਣਾ ਸੁਭਾਵਿਕ ਸੀ। ਉਹਨੇ ਹੱਥਾਂ ਵਿਚ ਚੁੰਨੀ ਦਾ ਲੜ ਫੜ ਕੇ ਤਾਇਆ ਜੀ ਦੇ ਪੈਰਾਂ ਤੋਂ ਦੋ ਕੁ ਗਿੱਠਾਂ ਦੂਰ ਧਰਤੀ ਛੂਹ ਕੇ ਪੈਰੀਂ-ਪੈਣਾ ਕੀਤਾ। ਫੇਰ ਕਦੇ ਉਹ ਪੀੜ੍ਹੀ ਨੂੰ ਹੱਥ ਪਾ ਲਵੇ, ਕਦੇ ਛੱਡ ਦੇਵੇ। ਕਦੇ ਮੰਜੇ ਵੱਲ ਅਹੁਲੇ, ਫੇਰ ਝਿਜਕ ਜਾਵੇ। ਉਹਨੂੰ ਸਮਝ ਨਹੀਂ ਸੀ ਆ ਰਹੀ, ਉਹ ਸਰਦਾਰ ਨੂੰ ਬੈਠਣ ਲਈ ਕਹੇ ਜਾਂ ਨਾ ਕਹੇ! ਏਨੇ ਚਿਰ ਨੂੰ ਕੰਧ ਨਾਲ ਖੜ੍ਹਾ ਮੰਜਾ ਸਿੱਧਾ ਕਰ ਕੇ ਤਾਇਆ ਜੀ ਬਿਰਾਜ ਚੁੱਕੇ ਸਨ। ਉਹ ਬੋਲੀ, ਬਾਬਾ ਜੀ, ਤੁਸੀਂ ਬੈਠੋ, ਮੈਂ ਕਿਸੇ ਘਰ ਆਖ ਕੇ ਦੇਖਦੀ ਆਂ ਜੇ ਜੱਟਾਂ ਦਾ ਕੋਈ ਮੁੰਡਾ ਦੁੱਧ ਲਿਆਉਣਾ ਮੰਨ ਜਾਵੇ। ਇਕ ਪਾਸੇ ਸਰਕੜਿਆਂ ਦੇ ਛਤੜੇ ਹੇਠ ਗਾਂ ਖਲੋਤੀ ਹੋਈ ਸੀ। ਉਹ ਹੱਸ ਕੇ ਬੋਲੇ, ਇਹ ਦਰਸ਼ਨ ਦੇਣ ਨੂੰ ਰੱਖੀ ਐ ਕਿ ਚਾਰ ਧਾਰਾਂ ਦੁੱਧ ਵੀ ਦਿੰਦੀ ਐ? ਉਸ ਤੋਂ ਦੁੱਧ ਦਿੰਦੀ ਸੁਣ ਕੇ ਕਹਿੰਦੇ, ਫੇਰ ਦੁੱਧ ਕਿਸੇ ਦੇ ਘਰੋਂ ਕਿਉਂ ਲਿਆਉਣਾ ਹੈ! ਉਹਨੇ ਸੰਗਦੀ-ਝਿਜਕਦੀ ਨੇ ਦੁੱਧ ਭਾਂਡੇ ਵਿਚ ਪਾ ਦਿੱਤਾ। ਤਾਇਆ ਇੰਦਰ ਸਿੰਘ ਨੇ ਦੁੱਧ ਛਕ ਕੇ ਖੜ੍ਹੇ ਹੁੰਦਿਆਂ ਉਹਨੂੰ ਸੌ ਸੌ ਅਸੀਸਾਂ ਦਿੱਤੀਆਂ ਅਤੇ ਬੋਲੇ, ਜਦੋਂ ਉਹ ਆਵੇ, ਕਹੀਂ ਇਧਰੋਂ ਵਿਹਲਾ ਹੋ ਕੇ ਕੰਮ ਉਤੇ ਆ ਜਾਵੇ।

ਘੜੀਆਂ-ਪਲਾਂ ਵਿਚ ਗੱਲ ਪੂਰੇ ਪਿੰਡ ਵਿਚ ਅੱਗ ਦੇ ਭਬੂਕੇ ਵਾਂਗ ਫ਼ੈਲ ਗਈ। ਸਬੱਬ ਨਾਲ ਭਾਈ ਕਾਨ੍ਹ ਸਿੰਘ ਨਾਭੇ ਤੋਂ ਖੇਤ ਵਾਲੀ ਕੋਠੀ ਵਿਚ ਆਏ ਹੋਏ ਸਨ। ਪਿੰਡ ਦੇ ਪੈਂਚ-ਖੜਪੈਂਚ ਇਕੱਠੇ ਹੋ ਕੇ ਉਨ੍ਹਾਂ ਕੋਲ ਜਾ ਪਹੁੰਚੇ। ਉਨ੍ਹਾਂ ਨੇ ਕੁਰਸੀਆਂ-ਮੰਜੇ ਰਖਵਾ ਦਿੱਤੇ ਅਤੇ ਸਮਝਿਆ, ਉਹ ਕਿਸੇ ਸਾਂਝੇ ਕੰਮ ਵਾਸਤੇ ਸਲਾਹ ਲੈਣ ਆਏ ਹਨ। ਪਰ ਉਹ ਬੋਲੇ, ਭਾਈ ਸਾਹਿਬ, ਇੰਦਰ ਸਿੰਘ ਨੇ ਭਾਰੀ ਅਨਰਥ ਕਰ ਦਿੱਤਾ! ਤੇ ਉਨ੍ਹਾਂ ਨੇ ਸਾਰਾ ਕਿੱਸਾ ਕਹਿ ਸੁਣਾਇਆ। ਭਾਈ ਸਾਹਿਬ ਕੁਛ ਪਲ ਚੁੱਪ ਰਹੇ, ਫੇਰ ਨਾਪੇ-ਤੋਲੇ ਸ਼ਬਦਾਂ ਵਿਚ ਅਤੇ ਆਪਣੇ ਵਿਸ਼ੇਸ਼ ਭਾਸ਼ਾਈ ਅੰਦਾਜ਼ ਵਿਚ ਬੋਲੇ, "ਇੰਦਰ ਸਿੰਘ ਦੀ ਅਣਗਹਿਲੀ ਹੈ, ਆਪ ਲੋਕਾਂ ਦੀ ਅਗਿਆਨਤਾ ਹੈ!" ਲੋਕ ਹੈਰਾਨ-ਪ੍ਰੇਸ਼ਾਨ ਜਿਹੇ ਹੋ ਕੇ ਬੋਲੇ, ਭਾਈ ਸਾਹਿਬ, ਗੱਲ ਸਮਝ ਨਹੀਂ ਆਈ! ਉਹ ਕਹਿਣ ਲੱਗੇ, "ਤੁਹਾਡੀ ਗੱਲ ਤੋਂ ਲਗਦਾ ਹੈ, ਇੰਦਰ ਸਿੰਘ ਨੇ ਸਫ਼ਾਈ ਦਾ ਖ਼ਿਆਲ ਨਹੀਂ ਰੱਖਿਆ, ਬਹੁਤ ਵੱਡੀ ਅਣਗਹਿਲੀ ਦਿਖਾਈ। ਤੁਹਾਨੂੰ ਰਵਿਦਾਸੀਆਂ ਦੇ ਘਰੋਂ ਉਹਦੇ ਦੁੱਧ ਪੀਣ ਦਾ ਇਤਰਾਜ ਹੈ। ਇਹ ਅਗਿਆਨਤਾ ਹੈ। ਉਹੋ ਇਸਤਰੀ ਲਿਆਉ, ਉਹੋ ਗਊ ਲਿਆਉ, ਉਹੋ ਬਰਤਨ ਲਿਆਉ; ਮੈਂ ਇਸਤਰੀ ਦੇ ਹੱਥ, ਗਊ ਦੇ ਥਣ ਤੇ ਬਰਤਨ ਚੰਗੀ ਤਰ੍ਹਾਂ ਸਾਫ਼ ਕਰਵਾ ਲਵਾਂਗਾ ਤੇ ਤੁਹਾਡੇ ਸਾਹਮਣੇ ਦੁੱਧ ਪੀ ਲਵਾਂਗਾ!"

ਸਿੱਖ ਆਗੂਆਂ ਵਾਲੀ ਸਿੱਖੀ ਦੀ ਥਾਂ ਸਿੱਖ ਗੁਰੂਆਂ ਵਾਲੀ ਸਿੱਖੀ ਨੂੰ ਮੰਨਣ ਵਾਲੇ ਸਾਡੇ ਘਰ ਦੇ ਉਦਾਰ ਮਾਹੌਲ ਵਿਚ ਮਜ਼ਬੀਆਂ-ਰਵਿਦਾਸੀਆਂ ਵੱਲ ਸਾਡਾ ਰਵਈਆ ਅਜਿਹਾ ਢਲਿਆ ਸੀ ਕਿ ਅਸੀਂ ਉਮਰ ਅਨੁਸਾਰ ਉਨ੍ਹਾਂ ਨੂੰ ਆਦਰ ਨਾਲ ਚਾਚਾ-ਤਾਇਆ ਆਖਦੇ ਸੀ। ਇਸ ਸੋਚ ਵਿਚ ਭਾਈ ਕਾਨ੍ਹ ਸਿੰਘ ਵਾਲੀ ਉਪਰੋਕਤ ਘਟਨਾ ਨੇ ਨਿਸਚੇ ਹੀ ਹੋਰ ਵਧੇਰੇ ਸਪੱਸ਼ਟਤਾ ਲਿਆਂਦੀ। ਮਨ ਦੀ ਇਹੋ ਮਿੱਟੀ ਸੀ ਜਿਸ ਵਿਚ ਅੱਗੇ ਚੱਲ ਕੇ ਮਾਰਕਸਵਾਦ ਨੇ ਪੱਕੀਆਂ ਜੜ੍ਹਾਂ ਫੜੀਆਂ ਅਤੇ ਮੈਂ ਜਾਤਪਾਤ, ਧਰਮ, ਇਲਾਕੇ, ਆਦਿ ਦਾ ਕੋਈ ਫ਼ਰਕ ਕੀਤੇ ਬਿਨਾਂ ਇਨਸਾਨ ਨੂੰ ਇਨਸਾਨ ਸਮਝ ਸਕਿਆ!

# ਮੇਰੀ ਮਾਂ ਤੇ ਉਸ ਦਾ ਸਹੁਰਾ ਪਰਿਵਾਰ

**ਸਫਰ ਜ਼ਿੰਦਗੀ ਦਾ**

ਪ੍ਰਸਿੱਧ ਕਵੀ ਭਾਈ ਵੀਰ ਸਿੰਘ ਨੇ ਮਾਂ ਬਾਰੇ ਕਿਹਾ ਹੈ,

ਮਾਂ ਵਰਗਾ ਘਣਛਾਂਵਾਂ ਬੂਟਾ
ਮੈਨੂੰ ਜਗ 'ਤੇ ਨਜ਼ਰ ਨਾ ਆਏ।
ਲੈ ਕੇ ਜਿਸ ਤੋਂ ਛਾਂ ਉਧਾਰੀ
ਰੱਬ ਨੇ ਸਵਰਗ ਬਣਾਏ।

ਮੇਰੀ ਮਾਂ ਧਾਰਮਕ ਵਿਚਾਰਾਂ ਵਾਲੀ ਪਰ ਅੰਧ ਵਿਸ਼ਵਾਸਾਂ ਤੋਂ ਕੋਹਾਂ ਦੂਰ ਰਹਿਣ ਅਤੇ ਕਿਸੇ ਦੀ ਨਾਜਾਇਜ਼ ਗੱਲ ਨਾ ਸਹਾਰਨ ਵਾਲੀ ਇਕ ਇਨਕਲਾਬੀ ਔਰਤ ਸੀ। ਉਸ ਨੇ ਕਠੋਰ ਪੈਂਡਿਆਂ 'ਤੇ ਚਲਣ ਨੂੰ ਤਰਜੀਹ ਤਾਂ ਦਿਤੀ ਪਰ ਗ਼ਲਤ ਗੱਲ ਨਾਲ ਕਦੇ ਵੀ ਸਮਝੌਤਾ ਨਾ ਕੀਤਾ। ਮੇਰੀ ਮਾਂ ਪ੍ਰੀਤਮ ਕੌਰ ਦਾ ਜਨਮ ਸ. ਰਲਾ ਸਿੰਘ ਤੇ ਬੀਬੀ ਬਸੰਤ ਕੌਰ ਦੇ ਘਰ ਜ਼ਿਲ੍ਹਾ ਲਾਇਲਪੁਰ (ਹੁਣ ਪਾਕਿਸਤਾਨ) ਦੇ ਚੱਕ ਨੰ. 268 ਰੱਖ ਬਰਾਂਚ ਵਿਚ ਹੋਇਆ। ਪੰਜ ਭੈਣਾਂ ਅਤੇ ਦੋ ਭਰਾਵਾਂ ਵਿਚੋਂ ਉਹ ਚੌਥੇ ਨੰਬਰ 'ਤੇ ਸੀ।



ਕਿਰਪਾਲ ਸਿੰਘ ਸੰਧੂ
ਫੋਨ: 559-259-4844

ਮੇਰੀ ਮਾਂ ਦਾ ਵਿਆਹ 18 ਸਾਲ ਦੀ ਉਮਰੇ ਹੋ ਗਿਆ ਸੀ। ਵੀਹ ਸਾਲ ਦੀ ਉਮਰੇ ਉਸ ਮੈਨੂੰ ਜਨਮ ਦਿਤਾ। ਮੇਰੀ ਮਾਂ ਦਾ ਵਿਆਹ ਉਸ ਪਰਿਵਾਰ ਵਿਚ ਹੋਇਆ ਜੋ ਤਿੰਨ ਹਿੱਸਿਆਂ ਵਿਚ ਵੰਡਿਆ ਹੋਇਆ ਸੀ। ਇਕ ਹਿੱਸਾ ਅੰਗਰੇਜ ਸਰਕਾਰ ਨੂੰ ਮੁਲਕ ਵਿਚੋਂ ਕੱਢਣ ਵਾਲਿਆਂ ਵਿਚ ਸੀ। ਦੂਜਾ ਉਸ ਦੇ ਹਰ ਹੁਕਮ ਨੂੰ ਮੰਨ ਕੇ ਜਗੀਰਾਂ ਤੇ ਅਹੁਦੇ ਲੈ ਰਿਹਾ ਸੀ। ਤੀਸਰਾ ਹਿੱਸਾ ਸਿਰਫ਼ ਖੇਤੀਬਾੜੀ ਤਕ ਹੀ ਸੀਮਤ ਸੀ। ਇਕ ਹਿੱਸਾ ਸੀ, ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਵੱਡੇ ਵਡਾਰੂ ਸ. ਅਰਜਨ ਸਿੰਘ ਦਾ, ਦੂਜਾ ਸ. ਸੁਰਜਨ ਸਿੰਘ ਦਾ ਤੇ ਤੀਜਾ ਸੀ ਸ. ਮਿਹਰ ਸਿੰਘ ਦਾ। ਇਨ੍ਹਾਂ ਦਾ ਬਾਪ ਸੀ ਜੈਲਦਾਰ ਗੁਰਬਚਨ ਸਿੰਘ।

ਇਨਕਲਾਬੀ ਪਰਿਵਾਰ ਸ. ਅਰਜਨ ਸਿੰਘ ਦੇ ਤਿੰਨ ਲੜਕੇ ਸਨ-ਕਿਸ਼ਨ ਸਿੰਘ, ਅਜੀਤ ਸਿੰਘ ਤੇ ਸਵਰਨ ਸਿੰਘ। ਸਭ ਤੋਂ ਛੋਟਾ ਸਵਰਨ ਸਿੰਘ ਜੇਲ੍ਹਾਂ ਵਿਚ ਪੁਲਿਸ ਤਸ਼ੱਦਦ ਸਹਿੰਦਾ ਆਪਣੀ ਧਰਮ ਪਤਨੀ ਬੀਬੀ ਹੁਕਮ ਕੌਰ ਨੂੰ ਛੱਡ ਚੜ੍ਹਦੀ ਜਵਾਨੀ ਵਿਚ ਸ਼ਹੀਦ ਹੋ ਗਿਆ। ਅਜੀਤ ਸਿੰਘ ਆਪਣੀ ਪਤਨੀ ਹਰਨਾਮ ਕੌਰ ਨੂੰ 1907 ਵਿਚ ਛੱਡ ਦੇਸ਼ ਦੀ ਆਜ਼ਾਦੀ ਲਈ ਵਿਦੇਸ਼ ਚਲੇ ਗਏ। ਦੇਸ਼ ਆਜ਼ਾਦ ਹੋਣ 'ਤੇ ਵਾਪਸ ਮੁੜੇ। ਸਿਹਤ ਬਹੁਤ ਖ਼ਰਾਬ ਹੋ ਚੁੱਕੀ ਸੀ। 17 ਅਗਸਤ 1947 ਨੂੰ ਡਲਹੌਜ਼ੀ ਵਿਚ ਚਲਾਣਾ ਕਰ ਗਏ।

ਸਭ ਤੋਂ ਵੱਡੇ ਸ. ਕਿਸ਼ਨ ਸਿੰਘ ਦੇ ਛੇ ਲੜਕੇ ਤੇ ਤਿੰਨ ਲੜਕੀਆਂ ਸਨ। ਸ਼ਹੀਦੇ ਆਜ਼ਮ ਭਗਤ ਸਿੰਘ ਦੇ ਵੱਡੇ ਭਰਾ ਜਗਤ ਸਿੰਘ ਦੀ ਛੋਟੇ ਹੁੰਦਿਆਂ ਹੀ ਮੌਤ ਹੋ ਗਈ ਸੀ ਅਤੇ ਭਗਤ ਸਿੰਘ ਤੋਂ ਛੋਟੇ ਕੁਲਵੀਰ ਸਿੰਘ, ਕੁਲਤਾਰ ਸਿੰਘ, ਰਣਵੀਰ ਸਿੰਘ, ਰਜਿੰਦਰ ਸਿੰਘ ਅਤੇ ਤਿੰਨ ਲੜਕੀਆਂ ਅਮਰ ਕੌਰ, ਸ਼ਕੁੰਤਲਾ ਤੇ ਪ੍ਰਕਾਸ਼ ਕੌਰ ਸਨ।

ਅਰਜਨ ਸਿੰਘ ਤੋਂ ਛੋਟੇ ਭਰਾ ਸ. ਸੁਰਜਨ ਸਿੰਘ ਦੇ ਤਿੰਨ ਲੜਕੇ ਸਨ-ਦਿਲਬਾਗ ਸਿੰਘ, ਜਸਵੰਤ ਸਿੰਘ ਤੇ ਮੰਗਲ ਸਿੰਘ। ਇਹ ਪਰਿਵਾਰ ਅੰਗਰੇਜ ਸਰਕਾਰ ਦਾ ਝੋਲੀ-ਚੁੱਕ ਸੀ। ਦਿਲਬਾਗ ਸਿੰਘ ਆਨਰੇਰੀ ਮੈਜਿਸਟ੍ਰੇਟ ਦੇ ਨਾਲ ਡਿਸਟ੍ਰਿਕਟ ਬੋਰਡ ਲਾਇਲਪੁਰ ਦਾ ਚੇਅਰਮੈਨ ਵੀ ਸੀ। ਉਸ ਦੇ ਤਿੰਨ ਲੜਕੇ ਸਨ। ਵੱਡਾ ਬਲਰਾਜ ਸਿੰਘ ਮਾਲ ਮਹਿਕਮੇ ਵਿਚ ਅਫ਼ਸਰ ਸੀ। ਮਾਲ ਅਫ਼ਸਰੀ ਛੱਡ ਫ਼ਕੀਰ ਹੋ ਗਿਆ। 1947 ਵਿਚ ਉਹ ਪਾਕਿਸਤਾਨ ਹੀ ਰਹਿ ਗਿਆ। ਦੂਸਰਾ ਸੀ ਬਲਦੇਵ ਸਿੰਘ ਜੋ ਮੁਸਲਮ ਲੀਗ ਦਾ ਮੈਂਬਰ ਸੀ। ਉਸ ਨੇ ਆਪਣਾ ਨਾਂ ਬਦਲ ਕੇ ਅਬਦੁਲ ਗੁਫ਼ਾਰ ਖਾਂ ਰੱਖ ਲਿਆ ਤੇ ਉਧਰ ਪਾਕਿਸਤਾਨ ਵਿਚ ਹੀ ਰਹਿ ਗਿਆ।

ਦਿਲਬਾਗ ਸਿੰਘ ਦੇ ਭਰਾ ਮੰਗਲ ਸਿੰਘ ਦਾ ਵੱਡਾ ਲੜਕਾ ਗੁਰਦੇਵ ਸਿੰਘ ਮੇਰੀ ਮਾਂ ਦਾ ਸ਼ਰੀਕੇ ਹਯਾਤ ਬਣਿਆ। ਵਿਆਹ ਵੀ ਮੇਰੀ ਮਾਂ ਦੇ ਦੱਸਣ ਮੁਤਾਬਕ ਉਸ ਦੇ ਸਹੁਰਾ ਪਰਿਵਾਰ ਦੇ ਕੱਦ-ਕਾਠ ਮੁਤਾਬਕ ਸ਼ਾਨੋ-ਸ਼ੌਕਤ ਨਾਲ ਹੋਇਆ। ਦਾਜ ਵੀ ਰੱਜ ਕੇ ਦਿਤਾ। ਮਾਪਿਆਂ ਦਾ ਖਿਆਲ ਸੀ, ਕੁੜੀ ਸੁਖੀ ਵਸੇਗੀ ਪਰ ਇਸ ਨੇ ਅੰਗਰੇਜ ਪ੍ਰਸਤ ਟੋਡੀਆਂ ਦੀ ਲਾਲਸਾ ਹੋਰ ਵਧਾ ਦਿਤੀ। ਜਿਸ ਦਾ ਨਤੀਜਾ ਮੇਰੀ ਮਾਂ ਨੂੰ ਸਾਰੀ ਹਯਾਤੀ ਭੁਗਤਣਾ ਪਿਆ।

ਮੇਰੀ ਦਾਦੀ ਰੱਜ ਕੇ ਅੜੀਅਲ, ਲਾਲਚਣ ਤੇ ਲਾਉਣ-ਬੁਝਾਉਣ ਵਿਚ ਬਹੁਤ ਮਾਹਰ ਸੀ। ਉਸ ਨੇ ਮੇਰੀ ਮਾਂ ਨਾਲ ਨਿੱਤ ਵਧੀਕੀਆਂ ਕਰ ਕੇ ਉਸ ਦਾ ਜੀਣਾ ਦੁਸ਼ਵਾਰ ਕਰ ਦਿਤਾ। ਇਹ ਜ਼ਿਆਦਤੀਆਂ ਦੇਖ ਸ਼ਰੀਕੇ 'ਚ ਲਗਦੀ ਨਨਾਣ ਦੀ ਹਮਦਰਦੀ ਮੇਰੀ ਮਾਂ ਨਾਲ ਸੀ। ਉਸ ਨੇ ਮੇਰੀ ਦਾਦੀ ਨੂੰ ਆਖਿਆ, 'ਚਾਚੀ ਤੂੰ ਭਾਬੀ ਨੂੰ ਏਨਾਂ ਤੰਗ ਕਿਉਂ ਕਰਦੀ ਹੈ। ਕਿਉਂ ਹਰ ਵੇਲੇ ਉਹਦਾ ਸਾਹ ਸੁਕਾਈ ਰੱਖਦੀ ਹੈਂ।' ਮੇਰੀ ਦਾਦੀ ਦਾ ਗੁੱਸਾ ਹੋਰ ਵਧ ਜਾਂਦਾ। ਕਹਿੰਦੀ, "ਨੀ ਤੈਨੂੰ ਸ਼ਰੀਕਾਂ ਦੀ ਚੁੱਕ ਐ। ਤੂੰ ਘਰ ਦੀਆਂ ਚੁਗਲੀਆਂ ਸ਼ਰੀਕਾਂ ਕੋਲ ਕਰਦੀ ਐਂ। ਐਵੇਂ ਨਹੀਂ ਉਹ ਕੁੜੀ ਤੇਰਾ ਪੱਖ ਪੂਰਦੀ।" ਮੇਰੀ ਮਾਂ ਦੀ ਇਹ ਨਨਾਣ ਕੋਈ ਹੋਰ ਨਹੀਂ, ਸ਼ਹੀਦੇ ਆਜ਼ਮ ਭਗਤ ਸਿੰਘ ਦੀ ਭੈਣ ਅਮਰ ਕੌਰ ਸੀ, ਜਿਹੜੀ ਮੇਰੀ ਭੂਆ ਲਗਦੀ ਸੀ।

ਬੀਬੀ ਅਮਰ ਕੌਰ ਮੇਰੇ ਵੱਡੇ ਬੇਟੇ ਕਮਲ ਦੇ ਵਿਆਹ 'ਚ ਮੇਰੀ ਭੂਆ ਵਜੋਂ ਹਾਜ਼ਰ ਹੋਈ ਸੀ। ਉਸ ਵਕਤ ਦੀ ਫ਼ੋਟੋ ਹਾਲੇ ਵੀ ਮੈਂ ਆਪਣੇ ਕੋਲ ਸਾਂਭੀ ਹੋਈ ਹੈ। ਜੋ ਮੇਰੀ ਮਾਂ ਤੇ ਭੂਆ ਅਮਰ ਕੌਰ ਦੇ ਸਬੰਧਾਂ ਦੀ ਸ਼ਾਹਦੀ ਭਰਦੀ ਹੈ।

ਮੇਰੀ ਦਾਦੀ ਆਪਣੀ ਨੂੰਹ ਯਾਨਿ ਮੇਰੀ ਮਾਂ ਨੂੰ ਘਰੋਂ ਕੱਢਣ ਦੇ ਆਪਣੇ ਮਕਸਦ ਵਿਚ ਕਾਮਯਾਬ ਹੋ ਗਈ ਤੇ ਉਸ ਨੂੰ ਉਨ੍ਹਾਂ ਪੇਕੇ ਘਰ ਭੇਜ ਦਿਤਾ। ਗਹਿਣਾ-ਗੱਟਾ ਰੱਖ ਲਿਆ। ਇਹ ਵੀ ਤਰਸ ਨਾ ਕੀਤਾ ਕਿ ਉਹ ਦੋ ਬੱਚਾ ਹੋਣ ਵਾਲਾ ਹੈ। ਮੇਰਾ ਜਨਮ ਨਾਨਕੇ ਘਰ ਹੋਇਆ। ਮੈਂ ਇਕ ਸਾਲ ਦਾ ਹੀ ਸਾਂ ਕਿ ਮੇਰੇ ਪਿਉ ਨੇ ਦੂਜਾ ਵਿਆਹ ਕਰਵਾ ਲਿਆ। ਮੈਨੂੰ ਬਚਪਨ ਵਿਚ ਬੇਦਖ਼ਲ ਕਰ ਦਿਤਾ ਗਿਆ। ਹੁਣ ਮੇਰੀ ਮਾਂ ਦੇ ਸਬਰ ਦਾ ਪਿਆਲਾ ਨੱਕੋ ਨੱਕ ਭਰ ਗਿਆ। ਮਾਂ ਅੰਦਰਲੀ ਔਰਤ ਜਾਗ ਪਈ। ਉਸ ਨੇ ਆਪਣੇ ਪੁੱਤਰ ਨੂੰ ਦ੍ਰਿੜ ਇਰਾਦੇ ਵਾਲਾ ਇਨਸਾਨ ਬਣਾਉਣ ਦੀ ਧਾਰੀ ਜੋ ਆਪਣੇ ਨਿੱਜ ਤੋਂ ਉਪਰ ਉਠ ਕੇ ਸਮਾਜ ਵਿਚ ਹੁੰਦੀਆਂ ਬੇਇਨਸਾਫ਼ੀਆਂ ਤੇ ਗ਼ਲਤ ਕਦਰਾਂ-ਕੀਮਤਾਂ ਨਾਲ ਲੜਨ ਵਾਲਾ ਹੋਵੇ।

ਪਾਕਿਸਤਾਨ ਬਣਨ ਪਿਛੋਂ ਮੇਰੀ ਮਾਂ ਮੈਨੂੰ ਨਾਲ ਲੈ ਕੇ ਆਪਣੇ ਪੇਕੇ ਪਰਿਵਾਰ ਨਾਲ ਭਾਰਤ ਆ ਗਈ। ਉਸ ਵੇਲੇ ਮੈਂ ਚੜ੍ਹਦੀ ਉਮਰ ਵਿਚ ਸੀ। ਮੇਰਾ ਜ਼ਿਆਦਾਤਰ ਉਠਣਾ-ਬੈਠਣਾ ਕੁਲਵੰਤ ਸਿੰਘ ਨਾਲ ਹੋਇਆ (ਜੋ ਬਾਅਦ ਵਿਚ ਤਿੰਨ ਵਾਰ ਆਦਮਪੁਰ ਦੀ ਸੀਟ ਤੋਂ ਐਮ.ਐਲ.ਏ. ਵੀ ਬਣਿਆ)। ਇਕ ਆਰਜੀ ਸਮਝੌਤੇ ਰਾਹੀਂ ਮੈਨੂੰ ਪਿੰਡ ਕਰੀਹਾ, ਤਹਿਸੀਲ ਨਵਾਂ ਸ਼ਹਿਰ ਵਿਚ ਸੱਤ ਏਕੜ ਜ਼ਮੀਨ ਮੇਰੇ ਬਾਪ ਨੇ ਦਿਤੀ। ਇਹ ਗੱਲ ਕੋਈ 1951-52 ਦੀ ਹੈ। ਮੈਂ ਆਪਣੀ ਮਾਂ ਨਾਲ ਇਕ ਛੋਟਾ ਜਿਹਾ ਕੱਚਾ ਘਰ ਬਣਾ ਕੇ ਖੇਤੀ ਕਰਨ ਲੱਗ ਪਿਆ। ਜਦੋਂ 1953 ਦੇ ਨੇੜੇ ਤੇੜੇ ਵਿਧਾਨ ਸਭਾ ਚੋਣ ਆਈ ਤਾਂ ਮੈਂ ਅਜੀਤ ਸਿੰਘ ਗੜ੍ਹ ਭਧਾਣਾ ਦੀ ਮਦਦ ਕੀਤੀ। ਮੇਰਾ ਦਾਦਕਾ ਪਰਿਵਾਰ ਹਰਗੁਰਨਾਦ ਸਿੰਘ ਦੀ ਮਦਦ ਕਰ ਰਿਹਾ ਸੀ। ਬਾਅਦ ਵਿਚ ਮੈਨੂੰ ਇਸ ਦੀ ਭਾਰੀ ਕੀਮਤ ਚੁਕਾਉਣੀ ਪਈ। ਮੇਰੇ ਪਰਿਵਾਰ ਅਤੇ ਦਾਦੀ ਮਾਂ ਨੇ ਮੇਰੇ ਬਾਪ ਨਾਲ ਸਲਾਹ ਕਰਕੇ ਮੈਨੂੰ ਮਿਲਣ ਵਾਲੇ 13 ਖੇਤ ਵੇਚ ਦਿਤੇ। ਜ਼ੋਰ ਪਾਉਣ 'ਤੇ ਦਸ ਹਜ਼ਾਰ ਰੁਪਿਆ 1959 ਵਿਚ ਮੈਨੂੰ ਦਿਤਾ।

ਮੈਂ ਫਿਰ ਖਾਨਾਬਦੋਸ਼ ਹੋ ਗਿਆ। ਪਿੰਡ ਕਰੀਹਾ ਤੋਂ ਬਾਅਦ ਸ਼ਾਮ ਚੁਰਾਸੀ, ਖਿਨੋੜਾ, ਛੱਤੋਂਵਾਲੀ, ਆਦਮਪੁਰ, ਲਿਸੜੀਵਾਲਾ, ਅਲਾਵਲਪੁਰ ਅਤੇ ਮਹਿਮਦਪੁਰ ਵਿਚ ਥੋੜੇ-ਥੋੜੇ ਸਾਲ ਰਿਹਾ। ਇਨ੍ਹਾਂ ਸਾਲਾਂ ਅੰਦਰ ਮੈਂ ਸ਼ੂਗਰ ਮਿੱਲ ਭੋਗਪੁਰ, ਕੋਆਪਰੇਟਿਵ ਸੁਸਾਇਟੀ ਆਦਮਪੁਰ ਅਤੇ ਅਲਾਵਲਪੁਰ ਦੀ ਰਾਈਸ ਮਿੱਲ ਵਿਚ ਕੰਮ ਕਰਦਾ ਰਿਹਾ। ਮੇਰੀ ਮਾਂ ਨੇ ਬੜੀ ਹਿੰਮਤ ਤੇ ਦਲੇਰੀ ਨਾਲ ਸਾਰੀ ਜਿੰਦਗੀ ਮੇਰਾ ਸਾਥ ਦਿਤਾ। ਮੇਰੇ ਦੋਸਤਾਂ ਨੂੰ ਹਮੇਸ਼ਾ ਆਪਣੇ ਬੱਚਿਆਂ ਵਾਂਗ ਸਮਝਿਆ ਜਿਨ੍ਹਾਂ ਵਿਚ ਰਤਨ ਸਿੰਘ ਦੋਲੀਕੇ, ਹੈਡ ਮਾਸਟਰ ਸੋਹਣ ਸਿੰਘ ਤੇ ਕੁਲਵੰਤ ਸਿੰਘ ਸਨ। ਜਦੋਂ ਉਰਮਿਲਾ ਅਤੇ ਜਗਜੀਤ ਸਿੰਘ ਅਨੰਦ (ਚੀਫ਼ ਐਡੀਟਰ, ਨਵਾਂ ਜ਼ਮਾਨਾ) ਨੇ ਘਰ ਆਉਣਾ ਹੁੰਦਾ ਤਾਂ ਉਹ ਬਹੁਤ ਖ਼ੁਸ਼ ਹੁੰਦੀ।

ਮੈਂ ਸਮਝਦਾ ਹਾਂ, ਜਿੰਦਗੀ ਵਿਚ ਮੈਨੂੰ ਜੋ ਕਾਮਯਾਬੀ ਮਿਲੀ, ਉਹ ਮੇਰੀ ਮਾਂ ਦੀਆਂ ਨਸੀਹਤਾਂ ਕਰਕੇ ਹੈ। 2 ਦਸੰਬਰ 2000 ਦਾ ਦਿਨ ਮੇਰੇ ਲਈ ਉਹ ਮਨਹੂਸ ਦਿਨ ਸੀ ਜਦੋਂ ਮੈਂ ਆਪਣੀ ਮਾਂ ਤੋਂ ਵਾਂਝਾ ਹੋ ਗਿਆ। ਕਿਸੇ ਸ਼ਾਇਰ ਨੇ ਕਿਹਾ ਹੈ,

ਚਿੱਠੀ ਨਾ ਕੋਈ ਸੰਦੇਸ਼,
ਜਾਨੇ ਵੋ ਕੌਨ ਸਾ ਦੇਸ਼,
ਜਹਾਂ ਤੁਮ ਚਲੇ ਗਏ।

## ਆਵਾਗਵਣ ਵਿਚਾਰਧਾਰਕ ਸੁਪਨਸਾਜ਼ੀ ਦੇ ਖਤਰੇ-2

# ਮਨੁੱਖ ਹੋਣ ਦਾ ਸਵਾਲ ਅਤੇ ਚਿੰਤਕ

*ਰੂਸੀ ਇਨਕਲਾਬ ਦੇ ਆਗੂ ਲਿਓਨ ਤ੍ਰਾਤਸਕੀ ਬਾਰੇ ਚੱਲ ਰਹੀ ਬਹਿਸ ਦੌਰਾਨ ਅਸੀਂ ਪ੍ਰਭਸ਼ਰਨਦੀਪ ਸਿੰਘ ਦੇ ਵਿਚਾਰ ਛਾਪੇ ਸਨ। ਆਪਣੇ ਇਸ ਲੇਖ ਵਿਚ ਪ੍ਰਭਸ਼ਰਨਦੀਪ ਸਿੰਘ ਨੇ ਪਹਿਲਾਂ ਛਪੇ ਇਕ ਲੇਖ ਦੇ ਆਧਾਰ 'ਤੇ ਗੁਰਦਿਆਲ ਸਿੰਘ ਬੱਲ ਉਤੇ ਬੜੇ ਤਿੱਖੇ ਵਿਅੰਗ-ਬਾਣ ਚਲਾਏ ਸਨ। ਜਵਾਬ ਵਿਚ ਗੁਰਦਿਆਲ ਸਿੰਘ ਬੱਲ ਨੇ ਲੰਮਾ ਪ੍ਰਤੀਕਰਮ ਲਿਖ ਭੇਜਿਆ ਹੈ। ਇਸ ਲੇਖ ਵਿਚ ਸੰਸਾਰ ਪੱਧਰ ਉਤੇ ਚੱਲੇ ਵਿਚਾਰਧਾਰਕ ਭੇੜਾਂ ਬਾਰੇ ਵੀ ਭਰਪੂਰ ਚਰਚਾ ਹੈ। ਸੰਸਾਰ ਭਰ ਵਿਚ ਚੱਲੀਆਂ ਅਹਿਮ ਬਹਿਸਾਂ ਵਿਚ ਵੀ ਸਾਰਾ ਜ਼ੋਰ, ਜ਼ਿੰਦਗੀ ਨੂੰ ਸੁਹਾਵਣੀ ਬਣਾਉਣ ਵੱਲ ਸੇਧਤ ਰਿਹਾ ਹੈ। ਸਪਸ਼ਟ ਕਰ ਦਈਏ, ਲੇਖਕ ਦੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਲੇਖ ਦੇ ਪ੍ਰਤੀਕਰਮ ਵਿਚ ਆਏ ਵਿਚਾਰਾਂ ਨੂੰ ਵੀ ਬਣਦੀ ਥਾਂ ਦਿੱਤੀ ਜਾਵੇਗੀ। -ਸੰਪਾਦਕ*

ਬਿਰਤਾਂਤ ਨੂੰ ਅੱਗੇ ਤੋਰਨ ਤੋਂ ਪਹਿਲਾਂ ਅਸੀਂ ਵੇਖਾਂਗੇ ਕਿ ਮਿਸ਼ੈਲ ਫੂਕੋ ਜੋ ਐਨਲਾਈਟਨਮੈਂਟ ਕਾਲ ਦੇ ਚਿੰਤਨ ਅਤੇ ਉਸ ਦੇ ਨਾਲ ਹੀ ਕਾਰਲ ਮਾਰਕਸ ਦੀ ਸਾਰੀ ਵਿਚਾਰਧਾਰਾ ਨੂੰ ਬੇਕਿਰਕ ਅੰਦਾਜ਼ ਵਿਚ ਕਾਂਟੇ ਹੇਠ ਲਿਆਉਂਦਾ ਹੈ। ਸਮੁੱਚੀ ਕਮਿਊਨਿਸਟ ਚਿੰਤਨ ਧਾਰਾ ਨੂੰ ਇਨਸਾਨੀ ਸੁਤੰਤਰਤਾ ਲਈ ਅਤਿਅੰਤ ਘਾਤਕ ਕਰਾਰ ਦਿੰਦਾ ਹੈ। ਉਹ 1978 ਵਿਚ ਮੁਲਾਣਿਆਂ ਦੇ ਟੋਟਲਿਟੇਰੀਅਨ ਏਜੰਡੇ ਨਾਲ ਸਹਿਮਤ ਕਿੰਜ ਤੇ ਕਿਉਂ ਹੋ ਜਾਂਦਾ ਹੈ ਭਲਾ? ਉਹ ਸਾਲ 1978 ਵਿਚ ਇਰਾਨ ਜਾਂਦਾ ਹੈ। ਇਹ ਉਹ ਸਮਾਂ ਹੈ ਜਦੋਂ ਪੰਜਾਬ ਵਿਚ ਖੂਨੀ ਨਿਰੰਕਾਰੀ ਕਾਂਡ ਤੋਂ ਬਾਅਦ ਦਲਬੀਰ ਸਿੰਘ ਨੇ ਦਮਦਮੀ ਟਕਸਾਲ ਦੇ ਹੈਡਕੁਆਰਟਰ ਚੌਕ ਮਹਿਤੇ ਉਚੇਚੇ ਤੌਰ 'ਤੇ ਪੁੱਜ ਕੇ, ਸੰਤ ਭਿੰਡਰਾਂਵਾਲਿਆਂ ਨਾਲ ਦਸ ਘੰਟੇ ਲੰਮੀ ਮੁਲਾਕਾਤ ਕੀਤੀ ਸੀ। ਪੈਰਿਸ ਪਰਤ ਕੇ ਸਈਅਦ ਕੁਤਬਜਾਦੇ ਅਤੇ ਬਾਨੀ ਸਦਰ ਵਰਗੇ ਖੱਬੇ ਪੱਖੀ

**ਗੁਰਦਿਆਲ ਬੱਲ (ਕੈਨੇਡਾ)**
**ਫੋਨ: 647-982-6091**


ਨੌਜਵਾਨ ਮੁਸਲਿਮ ਚਿੰਤਕਾਂ ਦੇ ਸਹਿਯੋਗ ਨਾਲ ਮਿਸ਼ੈਲ ਫੂਕੋ ਮੁਲਾਣਿਆਂ ਦੇ ਰਹਿਬਰ ਆਇਤਉਲਾ ਖੋਮੀਨੀ ਨਾਲ ਘੰਟਿਆਂ ਲੰਮੀ ਮੁਲਾਕਾਤ ਕਰਦਾ ਹੈ। ਆਪਣੀ ਵਿਚਾਰਧਾਰਕ ਸ਼ੁਹਰਤ ਦੀ ਸਿਖਰ 'ਤੇ ਖੜ੍ਹਾ ਸਾਡੇ ਸਮਿਆਂ 'ਚ ਇਨਸਾਨੀ ਸਵੈ-ਮਾਣ ਦਾ ਸਭ ਤੋਂ ਮਹਾਨ ਮੁਦੱਈ ਆਇਤਉਲਾ ਖੋਮੀਨੀ ਨੂੰ ਮਿਲ ਕੇ ਦਲਬੀਰ ਸਿੰਘ ਵਾਂਗ ਬਾਗੋ-ਬਾਗ ਹੋ ਜਾਂਦਾ ਹੈ। ਫੂਕੋ ਨੂੰ ਰੈਡੀਕਲ ਇਸਲਾਮ ਰਾਹੀਂ ਬੰਦੇ ਦੀ ਹੋਣੀ ਸੰਵਾਰਨ ਲਈ ਨਵਾਂ ਵਿਚਾਰ ਜਨਮ ਲੈਂਦਾ ਮਾਲੂਮ ਹੁੰਦਾ ਹੈ।

ਖੋਮੀਨੀ ਨੂੰ ਮਿਲਣ ਦੇ ਤੁਰੰਤ ਬਾਅਦ ਹੀ ਪੂਰਬੀ ਚਿੰਤਨ ਦੇ ਹੋਰ ਜਲਵੇ ਵੇਖਣ ਲਈ ਉਹ ਜਪਾਨ ਜਾਂਦਾ ਹੈ। ਇਕ ਪ੍ਰਾਚੀਨ ਬੋਧੀ ਮੰਦਰ ਦੀ ਰਹੱਸਮਈ ਕਲਾਤਮਿਕ ਆਭਾ ਨੂੰ ਵੇਖ ਕੇ ਨਿਹਾਲ ਹੁੰਦਾ ਹੈ ਅਤੇ ਆਖਦਾ ਹੈ ਕਿ ਬਸਤੀਵਾਦ ਦੇ ਖਾਤਮੇ ਨਾਲ ਪੱਛਮੀ ਚਿੰਤਨ ਦੀ ਧੜਕਣ ਰੁਕ ਗਈ ਹੈ। ਇਨਸਾਨੀ ਸਭਿਅਤਾ ਦੇ ਅਗਲੇਰੇ ਪੜਾਅ ਲਈ ਨਵਾਂ ਚਿੰਤਨ ਅੱਗੇ ਤੋਂ ਹੁਣ ਪੱਛਮ ਤੋਂ ਬਾਹਰ ਹੀ ਪੈਦਾ ਹੋਵੇਗਾ, ਤੇ ਜਾਂ ਫਿਰ ਇਹ ਪੱਛਮ ਤੇ ਪੂਰਬ ਦੇ ਸੰਵਾਦ ਵਿਚੋਂ ਜਨਮੇਗਾ ਜਿਸ ਅੰਦਰ ਨਿਸ਼ਚਿਤ ਰੂਪ ਵਿਚ ਪੂਰਬ ਦੀ ਪ੍ਰਭੁਸੱਤਾ ਹੋਵੇਗੀ। ਫੂਕੋ ਨੂੰ ਇਰਾਨ ਅੰਦਰ ਨਵੀਂ ਰੂਹਾਨੀ ਰਾਜਨੀਤੀ ਦਾ ਆਗਾਜ਼ ਹੁੰਦਾ ਨਜ਼ਰ ਆਉਂਦਾ ਹੈ ਜੋ ਭਿਆਨਕ ਭ੍ਰਾਂਤੀ ਸੀ।

ਮਿਸ਼ੈਲ ਫੂਕੋ ਚੂੰਕਿ ਨੀਤਸ਼ੇ ਅਤੇ ਉਸ ਦੇ ਚਰਚਿਤ ਪੈਰੋਕਾਰ ਜਾਰਜ ਬਤਾਈ ਜਿਸ ਦਾ ਜ਼ਿਕਰ ਡਾ. ਗੁਰਭਗਤ ਸਿੰਘ ਵੀ ਪੂਰਨ ਸ਼ਰਧਾ ਨਾਲ ਵਾਰ-ਵਾਰ ਕਰਦੇ ਹਨ, ਤੋਂ ਬੇਹੱਦ ਤੇ ਗਲਤ ਅੰਦਾਜ਼ ਵਿਚ ਪ੍ਰਭਾਵਿਤ ਸੀ। ਸੋ, ਇਰਾਨੀ ਇਨਕਲਾਬ ਦੇ ਮਸੀਹਾਈ ਏਜੰਡੇ 'ਚੋਂ ਮੁਕਤੀ ਭਾਲਣ ਦੀ ਕੁਤਾਹੀ ਤਾਂ ਉਸ ਕਰਨੀ ਹੀ ਕਰਨੀ ਸੀ। ਮੁਲਾਣਿਆਂ ਨੇ ਇਨਕਲਾਬ ਦੀ ਸਫਲਤਾ ਪਿਛੋਂ ਡਾਕਟਰ ਬਜਾਰਗਨ ਤੋਂ ਬਾਅਦ ਅਣਸਰਦੀ ਨੂੰ ਬਾਨੀ ਸਦਰ ਨੂੰ ਮੁਲਕ ਦੀ ਸਰਕਾਰ ਦਾ ਮੁਖੀ ਵੀ ਬਣਾਈ ਰੱਖਿਆ ਪਰ ਦੋ-ਢਾਈ ਵਰ੍ਹੇ ਪਿਛੋਂ ਹੀ ਮੁਲਾਣਿਆਂ ਨੂੰ ਹਰ ਤਰ੍ਹਾਂ ਦੇ ਜਮਹੂਰੀਅਤ-ਪਸੰਦ ਅਨਸਰਾਂ ਨਾਲ ਬੁਰਛਾਗਰਦੀ ਨਾਲ ਨਜਿੱਠਣ ਤੋਂ ਰੋਕਣ ਵਿਚ ਨਾਕਾਮ ਰਹਿਣ ਕਰ ਕੇ ਕੁਝ ਸਮੇਂ ਲਈ ਬਾਨੀ ਸਦਰ ਤਾਂ ਜਾਨ ਬਚਾ ਕੇ ਦੇਸ਼ ਵਿਚੋਂ ਭੱਜ ਨਿਕਲਣ ਵਿਚ ਸਫਲ ਹੋ ਜਾਂਦਾ ਹੈ ਪਰ ਵਿਦੇਸ਼ ਮੰਤਰੀ ਸਈਅਦ ਕੁਤਬਜਾਦੇ ਵਿਰੁਧ ਉਨ੍ਹਾਂ ਨੇ ਖੁੱਲ੍ਹਾ ਮੁਕੱਦਮਾ ਚਲਾਇਆ ਅਤੇ ਉਸੇ ਵਕਤ ਚੌਕ ਵਿਚ ਲਿਆ ਕੇ ਸ਼ਰੇਆਮ ਫਾਂਸੀ ਉਪਰ ਲਟਕਾ ਦਿੱਤਾ। ਵਿਚਾਰਧਾਰਕ ਗੈਰ-ਜ਼ਿੰਮੇਵਾਰੀ ਦੀ ਸਜ਼ਾ ਇਨ੍ਹਾਂ ਸੱਜਣਾਂ ਨੇ ਭੁਗਤੀ ਹੀ ਭੁਗਤੀ, ਸਾਧਾਰਨ ਇਰਾਨੀ ਅਵਾਮ ਨੂੰ ਵੀ ਬਲਦੀ ਦੇ ਬੁੱਥੇ ਧੱਕ ਦਿੱਤਾ ਜਿਸ ਦੇ ਵੇਰਵੇ ਅਜ਼ਰ ਨਫ਼ੀਸੀ ਅਤੇ ਹੋਰ ਅਨੇਕਾਂ ਚਿੰਤਕਾਂ ਨੇ ਵਿਸਥਾਰ ਵਿਚ ਦਿੱਤੇ ਹਨ।


ਹੁਣ ਲਗਦੇ ਹੱਥ ਫੂਕੋ ਅਤੇ ਉਸ ਦੇ ਸਮਕਾਲੀ ਦੈਰਿਦਾ ਦੇ ਗੁਰੂ ਮਾਰਟਿਨ ਹਾਈਡੇਗਰ ਦੀ ਵੀ ਸੁਣ ਲਵੋ। ਹਾਈਡੇਗਰ ਸ਼ੁਰੂ ਵਿਚ ਨਾਜ਼ੀਆਂ ਦਾ ਨੰਗਾ ਚਿੱਟਾ ਸਮਰਥਕ ਸੀ। ਜ਼ਰਾ ਵੇਖੋ, ਇਹ ਸੱਜਣ ਤਮਾਸ਼ੇ ਕਿੱਦਾਂ-ਕਿੱਦਾਂ ਦੇ ਕਰਦੇ ਹਨ। ਹਾਈਡੇਗਰ ਯੂਰਪੀ ਸਭਿਅਤਾ ਦੇ ਮੌਜੂਦਾ 'ਪਤਨ' ਦੀ ਨਿਸ਼ਾਨਦੇਹੀ ਕਰਦਿਆਂ ਅਨਲਾਈਟਨਮੈਂਟ ਦੇ ਕਰੀਟੀਕ ਤੱਕ ਹੀ ਆਪਣੇ-ਆਪ ਨੂੰ ਮਹਿਦੂਦ ਨਹੀਂ ਰੱਖਦਾ। ਬੜੇ ਲੋਕ ਮੰਨਦੇ ਹਨ ਕਿ ਹਾਈਡੇਗਰ, ਹੈਰਾਕਲਾਈਟਸ ਤੋਂ ਬਾਅਦ ਪੱਛਮ ਦਾ ਸਭ ਤੋਂ ਪ੍ਰਮਾਣਿਕ ਚਿੰਤਕ ਹੈ। ਆਪਣੀ ਇਸੇ ਕਿਸਮ ਦੀ ਸ਼ੋਭਾ ਅਤੇ ਸਵੀਕ੍ਰਿਤੀ ਦੇ ਆਸਰੇ ਉਹ ਸਿਰੇ ਦੀ ਬੇ-ਸਿਰਪੈਰ ਗੱਪ ਛੱਡਦਾ ਹੈ ਕਿ ਪੱਛਮ ਦਾ ਰੂਹਾਨੀ ਪਤਨ 'ਓਸਵਾਲਡ ਸਪੈਂਗਲਰ ਦੇ ਡੈਕਲਾਈਨ ਆਫ ਦਿ ਵੈਸਟ' ਨਾਂ ਦੇ ਵਿਸ਼ਾਲ ਗ੍ਰੰਥ ਦੇ ਰਚਨਾ ਕਾਲ ਤੱਕ ਆਉਂਦਿਆਂ ਨਹੀਂ ਹੋਇਆ-ਅਖੇ, ਇਹ ਭਾਣਾ ਤਾਂ ਪਲੈਟੋ ਅਤੇ ਅਰਸਤੂ ਦੇ ਚਿੰਤਨ ਨਾਲ ਹੀ ਵਾਪਰ ਗਿਆ ਸੀ। ਤਰਕ ਦੀ ਪ੍ਰਧਾਨਤਾ ਸਥਾਪਤ ਕਰ ਕੇ ਸਾਰਾ ਬੇੜਾ ਗਰਕ ਅਫਲਾਤੂਨ ਹੀ ਕਰ ਗਿਆ ਸੀ। ਇਸੇ ਕਰ ਕੇ ਜੀਵਨ ਨੂੰ ਰੂਹਾਨੀ ਆਭਾ ਮੰਡਲ ਪ੍ਰਦਾਨ ਕਰਨ ਵਾਲੇ ਸਭ ਦੈਵੀ ਲੋਕ ਉਦੋਂ ਹੀ, ਮੁੜ ਕਦੀ ਵੀ ਵਾਪਸ ਨਾ ਪਰਤਣ ਲਈ ਅਸਮਾਨ ਵੱਲ ਉਡਣੇ ਸ਼ੁਰੂ ਹੋ ਗਏ ਸਨ।

ਮਾਰਟਿਨ ਹਾਈਡੇਗਰ ਪੱਛਮੀ ਚਿੰਤਨ ਨੂੰ ਇਕਪਾਸੜ ਤਰਕ ਦੀ ਨਿਰੰਕੁਸ਼ਤਾ ਤੋਂ ਆਜ਼ਾਦ ਕਰਵਾਉਣ ਅਤੇ ਇਸ ਨੂੰ ਸੋਧ ਕੇ ਸਿਹਤਮੰਦ ਲੀਹਾਂ 'ਤੇ ਲਿਆਉਣ ਲਈ ਵੱਡੇ ਦਾਰਸ਼ਨਿਕ ਪ੍ਰੋਜੈਕਟ ਦੇ ਨਿਰਮਾਣ ਦਾ ਬੀੜਾ ਚੁੱਕਦਾ ਹੈ। ਸਾਲ 1928 ਵਿਚ 'ਬੀਇੰਗ ਐਂਡ ਟਾਈਮ' ਦੇ ਸਿਰਲੇਖ ਹੇਠਲੀ ਉਸ ਦੀ ਚਰਚਿਤ ਦਾਰਸ਼ਨਿਕ ਪੁਸਤਕ ਪ੍ਰਕਾਸ਼ਤ ਹੋਈ। ਜਲਦੀ ਬਾਅਦ ਹੀ ਅਡੋਲਫ ਹਿਟਲਰ ਦੀ ਅਗਵਾਈ ਹੇਠ ਨਾਜ਼ੀਆਂ ਦਾ ਟੋਲਾ ਤਾਕਤ ਵਿਚ ਆ ਗਿਆ। ਉਸ ਨੇ ਸਾਲ 1933 ਵਿਚ ਆਪਣੀ ਤਾਕਤ ਨੂੰ ਪੂਰਨ ਰੂਪ ਵਿਚ ਪ੍ਰਮਾਣਤ ਕਰਵਾਉਣ ਲਈ ਚੋਣਾਂ ਕਰਵਾਈਆਂ ਜੋ ਨਾਜ਼ੀ ਕਾਲ ਦੀਆਂ ਅੰਤਿਮ ਚੋਣਾਂ ਸਾਬਤ ਹੋ ਜਾਂਦੀਆਂ ਹਨ। ਹੁਣ ਪੱਛਮੀ ਚਿੰਤਨ ਨੂੰ ਰੀਪੇਅਰ ਕਰਨ ਦਾ ਦਾਈਆ ਬੰਨ੍ਹਣ ਵਾਲਾ ਇਹ ਚਿੰਤਕ ਜ਼ਰਾ ਵੇਖੋ ਕੀ ਕਰਦਾ ਹੈ? ਨਾਜ਼ੀਆਂ ਨੇ ਇਸ ਸਮੇਂ ਤੱਕ ਨਵੇਂ ਚਿੰਤਨ ਦੀ ਸਿਰਜਣਾ ਨੂੰ ਨਿਰਦੇਸ਼ ਕਰਨ ਖਾਤਰ ਉਸ ਨੂੰ ਯੂਨੀਵਰਸਿਟੀ ਰੈਕਟਰ ਬਣਾ ਦਿੱਤਾ ਹੋਇਆ ਹੈ। ਤੇ ਇਹ ਚਿੰਤਕ ਪੂਰਨ ਬੇਹਯਾਈ ਨਾਲ ਆਪਣੇ ਵਿਦਿਆਰਥੀਆਂ




ਨੂੰ ਨਾਲ ਲੈ ਕੇ ਗਰੇਟ ਫੂਹਰਰ (ਹਿਟਲਰ) ਦੇ ਹੱਕ ਵਿਚ ਵੋਟਾਂ ਪਾਉਣ/ਪਵਾਉਣ ਲਈ ਚਾਂਈਂ-ਚਾਂਈਂ ਤੜਕੇ ਹੀ ਬੂਥ ਉਪਰ ਜਾ ਖੜ੍ਹਾ ਹੁੰਦਾ ਹੈ। ਹਿਊਗੋ ਓਟ ਨਾਂ ਦੇ ਚਿੰਤਕ ਨੇ 500 ਪੰਨਿਆਂ 'ਤੇ ਫੈਲੀ ਹੋਈ 'ਹਾਈਡੇਗਰ: ਏ ਪੋਲੀਟੀਕਲ ਲਾਈਫ' ਨਾਂ ਦੀ ਅਹਿਮ ਪੁਸਤਕ ਵਿਚ ਮਾਰਟਿਨ ਹਾਈਡੇਗਰ ਦੀ ਇਸ ਬੇਹਯਾਈ ਨੂੰ ਅਨੇਕਾਂ ਕੋਨਿਆਂ ਤੋਂ ਬੇਪਰਦ ਕੀਤਾ ਹੈ। ਇਹ ਕਿਤਾਬ ਮਹਾਂ-ਚਿੰਤਕਾਂ ਦੀ ਸੁਪਨੇਸਾਜ਼ੀ ਦੇ ਖ਼ਤਰਨਾਕ ਨਤੀਜਿਆਂ ਨੂੰ ਸਮਝਣ ਲਈ ਬੇਹੱਦ ਜ਼ਰੂਰੀ ਹੈ ਕਿ ਉਹ ਅਜਿਹੇ ਕੌਤਕ ਕਿਵੇਂ ਕਰ ਜਾਂਦੇ ਹਨ।

ਇਕ ਵਾਰ ਹਾਈਡੇਗਰ ਆਪਣੇ ਮਿੱਤਰ ਅਤੇ ਜਰਮਨੀ ਦੇ ਦੂਜੇ ਮਹਾਨ ਚਿੰਤਕ ਕਾਰਲ ਜੈਸਪਰਸ ਨੂੰ ਮਿਲਣ ਲਈ ਉਸ ਦੇ ਘਰ ਜਾਂਦਾ ਹੈ। ਸ਼ਾਮ ਦਾ ਵਕਤ ਹੈ, ਦੋਵੇਂ ਦਾਰਸ਼ਨਿਕ ਸੈਰ ਕਰ ਰਹੇ ਹਨ। ਜੈਸਪਰਸ ਨਾਸਤਿਕ ਹੋਂਦਵਾਦੀ ਹੈ। ਉਹ ਨਾਜ਼ੀਆਂ ਦੇ ਕਿਸੇ ਤਾਜ਼ਾ ਫਰਮਾਨ ਬਾਰੇ ਹਾਈਡੇਗਰ ਕੋਲ ਆਪਣੀ ਚਿੰਤਾ ਜ਼ਾਹਰ ਕਰਦਾ ਹੈ। ਹਾਈਡੇਗਰ ਉਸ ਦੀ ਗੱਲ ਨੂੰ ਸੰਜੀਦਗੀ ਨਾਲ



*ਮਿਸ਼ੈਲ ਫੂਕੋ*

ਲੈਣ ਦੀ ਬਜਾਏ ਉਸ ਨੂੰ ਫੂਹਰਰ (ਹਿਟਲਰ) ਦੀਆਂ ਬਾਹਾਂ ਦੀ ਅਸਾਧਾਰਨ ਲੰਬਾਈ ਬਾਰੇ ਦੱਸਦਾ ਹੈ। ਇਹ ਕਹਾਣੀ ਹਾਈਡੇਗਰ ਦੀ ਰਾਜਨੀਤੀ ਨਾਲ ਸਬੰਧਿਤ ਹੈ ਜਿਸ ਦਾ ਵਿਸਥਾਰ ਕਿਤਾਬਾਂ ਵਿਚ ਕਈ ਥਾਈਂ ਦਰਜ ਹੈ। ਬੇਸ਼ਰਮੀ ਦੀ ਛੇਕੜ ਉਦੋਂ ਹੁੰਦੀ ਹੈ ਜਦੋਂ ਨਾਜ਼ੀਆਂ ਦੇ ਤਸੀਹਾ ਕੈਂਪਾਂ ਦੀ ਸਾਰੀ ਦਰਦਨਾਕ ਕਹਾਣੀ ਪੂਰੀ ਤਰ੍ਹਾਂ ਸਾਹਮਣੇ ਆ ਜਾਣ ਦੇ ਬਾਵਜੂਦ ਹਾਈਡੇਗਰ ਆਪਣੀ ਉਸ ਬੇਹਯਾਈ ਤੋਂ ਤੌਬਾ ਕਰਨ ਲਈ ਤਿਆਰ ਨਹੀਂ ਹੁੰਦਾ। ਉਲਟਾ ਸਾਲ 1976 'ਚ ਮਰਦੇ ਦਮ ਤੱਕ ਆਪਣੀ ਹੀ ਧੁਨ ਵਿਚ ਪੱਛਮੀ ਚਿੰਤਨ ਦੀ ਪਰੰਪਰਾ ਦੀ ਸ਼ੁਰੂਆਤ ਵਿਚ ਹੀ ਪਲੈਟੋ ਅਤੇ ਅਰਸਤੂ ਵੱਲੋਂ ਖਰਾਬੇ ਦੇ ਰਾਹ ਪਾਏ ਪੱਛਮੀ ਚਿੰਤਨ ਨੂੰ ਰੀਪੇਅਰ ਕਰਦਾ ਚਲਿਆ ਜਾਂਦਾ ਹੈ।

ਉਸ ਸਮੇਂ ਦੌਰਾਨ ਇਹੋ ਕੰਜਰਖਾਨਾ ਫੂਕੋ ਦਾ ਇਕ ਹੋਰ ਰਹਿਨੁਮਾ ਫਰਾਂਸੀਸੀ ਚਿੰਤਕ ਜਾਰਜ ਬਤਾਈ ਕਰਦਾ ਹੈ। ਉਹ ਤਜਰਬੇ ਦੀਆਂ ਅੰਤਮ ਸਿਖ਼ਰਾਂ ਛੂਹ ਕੇ ਜਿਉਣ ਦੇ ਇਨਸਾਨ ਦੇ ਅਧਿਕਾਰ ਦੀ ਪੈਰਵੀ ਦੇ ਨਾਂ ਹੇਠ ਜਾਣੇ-ਅਣਜਾਣੇ ਨਾਜ਼ੀਆਂ ਦੀ ਅਣਮਨੁੱਖੀ ਜ਼ਾਲਮਾਨਾ ਬੇਹੂਦਗੀ ਨੂੰ ਤਰਕ ਮੁਹੱਈਆ ਕਰ ਦਿੰਦਾ ਹੈ। ਅਸਲ ਵਿਚ ਪੱਛਮ ਵਿਚ ਉਸ ਸਮੇਂ ਇਸ ਕਿਸਮ ਦੇ ਲਿਖਾਰੀ ਦੋ-ਚਾਰ ਹੀ ਨਹੀਂ ਸਨ, ਬਲਕਿ 20ਵੀਂ ਸਦੀ ਦੇ ਮੁਢਲੇ 3-4 ਦਹਾਕਿਆਂ ਦੌਰਾਨ ਇਸ ਤਰ੍ਹਾਂ ਦੇ ਚਿੰਤਕਾਂ ਦੀ ਹਨ੍ਹੇਰੀ ਆਈ ਹੋਈ ਸੀ। ਇਸ ਬਾਰੇ 'ਕਲਚਰਲ ਓਰਿਜਿਨਜ਼ ਆਫ ਫਾਸਿਜ਼ਮ ਇਨ ਜਰਮਨੀ' 'ਚ ਬਹੁਤ ਵਧੀਆ ਵੇਰਵੇ ਹਨ। ਨਾਜ਼ੀਆਂ ਨੇ ਜਿਸ ਕਿਸਮ ਦੀ 'ਵਿਸਮਾਦੀ ਪੂੰਜੀ' ਨਾਲ ਭਰਪੂਰ ਆਭਾ-ਮੰਡਲ ਯੂਰਪ ਵਿਚ ਲਿਆਂਦਾ, ਉਸ ਨੂੰ ਸਾਰਿਆਂ ਨੇ ਵੇਖ ਹੀ ਲਿਆ ਹੈ।

ਨਾਜ਼ੀਆਂ ਨੇ ਯੂਰਪ ਦੀ ਧਰਤੀ ਉਪਰ ਆਪਣੇ ਹੀ ਅੰਦਾਜ਼ ਵਿਚ 'ਨਵੀਂ ਸਭਿਅਤਾ' ਦੀ ਉਸਾਰੀ ਦੇ ਨਾਂ 'ਤੇ ਭਿਆਨਕ ਵਹਿਸ਼ਤ ਦਾ ਨੰਗਾ ਨਾਚ ਜਦੋਂ ਸ਼ੁਰੂ ਕੀਤਾ ਤਾਂ ਅਜਿਹੇ ਸਾਰੇ ਦਾਰਸ਼ਨਿਕ ਖੁੱਡਾਂ ਵਿਚ ਦੁਬਕ ਕੇ ਦੜ ਗਏ ਸਨ। ਬਤਾਈ ਨੇ 1939 ਤੋਂ ਬਾਅਦ ਕਈ ਵਰ੍ਹੇ ਚੁੱਪ ਵੱਟੀ ਰੱਖੀ ਸੀ। ਉਸ ਦੇ ਨੀਤਸ਼ੇ ਦੇ ਚਿੰਤਨ ਨੂੰ ਹਰ ਤਰ੍ਹਾਂ ਦੇ ਫ਼ਾਸ਼ੀਵਾਦ ਦੇ ਵਿਰੋਧ ਵਿਚ ਖਰਾ ਦਰਸਾਉਣ ਦੇ ਦਾਅਵਿਆਂ 'ਤੇ ਆਧਾਰਤ ਲੇਖਾਂ ਦੀ ਪੁਸਤਕ ਕੁਝ ਵਰ੍ਹੇ ਪਹਿਲਾਂ ਪੰਜਾਬ ਵਿਚ ਆਈ ਹੈ। ਬਤਾਈ ਦਾ ਚਿੰਤਨ ਨਿਰਸੰਦੇਹ ਬੜਾ ਕੰਪਲੈਕਸ ਹੈ ਪਰ ਅਫਸੋਸ ਦੀ ਗੱਲ ਇਹ ਹੈ ਕਿ ਜਾਰਜ ਬਤਾਈ ਆਪਣੀ ਪ੍ਰੇਰਨਾ ਦੇ ਸੋਮੇ ਨੀਤਸ਼ੇ ਦੇ ਚਿੰਤਨ ਦੇ ਉਨ੍ਹਾਂ ਕਾਲੇ ਖੱਪਿਆਂ ਤੋਂ ਜ਼ਰਾ ਵੀ ਚੌਕਸ ਨਹੀਂ ਹੈ ਜਿਨਾਂ ਨੂੰ ਵਰਤ ਕੇ ਨਾਜ਼ੀ ਉਸ ਨੂੰ ਆਪਣੇ ਹੱਕ ਵਿਚ ਭੁਗਤਾਉਣ ਵਿਚ ਸਫਲ ਹੋਏ। ਇਸ ਕਿਸਮ ਦੇ ਖੱਪੇ ਉਸ ਨੇ ਆਪਣੇ ਅਰਾਜਕ ਚਿੰਤਨ ਅੰਦਰ ਬੜੀ ਮੌਜ ਨਾਲ ਛੱਡੇ ਹੋਏ ਹਨ।

ਹੁਣ ਇਕ ਵਾਰ ਫਿਰ ਮਿਸ਼ੇਲ ਫੂਕੋ ਵੱਲ ਪਰਤੀਏ। ਫੂਕੋ ਜਿਸ ਨੂੰ ਕਈ ਸੱਜਣ ਪਲੈਟੋ ਤੋਂ ਬਾਅਦ ਪੱਛਮ ਦਾ ਸਭ ਤੋਂ ਅਹਿਮ ਚਿੰਤਕ ਮੰਨਦੇ ਹਨ, ਨੇ ਹਾਈਡੇਗਰ ਜਾਂ ਜਾਰਜ ਬਤਾਈ ਵਰਗੇ ਚਿੰਤਕਾਂ ਦੀਆਂ ਕੁਤਾਹੀਆਂ ਤੋਂ ਕੱਖ ਵੀ ਕਿਉਂ ਨਾ ਸਿੱਖਿਆ? ਇਹੀ ਕੰਮ ਫੂਕੋ ਤੋਂ ਪਹਿਲਾਂ ਟੀ.ਐਸ. ਇਲੀਅਟ ਦੇ ਉਸਤਾਦ ਅਜ਼ਰਾ ਪਾਊਂਡ ਨੇ ਕੀਤਾ ਸੀ। ਉਸ ਨੂੰ ਮਸੋਲਿਨੀ ਵਰਗੇ ਚਬਲ ਇਨਸਾਨ ਦੀ ਅਗਵਾਈ ਹੇਠ ਇਤਾਲਵੀ ਫ਼ਾਸ਼ੀਵਾਦ ਅੰਦਰ ਨਵੀਂ ਤੇ ਨਰੋਈ ਸਭਿਅਤਾ ਦਾ ਆਗਾਜ਼ ਹੁੰਦਾ ਨਜ਼ਰ ਆਉਣ ਲੱਗ ਪਿਆ ਸੀ। ਉਹ ਕਈ ਵਰ੍ਹੇ ਰੋਮ ਦੇ ਰੇਡੀਓ ਤੋਂ ਉਸ ਦੇ ਸੋਹਲੇ ਗਾਉਂਦਾ ਰਿਹਾ। ਹੈ ਨਾ ਕਮਾਲ ਦੀ ਗੱਲ! ਮੈਨੂੰ ਇਕਦਮ ਡਾ. ਗੁਰਭਗਤ ਸਿੰਘ ਯਾਦ ਆ ਗਏ ਹਨ। ਉਹ ਸਿੱਖ ਧਰਮ ਨੂੰ ਉਤਰ-ਆਧੁਨਿਕ ਚਿੰਤਨ ਦੀਆਂ ਐਨਕਾਂ ਨਾਲ ਪੜ੍ਹਨ ਦੀ ਕੋਸ਼ਿਸ਼ ਕਰਦਿਆਂ ਜਾਰਜ ਬਤਾਈ ਦੀਆਂ ਲਿਖਤਾਂ ਦਾ ਜ਼ਿਕਰ ਵਾਰ-ਵਾਰ ਕਰਦੇ ਹਨ। ਅਜ਼ਰਾ ਪਾਉਂਡ ਨੂੰ ਵੀ ਉਹ ਸੁਤੰਤਰਤਾ ਦਾ ਮਹਾਨ ਸ਼ਾਇਰ ਮੰਨਦੇ ਹਨ। 'ਟਰਾਂਸ-ਕਲਚਰਲ ਪੋਇਟਕਸ: ਏ ਕੰਪੈਰੇਟਿਵ ਸਟੱਡੀ ਆਫ਼ ਅਜ਼ਰਾ ਪਾਉਂਡ'ਜ਼ ਕੈਂਟੋ ਐਂਡ ਗੁਰੂ ਗੋਬਿੰਦ ਸਿੰਘ'ਜ਼ ਬਚਿੱਤਰ ਨਾਟਕ' ਨਾਂ ਦੀ ਆਪਣੀ ਪੁਸਤਕ ਵਿਚ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦੀ ਬਾਣੀ ਨੂੰ ਅਜ਼ਰਾ ਪਾਉਂਡ ਦੀ ਰਚਨਾ ਨਾਲ ਜੋੜ ਕੇ ਬੜਾ ਹੀ ਵਿਚਿੱਤਰ ਉਪਰਾਲਾ ਕੀਤਾ ਹੈ। ਪ੍ਰੋ. ਹਰਿੰਦਰ ਸਿੰਘ ਮਹਿਬੂਬ ਇਸ ਕਿਤਾਬ ਤੋਂ ਬਹੁਤ ਹੈਰਾਨ ਸਨ। ਹੁਣ ਜਿਹੜੇ ਅੱਥਰੇ ਸੱਜਣ ਨਵੇਂ-ਨਵੇਂ ਸਿਧਾਂਤ ਘੜਨ ਦੇ ਜੋਸ਼ ਵਿਚ 20ਵੀਂ ਸਦੀ




ਦੇ ਸ਼ੁਰੂ ਦੀ ਅਕਾਲੀ ਸਰਗਰਮੀ ਨੂੰ ਮਹਿਜ਼ ਅਨੁਵਾਦ ਦੀ ਰਾਜਨੀਤੀ ਦੱਸੀ ਜਾਂਦੇ ਹਨ ਅਤੇ ਉਦੋਂ ਦੇ ਅਕਾਲੀ ਨੇਤਾਵਾਂ ਦੇ ਬੱਬਰਾਂ ਵਿਰੁਧ ਜਾਰੀ ਕੀਤੇ ਫਤਵੇ ਨੂੰ ਸਿਰੇ ਦਾ ਸ਼ਰਮਨਾਕ ਦੱਸਦੇ ਹਨ, ਉਨ੍ਹਾਂ ਨੂੰ ਇਨ੍ਹਾਂ ਵਰਤਾਰਿਆਂ ਵੱਲ ਧਿਆਨ ਜ਼ਰੂਰ ਹੀ ਧਰ ਲੈਣਾ ਚਾਹੀਦਾ ਹੈ।

ਇਥੇ ਲਾਹੌਰ ਦੇ ਜੰਮਪਲ ਤੇ ਇੰਗਲੈਂਡ ਦੇ ਚਿੰਤਕ ਜ਼ਿਆਉਦੀਨ ਸਰਦਾਰ ਦਾ ਚੇਤਾ ਆ ਗਿਆ ਹੈ। ਉਹ ਲਾਹੌਰ ਵਿਚ ਪੈਦਾ ਹੁੰਦਾ ਹੈ ਪਰ ਆਪਣੀ ਪੜ੍ਹਾਈ ਉਹ ਇੰਗਲੈਂਡ ਵਿਚ ਰਹਿੰਦਿਆਂ ਮੁਕੰਮਲ ਕਰਦਾ ਹੈ। ਉਹ ਆਪਣੇ ਮਾਂ ਪਿਉ ਤੋਂ ਲੈ ਕੇ ਦੁਨੀਆਂ ਭਰ ਦੇ ਮੁਸਲਿਮ ਭਾਈਚਾਰੇ ਨਾਲ ਜੁੜਿਆ ਹੋਇਆ ਹੈ। 19ਵੀਂ ਤੇ 20ਵੀਂ ਸਦੀ ਦੇ

## ਚਰਚਾ-ਦਰ-ਚਰਚਾ

ਹੋਰ ਅਨੇਕਾਂ ਏਸ਼ੀਆਈ ਚਿੰਤਕਾਂ ਵਾਂਗ ਉਸ ਨੂੰ ਮੁਸਲਿਮ ਭਾਈਚਾਰੇ ਦੇ ਪਤਨ ਦਾ ਡਾਢਾ ਦੁੱਖ ਹੈ ਅਤੇ ਉਹ ਵੀ ਸ਼ੁਰੂ-ਸ਼ੁਰੂ ਵਿਚ ਇਸ ਦੀ ਮੁਕਤੀ ਦੇ ਪ੍ਰੋਜੈਕਟ ਨੂੰ ਪੱਛਮ ਦੇ ਵਿਰੋਧ ਵਿਚ ਖੜ੍ਹਾ ਹੋ ਕੇ ਵਿਉਂਤਣ ਦੀ ਕੋਸ਼ਿਸ਼ ਕਰਦਾ ਹੈ। ਜ਼ਿਆਉਦੀਨ ਸਰਦਾਰ ਦਾ ਇਤਕਾਦ ਹੈ ਕਿ ਮੁਸਲਿਮ ਭਾਈਚਾਰੇ ਦਾ ਸਭਿਆਚਾਰਕ ਪਿਛੋਕੜ ਬੇਹੱਦ ਅਮੀਰ ਹੈ ਅਤੇ ਜ਼ਰੂਰਤ ਮਹਿਜ਼ ਇਸ ਵਿਰਸੇ ਦੀ ਅਮੀਰੀ ਨੂੰ ਨਵੇਂ ਸਿਰਿਉਂ ਸਾਹਮਣੇ ਲਿਆਉਣ ਦੀ ਹੈ। ਉਹ ਮਲੇਸ਼ੀਆ, ਤੁਰਕੀ, ਅਰਬ ਜਗਤ ਅਤੇ ਆਪਣੀ ਮਾਂ ਭੂਮੀ ਪਾਕਿਸਤਾਨ ਅੰਦਰ ਇਸੇ ਕਿਸਮ ਦੀ ਕੋਸ਼ਿਸ਼ ਕਰਨ ਵੱਲ ਰੁਚਿਤ ਅਨੇਕਾਂ ਮੁਸਲਿਮ ਚਿੰਤਕਾਂ ਨਾਲ ਸੰਵਾਦ ਰਚਾਉਂਦਾ ਹੈ। 'ਸ਼ੈਤਾਨ ਦੀਆਂ ਆਇਤਾਂ' ਵਾਲੇ ਸਲਮਾਨ ਰਸ਼ਦੀ ਨਾਲ ਉਸ ਦਾ ਵਿਰੋਧ ਹੈ ਪਰ ਆਇਤਉਲਾ ਖੋਮੀਨੀ ਦੇ ਫਤਵੇ ਵਾਲਾ ਰਸਤਾ ਉਸ ਨੂੰ ਸਿਰੇ ਦਾ ਵਿਨਾਸ਼ਕਾਰੀ ਪ੍ਰਤੀਤ ਹੁੰਦਾ ਹੈ। ਉਸ ਦਾ ਵਿਸ਼ਵਾਸ ਹੈ ਕਿ ਰਸ਼ਦੀ ਦੇ ਹਮਲੇ ਦਾ ਜਵਾਬ ਪ੍ਰਵਚਨ ਦੇ ਪੱਧਰ 'ਤੇ ਉਸ ਨਾਲੋਂ ਕਿਤੇ ਵੱਧ ਸਸ਼ਕਤ ਪ੍ਰਵਚਨ ਕਰ ਕੇ ਸਹਿਜੇ ਹੀ ਦਿੱਤਾ ਜਾ ਸਕਦਾ ਹੈ ਅਤੇ ਉਹ ਇਹ ਕੰਮ ਕਰਦਾ ਵੀ ਹੈ ਪਰ ਅਖੀਰ ਉਸ ਦੇ ਪੱਲੇ ਨਿਰਾਸ਼ਾ ਹੀ ਪੈਂਦੀ ਹੈ।

ਥੁੱਕਾਂ ਨਾਲ ਵੜੇ ਕਦੋਂ ਪੱਕਦੇ ਹਨ ਭਲਾ? ਵਿਰਸੇ ਦੀਆਂ ਜੜ੍ਹਾਂ ਤਲਾਸ਼ਣ ਅਤੇ ਬਾਅਦ ਵਿਚ ਕਿਧਰੇ ਵੀ ਕੋਈ ਗੱਲ ਜਦੋਂ ਬਣਦੀ ਨਹੀਂ ਦਿਸਦੀ ਤਾਂ ਆਪਣਾ ਮੋਹ-ਭੰਗ ਹੋਣ ਦੀ ਕਥਾ ਜ਼ਿਆਉਦੀਨ ਸਰਦਾਰ ਨੇ ਆਪਣੀ ਪੁਸਤਕ 'ਡੈਸਪੀਰੇਟਲੀ ਸੀਕਿੰਗ ਪੈਰਾਡਾਈਜ਼: ਜਰਨੀ ਆਫ ਏ ਸਕੈਪਟੀਕਲ ਮੁਸਲਿਮ' ਵਿਚ ਬੜੇ ਹੀ ਰੌਚਕ ਅੰਦਾਜ਼ ਵਿਚ ਸੁਣਾਈ ਹੈ। ਇਸ ਵਿਚ ਵਿਰਸੇ ਅਤੇ ਵਰਤਮਾਨ ਦੀ ਡਾਇਲੈਕਟਿਕ ਦਾ ਬਿਰਤਾਂਤ ਬਹੁਤ ਪੀਡਾ ਹੈ। ਪੱਛਮ ਨੇ ਆਹ ਕਰ ਦਿੱਤਾ, ਅਹੁ ਕਰ ਦਿੱਤਾ; ਐਨਲਾਈਟਨਮੈਂਟ ਨੇ ਭੱਠਾ ਬਿਠਾ ਦਿੱਤਾ ਜਾਂ ਮਾਡਰੈਨਿਟੀ ਨੇ ਭੱਠਾ ਬਿਠਾ ਦਿੱਤਾ... ਇਸ ਕਿਸਮ ਦੇ ਢਕਵੰਜ ਬਥੇਰੇ ਹੋ ਚੁੱਕੇ। ਇਸ ਕਿਸਮ ਦੇ ਸੱਜਣ ਇਹ ਕਿਉਂ ਨਹੀਂ ਦੱਸਦੇ ਕਿ ਆਟੋਮਾਨ ਦੀ ਸਲਤਨਤ 13ਵੀਂ-14ਵੀਂ ਸਦੀ ਤੋਂ ਲੈ ਕੇ 20ਵੀਂ ਸਦੀ ਤੱਕ ਕਾਇਮ ਰਹੀ। ਉਥੇ ਨਾ ਕੋਈ ਪੱਛਮੀ ਪ੍ਰਭਾਵ ਸੀ, ਨਾ ਉਨ੍ਹਾਂ ਮਾਡਰੈਨਿਟੀ ਨੂੰ ਨੇੜੇ ਫਟਕਣ ਦਿੱਤਾ ਅਤੇ ਨਾ ਉਥੇ ਐਨਲਾਈਟਨਮੈਂਟ ਚਿੰਤਨ ਦਾ ਹੀ ਕੋਈ ਦੂਸ਼ਤ ਪ੍ਰਭਾਵ ਪਿਆ। ਇਨਸਾਨ ਦੀ ਹਾਲਤ ਉਨ੍ਹਾਂ ਬਦ ਤੋਂ ਬਦਤਰ ਬਣਾਈ ਰੱਖੀ। ਉਨ੍ਹਾਂ ਦਾ ਬੇੜਾ ਕਿਵੇਂ ਤੇ ਕਿਉਂ ਗਰਕਿਆ, ਇਸ ਬਾਰੇ ਅਜਿਹੇ ਸੱਜਣਾਂ ਦੀ ਆਖਰ ਕੀ ਰਾਏ ਹੈ? ਮੱਧਯੁਗ ਦੇ ਚੀਨ ਦੇ ਅੰਦਰੂਨੀ ਹਾਲਾਤ ਜਾਂ 19ਵੀਂ ਸਦੀ ਦੇ ਰੂਸ ਦੀ ਦੁਰਦਸ਼ਾ ਲਈ ਕਿਹੜਾ ਮਾਡਰੈਨਿਟੀ ਜਾਂ ਕਿਹੜਾ ਐਨਲਾਈਟਨਮੈਂਟ ਚਿੰਤਨ ਜ਼ਿੰਮੇਵਾਰ ਸੀ? ਅਜਿਹੇ ਸੱਜਣਾਂ ਨੂੰ ਖੁਦ ਪੱਛਮ ਦੇ ਹਜ਼ਾਰ ਵਖਰੇਵੇਂ ਨਜ਼ਰ ਕਿਉਂ ਨਹੀਂ ਆਉਂਦੇ। ਫਿਰ ਇਹ ਵੀ ਹੈ ਕਿ ਗਿਆਨਵਾਦ ਦੀ ਲਹਿਰ ਦੇ ਹਜ਼ਾਰਾਂ ਚਿੰਤਕ ਕੀ ਇਕੋ ਤਰ੍ਹਾਂ ਦੇ ਸਨ? ਰੂਸੋ ਅਤੇ ਵਾਲਟੇਅਰ ਵਰਗੇ ਮੋਢੀ ਚਿੰਤਕਾਂ ਦੇ ਚਿੰਤਨ ਵਿਚ ਜੋ ਜ਼ਮੀਨ-ਅਸਮਾਨ ਦਾ ਅੰਤਰ ਹੈ, ਉਸ ਬਾਰੇ ਇਨ੍ਹਾਂ ਦੀ ਕੀ ਰਾਏ ਹੈ? ਕੀ ਇੰਗਲੈਂਡ ਅੰਦਰ ਗਿਆਨਵਾਦੀ ਲਹਿਰ ਦਾ ਸਾਰਾ ਚੱਕਰ ਫਰਾਂਸੀਸੀ ਚਿੰਤਕਾਂ ਤੋਂ ਮੂਲੋਂ ਹੀ ਭਿੰਨ ਨਹੀਂ ਸੀ? ਇੰਗਲੈਂਡ ਅੰਦਰ ਅਜਿਹੇ ਚਿੰਤਨ ਬਾਰੇ ਗਰਟਰੂਡ ਹਿਮਲਫਾਰਥ ਨੇ 2004 ਵਿਚ 'ਦਿ ਰੋਡਜ਼ ਟੂ ਮਾਡਰੈਨਿਟੀ' ਨਾਂ ਦੀ ਛੋਟੀ ਜਿਹੀ ਪਰ ਬੜੀ ਹੀ ਮੁੱਲਵਾਨ ਕਿਤਾਬ ਵਿਚ ਅਜਿਹੇ ਅੰਤਰ ਦੀ ਨਿਸ਼ਾਨਦੇਹੀ ਸੁਚੱਜੇ ਤਰੀਕੇ ਨਾਲ ਕੀਤੀ ਹੋਈ ਹੈ। ਇਹ ਸੱਜਣ ਅਜਿਹੇ ਅੰਤਰਾਂ ਵੱਲ ਧਿਆਨ ਧਰਦੇ ਕਿਉਂ ਨਹੀਂ ਹਨ?

ਤਸੱਲੀ ਵਾਲੀ ਗੱਲ ਹੈ ਕਿ ਜ਼ਿਆਉਦੀਨ ਸਰਦਾਰ ਵਿਰਸੇ ਅਤੇ ਧਰਮ ਪ੍ਰਤੀ ਆਪਣੇ ਮੁਢਲੇ ਹੇਰਵੇ ਦੀ ਜਕੜ ਵਿਚੋਂ ਬਾਹਰ ਆ ਜਾਂਦਾ ਹੈ। ਉਸ ਦੀ ਲਿਖਤ ਨਮੂਨਾ ਦੇਖਣਾ ਹੋਵੇ ਤਾਂ ਨੈੱਟ ਤੋਂ 'ਟੱਚਡ ਆਫ ਵੰਡਰ' ਸਿਰਲੇਖ ਹੇਠਲਾ ਲੇਖ ਦੇਖਿਆ ਜਾ ਸਕਦਾ ਹੈ। ਕੁਰਾਨ ਦੀ ਉਸ ਦੀ ਪੜ੍ਹਤ ਤੋਂ ਬਲਿਹਾਰੇ ਜਾਣ ਨੂੰ ਜੀ ਕਰਦਾ ਹੈ। ਧਰਮ ਦੀ ਸਾਰਥਿਕਤਾ ਦੀ ਗੱਲ ਕਰਨ ਵਾਲੇ ਹਰ ਸੱਜਣ ਨੂੰ ਉਸ ਦੀਆਂ ਲਿਖਤਾਂ 'ਤੇ ਨਿਗ੍ਹਾ ਮਾਰਨੀ ਚਾਹੀਦੀ ਹੈ। ਪਾਲ ਡੁਮੇਲਾ ਵੱਲੋਂ ਸੰਪਾਦਤ ਪੁਸਤਕ 'ਟੱਚਡ' ਵਿਚਲੇ 'ਟੱਚਡ ਆਫ ਵੰਡਰ' ਵਾਲੇ ਲੇਖ ਵਿਚ ਧਰਮ ਅਤੇ ਕਲਾ ਦੇ ਨੇੜਲੇ ਰਿਸ਼ਤੇ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ ਉਹ ਵਿਸਮਾਦ ਨੂੰ ਅਨੁਭਵ ਕਰਨ ਅਤੇ ਇਸ ਨੂੰ ਮਾਣਨ ਦੀ ਸਮਰੱਥਾ ਨੂੰ ਇਨਸਾਨੀ ਹਸਤੀ ਦੀ ਕੇਂਦਰੀ

*(ਬਾਕੀ ਅਗਲੇ ਸਫੇ 'ਤੇ)*


ਚੂਲ ਮੰਨਦਾ ਹੈ ਅਤੇ ਦੱਸਦਾ ਹੈ ਕਿ ਕਿੰਝ ਧਰਮ ਅਤੇ ਕਲਾ ਆਦਮੀ ਦੀ ਇਸੇ ਚਾਹਤ ਦਾ ਪਰਤੌ ਹਨ। ਸਾਡੇ ਬਜ਼ੁਰਗ ਵੀ ਤਾਂ ਵਿਸਮਾਦੀ ਬਿਰਹਾ ਨੂੰ ਸੁਲਤਾਨ ਮੰਨਦੇ ਹਨ ਅਤੇ ਸਭ ਨੂੰ ਪਤਾ ਹੈ ਕਿ ਬਿਰਹਾ ਦੇ ਅਨੁਭਵ ਤੋਂ ਸੱਖਣੀ ਹਸਤੀ ਨੂੰ ਉਨ੍ਹਾਂ ਨੇ ਕਿਸ ਤਰ੍ਹਾਂ ਦੀ ਸੰਗਿਆ ਦਿੱਤੀ ਹੈ।

ਜ਼ਿਆਉਦੀਨ ਸਰਦਾਰ ਵਿਰਾਸਤੀ ਹੇਰਵੇ ਦੀ ਜਕੜ ਤੋਂ ਬਾਹਰ ਨਿਕਲ ਗਿਆ ਹੈ, ਫਿਰ ਵੀ ਉਸ ਨਾਲ ਮਾੜਾ ਜਿਹਾ ਇਤਰਾਜ਼ ਇਹ ਹੈ ਕਿ ਪੱਛਮ-ਪੱਛਮ ਵਾਲੀ ਮੁਹਾਰਨੀ ਅਜੇ ਤੱਕ ਉਸ ਤੋਂ ਵੀ ਛੱਡੀ ਨਹੀਂ ਗਈ। ਇਸ ਪ੍ਰਥਾਏ 'ਪੋਸਟ ਮਾਡਰਨਿਜ਼ਮ ਐਂਡ ਦਿ ਅਦਰ: ਨਿਊ ਇੰਪੀਰੀਅਲਿਜ਼ਮ ਆਫ ਦਾ ਵੈਸਟਰਨ ਕਲਚਰ' ਵਾਲੀ ਕਿਤਾਬ ਦੇ ਸਿਰਲੇਖ ਨਾਲ ਹੀ ਬਿੱਲੀ ਛਾਲ ਮਾਰ ਕੇ ਬਾਹਰ ਆ ਜਾਂਦੀ ਹੈ। ਆਖਰ, ਚਿੰਤਕ ਚਿੰਤਕ ਹੁੰਦਾ ਹੈ ਅਤੇ ਉਹ ਪੂਰਬੀ, ਪੱਛਮੀ, ਹਿੰਦੂ ਜਾਂ ਸਿੱਖ ਚਿੰਤਕ ਨਹੀਂ ਹੁੰਦਾ। ਜ਼ਿਆਉਦੀਨ ਸਿਰੇ ਦਾ ਕੁਚੱਜਾ ਦੋਸ਼ ਲਾਉਂਦਿਆਂ ਕਹਿੰਦਾ ਹੈ ਕਿ ਪੱਛਮ ਦਾ ਉਤਰ-ਆਧੁਨਿਕ ਚਿੰਤਨ ਹਾਸ਼ੀਏ 'ਤੇ ਧੱਕੇ ਗੈਰ-ਪੱਛਮੀ ਲੋਕਾਂ ਦੀ ਮੁਕਤੀ ਲਈ ਹਾਅ ਦਾ ਨਾਅਰਾ ਮਾਰਨ ਦੀ ਆੜ ਹੇਠ ਮਹਿਜ਼ ਉਨ੍ਹਾਂ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਉਨ੍ਹਾਂ ਨੂੰ ਦੁਬੇਲ ਬਣਾਈ ਰੱਖਣ ਦੀ ਸਾਜ਼ਿਸ਼ ਮਾਤਰ ਹੈ। ਇੱਦਾਂ ਦੀਆਂ ਜਭਲੀਆਂ ਠੀਕ ਨਹੀਂ। ਸਾਡੇ ਮਿਸ਼ੈਲ ਫੂਕੋ ਅਤੇ ਯਾਕ ਦੈਰਿਦਾ ਨਾਲ ਹਜ਼ਾਰ ਵਖਰੇਵੇਂ ਤੇ ਸ਼ਿਕਵੇ ਹੋ ਸਕਦੇ ਹਨ ਪਰ ਇਨ੍ਹਾਂ ਚਿੰਤਕਾਂ ਦੀਆਂ ਲਿਖਤਾਂ ਵਿਚੋਂ ਕਿਸੇ ਕਿਸਮ ਦੀ ਸਾਜ਼ਿਸ਼ ਭਾਲਣ ਵਾਲੀ ਪਹੁੰਚ 'ਤੇ ਤਾਂ ਰੋਇਆ ਹੀ ਜਾ ਸਕਦਾ ਹੈ।

ਜ਼ਿਆਉਦੀਨ ਸਰਦਾਰ ਨਾਲ ਇਸ ਕਿਸਮ ਦੇ ਬੁਨਿਆਦੀ ਪਰ ਦੋਸਤਾਨਾ ਵਖਰੇਵੇਂ ਦੇ ਬਾਵਜੂਦ ਪਵਿੱਤਰ ਕੁਰਾਨ ਦੀਆਂ ਆਇਤਾਂ ਨੂੰ ਜਿਸ ਅਕੀਦਤ ਅਤੇ ਪਿਆਰ ਨਾਲ ਉਹ ਪੜ੍ਹਦਾ ਹੈ ਅਤੇ ਹਜ਼ਰਤ ਮੁਹੰਮਦ ਦੇ ਸੰਦੇਸ਼ਾਂ ਦੀ ਅਜੋਕੀ ਪ੍ਰਸੰਗਿਕਤਾ ਨੂੰ ਜਿਸ ਅੰਦਾਜ਼ ਵਿਚ ਉਹ ਸਥਾਪਤ ਕਰਦਾ ਹੈ, ਉਹ ਧੰਨ ਹੈ। ਮਨ ਚਾਹੁੰਦਾ ਹੈ ਕਿ ਭਾਅ ਜੀ ਕਰਮਜੀਤ ਸਿੰਘ (ਪੰਜਾਬੀ ਟ੍ਰਿਬਿਊਨ ਦੇ ਸਾਬਕਾ ਅਸਿਸਟੈਂਟ ਐਡੀਟਰ) ਅਤੇ ਪਾਲੇ ਦੇ ਦੂਜੇ ਪਾਸੇ ਖੜ੍ਹੇ ਸਾਡੇ ਹੋਰ ਮਿੱਤਰ ਸਾਡੇ ਆਪਣੇ ਗੁਰੂ ਸਾਹਿਬਾਨ ਦੀ ਮਹਾਨ ਬਾਣੀ ਨੂੰ ਉਸੇ ਅੰਦਾਜ਼ ਵਿਚ ਜਰਾ ਪੜ੍ਹਨ ਦੀ ਕੋਸ਼ਿਸ਼ ਕਰ ਕੇ ਦੇਖਣ, ਤਬੀਅਤ ਠੰਢੀ-ਠਾਰ ਹੋ ਜਾਵੇਗੀ।

ਵਿਰਸੇ ਦੀਆਂ ਸ਼ਾਨਾਂ ਪ੍ਰਤੀ ਹੇਰਵੇ ਦੀ ਅਤਿਅੰਤ ਖਤਰਨਾਕ ਬਿਮਾਰੀ ਤੋਂ ਪੀੜਤ ਏਸ਼ੀਆਈ ਖਿੱਤੇ ਦੇ ਹਰ ਚਿੰਤਕ ਨੂੰ ਲਾਹੌਰ ਦੇ ਜੰਮਪਲ ਅਤੇ ਅੱਜ ਕੱਲ੍ਹ ਟੋਰਾਂਟੋ ਰਹਿੰਦੇ ਪੱਤਰਕਾਰ, ਚਿੰਤਕ ਤਾਰਿਕ ਫਤਹਿ ਦੀ 'ਚੇਜ਼ਿੰਗ ਏ ਮੀਰਾਜ' ਨਾਂ ਦੀ ਪੁਸਤਕ 'ਤੇ ਹਰ ਹਾਲਤ ਵਿਚ ਨਜ਼ਰ ਮਾਰਨੀ ਚਾਹੀਦੀ ਹੈ। ਉਸ ਨੇ ਪੈਗੰਬਰ ਮੁਹੰਮਦ ਦੇ ਦੇਹਾਂਤ ਤੋਂ ਤੁਰੰਤ ਬਾਅਦ ਦੇ ਸਮੇਂ ਤੋਂ ਲੈ ਕੇ 20ਵੀਂ ਸਦੀ ਤੱਕ ਇਸਲਾਮੀ ਚਿੰਤਨ ਦੀ ਅਮਲੀ ਹਕੀਕਤ ਨੂੰ ਕਮਾਲ ਦੇ ਅੰਦਾਜ਼ ਵਿਚ ਬੇਪਰਦ ਕੀਤਾ ਹੈ। ਮੁਹੰਮਦ ਇਕਬਾਲ ਵਰਗੇ ਇਸਲਾਮ ਦੀਆਂ ਸ਼ਾਨਾਂ ਦੇ ਜਜ਼ਬਾਤੀ ਢਾਡੀ ਅਤੇ ਉਸ ਵਰਗੇ ਹੋਰ ਅਨੇਕਾਂ ਚਿੰਤਕਾਂ ਨਾਲੋਂ ਉਸ ਦੀ ਪਹੁੰਚ ਮੂਲੋਂ ਹੀ ਵੱਖਰੀ ਹੈ। ਉਹ ਇਸਲਾਮੀ ਵਿਰਸੇ ਦੀਆਂ ਸ਼ਾਨਾਂ ਬਾਰੇ ਸਭ ਮਿੱਥਾਂ ਨੂੰ ਚੀਰਦਾ ਚਲਾ ਜਾਂਦਾ ਹੈ।

ਹੁਣ ਇਕ ਵਾਰ ਮੁੜ ਪ੍ਰਭਸ਼ਰਨਦੀਪ ਸਿੰਘ ਵੱਲ ਪਰਤਿਆ ਜਾਵੇ। ਪ੍ਰਭਸ਼ਰਨਦੀਪ ਨਾਲ ਪਿਛਲੇ ਤਿੰਨ ਵਰ੍ਹਿਆਂ ਦੌਰਾਨ ਪਹਿਲਾਂ ਪਟਿਆਲੇ ਰਹਿੰਦਿਆਂ ਅਤੇ ਫਿਰ ਇਥੇ ਟੋਰਾਂਟੋ ਆ ਕੇ ਅਕਸਰ ਫੋਨ ਉਪਰ ਗੱਲਬਾਤ ਹੁੰਦੀ ਰਹੀ ਹੈ। ਸਭ ਤੋਂ ਤਾਜ਼ਾ ਅਤੇ ਕਰੀਬ ਦੋ ਘੰਟੇ ਲੰਮੀ ਗੱਲਬਾਤ ਉਸ ਵੱਲੋਂ 'ਪੰਜਾਬ ਟਾਈਮਜ਼' ਰਾਹੀਂ ਮੇਰੇ ਉਪਰ ਬਰਸਾਏ ਅਗਨਬਾਣ ਤੋਂ ਮਹਿਜ਼ 10 ਜਾਂ 15 ਕੁ ਦਿਨ ਪਹਿਲਾਂ ਹੀ ਹੋਈ ਸੀ। ਗੱਲਬਾਤ ਦਾ ਕੇਂਦਰੀ ਪ੍ਰਸੰਗ ਇਹ ਸੀ ਕਿ ਪ੍ਰਭਸ਼ਰਨਦੀਪ, ਪ੍ਰੋ.ਅਰਵਿੰਦਪਾਲ ਸਿੰਘ ਮੰਡੇਰ ਦੇ ਚਿੰਤਨ ਤੋਂ ਕਾਇਲ ਹੈ ਅਤੇ ਉਸ ਉਪਰ ਅਜੇ ਪਿੱਛੇ ਜਿਹੇ ਹੀ ਚੰਡੀਗੜ੍ਹ ਦੇ ਉਘੇ ਸਿੱਖ ਚਿੰਤਕ ਗੁਰਦਰਸ਼ਨ ਸਿੰਘ ਢਿਲੋਂ ਨੇ 40-50 ਪੰਨਿਆਂ ਦਾ ਲੰਮਾ ਲੇਖ ਲਿਖ ਕੇ ਤਕੜਾ ਹਮਲਾ ਬੋਲਿਆ ਹੋਇਆ ਹੈ। ਇਸ ਹਮਲੇ ਬਾਰੇ ਮੈਨੂੰ ਭਾਅ ਜੀ ਕਰਮਜੀਤ




ਸਿੰਘ ਨੇ ਪਹਿਲਾਂ ਹੀ ਦੱਸਿਆ ਹੋਇਆ ਸੀ। ਪ੍ਰਭਸ਼ਰਨਦੀਪ ਨਾਲ ਹੀਗਲੀਅਨ ਦਰਸ਼ਨ ਪੱਛਮੀ ਐਨਲਾਈਟਨਮੈਂਟ ਚਿੰਤਨ ਅਤੇ ਸਾਹਿਤ ਅੰਦਰ ਰੁਮਾਂਟਿਕ ਲਹਿਰ ਆਦਿ ਅਨੇਕਾਂ ਵਿਸ਼ਿਆਂ 'ਤੇ ਆਪੋ ਆਪਣੀ ਸੀਮਤ ਬੁੱਧੀ ਅਨੁਸਾਰ ਅਸੀਂ ਲੰਮੀਆਂ ਗੱਲਾਂ ਕੀਤੀਆਂ। ਉਸ ਨੇ ਮੈਨੂੰ ਪ੍ਰੋ. ਢਿਲੋਂ ਦਾ ਲੇਖ ਨੈੱਟ ਉਪਰ ਭੇਜਣ ਦਾ ਵਾਅਦਾ ਕੀਤਾ। ਮੈਂ ਉਸ ਨੂੰ ਆਪਣਾ ਖਦਸ਼ਾ ਦੱਸਿਆ ਕਿ ਅਰਵਿੰਦਪਾਲ ਸਿੰਘ ਮੰਡੇਰ ਨੇ 'ਰਿਲੀਜਨ ਐਂਡ ਸਪੈਕਟਰਜ਼ ਆਫ ਦੀ ਵੈਸਟ' ਕਿਤਾਬ ਲਿਖੀ ਤਾਂ ਆਪਣੇ ਸਿੱਖ ਭਾਈਚਾਰੇ ਖਾਤਰ ਹੈ ਪਰ ਭਾਈਚਾਰੇ ਦੇ ਵਿਦਵਾਨਾਂ 'ਚੋਂ ਕਿਸੇ ਨੂੰ ਉਸ ਦੀ ਕਿਤਾਬ ਦੇ ਪ੍ਰਸੰਗਾਂ ਦਾ ਭੇਤ ਨਹੀਂ ਹੈ। ਇਸ ਲਈ ਉਨ੍ਹਾਂ ਦੇ ਗੇੜ ਵਿਚ ਉਸ ਦੀ ਗੱਲ ਆਉਣੀ ਨਹੀਂ ਹੈ। ਕਾਰਨ ਇਹ ਵੀ ਹੈ ਕਿ ਪ੍ਰੋ. ਮੰਡੇਰ ਆਧੁਨਿਕ ਪੱਛਮੀ ਚਿੰਤਨ, ਖਾਸ ਕਰ ਕੇ ਮਾਰਟਿਨ ਹਾਈਡੇਗਰ, ਦੈਰਿਦਾ, ਯੱਕ ਲਾਕਾਂ ਅਤੇ ਮਿਸ਼ੈਲ ਫੂਕੋ ਦੇ ਸਿਧਾਂਤਾਂ ਨਾਲ ਚੰਗੀ ਤਰ੍ਹਾਂ ਲੈਸ ਹੈ। ਸਾਡੇ ਲੋਕਾਂ ਨੂੰ ਦੈਰਿਦਾ ਦਾ ਚੰਗੀ ਤਰ੍ਹਾਂ ਪਤਾ ਕੋਈ ਨਹੀਂ ਹੈ। ਉਹ ਪ੍ਰੋ. ਗੁਰਦਰਸ਼ਨ ਸਿੰਘ ਢਿਲੋਂ ਦੇ ਲੇਖ ਦੀਆਂ ਸੀਮਾਵਾਂ ਦੱਸ ਰਿਹਾ ਸੀ ਅਤੇ ਇਸ ਨੁਕਤੇ 'ਤੇ ਸਾਡੀ ਪੂਰਨ ਸਹਿਮਤੀ ਵੀ ਸੀ।

ਪ੍ਰਭਸ਼ਰਨਦੀਪ ਨੇ ਵਾਅਦੇ ਅਨੁਸਾਰ ਢਿਲੋਂ ਸਾਹਿਬ ਦਾ ਲੰਮਾ ਲੇਖ ਭੇਜ ਦਿੱਤਾ। ਪੜ੍ਹ ਕੇ ਦੁੱਖ ਹੋਇਆ। ਉਨ੍ਹਾਂ ਉਹੀ ਮੁਹਾਰਨੀ ਫੜੀ ਹੋਈ ਹੈ ਜਿਹੜੀ ਸਿੱਖ ਵਿਦਵਾਨਾਂ ਨੇ ਪਿਛਲੇ 30-40 ਵਰ੍ਹਿਆਂ ਤੋਂ ਡਾ. ਹਿਊ ਮੈਕਲੌਡ ਦੇ ਨਿਰੰਤਰ ਪਰ ਬੇਸਿਰ-ਪੈਰ ਵਿਰੋਧ ਵਿਚ ਅਰੰਭੀ ਹੋਈ ਹੈ। ਉਹੋ ਪੱਛਮ-ਪੱਛਮ ਅਤੇ ਅਮਰੀਕੀ ਯੂਨੀਵਰਸਿਟੀਆਂ ਦੀ ਸਿੱਖ ਧਰਮ ਵਿਰੁਧ ਸਾਜ਼ਿਸ਼ ਦੀ ਸ਼ੋਰੀਲੀ ਫਤਵੇਬਾਜ਼ੀ! ਸਮਝ ਨਹੀਂ ਆਉਂਦੀ ਕਿ ਬਘਿਆੜ ਦਾ ਕਿਧਰੇ ਨਾਮੋ-ਨਿਸ਼ਾਨ ਵੀ ਨਹੀਂ, ਤੇ ਇਹ ਸੱਜਣ 'ਬਘਿਆੜ ਆਇਆ, ਬਘਿਆੜ ਆਇਆ' ਕੂਕ ਰਹੇ ਹਨ।

ਇਸ ਬਾਰੇ ਪ੍ਰੋ. ਭੁਪਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਉਹ ਇਹ ਨਹੀਂ ਕਹਿੰਦੇ ਕਿ ਮੰਡੇਰ ਦੇ ਪ੍ਰਵਚਨ ਦਾ ਕੋਈ ਕਰੀਟਿਕ ਹੋ ਨਹੀਂ ਸਕਦਾ, ਬਲਕਿ ਹੋ ਸਕਦਾ




ਅਰਮੇਨੀਆ ਵਿਚ ਹੋਈ ਨਸਲਕੁਸ਼ੀ ਦੌਰਾਨ ਮਾਰੇ ਗਏ ਲੋਕਾਂ ਦੀਆਂ ਲਾਸ਼ਾਂ ਦੇ ਕਰੰਗ

ਹੈ। ਉਨ੍ਹਾਂ ਦੇ ਦੱਸਣ ਅਨੁਸਾਰ ਪ੍ਰੋ. ਮੰਡੇਰ ਨੇ ਸਿੱਖ ਧਾਰਮਿਕ ਚਿੰਤਨ ਦੀ ਸਾਰਥਿਕਤਾ ਦੀ ਨਿਸ਼ਾਨਦੇਹੀ ਕਰਨ ਲਈ ਹਾਈਡੇਗਰ, ਦੈਰਿਦਾ ਜਾਂ ਯੱਕ ਲਾਕਾਂ ਆਦਿ ਜਿਨ੍ਹਾਂ ਪੱਛਮੀ ਚਿੰਤਕਾਂ ਦੇ ਪ੍ਰਵਰਗ ਇਸਤੇਮਾਲ ਕੀਤੇ ਹਨ, ਉਹ ਸਾਰੇ ਮੂਲ ਰੂਪ ਵਿਚ ਨਾਸਤਿਕ ਸਨ। ਉਹ ਰੱਬ ਜਾਂ ਰੱਬ ਵਰਗੇ ਕਿਸੇ ਵੀ ਕੇਂਦਰ ਤੋਂ ਇਨਕਾਰੀ ਸਨ। ਹਾਈਡੇਗਰ ਬੀਇੰਗ ਦੀ ਗੱਲ ਕਰਦਾ ਹੈ ਬਲਕਿ ਹੁਣ ਤੱਕ ਸੌ ਦੇ ਕਰੀਬ ਛਪੀਆਂ ਉਸ ਦੀਆਂ ਸਾਰੀਆਂ ਕਿਤਾਬਾਂ ਵਿਚ ਉਪਲਬਧ ਉਸ ਦਾ ਚਿੰਤਨ 'ਬੀਇੰਗ' ਦੇ ਰਹੱਸ ਨੂੰ ਖੋਲ੍ਹਣ 'ਤੇ ਕੇਂਦਰਿਤ ਹੈ ਪਰ ਹਾਈਡੇਗਰ ਦੀ 'ਬੀਇੰਗ' ਦਾ ਸ਼ੰਕਰ ਦੇ ਬ੍ਰਹਮ ਵਰਗੇ ਕਿਸੇ ਕੇਂਦਰੀ ਪ੍ਰਵਰਗ ਨਾਲ ਕੋਈ ਲਾਗਾ-ਦੇਗਾ ਨਹੀਂ ਹੈ। ਅਜਿਹੇ ਚਿੰਤਕਾਂ ਦੇ ਕੰਨਸੈਪਚੂਅਲ ਟੂਲ-ਬਾਕਸ ਨਾਲ ਸਿੱਖ ਧਰਮ ਚਿੰਤਨ ਦੇ ਮਰਮ ਨੂੰ ਭੇਦਿਆ ਨਹੀਂ ਜਾ ਸਕਦਾ।

ਜੇ ਕਿਸੇ ਵਿਦਵਾਨ ਸੱਜਣ ਨੇ ਅਰਵਿੰਦਪਾਲ ਸਿੰਘ ਮੰਡੇਰ ਵਿਰੁਧ ਖੰਡਾ ਖਿੱਚਣਾ ਹੈ ਤਾਂ ਇਸ ਬੁਨਿਆਦੀ ਨੁਕਤੇ 'ਤੇ ਵਾਰ ਕਰ ਕੇ ਹੀ ਸ਼ੁਰੂਆਤ ਕੀਤੀ ਜਾ ਸਕਦੀ ਹੈ; ਇਸ ਤਰ੍ਹਾਂ ਕਰ ਕੇ ਬਿਲਕੁਲ ਵੀ ਨਹੀਂ ਕਿ ਜਿਹੜਾ ਪ੍ਰੋਜੈਕਟ ਮੀਰ ਮੰਨੂ ਕੋਲੋਂ ਵਿਚਾਲੇ ਰਹਿ ਗਿਆ ਸੀ, ਉਸ ਨੂੰ ਮੁਕੰਮਲ ਕਰਨ ਲਈ ਪੱਛਮੀ ਯੂਨੀਵਰਸਿਟੀਆਂ ਕਿਸੇ ਵੱਡੀ ਸਾਜ਼ਿਸ਼ ਤਹਿਤ ਸਿੱਖਾਂ ਵਿਰੁਧ ਮੈਕਲੌਡ, ਹਰਜੋਤ ਉਬਰਾਏ, ਪਸ਼ੌਰਾ ਸਿੰਘ ਅਤੇ ਹੁਣ ਪ੍ਰੋ. ਅਰਵਿੰਦਪਾਲ ਸਿੰਘ ਮੰਡੇਰ ਨੂੰ ਬੀਂਡੀਂ ਜੋੜ ਕੇ ਜੁੱਟੀਆਂ ਹੋਈਆਂ ਹਨ। ਪ੍ਰੋ. ਭੁਪਿੰਦਰ ਸਿੰਘ ਬਹੁਤ ਦਾਨੇ ਚਿੰਤਕ ਹਨ, ਜ਼ਰਾ ਜਿੰਨੀ ਵੀ ਸ਼ੋਰੀਲੀ ਜਾਂ ਉਚੀ ਸੁਰ ਵਿਚ ਕੁਝ ਕਹਿੰਦਿਆਂ ਮੈਂ ਉਨ੍ਹਾਂ ਨੂੰ ਕਦੀ ਸੁਣਿਆ ਨਹੀਂ। ਓਪਰੇਸ਼ਨ ਬਲਿਊ ਸਟਾਰ ਦਾ ਹੋਰ ਅਨੇਕਾਂ ਸੰਵੇਦਨਸ਼ੀਲ ਲੋਕਾਂ ਵਾਂਗ ਪ੍ਰੋ. ਭਪਿੰਦਰ ਸਿੰਘ ਦੇ ਮਨ 'ਤੇ ਵੀ ਗਹਿਰਾ ਸਦਮਾ ਲੱਗਿਆ ਅਤੇ ਉਨ੍ਹਾਂ ਨੇ ਉਸੇ ਸਮੇਂ ਤੋਂ ਅਧਿਐਨ ਦੇ ਹੋਰ ਖੇਤਰਾਂ ਨੂੰ ਛੱਡ ਕੇ ਆਪਣਾ ਸਾਰਾ ਧਿਆਨ ਹਿੰਦੋਸਤਾਨ ਦੀ ਧਰਤੀ ਉਪਰ ਸ੍ਰੀ ਗੁਰੂ ਨਾਨਕ ਦੇ ਅਵਤਰਨ ਦੇ ਰੈਸ਼ਨੇਲ ਅਤੇ ਸਿੱਖ ਧਰਮ ਦੇ ਸਮਾਜਿਕ-ਰਾਜਨੀਤਕ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਨ ਉੱਪਰ ਕੇਂਦਰਿਤ ਕਰ ਦਿੱਤਾ ਸੀ। ਕਈ ਵਰ੍ਹਿਆਂ ਦੇ ਨਿਰੰਤਰ ਚਿੰਤਨ ਦੇ ਬਾਅਦ 'ਰਾਜ ਕਰੇਗਾ ਖ਼ਾਲਸਾ' ਸਿਰਲੇਖ ਹੇਠ ਉਨ੍ਹਾਂ ਸੰਖੇਪ ਜਿਹਾ ਜੋ ਮਜ਼ਮੂਨ ਲਿਖਿਆ, ਉਸ ਵਿਚ ਕੋਈ ਸ਼ਬਦ ਤਾਂ ਕੀ, ਕਾਮਾ ਬਿੰਦੀ ਵੀ ਫਾਲਤੂ ਨਹੀਂ ਹੈ। ਸਪਸ਼ਟ ਬਿਆਨੀ ਵਿਚ ਉਹ ਆਪਣੀ ਮਿਸਾਲ ਆਪ ਹਨ। ਉਨ੍ਹਾਂ ਦੇ ਨਿਰਣੇ ਅਨੁਸਾਰ ਸਿੱਖ ਧਰਮ ਦੀ ਧੁਰ ਰੂਹ ਅੰਦਰ ਸਰਬੱਤ ਦੇ ਭਲੇ ਦੀ ਗੱਲ ਹੈ, ਹਜ਼ਾਰ ਵਖਰੇਵਿਆਂ ਦੇ ਬਾਵਜੂਦ ਵੱਖ-ਵੱਖ ਧਰਮਾਂ ਤੇ ਫਿਰਕਿਆਂ ਦੇ ਵਿਰੋਧ ਦਾ ਨਹੀਂ; ਬਲਕਿ ਆਪਸੀ ਸਹਿਯੋਗ ਤੇ ਸਵੀਕ੍ਰਿਤੀ ਦਾ ਸੰਦੇਸ਼ ਹੈ। ਹੋਰ ਧਿਰਾਂ ਵਾਂਗ ਸਿੱਖ ਭਾਈਚਾਰਕ ਪ੍ਰਭੂਸੱਤਾ ਬਾਰੇ ਪਾਕਿਸਤਾਨ ਜਾਂ ਇਜ਼ਰਾਇਲ ਵਰਗੇ ਕਿਸੇ ਖਿੱਤੇ ਦੀ ਕਲਪਨਾ ਜਾਂ ਜੱਦੋ-ਜਹਿਦ ਦੇ ਸੱਦੇ ਵਾਲੀ ਕੋਈ ਗੱਲ ਨਹੀਂ ਹੈ। ਉਹ ਬੜੀ ਹੀ ਧੀਮੀ ਸੁਰ ਵਿਚ ਦੱਸ ਰਹੇ ਸਨ ਕਿ ਗੁਰਦਰਸ਼ਨ ਸਿੰਘ ਢਿਲੋਂ ਦਾ ਲੇਖ ਉਨ੍ਹਾਂ ਨੇ ਵੀ ਪੜ੍ਹਿਆ ਹੈ। ਅਜਿਹੇ ਲੇਖ ਨੂੰ ਪੜ੍ਹ ਕੇ ਪ੍ਰੋ. ਮੰਡੇਰ ਤਾਂ ਇਹ ਹੀ ਕਹੇਗਾ ਕਿ ਭਾਊ, ਮੇਰੀ ਵਿਆਖਿਆ ਠੀਕ ਜਾਂ ਗਲਤ ਹੋ ਸਕਦੀ ਹੈ ਪਰ ਉਹ ਸਾਰਾ ਕੁਝ ਤਾਂ ਮੈਂ ਕਿਧਰੇ ਕਿਹਾ ਹੀ ਨਹੀਂ ਹੈ ਜੋ ਢਿਲੋਂ ਸਾਹਿਬ ਤੁਸੀਂ ਮੇਰੇ ਬਾਰੇ ਦੱਸੀ ਜਾ ਰਹੇ ਹੋ...।

ਸੋ, ਪ੍ਰੋ. ਮੰਡੇਰ ਦੀ ਅਕਾਦਮਿਕ ਯੋਗਤਾ ਵਾਲੇ ਨੁਕਤੇ 'ਤੇ ਜ਼ਾਹਰ ਹੈ ਕਿ ਪ੍ਰਭਸ਼ਰਨਦੀਪ ਸਿੰਘ ਨਾਲ ਮੇਰੀ ਸਹਿਮਤੀ ਹੀ ਸੀ ਪਰ ਬਾਕੀ ਲਗਭਗ ਸਾਰੇ ਨੁਕਤਿਆਂ 'ਤੇ ਪੂਰਨ ਅਸਹਿਮਤੀ ਸੀ। ਉਹ ਕਿਹੜੇ ਨੁਕਤੇ ਹਨ ਜਿਨ੍ਹਾਂ 'ਤੇ ਇਸ ਅਤਿਅੰਤ ਉਤਸ਼ਾਹੀ ਨੌਜਵਾਨ ਸਿੱਖ ਚਿੰਤਕ ਨਾਲ ਸਾਡੀ ਸਹਿਮਤੀ ਨਹੀਂ ਹੈ, ਤੇ ਕਦੀ ਹੋ ਸਕੇਗੀ ਵੀ ਨਹੀਂ। ਇਹ ਦੱਸਣ ਲਈ ਪ੍ਰਭਸ਼ਰਨਦੀਪ ਨਾਲ ਹੋਈ ਤਾਜ਼ਾ ਫੋਨ ਵਾਰਤਾ ਤੋਂ 15-20 ਦਿਨ ਪਹਿਲਾਂ ਹੋਈ ਉਤਨੀ ਹੀ ਲੰਮੀ-ਚੌੜੀ ਫੋਨ ਵਾਰਤਾ ਵੱਲ ਪਰਤਣਾ ਪਵੇਗਾ। ਪ੍ਰਭਸ਼ਰਨਦੀਪ ਉਸ ਦਿਨ ਵੀ ਹੀਗਲ ਅਤੇ ਐਨਲਾਈਟਨਮੈਂਟ ਦੀਆਂ ਸੀਮਾਵਾਂ ਬਾਰੇ ਕੁਝ ਗੱਲਾਂ ਕਰ ਰਿਹਾ ਸੀ। ਮੈਂ ਉਸ ਨੂੰ ਪੂਰੇ ਪਿਆਰ ਅਤੇ ਸਤਿਕਾਰ ਨਾਲ ਉਸ ਤਰ੍ਹਾਂ ਦਾ 'ਕੱਚ ਮਾਰਨ' ਤੋਂ ਵਰਜਿਆ ਸੀ। ਮੈਂ ਉਸ ਨੂੰ ਅਜਿਹਾ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਸੀ ਕਿ ਪੱਛਮੀ ਗਿਆਨਵਾਦੀ ਚਿੰਤਨਧਾਰਾ ਬਾਰੇ ਕੋਈ ਵੀ ਸਾਰਥਿਕ ਸਮਝ ਬਣਾਉਣ ਲਈ ਪੱਛਮ ਦੇ ਮੱਧਕਾਲ ਦੇ ਸਮਾਜਿਕ ਇਤਿਹਾਸਕ ਕਰਮ ਦੀ ਸਮਝ ਬੇਹੱਦ ਜ਼ਰੂਰੀ ਹੈ।

15ਵੀਂ ਜਾਂ 16ਵੀਂ ਸਦੀ ਤੱਕ ਪੱਛਮ ਵਿਚ ਵਾਲਟੇਅਰ ਜਾਂ ਰੂਸੋ ਵਰਗੇ ਕਿਸੇ ਚਿੰਤਕ ਜਾਂ ਚਿੰਤਨ ਬਾਰੇ ਤਸੱਵਰ ਤੱਕ ਵੀ ਕੀਤਾ ਨਹੀਂ ਜਾ ਸਕਦਾ ਸੀ। ਗੱਲ ਕੋਈ ਪਿਛੋਂ ਕਰਦਾ ਸੀ, ਅਗਲੇ ਕੁਫਰ ਦਾ ਇਲਜ਼ਾਮ ਲਗਾ ਕੇ ਫਾਹੇ ਪਹਿਲਾਂ ਟੰਗ ਦਿੰਦੇ ਸਨ। ਧਰਮ ਦੇ ਨਾਂ 'ਤੇ ਅਸਹਿਣਸ਼ੀਲਤਾ ਦੀ ਅਜਿਹੀ ਹਨ੍ਹੇਰਗਰਦੀ ਮੱਚੀ ਹੋਈ ਸੀ। ਇਸ ਹਨ੍ਹੇਰਗਰਦੀ ਦਾ ਮੋਟਾ ਜਿਹਾ ਅੰਦਾਜ਼ਾ ਜੇ ਕਿਸੇ ਲਗਾਉਣਾ ਹੋਵੇ ਤਾਂ ਉਹ ਜ਼ਿਆਦਾ ਨਹੀਂ ਤਾਂ ਘੱਟੋ-ਘੱਟ ਪੀਟਰ ਐਚ. ਵਿਲੀਅਮ ਦੀ ਕਿਤਾਬ 'ਯੌਰਪਸ ਟਰੈਜਡੀ: ਏ ਹਿਸਟਰੀ ਆਫ ਥਰਟੀ ਯੀਅਰਜ਼ ਵਾਰ' ਪੜ੍ਹੇ। ਕਿਤਾਬ ਪੜ੍ਹਦਿਆਂ ਹੈਰਾਨੀ ਹੁੰਦੀ ਹੈ ਕਿ ਸੰਨ 1618 ਤੋਂ ਲੈ ਕੇ 1648 ਤੱਕ ਸਪੇਨ, ਜਰਮਨੀ ਤੋਂ ਲੈ ਕੇ ਡੈਨਮਾਰਕ, ਸਵੀਡਨ, ਪੋਲੈਂਡ ਤੇ ਰੂਸ ਤੱਕ ਪੱਛਮੀ ਯੂਰਪ ਦੇ ਸਾਰੇ ਰਜਵਾੜਿਆਂ ਨੂੰ ਆਖਰ ਝੱਲ ਕੀ ਕੁੱਦਿਆ ਸੀ ਕਿ ਉਹ ਪੂਰੇ 30 ਸਾਲ ਇਕ-ਦੂਜੇ ਦੇ ਡੱਕਰੇ ਕਿਉਂ ਕਰਦੇ ਚਲੇ ਗਏ ਸਨ? ਇਨ੍ਹਾਂ ਭਿਆਨਕ ਲੜਾਈਆਂ ਨੂੰ ਧਰਮ ਯੁੱਧਾਂ ਦਾ ਨਾਂ ਦਿੱਤਾ ਜਾਂਦਾ ਹੈ ਪਰ ਕਿਤਾਬ ਪੜ੍ਹਦਿਆਂ ਇਹ ਬਿਲਕੁਲ ਪਤਾ ਨਹੀਂ ਲੱਗਦਾ ਕਿ ਉਥੇ ਧਰਮ ਦੀ ਰਾਖੀ ਵਾਲੀ ਕਿਹੜੀ ਗੱਲ ਸੀ। ਧਰਮ ਦੇ ਨਾਂ 'ਤੇ ਇਕ-ਦੂਜੇ ਦੇ ਡੱਕਰੇ ਕਰ-ਕਰ ਯੂਰਪ ਦੀ ਰਜਵਾੜਾਸ਼ਾਹੀ ਜਦੋਂ ਹਾਰ-ਹੁੱਟ ਗਈ ਸੀ ਤਾਂ ਕਿਤੇ ਜਾ ਕੇ ਉਨ੍ਹਾਂ ਨੂੰ ਧਰਮ ਤੇ ਰਾਜਨੀਤੀ ਨੂੰ ਵੱਖਰਾ ਕਰਨ ਵਾਲੇ ਚਿੰਤਕਾਂ ਨੂੰ ਸਹਿਣ ਕਰਨ ਜਾਂ ਉਨ੍ਹਾਂ ਦੀ ਸਲਾਹ ਵੱਲ ਕੰਨ ਕਰਨ ਲਈ ਮਜਬੂਰ ਹੋਣਾ ਪਿਆ।




ਉਨ੍ਹਾਂ ਚਿੰਤਕਾਂ ਦੀ ਸਮਝ 'ਤੇ ਰੋਣ ਆਉਂਦਾ ਹੈ ਜੋ ਸਾਨੂੰ ਇਹ ਦੱਸਦੇ ਹਨ ਕਿ ਮੱਧਯੁਗ ਵਿਚ ਰੂਹਾਨੀ ਆਭਾ ਮੰਡਲ ਕਾਇਮ ਸੀ। ਪਰੀਆਂ ਅਤੇ ਦੇਵਤੇ ਅਜੇ ਆਦਮੀ ਦੀ ਜਾਤ ਦੇ ਕਰੀਬ ਸਨ ਅਤੇ ਉਨ੍ਹਾਂ ਨੇ ਇਨਸਾਨ ਦਾ ਸਾਥ ਸਾਲ 1750 ਤੋਂ ਪਿਛੋਂ ਐਨਲਾਈਟਨਮੈਂਟ ਚਿੰਤਨ ਦਾ ਡਗਾ ਵੱਜਣ ਪਿਛੋਂ ਛੱਡਿਆ ਸੀ। ਸਾਰੇ ਯੂਰਪ 'ਚ 15ਵੀਂ, 16ਵੀਂ ਤੇ 17ਵੀਂ ਸਦੀ ਦੌਰਾਨ ਬੇਸਿਰ-ਪੈਰ ਕਤਲੋਗਾਰਤ ਤਾਂ ਹੁੰਦੀ ਰਹੀ ਸੀ ਪਰ ਪਰੀਆਂ-ਦੇਵਤੇ ਉਥੇ ਕਿੱਥੇ ਸਨ? ਤੇ ਆਮ ਲੋਕਾਂ 'ਤੇ ਕਿਸ ਕਿਸਮ ਦੀ ਮਿਹਰ ਕਰ ਰਹੇ ਸਨ?

ਪ੍ਰਭਸ਼ਰਨਦੀਪ ਨਾਲ ਫੋਨ ਵਾਰਤਾ ਦੌਰਾਨ ਮੈਂ ਉਸ ਨੂੰ ਮੇਰੀ ਗੈਬਰੀਲ ਦੀ 'ਲਵ ਐਂਡ ਕੈਪੀਟਲ' ਸਿਰਲੇਖ ਹੇਠਲੀ ਕਾਰਲ ਮਾਰਕਸ ਦੀ ਜੀਵਨੀ ਪੜ੍ਹਨ ਲਈ ਆਖਿਆ ਸੀ ਅਤੇ ਇਸ ਦੇ ਨਾਲ ਹੀ ਰਾਬਰਟ ਫਿਸਕ ਦੀ 'ਗਰੇਟ ਵਾਰ ਫਾਰ ਸਿਵਲਾਈਜੇਸ਼ਨ' ਦੀ ਕਿਤਾਬ ਵਿਚੋਂ ਤੁਰਕਾਂ ਹੱਥੋਂ 16 ਲੱਖ ਤੋਂ ਵੀ ਵੱਧ ਆਰਮੀਨੀਅਨ ਇਸਾਈਆਂ ਦੇ ਭਿਆਨਕ ਕਤਲੇਆਮ ਬਾਰੇ 10ਵਾਂ ਕਾਂਡ ਪਹਿਲ ਦੇ ਆਧਾਰ 'ਤੇ ਪੜ੍ਹਨ ਦੀ ਸਲਾਹ ਦਿੱਤੀ ਸੀ। ਮੈਂ ਹੈਰਾਨ ਸਾਂ ਅਤੇ ਆਪਣੀ ਕਾਮਯਾਬੀ 'ਤੇ ਅਤਿਅੰਤ ਪ੍ਰਸੰਨ ਵੀ, ਕਿ ਪ੍ਰਭਸ਼ਰਨਦੀਪ ਨੂੰ ਜਾਣਨ ਜਾਂ ਉਸ ਨਾਲ ਵਿਚਰਨ ਵਾਲੇ ਅਨੇਕਾਂ ਸੱਜਣਾਂ ਵੱਲੋਂ ਉਸ ਬਾਰੇ ਦਿੱਤੀ ਸੰਦੇਹੀ ਜਾਣਕਾਰੀ ਨੂੰ ਗਲਤ ਸਾਬਤ ਕਰਦਿਆਂ ਉਸ ਨੇ ਮੇਰੀ ਗੱਲ ਮੰਨ ਹੀ ਨਹੀਂ ਲਈ ਸੀ, ਬਲਕਿ ਉਸ ਕਿਤਾਬ ਦੀ ਦੱਸ ਪਾਉਣ ਲਈ ਵਾਰ-ਵਾਰ ਮੇਰਾ ਧੰਨਵਾਦ ਵੀ ਕੀਤਾ। ਉਸ ਨੇ 10ਵਾਂ ਕਾਂਡ ਪੜ੍ਹ ਲਿਆ ਸੀ ਅਤੇ ਆਪਣੇ ਛੋਟੇ ਭਾਈ ਨੂੰ ਵੀ ਉਹ ਚੈਪਟਰ ਪੜ੍ਹਾ ਦਿੱਤਾ ਸੀ।

ਹੁਣ ਮੈਂ ਦੱਸਣਾ ਚਾਹਾਂਗਾ ਕਿ ਪ੍ਰਭਸ਼ਰਨਦੀਪ ਨੇ 10ਵਾਂ ਚੈਪਟਰ ਕਿੰਜ ਪੜ੍ਹਿਆ ਅਤੇ ਮੈਨੂੰ ਕੱਚਾ ਤੇ ਸ਼ਰਮਸਾਰ ਕਿੰਜ ਕੀਤਾ? ਉਸ ਗੱਲਬਾਤ ਦੌਰਾਨ ਅਜੇ ਹੈਰਾਨੀ ਭਰੀ ਖੁਸ਼ੀ ਦੇ ਅਹਿਸਾਸ 'ਚੋਂ ਬਾਹਰ ਨਿਕਲਿਆ ਹੀ ਨਹੀਂ ਸਾਂ ਕਿ ਉਤਸ਼ਾਹੀ ਚਿੰਤਕ ਨੇ ਇਹ ਆਖ ਕੇ ਮੇਰੀ ਸਾਰੀ ਫੂਕ ਕੱਢ ਦਿੱਤੀ ਕਿ ਹਿੰਦੂ ਬਹੁਤ ਬਦ ਹੈ, ਇਹ ਮੌਕਾ ਮਿਲਦਿਆਂ ਹੀ ਸਮੁੱਚੀ ਸਿੱਖ ਕੌਮ ਨੂੰ ਉਸੇ ਬੇਰਹਿਮੀ ਨਾਲ ਮਾਰੇਗਾ ਜਿਸ ਤਰ੍ਹਾਂ ਤੁਰਕਾਂ ਨੇ ਸੰਨ 1916 ਵਿਚ ਆਰਮੀਨੀਅਨ ਕੌਮ ਨੂੰ ਮਾਰਿਆ। ਮੈਂ ਪ੍ਰਭਸ਼ਰਨਦੀਪ ਦੀ ਉਸ ਅਲੋਕਾਰ ਪੜ੍ਹਤ ਬਾਰੇ ਸੁਣ ਕੇ ਇਕ ਵਾਰ ਤਾਂ ਸੁੰਨ ਜਿਹਾ ਹੀ ਹੋ ਕੇ ਰਹਿ ਗਿਆ ਸਾਂ।

ਆਰਮੀਨੀਅਨ ਨਸਲਕੁਸ਼ੀ ਦੀ ਕਹਾਣੀ ਭਲਾ ਹੈ ਕੀ? ਆਟੋਮਾਨ ਤੁਰਕੀ ਵਿਚ ਯੰਗ ਟਰਕ ਦੀ ਅਗਵਾਈ ਹੇਠ ਇਨਕਲਾਬ 1908 ਵਿਚ ਆ ਗਿਆ ਸੀ। 1914 'ਚ ਪਹਿਲੇ ਵਿਸ਼ਵ ਯੁੱਧ ਦੀ ਸ਼ੁਰੂਆਤ ਹੋਈ ਤਾਂ ਤੁਰਕੀ ਜਰਮਨੀ ਦੇ ਹੱਕ ਵਿਚ ਯੁੱਧ ਵਿਚ ਸ਼ਰੀਕ ਹੋ ਗਿਆ। ਜ਼ਾਰ ਨਿਕੋਲਸ ਦੀ ਅਗਵਾਈ ਵਿਚ ਰੂਸ ਦੂਜੇ ਪਾਸੇ ਤੋਂ ਯੁੱਧ ਵਿਚ ਸ਼ਾਮਲ ਸੀ। ਯੰਗ ਟਰਕ ਨੇਤਾਵਾਂ ਨੂੰ ਰੂਸੀ ਸਰਹੱਦ ਨਾਲ ਲਗਦੇ ਆਰਮੀਨੀਅਨ ਇਸਾਈ ਵਸੋਂ ਵਾਲੇ ਖੇਤਰ ਬਾਰੇ ਖਤਰਾ ਸੀ ਕਿ ਯੁੱਧ ਦੇ ਕਿਸੇ ਮੁਕਾਮ 'ਤੇ ਜਾ ਕੇ ਉਹ ਆਟੋਮਾਨ ਤੁਰਕਾਂ ਨਾਲ ਗੱਦਾਰੀ ਕਰ ਕੇ ਕਿਧਰੇ ਰੂਸੀਆਂ ਨਾਲ ਨਾ ਮਿਲ ਜਾਵੇ। ਇਸ ਕਿਸਮ ਦੇ ਮਨੋਕਲਪਿਤ ਖਤਰੇ ਦੀ ਕਿਸੇ ਵੀ ਸੰਭਾਵਨਾ ਨੂੰ ਖਾਰਜ ਕਰਨ ਲਈ ਉਨ੍ਹਾਂ ਨੇ ਕੀਤਾ ਇਹ ਕਿ ਸਮੁੱਚੀ ਇਸਾਈ ਵਸੋਂ ਦਾ ਸਫਾਇਆ ਕਰਨ ਦਾ ਬਿਗਲ ਵਜਾ ਦਿੱਤਾ। ਇਕ ਮਹੀਨੇ ਤੋਂ ਵੀ ਥੋੜ੍ਹੇ ਅਰਸੇ ਵਿਚ 16 ਲੱਖ ਤੋਂ ਵੀ ਵੱਧ ਆਰਮੀਨੀਅਨ ਇਸਾਈਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਰਾਬਰਟ ਫਿਸਕ ਨੇ ਆਪਣੀ ਕਿਤਾਬ ਦੇ ਦਸਵੇਂ ਕਾਂਡ ਵਿਚ ਇਸ ਕਤਲੇਆਮ ਦੀ ਦਰਦਨਾਕ ਕਥਾ ਵਿਸਥਾਰ ਨਾਲ ਦੱਸੀ ਹੋਈ ਹੈ।

ਮੈਂ ਇਸ ਚੈਪਟਰ ਦੀ ਪੜ੍ਹਤ ਲਈ ਮਨਾ ਕੇ ਉਸ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਸੀ ਕਿ ਦਿੱਲੀ ਦੇ ਦੰਗੇ ਭਾਰਤੀ ਇਤਿਹਾਸ ਅੰਦਰ ਬੜੀ ਮਨਹੂਸ ਘਟਨਾ ਸਨ, ਕੋਈ ਰੌਲਾ ਹੀ ਨਹੀਂ ਹੈ। ਮੇਰਾ ਸਦਾ ਹੀ ਇਹ ਵਿਸ਼ਵਾਸ ਰਿਹਾ ਹੈ ਕਿ ਇਨਸਾਨੀ ਜ਼ਿੰਦਗੀ ਕੁਦਰਤ ਦਾ ਸਭ ਤੋਂ ਹੁਸੀਨ ਕ੍ਰਿਸ਼ਮਾ ਹੈ ਅਤੇ ਕਦੀ ਵੀ ਕਿਸੇ ਬੇਗੁਨਾਹ ਆਦਮੀ ਦੀ ਜਾਨ ਕਦੀ ਵੀ, ਕਿਸੇ ਵੀ ਸ਼ਰਤ 'ਤੇ ਵੀ ਨਾ ਲਈ ਜਾਵੇ। ਦਿੱਲੀ ਦੇ ਦੰਗਿਆਂ ਵਰਗੀ ਕੁਲਹਿਣੀ ਘਟਨਾ ਕਿਸੇ ਵੀ ਸੂਰਤ ਵਿਚ ਵੀ ਨਹੀਂ ਵਾਪਰਨੀ ਚਾਹੀਦੀ ਸੀ ਅਤੇ ਜੇ ਅਜਿਹਾ ਭਾਣਾ ਵਾਪਰ ਗਿਆ ਸੀ ਤਾਂ ਦੋਸ਼ੀਆਂ ਨੂੰ ਸਜ਼ਾਵਾਂ ਹਰ ਹਾਲ ਵਿਚ ਮਿਲਣੀਆਂ ਚਾਹੀਦੀਆਂ ਸਨ। ਦੋਸ਼ੀਆਂ ਨੂੰ ਸਜ਼ਾਵਾਂ ਜੇ ਨਹੀਂ ਮਿਲੀਆਂ ਤਾਂ ਇਹ ਸਿਰੇ ਦੀ ਬਦਨਸੀਬ ਗੱਲ ਹੈ ਪਰ ਘੱਟੋ-ਘੱਟ ਭਾਰਤ ਦੇਸ਼ ਅੰਦਰ ਇਤਨਾ ਤਾਂ ਹੈ ਹੀ, ਕਿ ਸੱਜਣ ਕੁਮਾਰ ਵਰਗੇ ਰਾਖਸ਼ ਪਿਛਲੇ 30 ਵਰ੍ਹਿਆਂ ਤੋਂ ਦੋਸ਼ੀਆਂ ਵਾਲੇ ਕਟਹਿਰੇ ਵਿਚ ਦੁਬਕੇ ਖੜ੍ਹੇ ਰਹੇ ਹਨ।

ਇਸ ਦੇ ਮੁਕਾਬਲੇ ਤੁਰਕਾਂ ਦੀ ਕਹਾਣੀ ਸੁਣ ਲਵੋ। ਪਹਿਲੇ ਵਿਸ਼ਵ ਯੁੱਧ ਤੋਂ ਕੁਝ ਹੀ ਵਰ੍ਹਿਆਂ ਪਿੱਛੋਂ ਤੁਰਕੀ ਦੇ ਸ਼ਾਸਨ 'ਤੇ ਕਮਾਲ ਅਤਾ ਤੁਰਕ ਪਾਸ਼ਾ ਕਾਬਜ਼ ਹੋ ਗਿਆ ਜਿਸ ਨੂੰ 20ਵੀਂ ਸਦੀ ਵਿਚ ਮੁਸਲਿਮ ਜਗਤ ਦਾ ਸਭ ਤੋਂ ਰੋਸ਼ਨ ਦਿਮਾਗ ਸ਼ਾਸਕ ਮੰਨਿਆ ਜਾਂਦਾ ਹੈ। ਕਮਾਲ ਪਾਸ਼ਾ ਸਾਲ 1922 ਵਿਚ ਸੱਤਾ 'ਤੇ ਕਾਬਜ਼ ਹੋਇਆ ਅਤੇ 1938 ਵਿਚ ਉਹ ਸਵਰਗ ਸਿਧਾਰ ਗਿਆ। 15 ਵਰ੍ਹਿਆਂ ਦੇ ਉਸ ਦੇ ਸ਼ਾਸਨ ਕਾਲ ਦੌਰਾਨ ਅਤੇ ਉਸ ਤੋਂ ਪੂਰੇ 70 ਵਰ੍ਹੇ ਬਾਅਦ ਤੱਕ ਤੁਰਕੀ ਵਿਚ ਆਰਮੀਨੀਅਨ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਗੱਲ ਤਾਂ ਪਾਸੇ, ਉਸ ਬਾਰੇ ਜ਼ਬਾਨ ਤੱਕ ਖੋਲ੍ਹਣ 'ਤੇ ਵੀ ਪਾਬੰਦੀ ਸੀ। ਉਸ ਮਨਹੂਸ ਕਤਲੇਆਮ ਦਾ ਜ਼ਿਕਰ ਤੱਕ ਕਰਨ ਵਾਲੇ ਆਦਮੀ ਨੂੰ ਸਿੱਧਾ ਹੀ ਜਹੱਨਮ ਰਸੀਦ ਕਰ ਦਿੱਤਾ ਜਾਂਦਾ ਸੀ, ਤੇ ਜਾਂ ਫਿਰ ਉਮਰ ਭਰ ਜੇਲ੍ਹ ਦੀ ਸਜ਼ਾ ਤਾਂ ਪੱਕੀ ਹੁੰਦੀ ਹੀ ਹੁੰਦੀ ਸੀ।

ਕਮਾਲ ਪਾਸ਼ਾ ਦੀ ਮੌਤ ਤੋਂ ਕਰੀਬ 70 ਸਾਲ ਪਿਛੋਂ ਆ ਕੇ ਟੇਨਰ ਆਕਮ ਨਾਂ ਦੇ ਚਿੰਤਕ ਨੇ 'ਏ ਸ਼ੇਮਫੁੱਲ ਐਕਟ: ਦਿ ਆਰਮੀਨੀਅਨ ਜੈਨੋਸਾਈਡ ਐਂਡ ਕੁਐਸਚਨ ਆਫ ਤੁਰਕਿਸ਼ ਰਿਸਪਾਂਸੇਬਿਲਟੀ' (2007) ਸਿਰਲੇਖ ਹੇਠ ਇਸ ਕਤਲੇਆਮ ਬਾਰੇ ਪੁਸਤਕ ਲਿਖਣ ਦਾ ਹੌਸਲਾ ਕੀਤਾ। ਭਾਅ ਜੀ ਕਰਮਜੀਤ ਸਿੰਘ ਨੇ 'ਗਰੇਟ ਵਾਰ ਫਾਰ ਸਿਵਲਾਈਜੇਸ਼ਨ' ਦੇ 10ਵੇਂ ਕਾਂਡ ਦੇ 8-10 ਪੰਨੇ ਪੜ੍ਹ ਕੇ ਮੈਨੂੰ ਇਹ ਸਵਾਲ ਪੁੱਛਿਆ ਸੀ ਕਿ ਬੱਲ ਯਾਰ, ਇਸ ਗੁਨਾਹ ਵਿਚ ਕਮਾਲ ਪਾਸ਼ਾ ਦਾ ਵੀ ਹੱਥ ਹੈਗਾ ਸੀ? ਇਸ ਸਵਾਲ ਦਾ ਸਿੱਧਾ ਜਵਾਬ ਦੇਣ ਦੀ ਜਗ੍ਹਾ ਉਸ ਨੂੰ ਆਕਮ ਵਾਲੀ ਕਿਤਾਬ ਛਪਣ ਤੋਂ ਅਗਲੇ ਸਾਲ, 2008 ਵਿਚ ਗਾਈਲਜ਼ ਮਿਲਟਨ ਦੁਆਰਾ 'ਪੈਰਾਡਾਈਜ ਲੌਸਟ: ਸਮਿਰਨਾ 1922' ਸਿਰਲੇਖ ਹੇਠ ਲਿਖੀ ਕਿਤਾਬ ਪੜ੍ਹਨ ਲਈ ਆਖਿਆ ਸੀ। ਦਰਅਸਲ ਇਹ ਕਿਤਾਬ ਹਰ ਬਾ-ਜ਼ਮੀਰ ਇਨਸਾਨ ਨੂੰ ਪੜ੍ਹਨੀ ਚਾਹੀਦੀ ਹੈ ਤਾਂ ਕਿ ਉਸ ਨੂੰ ਇਲਮ ਰਹੇ ਕਿ ਕਿਸੇ ਵੀ ਗੈਰ-ਜ਼ਿੰਮੇਵਾਰ ਸੁਪਨੇਸਾਜ਼ ਰਾਜਨੀਤਕ ਦਾ ਕੋਈ ਏਜੰਡਾ ਉਸ ਦੇ ਆਪਣੇ ਲੋਕਾਂ ਲਈ ਕਿਹੜੀ ਕਿਸਮ ਦੀ ਭਿਆਨਕ ਬਰਬਾਦੀ ਦਾ ਬਾਇਸ ਕਿਸੇ ਸਮੇਂ ਵੀ ਸਾਬਤ ਹੋ ਸਕਦਾ ਹੈ।

(ਚਲਦਾ)




# ਤਸਵੀਰ ਦੇ ਦੋਵੇਂ ਪਾਸੇ

*ਫਰਾਂਸ ਦੇ ਸੰਸਾਰ ਪ੍ਰਸਿੱਧ ਲੇਖਕ ਮੋਪਾਸਾਂ (5 ਅਗਸਤ 1850-6 ਜੁਲਾਈ 1893) ਦੀ ਸ਼ਾਹਕਾਰ 'ਬੂਲ ਦਿ ਸੂਫ' ਨਾਂ ਦੀ ਕਹਾਣੀ ਕਈ ਨਾਂਵਾਂ, 'ਬਾਲ ਆਫ ਫੈਟ', 'ਬਟਰਬਾਲ', 'ਡੰਪਲਿੰਗ' ਹੇਠ ਅਨੁਵਾਦ ਹੋਈ ਹੈ। ਮੋਪਾਸਾਂ ਦੀ ਇਹ ਕਹਾਣੀ ਪਹਿਲੀ ਵਾਰ ਅਪਰੈਲ 1880 ਵਿਚ ਛਪੀ ਸੀ। ਪੰਜਾਬੀ ਦੇ ਪ੍ਰਸਿੱਧ ਨਾਵਲਿਸਟ ਸਵਰਗੀ ਨਾਨਕ ਸਿੰਘ ਨੇ ਇਸ ਕਹਾਣੀ ਦਾ ਅਨੁਵਾਦ 'ਤਸਵੀਰ ਦੇ ਦੋਵੇਂ ਪਾਸੇ' ਸਿਰਲੇਖ ਤਹਿਤ ਕੀਤਾ ਸੀ। ਕਹਾਣੀ ਕਹਿਣ ਵਿਚ ਮੋਪਾਸਾਂ ਦੀ ਕੋਈ ਰੀਸ ਨਹੀਂ। ਮੁਸੀਬਤ ਵਿਚ ਕਿਵੇਂ ਉਚ-ਨੀਚ, ਅਮੀਰੀ-ਗਰੀਬੀ ਭੁਲਾ ਕੇ ਬੰਦਾ ਸਿਰਫ ਇਨਸਾਨ ਰਹਿ ਜਾਂਦਾ ਹੈ, ਕਹਾਣੀ ਵਿਚ ਇਹ ਬਿਰਤਾਂਤ ਲਾਜਵਾਬ ਹੈ। ਕਹਾਣੀ ਦਸ ਯਾਤਰੂਆਂ ਦੁਆਲੇ ਘੁੰਮਦੀ ਹੈ। ਇਸ ਕਹਾਣੀ ਦਾ ਘੇਰਾ ਅੰਬਰ ਜਿੱਡਾ ਹੈ। ਕੋਈ ਮੋਪਾਸਾਂ ਵਰਗਾ ਲੇਖਕ ਹੀ ਕਹਾਣੀ ਦੀ ਇੰਨੀ ਵੱਡੀ ਹਲਾਈਂ ਵਗਲ ਸਕਦਾ ਸੀ। ਪੇਸ਼ ਹੈ ਕਹਾਣੀ ਦੀ ਅਗਲੀ ਕਿਸ਼ਤ। -ਸੰਪਾਦਕ*

**ਕਿਸ਼ਤ ਤੀਜੀ**

**ਤੁਸੀਂ ਪੜ੍ਹ ਚੁੱਕੇ ਹੋ...**

*ਜਰਮਨਾਂ ਹੱਥੋਂ ਹਾਰ ਕਾਰਨ ਫਰਾਂਸੀਸੀ ਲੋਕ ਅਤਿਅੰਤ ਔਕੜਾਂ ਵਿਚੋਂ ਲੰਘ ਰਹੇ ਹਨ। ਦਸ ਮੁਸਾਫਿਰ ਆਪਣੇ ਸ਼ਹਿਰ ਰੋਇਨ ਤੋਂ ਹਾਵਰੇ ਲਈ ਨਿਕਲਦੇ ਹਨ ਤਾਂ ਕਿ ਉਥੇ ਜਾ ਕੇ ਕੰਮ-ਧੰਦਾ ਕਰ ਸਕਣ ਅਤੇ ਜਰਮਨਾਂ ਦੀ ਜਿੱਲਤ ਤੋਂ ਵੀ ਮੁਕਤ ਹੋ ਸਕਣ। ਅੰਤਾਂ ਦੀ ਬਰਫਬਾਰੀ ਕਾਰਨ ਸਫਰ ਲੰਮਾ ਹੋ ਜਾਂਦਾ ਹੈ। ਸਭ ਭੁੱਖ ਨਾਲ ਹਾਲੋਂ-ਬੇਹਾਲ ਹਨ। ਇਹ ਨੌਂ ਮੁਸਾਫਿਰ ਸਫਰ ਦੌਰਾਨ ਵੇਸਵਾ ਮੁਟਿਆਰ ਤੋਂ ਖਾਣਾ ਲੈ ਕੇ ਭੁੱਖ ਮਿਟਾਉਂਦੇ ਹਨ। ਫਿਰ ਰਸਤੇ ਵਿਚ ਇਕ ਥਾਂ ਰਾਤ ਕੱਟਣ ਪਿਛੋਂ ਉਹ ਅਗਲੇ ਸਫਰ ਲਈ ਤਿਆਰ ਹਨ ਪਰ... ਹੁਣ ਪੜ੍ਹੋ ਅੱਗੇ...*

ਮੁਸਾਫਰਾਂ ਨੇ ਸਵੇਰੇ ਅੱਠ ਵਜੇ ਟੁਰਨ ਦਾ ਫੈਸਲਾ ਕਰ ਲਿਆ ਸੀ। ਇਸੇ ਫੈਸਲੇ ਅਨੁਸਾਰ ਸਾਰੇ ਵੱਡੇ ਵੇਲੇ ਉਠਦੇ ਹੀ ਖਾਣ ਕਮਰੇ ਵਿਚ ਜਾ ਪਹੁੰਚੇ। ਉਨ੍ਹਾਂ ਦੀ ਘੋੜਾ-ਗੱਡੀ ਸਾਹਮਣੇ ਵਿਹੜੇ ਵਿਚ ਖੜੋਤੀ ਸੀ ਜਿਸ ਦੀ ਛੱਤ ਉਤੇ ਬਰਫ ਦਾ ਉਚਾ ਢੇਰ ਉਸਰਿਆ ਹੋਇਆ ਸੀ। ਘੋੜਿਆਂ ਅਤੇ ਗੱਡੀਵਾਨ ਦਾ ਅਜੇ ਕੋਈ ਥਹੁ-ਪਤਾ ਨਹੀਂ ਸੀ। ਉਨ੍ਹਾਂ ਵਿਚੋਂ ਕਈਆਂ ਨੇ



**ਮੂਲ ਲੇਖਕ: ਮੋਪਾਸਾਂ**
**ਤਰਜਮਾ: ਨਾਨਕ ਸਿੰਘ**

ਇਧਰ-ਉਧਰ ਫਿਰ ਕੇ ਗੱਡੀਵਾਨ ਨੂੰ ਆਵਾਜ਼ਾਂ ਮਾਰੀਆਂ ਪਰ ਉਹ ਕਿਤੇ ਨਾ ਦਿਸਿਆ। ਸਾਰੇ ਬੜੇ ਕਾਹਲੇ ਪਏ ਹੋਏ ਹਨ, ਅੱਗੇ ਕੱਲ੍ਹ ਦੇ ਸਫ਼ਰ ਨੇ ਹੀ ਉਨ੍ਹਾਂ ਨੂੰ ਘੱਟ ਪ੍ਰੇਸ਼ਾਨ ਨਹੀਂ ਸੀ ਕੀਤਾ। ਜੇ ਅੱਜ ਵੀ ਲੇਟ ਹੋ ਗਏ ਤਾਂ ਹਾਵਰੇ ਪਹੁੰਚਣ ਵਿਚ ਫ਼ਿਰ ਉਨੀ ਦਿੱਕਤ ਆਵੇਗੀ, ਇਸੇ ਖਿਆਲ ਨਾਲ ਉਹ ਸਾਰੇ ਗਲੀਆਂ-ਬਾਜ਼ਾਰਾਂ ਵਿਚ ਫਿਰਦੇ ਹੋਏ ਗੱਡੀਵਾਨ ਨੂੰ ਢੂੰਡਣ ਲੱਗੇ।

ਅਖੀਰ ਉਹ ਇਕ ਚੌਕ ਵਿਚ ਜਾ ਪਹੁੰਚੇ ਜਿਸ ਦੇ ਇਕ ਪਾਸੇ ਗਿਰਜਾ ਸੀ। ਇਸ ਦੇ ਸੱਜੇ ਹੱਥ ਨੀਵੀਆਂ ਛੱਤਾਂ ਵਾਲੇ ਮਕਾਨ ਸਨ। ਘਰਾਂ ਵਿਚ ਕੁਝ ਜਰਮਨ ਸਿਪਾਹੀ ਵੀ ਮੌਜੂਦ ਸਨ। ਪਹਿਲਾ ਸਿਪਾਹੀ ਜਿਹੜਾ ਇਨ੍ਹਾਂ ਨੂੰ ਦਿਸਿਆ, ਉਹ ਆਲੂ ਛਿੱਲ ਰਿਹਾ ਸੀ। ਅੱਗੇ ਜਾ ਕੇ ਦੂਜਾ, ਨਾਈ ਦੀ ਦੁਕਾਨ ਵਿਚ ਝਾੜੂ ਦੇ ਰਿਹਾ ਸੀ। ਤੀਜਾ ਰੋਂਦੇ ਹੋਏ ਫਰਾਂਸੀਸੀ ਬੱਚੇ ਨੂੰ ਚੁੱਪ ਕਰਾਉਣ ਲਈ ਉਹਨੂੰ ਆਪਣੀਆਂ ਬਾਹਾਂ 'ਤੇ ਝੂਟੇ ਦੇ ਰਿਹਾ ਸੀ। ਰਿਸ਼ਟ-ਪੁਸ਼ਟ ਪੇਂਡੂ ਤੀਵੀਆਂ ਜਿਨ੍ਹਾਂ ਦੇ ਪਤੀ ਲੜਾਈ ਵਿਚ ਗਏ ਹੋਏ ਸਨ, ਇਸ਼ਾਰਿਆਂ ਰਾਹੀਂ ਆਪਣੇ ਆਗਿਆਕਾਰ ਜੇਤੂਆਂ ਨੂੰ ਕੰਮ-ਧੰਦਾ ਸਮਝਾ ਰਹੀਆਂ ਹਨ। ਇਕ ਸਿਪਾਹੀ ਤਾਂ ਆਪਣੀ ਮੇਜ਼ਬਾਨ ਬੁਢੜੀ ਦੇ ਭਾਂਡੇ ਵੀ ਮਾਂਜ ਰਿਹਾ ਸੀ।

ਕਾਊਂਟ ਨੂੰ ਇਹ ਵੇਖ ਕੇ ਬੜਾ ਅਸਚਰਜ ਹੋਇਆ। ਉਹਨੇ ਗਿਰਜੇ ਵਿਚੋਂ ਬਾਹਰ ਆਉਂਦੇ ਹੋਏ ਬੁੱਢੇ ਪੇਂਡੂ ਅਹਿਲਕਾਰ ਨੂੰ ਇਸ ਬਾਰੇ ਪੁੱਛਿਆ। ਬੁੱਢੇ ਨੇ ਉਤਰ ਵਿਚ ਕਿਹਾ, "ਸੱਚਮੁੱਚ ਇਹ ਲੋਕ ਬੜੇ ਈ ਭਲੇ-ਮਾਣਸ ਨੇ। ਜਰਮਨਾਂ ਨੂੰ ਲੋਕੀਂ ਐਵੇਂ ਭੰਡਦੇ ਨੇ। ਵੇਖੋ ਖਾਂ, ਕਿਵੇਂ ਫਰਮਾਬਰਦਾਰੀ ਨਾਲ ਕੰਮ ਕਰ ਰਹੇ ਨੇ। ਕੋਈ ਕਹਿ ਸਕਦਾ ਹੈ ਕਿ ਇਹ ਲੋਕ ਫੌਜੀ ਨੇ? ਇਹ ਦੱਸਦੇ ਨੇ ਕਿ ਲੜਾਈ 'ਚ ਇਨ੍ਹਾਂ ਦੀ ਕੋਈ ਦਿਲਚਸਪੀ ਨਹੀਂ। ਸਾਡੇ ਵਾਂਗ ਇਹ ਵੀ ਸ਼ਾਂਤੀ ਦੇ ਚਾਹਵਾਨ ਨੇ। ਸੱਚ ਪੁੱਛੋ ਤਾਂ ਇਨ੍ਹਾਂ ਦੇ ਆਉਣ ਨਾਲ ਸਾਨੂੰ ਰੱਤੀ ਭਰ ਤਕਲੀਫ ਨਹੀਂ ਹੋਈ। ਵਿਚਾਰੇ ਸਾਡਾ ਕੀ ਵਿਗਾੜਦੇ ਨੇ। ਸਾਡੇ ਲੋਕਾਂ ਨਾਲ ਰਲ ਕੇ ਇਹ ਬਿਲਕੁਲ ਉਸੇ ਤਰ੍ਹਾਂ ਦਿਲ ਲਾ ਕੇ ਕੰਮ ਕਰ ਰਹੇ ਨੇ ਜਿਵੇਂ ਆਪਣੇ ਘਰੀਂ ਕਰਦੇ ਹੋਣਗੇ।"

ਕਾਰਨੂਟੇਡ, ਮਾਲਕਾਂ ਤੇ ਗੁਲਾਮਾਂ ਵਿਚਾਲੇ ਇਹ ਪ੍ਰੇਮ ਸੰਬੰਧ ਪੈਦਾ ਹੋਇਆ ਵੇਖ ਕੇ ਖਿਝ ਰਿਹਾ ਸੀ। ਉਹ ਆਪਣੇ ਸਾਥੀਆਂ ਨਾਲੋਂ ਨਿੱਖੜ ਕੇ ਮੁੜ ਹੋਟਲ ਵੱਲ ਚਲਾ ਗਿਆ। ਇਹ ਦ੍ਰਿਸ਼ ਦੇਖਣ ਨਾਲੋਂ ਉਹ ਆਪਣੇ-ਆਪ ਨੂੰ ਹੋਟਲ ਦੇ ਕਮਰੇ ਵਿਚ ਬੰਦ ਕਰ ਦੇਣਾ ਵਧੇਰੇ ਚੰਗਾ ਸਮਝਦਾ ਸੀ। ਲੋਸ਼ੀਉ ਨੇ ਹਾਸੇ ਨਾਲ ਕਿਹਾ, "ਉਹ ਲੋਕ ਦੇਸ਼ ਨੂੰ ਨਵੇਂ ਸਿਰਿਉਂ ਆਬਾਦ ਕਰ ਰਹੇ ਨੇ।"

ਕੈਰੇ ਨੇ ਗੰਭੀਰਤਾ ਨਾਲ ਕਿਹਾ, "ਇਨ੍ਹਾਂ ਜਰਮਨਾਂ ਨੇ ਜੋ ਵੀ ਸਾਡਾ ਨੁਕਸਾਨ ਕੀਤਾ ਸੀ, ਉਸ ਨੂੰ ਸੇਵਾ ਟਹਿਲ ਰਾਹੀਂ ਪੂਰਾ ਕਰ ਰਹੇ ਨੇ।"

ਪਰ ਉਹ ਗੱਡੀਵਾਨ ਅਜੇ ਤੱਕ ਕਿਤੇ ਦਿਖਾਈ ਨਹੀਂ ਸੀ ਦਿੱਤਾ। ਅਖੀਰ ਲੱਭਦਿਆਂ-ਲੱਭਦਿਆਂ ਉਹ ਇਕ ਹੋਰ ਹੋਟਲ ਵਿਚੋਂ ਮਿਲਿਆ। ਉਥੇ ਉਹ ਅਫ਼ਸਰ ਦੇ ਚਪੜਾਸੀਆਂ ਨਾਲ ਬੈਠਾ ਗੱਪਾਂ ਮਾਰ ਰਿਹਾ ਸੀ।

ਕਾਊਂਟ ਨੇ ਉਸ ਨੂੰ ਪੁੱਛਿਆ, "ਕਿਉਂ ਭਈ ਭਲਿਆ ਮਾਣਸਾ! ਤੈਨੂੰ ਅੱਠ ਵਜੇ ਗੱਡੀ ਜੋਤਨ ਲਈ ਨਹੀਂ ਸੀ ਕਿਹਾ?"

ਉਹ ਬੋਲਿਆ, "ਜਨਾਬ! ਕਿਹਾ ਤਾਂ ਤੁਸਾਂ ਜ਼ਰੂਰ ਸੀ, ਤੇ ਮੈਂ ਗੱਡੀ ਜੋਤਨ ਦਾ ਇਕਰਾਰ ਵੀ ਕੀਤਾ ਸੀ ਪਰ ਉਸ ਤੋਂ ਬਾਅਦ ਮੈਨੂੰ ਇਕ ਹੋਰ ਹੁਕਮ ਮਿਲ ਗਿਆ ਸੀ।"

"ਕਿਹਾਤਾ ਹੁਕਮ?"

"ਕਿ ਗੱਡੀ ਬਿਲਕੁਲ ਨਾ ਜੋਤੀ ਜਾਏ।"

"ਕਿਸ ਨੇ ਦਿੱਤਾ ਤੈਨੂੰ ਇਹ ਹੁਕਮ?"

"ਜਰਮਨ ਅਫ਼ਸਰ ਨੇ ਜਨਾਬ।"

"ਪਰ ਇਸ ਹੁਕਮ ਦੀ ਵਜ੍ਹਾ?"

"ਜੀ ਇਹ ਤਾਂ ਮੈਨੂੰ ਪਤਾ ਨਹੀਂ। ਉਸੇ ਕੋਲੋਂ ਜਾ ਕੇ ਪਤਾ ਕਰ ਲਓ। ਮੈਂ ਤਾਂ ਇਹੋ ਜਾਣਦਾਂ ਕਿ ਜਦ ਤੱਕ ਹਾਕਮ ਵੱਲੋਂ ਹੁਕਮ ਨਾ ਮਿਲੇ, ਮੈਂ ਗੱਡੀ ਨਹੀਂ ਜੋਤ ਸਕਦਾ।"

"ਉਹਨੇ ਆਪ ਤੈਨੂੰ ਇਹ ਹੁਕਮ ਦਿੱਤੈ?"

"ਨਹੀਂ ਜਨਾਬ! ਹੋਟਲ ਦੇ ਮਾਲਕ ਨੇ ਮੈਨੂੰ ਉਸ ਦਾ ਹੁਕਮ ਸੁਣਾਇਆ ਸੀ।"

"ਕਦੋਂ?"

"ਰਾਤੀਂ... ਜਦੋਂ ਮੈਂ ਸੌਣ ਲੱਗਾ ਸਾਂ।"

ਸਾਰੇ ਆਦਮੀ ਦੁਖੀ ਤੇ ਪ੍ਰੇਸ਼ਾਨ ਹੋ ਕੇ ਮੁੜ ਆਏ। ਹੋਟਲ ਵਿਚ ਪਹੁੰਚ ਕੇ ਉਨ੍ਹਾਂ ਨੇ ਹੋਟਲ ਦੇ ਮਾਲਕ ਫਲੇਮਬੀ ਨੂੰ ਲੱਭਣਾ ਸ਼ੁਰੂ ਕੀਤਾ, ਪਰ ਉਸ ਦੇ ਨੌਕਰ ਨੇ ਦੱਸਿਆ ਕਿ ਦਮੇ ਕਾਰਨ ਉਹ ਦਸ ਵਜੇ ਤੋਂ ਪਹਿਲਾਂ ਬਿਸਤਰੇ ਵਿਚੋਂ ਨਹੀਂ ਉਠਦਾ ਹੁੰਦਾ, ਤੇ ਨਾ ਹੀ ਕੋਈ ਉਸ ਨੂੰ ਜਗਾ ਸਕਦਾ ਹੈ, ਛੁਟ ਹੋਟਲ ਨੂੰ ਅੱਗ ਲੱਗ ਜਾਣ ਤੋਂ। ਮਾਲਕ ਨੇ ਸਖ਼ਤ ਮਨਾਹੀ ਕੀਤੀ ਹੋਈ ਏ।

ਨਿਰਾਸ਼ਾ ਵਧਦੀ ਜਾ ਰਹੀ ਸੀ। ਹੁਣ ਅਫ਼ਸਰ ਨੂੰ ਮਿਲਣ ਤੋਂ ਬਿਨਾਂ ਕੋਈ ਵਾਹ ਨਹੀਂ ਸੀ। ਅਫ਼ਸਰ ਕਿਤੇ ਦੂਰ ਵੀ ਨਹੀਂ ਸੀ, ਇਸੇ ਹੋਟਲ ਵਿਚ ਉਤਰਿਆ ਹੋਇਆ ਸੀ, ਪਰ ਉਸ ਨਾਲ ਮੁਲਾਕਾਤ ਕਰਨੀ ਖਾਲਾ ਜੀ ਦਾ ਵਾੜਾ ਨਹੀਂ ਸੀ। ਅਖੀਰ ਪੁੱਛ-ਪੜਤਾਲ ਤੋਂ ਬਾਅਦ ਉਨ੍ਹਾਂ ਨੂੰ ਪਤਾ ਲੱਗਾ ਕਿ ਗੈਰ-ਫੌਜੀ ਕੰਮਾਂ ਲਈ ਮੁਲਾਕਾਤ ਕਰਨੀ ਹੋਵੇ ਤਾਂ ਕੇਵਲ ਫਲੇਮਬੀ ਰਾਹੀਂ ਹੋ ਸਕਦੀ ਹੈ; ਕਿਉਂਕਿ ਨਵੇਂ ਕਾਨੂੰਨ ਅਨੁਸਾਰ ਇਸ ਇਲਾਕੇ ਲਈ ਇਹ ਅਧਿਕਾਰ ਉਸੇ ਨੂੰ ਦਿੱਤਾ ਗਿਆ ਸੀ।

ਲਾਚਾਰ ਹੋ ਕੇ ਅੱਜ ਦਾ ਸਫ਼ਰ ਮੁਲਤਵੀ ਕਰਨਾ ਪਿਆ। ਸਭ ਆਪੋ-ਆਪਣੇ ਕਮਰਿਆਂ ਵਿਚ ਜਾ ਲੇਟੇ। ਕਾਰਨੂਟੇਡ ਰਸੋਈ ਦੀ ਅੰਗੀਠੀ ਲਾਗੇ ਬੈਠ ਗਿਆ। ਉਸ ਦੇ ਸਾਹਮਣੇ ਅੱਗ ਤੇਜ਼ੀ ਨਾਲ ਬਲ ਰਹੀ ਸੀ। ਸਾਹਮਣੇ ਵਾਲੀ ਛੋਟੀ ਤਰਪਾਈ ਉਤੇ ਬੀਅਰ ਦੀ ਬੋਤਲ ਖੁੱਲ੍ਹੀ ਪਈ ਸੀ। ਉਹ ਪਾਈਪ ਦੇ ਸੂਟੇ ਲਾਉਂਦਾ ਵਿਚ ਵਿਚ, ਗਲਾਸ ਚੁੱਕ ਕੇ ਘੁੱਟ ਭਰੀ ਜਾ ਰਿਹਾ ਸੀ, ਤੇ ਮੁੱਛਾਂ ਉਤੇ ਜੰਮੀ ਹੋਈ ਝੱਗ ਜੀਭ ਨਾਲ ਚੱਟੀ ਜਾਂਦਾ ਸੀ।

ਲੋਸ਼ੀਓ ਸੈਰ-ਸਪਾਟੇ ਲਈ ਬਾਹਰ ਚਲਾ ਗਿਆ, ਤੇ ਉਥੇ ਜਾ ਕੇ ਉਹ ਸ਼ਰਾਬ ਦੇ ਵਪਾਰੀਆਂ ਨਾਲ ਸੌਦਾ-ਪੱਤਾ ਜੋੜਨ ਲੱਗਾ। ਕਾਊਂਟ ਤੇ ਮਿਲ ਮਾਲਕ, ਰਾਜਨੀਤਕ ਮਾਮਲਿਆਂ ਬਾਰੇ ਬਹਿਸ ਕਰਨ ਲੱਗੇ। ਉਨ੍ਹਾਂ ਵਿਚਕਾਰ ਫਰਾਂਸ ਦੇ ਭਵਿਖ ਬਾਰੇ ਗੱਲਾਂ ਹੋ ਰਹੀਆਂ ਸਨ। ਕਾਊਂਟ ਕਹਿੰਦਾ, ਇਸ ਦੇਸ਼ ਦਾ ਸੁਧਾਰ 'ਅਰਲੀਅਨ' ਰਾਜਵੰਸ਼ ਰਾਹੀਂ ਹੋਵੇਗਾ, ਪਰ ਇਸ ਦੇ ਵਿਰੋਧ ਵਿਚ ਕੱਪੜੇ ਦਾ ਵਪਾਰੀ ਕਹਿੰਦਾ ਸੀ, "ਨਹੀਂ, ਕਿਸੇ ਅਗੰਮੀ ਸ਼ਕਤੀ ਦੁਆਰਾ ਇਸ ਦੇਸ਼ ਦਾ ਸੰਕਟ ਦੂਰ ਹੋਵੇਗਾ। ਜਦ ਵਿਦੇਸ਼ੀ ਜ਼ੁਲਮਾਂ ਦਾ ਬੇੜਾ ਪਾਪਾਂ ਦੇ ਬੋਝ ਨਾਲ ਭਰ ਜਾਵੇਗਾ, ਤਾਂ ਇਸ ਨੂੰ ਡੋਬਣ ਲਈ ਰੱਬ 'ਜੋਨ ਆਫ ਆਰਕ' ਜਾਂ ਨਪੋਲੀਅਨ ਬੋਨਾਪਾਰਟ ਵਰਗਾ ਕੋਈ ਸੂਰਬੀਰ ਆਪਣੇ ਆਪ ਭੇਜ ਦੇਵੇਗਾ। ਜੇ ਕਦੀ ਅੱਜ ਸਾਡਾ ਰਾਜ ਕੁਮਾਰ ਇਤਨੀ ਛੋਟੀ ਉਮਰ ਦਾ ਨਾ ਹੁੰਦਾ, ਤਾਂ ਕੀ ਸਾਡੇ ਦੇਸ਼ ਦੀ ਇਹੋ ਹਾਲਤ ਹੁੰਦੀ?" ਕਾਰਨੂਟੇਡ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਇਸ ਤਰ੍ਹਾਂ ਮੁਸਕਰਾਇਆ ਜਿਵੇਂ ਫ਼ਰਾਂਸ ਦੀ ਕਿਸਮਤ ਦੀ ਕੁੰਜੀ ਉਸੇ ਦੇ ਹੱਥ ਵਿਚ ਹੈ। ਉਹਦੇ ਪਾਈਪ ਦਾ ਖੁਸ਼ਬੋਦਾਰ ਧੂੰਆਂ ਸਾਰੇ ਕਮਰੇ ਵਿਚ ਫੈਲਿਆ ਹੋਇਆ ਸੀ।

ਘੜੀ ਨੇ ਜਿਉਂ ਹੀ ਦਸ ਵਜਾਏ, ਫਲੇਮਬੀ ਉਥੇ ਆ ਹਾਜ਼ਰ ਹੋਇਆ। ਸਾਰਿਆਂ ਨੇ ਬੜੀ ਬੇਸਬਰੀ ਨਾਲ ਉਸ ਨੂੰ ਘੇਰ ਲਿਆ, ਤੇ ਉਸ ਉਤੇ ਸਵਾਲਾਂ ਦੀ ਵਾਛੜ ਸ਼ੁਰੂ ਕਰ ਦਿੱਤੀ।

ਫਲੇਮਬੀ ਨੇ ਕੁਝ ਤੈਸ਼ ਵਿਚ ਉਤਰ ਦਿੱਤਾ, "ਅਫ਼ਸਰ ਨੇ ਮੈਨੂੰ ਅੱਜ ਦੇ ਦਿਨ ਲਈ ਤੁਹਾਡੀ ਗੱਡੀ ਰੋਕ ਰੱਖਣ ਦਾ ਹੁਕਮ ਦਿੱਤਾ ਹੈ, ਤੇ ਬਿਨਾਂ ਉਸ ਦਾ ਨਵਾਂ ਹੁਕਮ ਪ੍ਰਾਪਤ ਕੀਤੇ ਤੁਸੀਂ ਨਹੀਂ ਜਾ ਸਕਦੇ। ਬੱਸ ਕਿ ਹੋਰ ਕੁਝ ਪੁੱਛਣਾ ਜੇ?"

ਇਸ ਤੋਂ ਬਾਅਦ ਸਾਰਿਆਂ ਨੇ ਅਫ਼ਸਰ ਨਾਲ ਮੁਲਾਕਾਤ ਦੀ ਖਾਹਿਸ਼ ਪ੍ਰਗਟ ਕੀਤੀ। ਕਾਊਂਟ ਨੇ ਆਪਣਾ ਮੁਲਾਕਾਤੀ ਕਾਰਡ ਉਸ ਨੂੰ ਭੇਜਿਆ। ਉਸੇ ਕਾਰਡ ਉਤੇ ਕੈਰੇ ਨੇ ਵੀ ਆਪਣੇ ਦਸਤਖ਼ਤ ਕਰ ਦਿੱਤੇ। ਕੋਈ ਇਕ ਘੰਟੇ ਬਾਅਦ ਜਰਮਨ ਅਫ਼ਸਰ ਦਾ ਹੁਕਮ ਆਇਆ ਕਿ ਉਹ ਦੁਪਹਿਰ ਦੀ ਰੋਟੀ ਖਾਣ ਤੋਂ ਬਾਅਦ ਲਗਭਗ ਇਕ ਵਜੇ ਉਨ੍ਹਾਂ ਨੂੰ ਮਿਲ ਸਕਦਾ ਹੈ।

ਰੋਟੀ ਵੇਲੇ ਫਿਰ ਸਾਰੇ ਇਕੋ ਮੇਜ਼ ਦੁਆਲੇ ਜੁੜ ਬੈਠੇ। ਤੀਵੀਆਂ ਸਾਰੀਆਂ ਹੀ ਸੁਸਤ ਘਬਰਾਈਆਂ ਹੋਈਆਂ ਸਨ। ਖਾਸ ਕਰ ਕੇ ਮਾਰਗਰੇਟ ਦਾ ਚਿਹਰਾ ਤਾਂ ਬਹੁਤ ਹੀ ਉਤਰਿਆ ਹੋਇਆ ਸੀ।

ਰੋਟੀ ਖਾਣ ਤੋਂ ਬਾਅਦ ਉਹ ਕਾਫੀ ਪੀ ਰਹੇ ਸਨ ਕਿ ਅਫ਼ਸਰ ਦਾ ਅਰਦਲੀ ਆ ਪਹੁੰਚਾ। ਦੋਵੇਂ ਸੱਜਣ ਛੇਤੀ ਨਾਲ ਉਠ ਕੇ ਮੁਲਾਕਾਤ ਲਈ ਤਿਆਰ ਹੋ ਪਏ, ਤੇ ਤੀਜਾ ਲੋਸ਼ੀਓ ਵੀ ਇਨ੍ਹਾਂ ਦੇ ਨਾਲ ਰਲ ਗਿਆ। ਜਦ ਇਨ੍ਹਾਂ ਤਿੰਨਾਂ ਨੇ ਕਾਰਨੂਟੇਡ ਨੂੰ ਵੀ ਨਾਲ ਚੱਲਣ ਲਈ ਕਿਹਾ, ਤਾਂ ਉਸ ਨੇ ਬੜੇ ਘਮੰਡ ਨਾਲ ਉਤਰ ਦਿੱਤਾ ਕਿ ਜਰਮਨਾਂ ਨਾਲ ਮੁਲਾਕਾਤ ਕਰਨ ਵਿਚ ਉਹ ਆਪਣੀ ਤੇ ਆਪਣੇ ਦੇਸ਼ ਦੀ ਹੱਤਕ ਸਮਝਦਾ ਹੈ। ਤੇ ਜਦ ਉਹ ਤਿੰਨੇ ਚਲੇ ਗਏ ਤਾਂ ਕਾਰਨੂਟੇਡ ਫ਼ਿਰ ਉਸੇ ਅੰਗੀਠੀ ਲਾਗੇ ਡੱਠੀ ਹੋਈ ਤਿਰਪਾਈ ਅੱਗੇ ਜਾ ਬੈਠਾ, ਤੇ ਹੋਟਲ ਦੇ ਨੌਕਰ ਨੂੰ ਉਸ ਨੇ ਇਕ ਹੋਰ ਬੋਤਲ ਲਿਆਉਣ ਲਈ ਕਿਹਾ।

ਤਿੰਨੇ ਆਦਮੀ ਪੌੜੀਆਂ ਚੜ੍ਹ ਕੇ ਉਪਰਲੀ ਗੈਲਰੀ ਵਿਚ ਪਹੁੰਚੇ ਜਿਥੋਂ ਉਨ੍ਹਾਂ ਨੂੰ ਮੁਲਾਕਾਤੀ ਕਮਰੇ ਵਿਚ ਜਿਹੜਾ ਸਭ ਤੋਂ ਵੱਧ ਸਜਿਆ ਹੋਇਆ ਸੀ, ਲਿਜਾਇਆ ਗਿਆ।

ਅੰਦਰ ਵੜਦਿਆਂ ਹੀ ਉਨ੍ਹਾਂ ਦੀ ਨਜ਼ਰ ਉਸੇ ਕੱਲ੍ਹ ਵਾਲੇ ਅਫ਼ਸਰ 'ਤੇ ਪਈ ਜਿਹੜਾ ਬੜੀ ਐਂਠ ਨਾਲ ਲੱਤਾਂ ਫੈਲਾਈ ਆਰਾਮ ਨਾਲ ਕੁਰਸੀ 'ਤੇ ਵਿਛਿਆ ਹੋਇਆ ਸੀ। ਇਸ ਵੇਲੇ ਉਹ ਚੀਨੀ ਬਣਤਰ ਦਾ ਲੰਮਾ ਹੁੱਕਾ ਪੀ ਰਿਹਾ ਸੀ। ਉਸ ਨੇ ਗਲ ਵਿਚ ਪਸ਼ਮੀਨੇ ਦਾ ਕੀਮਤੀ ਚੋਗਾ ਪਹਿਨਿਆ ਹੋਇਆ ਸੀ। ਇਉਂ ਜਾਪਦਾ ਸੀ ਜਿਸ ਤਰ੍ਹਾਂ ਇਹ ਸਭ ਚੀਜ਼ਾਂ ਕਿਸੇ ਪੁਰਾਤਨ ਰਈਸ ਦੇ ਉਜੜੇ ਹੋਏ ਮਕਾਨ ਵਿਚੋਂ ਚੁਰਾ ਕੇ ਲਿਆਂਦੀਆਂ ਗਈਆਂ ਹਨ।

ਅਫ਼ਸਰ ਨਾ ਤਾਂ ਆਪਣੇ ਥਾਂ ਤੋਂ ਹਿਲਿਆ, ਤੇ ਨਾ ਹੀ ਉਸ ਦੇ ਮੂੰਹੋਂ ਸਵਾਗਤ ਦਾ ਕੋਈ ਸ਼ਬਦ ਨਿਕਲਿਆ; ਬਲਕਿ ਉਸ ਨੇ ਆਉਣ ਵਾਲਿਆਂ ਵੱਲ ਤੱਕਣ ਦੀ ਵੀ ਲੋੜ ਨਾ ਸਮਝੀ। ਸ਼ਾਇਦ ਇਸ ਵਰਤਾਰੇ ਤੋਂ ਉਹ ਆਪਣੇ ਜੇਤੂ ਹੋਣ ਦਾ ਸਬੂਤ ਦੇਣਾ ਚਾਹੁੰਦਾ ਸੀ। ਇਹੋ ਜਿਹੇ ਸਮੇਂ ਅਕਸਰ ਹੁੰਦਾ ਹੈ।

ਜਦ ਤਿੰਨਾਂ ਨੂੰ ਉਸ ਦੇ ਪਿਛੇ ਖੜੋਤਿਆਂ ਦੋ ਤਿੰਨ ਮਿੰਟ ਹੋ ਗਏ, ਤਾਂ ਉਸ ਨੇ ਬੜੇ ਸਹਿਜ ਭਾ ਪਾਸਾ ਮੋੜ ਕੇ ਟੁੱਟੀ-ਭੱਜੀ ਫਰੈਂਚ ਵਿਚ ਉਨ੍ਹਾਂ ਨੂੰ ਪੁੱਛਿਆ, "ਕੀ ਚਾਹੁੰਦੇ ਹੋ ਤੁਸੀਂ?"

ਕਾਊਂਟ ਨੇ ਡਰਦਿਆਂ-ਡਰਦਿਆਂ ਬੇਨਤੀ ਕੀਤੀ, "ਅਸੀਂ ਆਪਣੇ ਰੁਕੇ ਹੋਏ ਸਫ਼ਰ ਦੀ ਆਗਿਆ ਮੰਗਣ ਆਏ ਹਾਂ।"



**ਮਾਰਗਰੇਟ ਪਹਿਲਾਂ ਤਾਂ ਕੁਝ ਨਾ ਦੱਸਣ 'ਤੇ ਹੀ ਅੜੀ ਰਹੀ, ਪਰ ਛੇਤੀ ਹੀ ਜਦ ਉਸ ਦਾ ਗੁੱਸਾ ਕੁਝ ਠੰਢਾ ਹੋਇਆ, ਤਾਂ ਉਹ ਬੋਲੀ, "ਉਹ ਕੀ ਚਾਹੁੰਦਾ ਹੈ?... ਉਹ ਚਾਹੁੰਦਾ ਹੈ ਰਾਤੀਂ ਮੈਨੂੰ ਆਪਣੇ ਪਾਸ ਰੱਖਣਾ।" ਇਹ ਵਾਕ ਮਾਰਗਰੇਟ ਨੇ ਇਤਨੇ ਕੜਕ ਕੇ ਕਹੇ ਕਿ ਸਾਰਾ ਕਮਰਾ ਗੂੰਜ ਉਠਿਆ... ਸੁਣ ਕੇ ਸਾਰਿਆਂ ਦਾ ਗੁੱਸਾ ਭੜਕ ਦੀ ਹੱਦ ਤਕ ਪਹੁੰਚ ਗਿਆ। ਕਾਰਨੂਟੇਡ ਨੇ ਬੀਅਰ ਦੀ ਬੋਤਲ ਫ਼ਰਸ਼ 'ਤੇ ਪਟਕਾਅ ਮਾਰੀ। ਉਸ ਕਮੀਨੇ ਜਰਮਨ ਵਿਰੁੱਧ ਸਾਰੇ ਭੜਕ ਉਠੇ।**

"ਨਹੀਂ।" ਕੇਵਲ ਇਤਨਾ ਕਹਿ ਕੇ ਅਫ਼ਸਰ ਨੇ ਮੂੰਹ ਦੂਜੇ ਪਾਸੇ ਮੋੜ ਲਿਆ।

ਕਾਊਂਟ ਨੇ ਖੰਘੂਰਾ ਮਾਰ ਕੇ ਫਿਰ ਕਿਹਾ, "ਪਰ ਕੀ ਸਾਨੂੰ ਇਸ ਦਾ ਕਾਰਨ ਦੱਸਿਆ ਜਾ ਸਕਦਾ ਹੈ?"

"ਹਾਂ! ਇਸ ਦਾ ਕਾਰਨ ਸਿਰਫ਼ ਇਹੋ ਹੈ ਕਿ ਮੈਂ ਨਹੀਂ ਚਾਹੁੰਦਾ ਤੁਸੀਂ ਜਾਓ।"

ਕਾਊਂਟ ਨੇ ਐਤਕੀਂ ਜ਼ਰਾ ਤਗੜੀ ਆਵਾਜ਼ ਵਿਚ ਕਿਹਾ, "ਸ੍ਰੀਮਾਨ ਜੀ, ਮੈਂ ਤੁਹਾਡਾ ਧਿਆਨ ਇਸ ਗੱਲ ਵੱਲ ਦਿਵਾਣਾ ਚਾਹੁੰਦਾ ਹਾਂ ਕਿ ਤੁਹਾਡੇ ਜਰਨੈਲ ਨੇ ਸਾਨੂੰ ਹਾਵਰੇ ਜਾਣ ਲਈ ਰਾਹਦਾਰੀ ਦਿੱਤੀ ਹੋਈ ਹੈ। ਨਾਲੇ ਅਸਾਂ ਐਸਾ ਕੋਈ ਕੰਮ ਨਹੀਂ ਕੀਤਾ ਜਿਸ ਕਾਰਨ ਸਾਡੇ ਨਾਲ ਇਹ ਸਖ਼ਤੀ ਕੀਤੀ ਜਾਵੇ।"

"ਬਹਿਸ ਦੀ ਲੋੜ ਨਹੀਂ।" ਅਫ਼ਸਰ ਕ੍ਰੋਧ ਵਿਚ ਬੋਲਿਆ, "ਮੇਰੇ ਹੁਕਮ ਵਿਰੁਧ ਕੋਈ ਸੁਣਾਈ ਨਹੀਂ ਹੋ ਸਕਦੀ। ਬੱਸ, ਹੁਣ ਤੁਸੀਂ ਇਸ ਕਮਰੇ ਵਿਚੋਂ ਜਾ ਸਕਦੇ ਹੋ।"

ਸਾਰਿਆਂ ਨੇ ਝੁਕ ਕੇ ਸਲਾਮ ਕੀਤੀ, ਤੇ ਕਮਰੇ ਵਿਚੋਂ ਬਾਹਰ ਨਿਕਲ ਆਏ।

ਦੁਪਹਿਰ ਬੜੀ ਮੁਸ਼ਕਲ ਨਾਲ ਕੱਟੀ। ਅਫ਼ਸਰ ਦੀ ਇਸ ਬੇਰੁਖੀ ਦੀ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਸਮਝ ਨਹੀਂ ਸੀ ਆ ਰਹੀ। ਉਨ੍ਹਾਂ ਦੇ ਦਿਮਾਗ 'ਚ ਕਈ ਕਿਸਮ ਦੇ ਖਿਆਲ ਪੈਦਾ ਹੋ ਰਹੇ ਸਨ।

ਇਕ ਵਾਰੀ ਫਿਰ ਡਾਇਨਿੰਗ ਰੂਮ ਵਿਚ ਇਕੱਠੇ ਹੋ ਕੇ ਉਨ੍ਹਾਂ ਨੇ ਇਸ ਮਾਮਲੇ 'ਤੇ ਵਿਚਾਰ ਕਰਨੀ ਸ਼ੁਰੂ ਕੀਤੀ। ਵਾਲ ਦੀ ਖੱਲ ਉਤਾਰੀ ਜਾਣ ਲੱਗੀ, "ਮਤੇ ਸਾਨੂੰ ਨਜ਼ਰਬੰਦ ਕਰ ਲਿਆ ਗਿਆ ਹੋਵੇ... ਕਿਤੇ ਸ਼ਰਾਬ ਦੇ ਠੇਕੇਦਾਰ ਨੇ ਤਾਂ ਨਹੀਂ ਕੋਈ ਗਬਨ ਕੀਤਾ... ਮਤੇ ਸਾਡੀ ਸਾਰਿਆਂ ਦੀ ਜਾਇਦਾਦ ਜ਼ਬਤ ਕਰ ਲਈ ਜਾਵੇ... ਕੀ ਪਤਾ ਕੋਰਟ ਮਾਰਸ਼ਲ ਕਰ ਕੇ ਗੋਲੀ ਨਾਲ ਉਡਾ ਦਿੱਤੇ ਜਾਈਏ।"

ਸੋਚ ਸੋਚ ਕੇ ਉਹ ਅਖੀਰ ਇਸ ਨਤੀਜੇ 'ਤੇ ਪੁੱਜੇ ਕਿ ਜਦ ਤੱਕ ਉਸ ਅਫ਼ਸਰ ਨੂੰ ਸੋਨੇ ਦੀਆਂ ਥੈਲੀਆਂ ਨਾਲ ਮਾਲਾ-ਮਾਲ ਨਾ ਕੀਤਾ ਜਾਵੇ, ਤਦ ਤਕ ਬਚਣ ਦੀ ਕੋਈ ਆਸ ਨਹੀਂ। ਹੁਣ ਉਹ ਤਿੰਨੇ ਸ੍ਰੀਮਾਨ ਕੋਈ ਐਸਾ ਬਹਾਨਾ ਢੂੰਡਣ ਲੱਗੇ ਜਿਸ ਤੋਂ ਉਹ ਆਪਣੀ ਅਮੀਰੀ ਨੂੰ ਲੁਕਾ ਕੇ ਆਪਣੇ ਆਪ ਨੂੰ ਗਰੀਬ ਪ੍ਰਗਟ ਕਰ ਸਕਣ। ਲੋਸ਼ੀਓ ਨੇ ਆਪਣੀ ਘੜੀ ਦੀ ਸੋਨੇ ਦੀ ਚੇਨ ਉਤਾਰ ਕੇ ਜੇਬ ਵਿਚ ਰੱਖ ਲਈ। ਕੈਰੇ ਨੇ ਝਟਪਟ ਆਪਣਾ ਸਿਲਕੀ ਸੂਟ ਉਤਾਰ ਕੇ ਪੁਰਾਣਾ ਓਵਰਕੋਟ ਪਾ ਲਿਆ। ਕਾਊਂਟ ਦੀ ਉਂਗਲ ਵਿਚ ਹੀਰੇ ਦੀ ਮੁੰਦਰੀ ਸੀ, ਉਸ ਨੇ ਲਾਹ ਕੇ ਕਾਊਂਟੈਸ ਦੇ ਹਵਾਲੇ ਕਰ ਦਿੱਤੀ।

ਜਿਉਂ-ਜਿਉਂ ਰਾਤ ਨੇੜੇ ਆਉਂਦੀ ਗਈ, ਸਾਰਿਆਂ ਦਾ ਡਰ ਵਧਦਾ ਹੀ ਗਿਆ।

ਰਾਤੀਂ ਇਕ ਵਾਰੀ ਫਿਰ ਫਲੇਮਬੀ ਨੇ ਦਰਸ਼ਨ ਦਿੱਤੇ, ਤੇ ਆਉਂਦਾ ਹੀ ਬੜੀ ਸਖ਼ਤੀ ਨਾਲ ਕਹਿਣ ਲੱਗਾ, "ਜਰਮਨ ਅਫ਼ਸਰ ਨੇ ਮਿਸ ਮਾਰਗਰੇਟ ਨੂੰ ਪੁੱਛ ਭੇਜਿਆ ਹੈ ਕਿ ਉਸ ਨੇ ਅਜੇ ਤੱਕ ਆਪਣਾ ਖਿਆਲ ਬਦਲਿਆ ਹੈ ਕਿ ਨਹੀਂ।"

ਮਾਰਗਰੇਟ ਮੁਰਦੇ ਵਾਂਗ ਪੀਲੀ ਪੈ ਗਈ, ਪਰ ਝੱਟ ਹੀ ਕ੍ਰੋਧ ਨਾਲ ਅੱਗ-ਬਗੋਲਾ ਹੋ ਗਈ, ਤੇ ਲੰਮੇ-ਲੰਮੇ ਸਾਹ ਲੈਂਦੀ ਹੋਈ ਬੋਲੀ, "ਮਿਹਰਬਾਨੀ ਕਰ ਕੇ ਉਸ ਬਦਮਾਸ਼ ਕੁੱਤੇ ਨੂੰ ਕਹਿ ਦਿਓ ਕਿ ਮੈਂ ਉਸ ਦੇ ਮੂੰਹ 'ਤੇ ਥੁੱਕਣ ਨੂੰ ਵੀ ਤਿਆਰ ਨਹੀਂ। ਜਾਓ, ਬੱਸ ਹੋਰ ਮੈਥੋਂ ਕੁਝ ਨਾ ਪੁੱਛਣਾ।"

ਗੁੱਸੇ ਵਿਚ ਬੁੜ-ਬੁੜਾਉਂਦਾ ਤੇ ਖੌਝਦਾ ਹੋਇਆ ਹੋਟਲ ਵਾਲਾ ਬਾਹਰ ਚਲਾ ਗਿਆ। ਉਸ ਦੇ ਜਾਣ ਤੋਂ ਬਾਅਦ ਸਾਰਿਆਂ ਨੇ ਮਾਰਗਰੇਟ ਨੂੰ ਘੇਰ ਲਿਆ, ਤੇ ਉਸ ਉਤੇ ਵੰਨ-ਸਵੰਨੇ ਪ੍ਰਸ਼ਨ ਕਰਨ ਲੱਗੇ। ਮਾਰਗਰੇਟ ਨੇ ਅਫ਼ਸਰ ਨਾਲ ਹੋਈ ਰਾਤ ਵਾਲੀ ਮੁਲਾਕਾਤ ਬਾਰੇ ਅਜੇ ਤਕ ਉਨ੍ਹਾਂ ਨੂੰ ਕੁਝ ਨਹੀਂ ਸੀ ਦੱਸਿਆ, ਨਾ ਹੀ ਫਟਕਾਰ ਖਾਣ ਤੋਂ ਬਾਅਦ ਉਹ ਮੁੜ ਕੇ ਪੁੱਛਣ ਦੀ ਹਿੰਮਤ ਕਰ ਸਕੇ ਸਨ। ਇਸ ਵੇਲੇ ਉਨ੍ਹਾਂ ਦੀ ਪੁੱਛਣ ਦੀ ਤੀਬਰਤਾ ਜਾਗ ਉਠੀ। ਸਾਰੇ ਹੀ ਮਿੰਨਤਾਂ ਤਰਲੇ ਕਰਨ ਲੱਗੇ।

ਮਾਰਗਰੇਟ ਪਹਿਲਾਂ ਤਾਂ ਕੁਝ ਨਾ ਦੱਸਣ

(ਬਾਕੀ ਅਗਲੇ ਸਫੇ 'ਤੇ)

# 'ਦੀਵਾ ਬਲੇ ਸਾਰੀ ਰਾਤ' ਦਾ ਚਾਨਣ

**ਯਾਦ-ਝਰੋਖਾ**

ਸਾਹਿਤ ਸੱਚ ਦਾ ਮੁਹਾਂਦਰਾ ਹੈ, ਸਮਾਜ ਦਾ ਅਕਸ ਹੈ, ਜੀਵਨ ਦੀ ਜਾਚ ਹੈ। ਅਸਲ ਵਿਚ ਸਾਹਿਤ ਹੀ ਜ਼ਿੰਦਗੀ ਦੀ ਸਹੀ ਵਿਆਖਿਆ ਕਰਦਾ ਹੈ। ਸਾਹਿਤ ਵਿਹੂਣੇ ਲੋਕ ਸੁਹਜ ਸੁਆਦ ਤੋਂ ਸੱਖਣੇ ਰਹਿੰਦੇ ਹਨ; ਤੇ ਸੁਹਜ ਸੁਆਦ ਤੋਂ ਬਿਨਾਂ, ਸਤਰੰਗੀ ਸਾਡੇ ਜੀਵਨ ਦੇ ਆਕਾਸ਼ ਉਤੇ ਪੀਂਘ ਪਾਉਣ ਦੇ ਸਮਰੱਥ ਨਹੀਂ ਹੁੰਦੀ। ਸੋਚੋ, ਜੇ ਸਾਡੀ

**ਪਰਸ਼ਿੰਦਰ ਸਿੰਘ**
ਫੋਨ: 469-335-2263

ਜ਼ਿੰਦਗੀ ਵਿਚ ਸਾਹਿਤ ਨਾ ਹੋਵੇ, ਜਿੰਨੀ ਕਠੋਰਤਾ, ਆਗਿਆਨ, ਧੋਖਾਧੜੀ, ਬੇਮੁਖਤਾ, ਨਫ਼ਰਤ ਤੇ ਆਪਾ-ਧਾਪੀ ਹੁਣ ਸਾਡੇ ਵਿਚ ਹੈ, ਇਸ ਤੋਂ ਵੀ ਕਈ ਗੁਣਾ ਵਧ ਜਾਵੇ। ਸਾਹਿਤ ਸਦਕਾ ਹੀ ਮਨ ਦੀਆਂ ਕਿਆਰੀਆਂ ਵਿਚ ਖ਼ੂਬਸੂਰਤ ਫੁੱਲ ਖਿੜਦੇ ਹਨ। ਸਾਹਿਤ ਜ਼ਿੰਦਗੀ ਨੂੰ ਪਰਿਭਾਸ਼ਤ ਵੀ ਕਰਦਾ ਹੈ ਤੇ ਇਸ ਨੂੰ ਬੁਲੰਦੀ ਵੀ ਬਖ਼ਸ਼ਦਾ ਹੈ। ਇਸ ਰਾਹੀਂ ਅਸੀਂ ਇਕ-ਦੂਜੇ ਨੂੰ ਸਮਝਣ ਤੇ ਸਮਝਾਉਣ ਦੇ ਸਮਰੱਥ ਬਣਦੇ ਹਾਂ।

1971-72 ਵਿਚ ਉਠ ਰਹੇ ਨਵੇਂ ਲੇਖਕਾਂ ਨੂੰ ਆਪਣੀਆਂ ਕਹਾਣੀਆਂ ਤੇ ਰਚਨਾਵਾਂ ਛਪਾਉਣ ਦੀ ਬੜੀ ਦਿੱਕਤ ਸੀ। ਸਭ ਕੁਝ ਆਪਣੀ ਜੇਬ ਵਿਚੋਂ ਲਾਓ, ਤਾਂ ਕਿਤੇ ਜਾ ਕੇ ਕਿਤਾਬ ਛਪਦੀ। ਕਈਆਂ ਬਾਰੇ ਤਾਂ ਸੁਣਿਆ ਹੈ ਕਿ ਇੰਨੀ ਹਿੰਮਤ ਨਾ ਹੋਣ ਕਾਰਨ ਰਚਨਾਵਾਂ ਘਰੇ ਪਈਆਂ ਰਹਿ ਗਈਆਂ ਅਤੇ ਫਿਰ ਇਹ ਖਜ਼ਾਨਾ ਸਿਉਂਕ ਦੇ ਜਬਾੜਿਆਂ ਵਿਚ ਚਲਿਆ ਗਿਆ। ਇਹ ਹਾਲਾਤ ਵੇਖ ਕੇ ਹੀ ਦਲਬੀਰ ਚੇਤਨ ਅਤੇ ਕੁਝ ਹੋਰ ਲੇਖਕਾਂ ਨੇ ਪ੍ਰਕਾਸ਼ਨ ਸ਼ੁਰੂ ਕੀਤਾ ਸੀ ਜਿਸ ਦਾ ਨਾਂ 'ਆਦਿਕਾ ਪ੍ਰਕਾਸ਼ਨ' ਰੱਖਿਆ ਗਿਆ। ਇਸ ਦਾ ਮੁੱਖ ਦਫ਼ਤਰ ਚੇਤਨ ਦਾ ਪਿੰਡ ਵਾਲਾ ਘਰ ਸੀ। ਉਥੇ ਹਫ਼ਤਾਵਾਰੀ, ਸਾਹਿਤਕਾਰਾਂ ਦੀ ਖ਼ੂਬ ਝੜੀ ਲੱਗਦੀ ਤੇ ਸਾਹਿਤ ਦਾ ਮੀਂਹ ਵਰ੍ਹਦਾ। ਉਸ ਮੀਂਹ ਦੀ ਫੁਹਾਰ ਦੀ ਫੁਲਵਾੜੀ ਵਿਚ ਜੋ ਪਹਿਲਾ ਫੁੱਲ ਖਿੜਿਆ, ਉਸ ਦਾ ਨਾਂ ਸੀ 'ਅਸੀਂ ਜਵਾਬ ਦਿੰਦੇ ਹਾਂ'। ਇਸ ਕਿਤਾਬ ਵਿਚ ਕੋਈ 12-14



'ਆਪਾਂ ਕੁਝ ਹੋਰ ਕਿਤਾਬਾਂ ਵੀ ਛਾਪ ਲਈਏ!' ਪਹਿਲੀ ਮਾਰਚ 1981 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪਾਰਕ ਵਿਚ ਬੈਠ ਕੇ ਹੋਈ ਆਦਿਕਾ ਪ੍ਰਕਾਸ਼ਨ ਦੀ ਮੀਟਿੰਗ ਵੇਲੇ (ਖੱਬਿਓਂ) ਡਾ. ਸ਼ਿੰਦਰ, ਦਲਬੀਰ ਚੇਤਨ, ਰਸ਼ਿਮ, ਜਸਬੀਰ ਭੁੱਲਰ ਤੇ ਬੀਬਾ ਬਲਵੰਤ

ਕਹਾਣੀਆਂ ਸਨ। ਇਨ੍ਹਾਂ ਵਿਚ ਇਕ ਕਹਾਣੀ ਵਰਿਆਮ ਸੰਧੂ ਦੀ ਹੈ- 'ਤਾਰ ਉਤੇ ਤੁਰਦਾ ਮਨੁੱਖ'। ਇਹ ਕਹਾਣੀ ਅਧਿਆਪਕ ਨਾਲ ਸਬੰਧਤ ਹੈ। ਇਹ ਕਹਾਣੀ ਮੈਂ ਇਕ ਵਾਰੀ ਪੜ੍ਹੀ, ਤੇ ਫਿਰ ਪੜ੍ਹਦਾ ਹੀ ਰਹਿ ਗਿਆ। ਹੋਰ ਕਹਾਣੀਆਂ ਦੇ ਲੇਖਕਾਂ ਨੂੰ ਮੈਂ ਪਹਿਲਾਂ ਪੜ੍ਹ ਚੁਕਾ ਸਾਂ, ਜਾਂ ਮਿਲ ਚੁੱਕਾ ਸਾਂ। ਚੇਤਨ ਘਰ ਆਇਆ ਤਾਂ ਮੈਂ ਆਉਂਦਿਆਂ ਹੀ ਪੁੱਛਿਆ, 'ਆਹ ਲੇਖਕ ਕਿੱਥੋਂ ਲੈ ਕੇ ਆਏ ਜੇ।' ਕਹਿਣ ਲੱਗਾ, 'ਕਿਹੜੇ ਲੇਖਕ ਦੀ ਤੂੰ ਗੱਲ ਕਰਦਾ ਏਂ।' ਮੈਂ ਕਿਹਾ, 'ਜਿਹੜਾ ਤਾਰ ਉਤੇ ਤੁਰਦਾ।' ...ਤੇ ਮੈਂ ਉਸ ਦਿਨ ਤੋਂ ਅੱਜ ਤੱਕ ਸੰਧੂ ਦਾ ਪਾਠਕ ਹਾਂ।

ਮਨੁੱਖ ਨੂੰ ਸਮਝਣਾ ਬੜਾ ਔਖਾ ਕਾਰਜ ਹੈ। ਕੋਈ ਮਨੁੱਖ ਚੜ੍ਹਦੀ ਕਲਾ ਵਿਚ ਦੁਨੀਆਂ ਦੀ ਹਰ ਔਖੀ ਘਾਟੀ ਸਰ ਕਰਨ ਦੇ ਸਮਰਥ ਹੁੰਦਾ ਹੈ, ਤੇ ਢਹਿੰਦੀ ਕਲਾ ਵਿਚ ਉਹੀ ਸਿਰ ਪਰਨੇ ਡਿੱਗਦਾ, ਡੂੰਘੀਆਂ ਖੱਡਾਂ ਤੋਂ ਵੀ ਨੀਵਾਂ ਜਾ ਸਕਦਾ ਹੈ। ਇਨ੍ਹਾਂ ਮਾਨਸਿਕ ਦਿਸ਼ਾਵਾਂ ਨੂੰ ਮਾਪਣ ਲਈ ਸਾਹਿਤ ਸਹੀ ਸੂਚਕ-ਯੰਤਰ ਹੈ। ਸੰਵੇਦਨਸ਼ੀਲਤਾ ਸਾਹਿਤ ਦੀ ਬਹੁਤ ਵੱਡੀ ਦੇਣ ਹੈ... ਤੇ ਇਨ੍ਹਾਂ ਲੇਖਕਾਂ ਤੇ ਸਾਹਿਤਕਾਰਾਂ ਨੇ ਪੰਜਾਬੀ ਮਾਂ ਬੋਲੀ ਦੀ ਬੁਲੰਦੀ ਲਈ ਇਤਿਹਾਸ ਰਚਿਆ। ਮਾਝੇ, ਮਾਲਵੇ ਤੇ ਦੁਆਬੇ ਦੇ ਲੇਖਕਾਂ ਨੇ ਮਸ਼ਾਲ ਜਗਾਈ ਜਿਸ ਦਾ ਨਾਂ ਰੱਖਿਆ 'ਦੀਵਾ ਬਲੇ ਸਾਰੀ ਰਾਤ'। ਇਹ ਸਭ ਕਦੋਂ ਸ਼ੁਰੂ ਹੋਇਆ, ਮੈਨੂੰ ਇਲਮ ਨਹੀਂ ਪਰ ਜਦੋਂ ਦੀ ਗੱਲ ਮੈਂ ਕਰਨ ਲੱਗਿਆ ਹਾਂ, ਉਦੋਂ ਇਹ ਜੋਬਨ 'ਤੇ ਸੀ। ਕਿਸੇ ਲੇਖਕ ਦੇ ਘਰ ਇਹ ਲੇਖਕ ਇਕੱਠੇ ਹੁੰਦੇ। ਸ਼ਾਮੀਂ ਦੀਵਾ ਬਾਲ ਦਿੱਤਾ ਜਾਂਦਾ ਤੇ ਸਾਰੀ ਰਾਤ ਕਹਾਣੀਆਂ ਪੜ੍ਹੀਆਂ ਜਾਂਦੀਆਂ। ਹਰ ਕਹਾਣੀ ਤੋਂ ਬਾਅਦ ਭਰਵੀਂ ਵਿਚਾਰ ਚਰਚਾ ਹੁੰਦੀ। ਚੇਤਨ ਵੀ ਕਈਆਂ ਦੇ ਘਰਾਂ ਵਿਚ ਜਾ ਚੁੱਕਾ ਸੀ। ਹੁਣ ਉਹਦੇ ਮਨ ਵਿਚ ਵੀ ਬੁਲ-ਬੁਲੇ ਉਠਦੇ ਸਨ, 'ਇਹ ਖੁਸ਼ੀ ਮੇਰੇ ਘਰ ਕਦ ਆਵੇਗੀ?'

1980 ਦੇ ਸ਼ੁਰੂ ਵਿਚ ਉਹਨੂੰ ਇਹ ਪਤਾ ਸੀ ਕਿ ਮੈਂ ਟੁੱਟੇ ਜਿਹੇ ਬੈਗ ਵਿਚ ਪੈਂਟ ਕਮੀਜ਼ ਅਤੇ ਮਾਂ ਦੇ ਹੱਥ ਦੀ ਬਣੀ ਗੋਲ ਗਲੇ ਦੀ ਕੋਟੀ ਪਾਈ ਫਿਰਦਾ ਪਤਾ ਨਹੀਂ ਕਦੋਂ ਪਰਦੇਸ ਉਡਾਰੀ ਮਾਰ ਜਾਵਾਂ... ਇਕ ਦਿਨ ਮੈਨੂੰ ਬਿਠਾ ਕੇ ਕਹਿਣ ਲੱਗਾ, 'ਉਹ ਬਿੱਲੇ, ਜੇ ਤੂੰ ਚਲੇ ਗਿਉਂ, ਤਾਂ ਦੀਵੇ ਵਾਲਾ ਸੁਪਨਾ ਪੂਰਾ ਨਹੀਂ ਹੋਣਾ।' ਫਿਰ ਫਰਵਰੀ ਦੇ ਆਖਰੀ ਸਨਿਚਰਵਾਰ ਅਸੀਂ ਤਰੀਕ ਪੱਕੀ ਕਰ ਲਈ। ਉਦੋਂ ਮੌਸਮ ਵੀ ਵਧੀਆ ਹੁੰਦਾ ਏ। ਉਦੋਂ ਬੇਲੀਆਂ ਦੇ ਡੇਰੇ ਜੋਗੀਆਂ ਵਰਗੇ ਹੁੰਦੇ ਸਨ ਤੇ ਠੰਢੀ ਹਵਾ ਦੇ ਬੁੱਲਿਆਂ ਵਰਗੇ ਚੇਤਨ ਨੇ ਵੀ ਸਾਰੇ ਲੇਖਕਾਂ ਨੂੰ ਠੰਢੀ ਹਵਾ ਦੇ ਬੁੱਲੇ ਭੇਜ ਦਿੱਤੇ ਕਿ ਇਸ ਤਰੀਕ ਨੂੰ ਚੇਤਨ ਦੇ ਪਿੰਡ ਤਾਰਾਗੜ੍ਹ ਤਲਾਵਾ ਅੰਮ੍ਰਿਤਸਰ ਵਿਚ 'ਦੀਵਾ ਬਲੇਗਾ ਸਾਰੀ ਰਾਤ'। ਮੈਂ ਆਪਣੇ ਯਾਰਾਂ ਦੋਸਤਾਂ ਦੀਆਂ ਡਿਊਟੀਆਂ ਲਾ ਦਿੱਤੀਆਂ। ਆਪਣੇ ਤੋਚੀ ਯਾਰ ਨੂੰ ਤੇਰਵੇਂ ਰਤਨ ਲਈ ਕਹਿ ਛੱਡਿਆ। ਉਹ ਆਪਣੇ ਯਾਰਾਂ ਲਈ ਇਹ ਰਤਨ ਕਮਾਲ ਦਾ ਬਣਾਉਂਦਾ ਸੀ। ਪਿੰਡ ਦਾ ਕੁੰਦੂ ਸਾਂਹਸੀ ਜੋ ਬੱਕਰੇ-ਭੇਡਾਂ ਪਾਲਦਾ ਸੀ, ਉਹਨੂੰ ਵੀ ਮੈਂ ਸਾਈ ਦੇ ਆਇਆ। ਤੇ ਚਾਚੇ ਖੋਜੀ ਰਾਜੇ ਨੂੰ ਵੀ ਪੱਕਾ ਕਰ ਦਿੱਤਾ ਸੀ ਕਿ ਉਸ ਦਿਨ ਕੜਛੀਆਂ ਤੇ ਖੁਰਪੀਆਂ ਲੈ ਕੇ ਘਰ ਪਹੁੰਚ ਜਾਵੇ।

ਤੇ ਫਿਰ ਆ ਗਿਆ ਸੀ ਉਹ ਦਿਨ ਜਿਸ ਨੂੰ ਪਰਿਵਾਰ ਤੇ ਯਾਰ ਬੇਲੀ ਬੇਸਬਰੀ ਨਾਲ ਉਡੀਕ ਰਹੇ ਸਨ। ਦੋ ਮੁੰਡੇ ਜੰਡਿਆਲੇ ਗੁਰੂ ਦੇ ਬੱਸ ਸਟੈਂਡ 'ਤੇ ਡਟ ਗਏ। ਜਦੋਂ ਵੀ ਬਸ ਆਵੇ, ਹੋਕਾ ਦੇ ਦੇਣ-ਤਲਾਵੇ ਜਾਣ ਵਾਲੇ ਇੱਧਰ ਟਾਂਗੇ ਵਿਚ ਬੈਠੋ। ਉਨ੍ਹਾਂ ਦਿਨਾਂ ਵਿਚ ਲੇਖਕਾਂ ਦੀ ਨਵੇਕਲੀ ਪਛਾਣ ਹੁੰਦੀ ਸੀ। ਕਾਮਰੇਡਾਂ ਵਾਂਗ ਲੰਮੀ ਤਣੀ ਵਾਲਾ ਝੋਲਾ ਮੋਢੇ 'ਤੇ ਲਟਕਾਇਆ ਹੁੰਦਾ। ਵਿਚ ਇਕ ਅੱਧੀ ਕਿਤਾਬ ਜਾਂ ਹੋਰ ਪੇਪਰ। ਜਿਹੜਾ ਵੀ ਇੱਦਾਂ ਦਾ ਦਿਸਦਾ, ਟਾਂਗੇ ਵਿਚ ਬਿਠਾ ਲੈਂਦੇ। ਆਂਢ-ਗੁਆਂਢ ਤੇ ਸ਼ਰੀਕੇ ਵਿਚੋਂ ਮੰਜੇ ਬਿਸਤਰੇ ਇਕੱਠੇ ਕਰ ਲਏ ਸਨ। ਵਿਆਹ-ਸ਼ਾਦੀਆਂ 'ਤੇ ਵਰਤੇ ਜਾਣ ਵਾਲੇ ਭਾਂਡੇ 'ਬੜਬੋਲੀ' ਤਾਈ ਵੱਲ ਰੱਖੇ ਹੁੰਦੇ ਸਨ।

ਮੈਨੂੰ ਪਤਾ ਸੀ ਕਿ ਤਾਈ ਨੇ ਹੁੱਭ ਲੈ ਕੇ ਮੈਨੂੰ ਪੈ ਜਾਣਾ, 'ਵੇ ਕਾਹਦੇ ਲਈ ਭਾਂਡੇ ਲੈਣ ਆਇਆਂ? ਨਾ ਲੱਡੂ ਨਾ ਪਤਾਸੇ। ਨਾ ਗੌਣ ਨਾ ਵਜਾਉਣ। ਚੁੱਪ ਕਰ ਕੇ ਵਿਆਹ ਆਪਣਾ ਰੱਖ ਲਿਆ।' ਮੈਂ ਕਿਹਾ, 'ਤਾਈ, ਐਵੇਂ ਭੁਲੇਖਾ ਖਾਈ ਜਾਂਦੀ ਏਂ, ਇਹ ਜੰਗਾਲਿਆ ਜੰਦਰਾ ਇੰਨੀ ਛੇਤੀ ਖੁੱਲ੍ਹਣ ਵਾਲਾ ਨਹੀਂ। ਦਲਬੀਰ ਦੇ ਲੇਖਕ ਦੋਸਤ ਆ ਰਹੇ ਨੇ, ਉਹਦੇ ਕਰ ਕੇ ਮੰਜੇ ਬਿਸਤਰੇ ਤੇ ਭਾਂਡੇ ਇਕੱਠੇ ਕਰਦੇ ਹਾਂ।' ਬੜਬੋਲੀ ਤਾਈ ਕਿੱਥੋਂ ਬੋਲਣੋਂ ਹਟੇ, 'ਹੱਛਾ! ਦਲਬੀਰ ਦੀਆਂ ਕਿਤਾਬਾਂ ਦਾ ਵਿਆਹ ਹੋ ਰਿਹਾ।'

'ਬਸ ਤਾਈ, ਤੂੰ ਬਿਲਕੁਲ ਠੀਕ ਕਿਹਾ।' ਦੋਵੇਂ ਭਰਾ ਤੇ ਭੈਣ ਵਿਆਹੇ ਹੋਏ ਸਨ; ਮੈਂ ਹੀ ਫਾਡੀ ਸੀ। ਬਹੁਤਿਆਂ ਨੇ ਇਹੀ ਕਿਆਫਾ ਲਾਇਆ ਕਿ ਨੰਬਰਦਾਰਾਂ ਦੇ ਘਰ ਚਹਿਲ-ਪਹਿਲ ਹੋ ਰਹੀ ਏ, ਮੇਰਾ ਵਿਆਹ ਇਨ੍ਹਾਂ ਚੁੱਪ ਕਰ ਕੇ ਰੱਖ ਲਿਆ!

ਮੇਰੀ ਮਾਂ ਤੇਲ ਦੀ ਬੋਤਲ ਲੈ ਕੇ ਬਾਹਰਲੇ ਦਰਵਾਜ਼ੇ 'ਤੇ ਖੜ੍ਹੀ ਸੀ। ਘਰ ਵਿਚ ਜਦ ਕੋਈ ਕਿਤਾਬ ਨਵੀਂ ਛਪ ਕੇ ਆਉਂਦੀ ਏ ਤਾਂ ਉਸ ਦਾ ਸਵਾਗਤ ਤੇਲ ਚੋਅ ਕੇ ਕੀਤਾ ਜਾਂਦਾ ਏ; ਤੇ ਅੱਜ



ਬਿਆਸ ਕਸਬੇ ਵਿਚ 'ਦੀਵਾ ਬਲੇ ਸਾਰੀ ਰਾਤ' ਦੇ ਇਕ ਮੁਢਲੇ ਕਹਾਣੀ ਸਮਾਗਮ ਦੀ ਯਾਦਗਾਰੀ ਤਸਵੀਰ। ਤਸਵੀਰ ਵਿਚ ਕੁਝ ਚਿਹਰੇ ਗੁੰਮ ਹੋਈ ਪਛਾਣ ਦੇ ਵੀ ਹਨ। ਖੱਬਿਓਂ (ਖੜ੍ਹੇ) ਤੇਜਬੀਰ ਕਸੇਲ, ਬਲਵੰਤ ਚੌਹਾਨ, ਕੇ ਐਲ ਗਰਗ, ਚਰਨਜੀਤ ਸਿੰਘ ਚੰਨੀ, ਰਾਮ ਸਰੂਪ ਅਣਖੀ, ਦਲਬੀਰ ਚੇਤਨ, (ਬੈਠੇ) ਵਰਿਆਮ ਸਿੰਘ ਸੰਧੂ, ਪ੍ਰੇਮ ਗੋਰਖੀ, ਕਿਰਪਾਲ ਕਜ਼ਾਕ, ਨਛੱਤਰ ਤੇ ਉਹਦੇ ਬੱਚੇ

ਤਾਂ ਕਿਤਾਬਾਂ ਲਿਖਣ ਵਾਲੇ ਆ ਰਹੇ ਹਨ। ਅਖੇ, 'ਮੈਂ ਆਪ ਉਨ੍ਹਾਂ ਦੇ ਸਵਾਗਤ ਲਈ ਤੇਲ ਚੋਵਾਂਗੀ।' ਚੇਤਨ ਉਨ੍ਹਾਂ ਦਿਨਾਂ ਵਿਚ ਸਕੂਲ ਚਲਾਉਂਦਾ ਸੀ। ਛੁੱਟੀ ਤੋਂ ਬਾਅਦ ਸਾਰੇ ਅਧਿਆਪਕ ਤੇ ਅਧਿਆਪਕਾਵਾਂ ਘਰ ਪਹੁੰਚੇ ਹੋਏ ਸਨ। ਡੇਢ ਕਨਾਲ ਦੀ ਖੁੱਲ੍ਹੀ ਜਗ੍ਹਾ ਵਿਚ ਤਿੰਨ ਕੋਠੇ ਤੇ ਇਕ ਬਰਾਂਡਾ ਹੁੰਦਾ ਸੀ। ਬਾਕੀ ਸਾਰੀ ਜਗ੍ਹਾ ਖਾਲੀ ਪਈ ਸੀ। ਇਕ ਮਿੱਤਰ ਨੇ ਬੜੀ ਸਿਆਣਪ ਵਰਤੀ। ਤਿੰਨ ਲਾਲਟੈਣਾਂ ਤੇ ਇਕ ਸ਼ਹਿਰੋਂ ਚਾਨਣ ਕਰਨ ਵਾਲਾ ਗੈਸ ਤਿਆਰ ਕਰ ਕੇ ਰੱਖ ਲਿਆ ਸੀ। ਬੇਵਫਾ ਬਿਜਲੀ ਦਾ ਕੀ ਪਤਾ, ਕਦੋਂ ਅੱਖ ਮਚੋਲੀ ਖੇਲ ਜਾਵੇ।

ਦੁਪਹਿਰ ਢਲਣ ਤੋਂ ਬਾਅਦ ਲੇਖਕਾਂ ਦੀ ਰਿਮਝਿਮ ਹੋਣੀ ਸ਼ੁਰੂ ਹੋ ਗਈ ਸੀ ਤੇ ਸ਼ਾਮਾਂ ਢਲਦਿਆਂ ਤੱਕ ਹੜ੍ਹ ਆ ਗਿਆ ਸੀ। ਕੋਈ ਦੁਆਬੇ ਦੀ ਗੱਲ ਕਰਦਾ ਸੀ, ਕੋਈ ਮਾਲਵੇ ਦੀ, ਤੇ ਕੋਈ ਮਾਝੇ ਦੀ। ਚਾਹ-ਪਾਣੀ ਵੀ ਚੱਲ ਰਿਹਾ ਸੀ। ਆਂਢ-ਗੁਆਂਢ ਤੇ ਸ਼ਰੀਕੇ-ਭਾਈਚਾਰੇ ਦੇ ਲੋਕ ਵੀ ਆ ਕੇ ਉਨ੍ਹਾਂ ਨੂੰ ਮਿਲ ਰਹੇ ਸਨ। ਕੰਨਾਂ ਤੋਂ ਘੱਟ ਸੁਣਦੀ ਮੇਰੀ ਚਾਚੀ, ਦਲਬੀਰ ਨੂੰ ਉਚੀ-ਉਚੀ ਆਵਾਜ਼ਾਂ ਮਾਰ ਰਹੀ ਸੀ, 'ਵੇ ਦਲਬੀਰ! ਇੰਨੇ ਬੰਦੇ ਤਾਂ ਤੇਰੇ ਵਿਆਹ 'ਤੇ ਵੀ ਨਹੀਂ ਇਕੱਠੇ ਹੋਏ!'

ਫਿਰ ਸ਼ਾਮ ਤਾਰਿਆਂ ਵਿਚ ਢਲਣ ਲੱਗੀ। ਤੋਚੇ, ਕੁੰਦੂ ਸਾਂਹਸੀ ਤੇ ਚਾਚੇ ਖੋਜੀ ਨੇ ਕਮਾਲ ਕੀਤੀ ਪਈ ਸੀ। ਚਾਰੇ ਪਾਸੇ ਤੜਕੇ ਦੀ ਖੁਸ਼ਬੋ ਨੱਚ ਰਹੀ ਰਹੀ ਸੀ ਅਤੇ ਨੱਕ ਵਿਚ ਕੁਤ-ਕੁਤਾੜੀਆਂ ਕੱਢ ਰਹੀ ਸੀ। ਘਰ ਦੇ ਵਿਹੜੇ ਵਿਚ ਚਾਦਰਾਂ ਵਿਛਾਈਆਂ ਗਈਆਂ। ਝੱਟ ਪਿਛੋਂ ਖੱਦਰ ਦੇ ਗਲਾਸ ਆ ਗਏ ਅਤੇ ਨਾਲ ਹੀ ਉਤਰ ਗਈ ਥੋੜ੍ਹੀ-ਥੋੜ੍ਹੀ ਖੁਮਾਰੀ। ਫਿਰ ਉਸ ਰਸਮ ਦਾ ਵਕਤ ਹੋ ਗਿਆ ਜਿਸ ਵਾਸਤੇ ਇਹ ਇਕੱਠ ਹੋਇਆ ਸੀ। ਵੱਡਾ ਸਾਰਾ ਦੀਵਾ ਵਿਚਕਾਰ ਰੱਖ ਦਿੱਤਾ ਗਿਆ। ਆਸੇ-ਪਾਸੇ ਮੰਜੇ ਢਾਹ ਦਿੱਤੇ। ਰਸਮੀ ਧੰਨਵਾਦ ਤੋਂ ਬਾਅਦ ਕਹਾਣੀਆਂ ਪੜ੍ਹਨ ਦਾ ਸਿਲਸਿਲਾ ਸ਼ੁਰੂ ਹੋਇਆ।

ਉਨ੍ਹਾਂ ਦਿਨਾਂ ਵਿਚ ਨਵਾਂ ਨਕੋਰ ਲੇਖਕ ਜਿੰਦਰ ਉਭਰ ਰਿਹਾ ਸੀ। ਪਹਿਲੀ ਕਹਾਣੀ ਪੜ੍ਹਨ ਦੀ ਵਾਰੀ ਉਸ ਦੀ ਆਈ। ਕੁਝ ਕੁ ਲੇਖਕਾਂ ਨੇ ਸਮਾਗਮ ਦੀ ਸ਼ੁਰੂਆਤ ਕਵਿਤਾ ਨਾਲ ਕਰਨ ਬਾਰੇ ਕਿਹਾ, ਤੇ ਫਿਰ ਗੁਣਾ ਪਿਆ ਪਰਮਿੰਦਰਜੀਤ 'ਤੇ। ਮਗਰੋਂ ਇਸ ਰਾਤ ਬਾਰੇ ਉਹਨੇ ਲਿਖਿਆ ਸੀ, "ਚੇਤਨ ਦੇ ਘਰ ਵਿਚ ਯਾਦਗਾਰੀ ਸਾਹਿਤਕ ਇਕੱਠ ਹੋਇਆ। ਪੜ੍ਹਨੀਆਂ ਤਾਂ ਕਹਾਣੀਆਂ ਸਨ, ਪਰ ਕਵੀ ਦਰਬਾਰ ਵੀ ਹੋ ਗਿਆ। ਮੈਂ ਉਸ ਦਿਨ ਕਿਸੇ ਸਮਾਗਮ 'ਤੇ ਜੰਮੂ ਸੀ। ਰੇਡੀਓ ਦੀ ਰਿਕਾਰਡਿੰਗ ਵੀ ਸੀ। ਛੇਤੀ ਛੇਤੀ ਸਾਰੇ ਕੰਮ ਮੁਕਾ ਕੇ ਪਿੰਡ ਪਹੁੰਚੇ। ਪੰਜਾਬੀ ਕਹਾਣੀ ਦੇ ਮੋਹਰੀ ਕਥਾਕਾਰ ਪਹੁੰਚੇ ਹੋਏ ਸਨ। ਸੰਖੇਪ ਜਿਹਾ ਕਵੀ ਦਰਬਾਰ ਕਰ ਲੈਣ ਦੀ ਸਕੀਮ ਬਣ ਗਈ। ਕਵੀ ਮਿੱਤਰ ਵਾਹਵਾ ਆਏ ਹੋਏ ਸਨ। ਮੈਨੂੰ ਲੋਰ ਵਿਚ ਆਏ ਨੂੰ ਕਵੀ ਦਰਬਾਰ ਦਾ ਸੰਚਾਲਨ ਕਰਨ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ। ਪਤਾ ਨਹੀਂ ਕਿਵੇਂ ਹੋਇਆ, ਸੰਖੇਪ ਕਵੀ ਦਰਬਾਰ ਭਰਵੇਂ ਕਵੀ ਦਰਬਾਰ ਵਿਚ ਤਬਦੀਲ ਹੋ ਗਿਆ। ਪਿੰਡ ਵਾਸੀ ਕੰਧਾਂ ਅਤੇ ਬਨੇਰਿਆਂ ਉਤੇ ਬੈਠੇ ਕਵਿਤਾਵਾਂ ਸੁਣ ਰਹੇ ਸਨ। ਕਹਾਣੀ ਦਰਬਾਰ ਦੀ ਗੱਲ ਹੀ ਵਿਸਰ ਗਈ।"

ਫਿਰ ਜਿੰਦਰ ਨੇ ਕਹਾਣੀ ਸ਼ੁਰੂ ਕੀਤੀ। ਕਹਾਣੀ ਅੱਧ ਤੱਕ ਵੀ ਨਹੀਂ ਸੀ ਪਹੁੰਚੀ ਕਿ ਸ਼ਬਦਾਵਲੀ ਬਾਰੇ ਇਤਰਾਜ਼ ਆ ਗਏ। ਕਿਰਪਾਲ ਕਜ਼ਾਕ ਨੇ ਸਾਰਿਆਂ ਨੂੰ ਇਹ ਕਹਿ ਕੇ ਚੁੱਪ ਕਰਵਾਇਆ ਕਿ ਆਲੋਚਨਾ ਕਹਾਣੀ ਖ਼ਤਮ ਹੋਣ 'ਤੇ ਹੋਵੇਗੀ। ਕਹਾਣੀ ਸਮਾਪਤੀ 'ਤੇ ਸਭ ਤੋਂ ਪਹਿਲਾਂ ਕਜ਼ਾਕ ਹੀ ਜਿੰਦਰ 'ਤੇ ਵਰ੍ਹਿਆ, 'ਜਿੰਦਰ, ਤੂੰ ਇਹਨੂੰ ਕਹਾਣੀ ਕਹਿੰਦਾ ਏਂ? ਲੱਗਦਾ ਏ, ਤੂੰ ਮਿੱਟੀ ਲਈ; ਉਹਦੇ ਵਿਚ ਗਲੀ ਤੂੜੀ ਪਾਈ, ਫਿਰ ਪਾਣੀ ਪਾ ਕੇ ਲੱਤ ਫੇਰ ਦਿੱਤੀ... ਇਹ ਕਹਾਣੀ ਨਹੀਂ, ਘਾਣੀ ਏ ਜਿਹਦੇ ਨਾਲ ਕੋਠੇ ਲਿਪਦੇ ਨੇ।' ਮੁਖਤਾਰ ਗਿੱਲ, ਵਰਿਆਮ ਸੰਧੂ... ਇਕ ਬੈਠਦਾ ਤਾਂ ਦੂਜਾ ਸ਼ੁਰੂ ਹੋ ਜਾਂਦਾ। ਬਹੁਤ ਦੇਰ ਤੱਕ ਇਸ ਕਹਾਣੀ ਦੀ ਚੀਰ-ਫਾੜ ਹੁੰਦੀ ਰਹੀ ਤੇ ਜਿੰਦਰ ਚੁੱਪ-ਚਾਪ ਬੈਠਾ ਸੁਣਦਾ ਰਿਹਾ।

ਬਾਅਦ ਵਿਚ ਜਿੰਦਰ ਮੈਨੂੰ ਕਹਿਣ ਲੱਗਾ, 'ਬਿੱਲੇ ਭਾਅ, ਅੱਗੇ ਤੋਂ ਤੋਬਾ ਮੇਰੀ! ਇਸ ਤਰ੍ਹਾਂ ਦੀ ਕਹਾਣੀ ਮੁੜ ਨਹੀਂ ਲਿਖਦਾ।' ਉਹਨੂੰ ਉਸ ਦੀਵੇ ਦੀ ਲੋਅ ਨੇ ਇੰਨਾ ਚੰਡਿਆ ਕਿ ਸਮਾਂ ਪਾ ਕੇ ਉਹ ਵਧੀਆ ਕਹਾਣੀਕਾਰ ਤਾਂ ਬਣਿਆ ਹੀ, 'ਸ਼ਬਦ' ਨਾਂ ਦੇ ਪੰਜਾਬੀ ਰਸਾਲੇ ਦਾ ਸੰਪਾਦਕ ਵੀ ਬਣਿਆ।

ਸਾਰੀ ਰਾਤ ਦੀਵਾ ਜਗਦਾ ਰਿਹਾ। ਪਹੁ ਫੁਟਾਲੇ ਨਾਲ ਕਈ ਲੇਖਕ ਟੇਢੇ ਵੀ ਹੋ ਗਏ ਸਨ। ਸੂਰਜ ਨੇ ਦਸਤਕ ਦਿੱਤੀ ਤਾਂ ਫਿਰ ਹਿਲਜੁਲ ਹੋਈ। ਘਰ ਦਾ ਚੁੱਲ੍ਹਾ ਠੰਢਾ ਨਹੀਂ ਸੀ ਹੋਇਆ, ਆਲੂਆਂ ਦਾ ਵੱਡਾ ਪਤੀਲਾ ਉਬਲ ਰਿਹਾ ਸੀ, ਮੂਲੀਆਂ ਛਿੱਲੀਆਂ ਜਾ ਰਹੀਆਂ ਸਨ। ਪਰੌਂਠਿਆਂ ਦੀ ਤਿਆਰੀ ਹੋ ਰਹੀ ਸੀ। ਦੋ ਕੁ ਕਿੱਲਿਆਂ ਦੀ ਵਿੱਥ 'ਤੇ ਤਾਏ ਭਾਨ ਸਿੰਘ 'ਚੁੱਪ' ਦੀ ਬੰਬੀ ਚੱਲ ਰਹੀ ਸੀ। ਇਹ ਭਾਂਡਿਆਂ ਵਾਲੀ 'ਬੜਬੋਲੀ' ਤਾਈ ਦੇ ਘਰਵਾਲੇ ਦਾ ਨਾਂ ਸੀ। ਪਿੰਡ ਵਾਲੇ ਤਾਈ ਨੂੰ 'ਬੜਬੋਲੀ' ਅਤੇ ਤਾਏ ਨੂੰ 'ਚੁੱਪ' ਕਹਿੰਦੇ ਸਨ। ਲੇਖਕ ਨਿੱਘੇ ਪਾਣੀ ਵਿਚ ਚੁੱਭੀਆਂ ਲਾ ਰਹੇ ਸਨ।

ਪਰੌਂਠਿਆਂ ਦਾ ਨਾਸ਼ਤਾ ਅਜੇ ਚੱਲ ਹੀ ਰਿਹਾ ਸੀ। ਨੌਂ ਕੁ ਵਜੇ ਜਲੰਧਰ ਤੋਂ ਬਰਜਿੰਦਰ ਭਾਅ ਜੀ (ਬਰਜਿੰਦਰ ਸਿੰਘ ਹਮਦਰਦ) ਦੀ ਆਉਣ ਦੀ ਉਡੀਕ ਸੀ ਪਰ ਉਹਦੀ ਜਗ੍ਹਾ ਸ. ਪਿਆਰਾ ਸਿੰਘ ਭੋਗਲ ਅਤੇ 'ਅਜੀਤ' ਦੇ ਕੁਝ ਹੋਰ ਨੁਮਾਇੰਦੇ ਪਹੁੰਚੇ। ਉਨ੍ਹਾਂ ਨੇ ਵੀ ਆਪੋ-ਆਪਣੇ ਵਿਚਾਰ ਰੱਖੇ। ਕੋਈ 11 ਕੁ ਵਜੇ ਇਸ ਸਮਗਮ ਦੀ ਸਮਾਪਤੀ ਹੋਈ। ਖਿਆਲਾਂ ਦੇ ਨਾਲ ਭਰੇ ਆਏ ਲੇਖਕ ਆਪੋ-ਆਪਣੇ ਰਾਹੀਂ ਪੈ ਗਏ।

'ਦੀਵਾ ਬਲੇ ਸਾਰੀ ਰਾਤ' ਦਾ ਹੀ ਇਹ ਚਾਨਣ ਮੈਂ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਵੰਡਾ ਰਿਹਾ ਹਾਂ। ਇਸ ਦੀਵੇ ਦਾ ਸਹਾਰਾ ਸਾਡੇ ਘਰ-ਪਰਿਵਾਰ ਦੇ ਉਸ ਵਕਤ ਛੋਟੇ ਬੱਚਿਆਂ ਨੇ ਬਹੁਤ ਲਿਆ। ਮੇਰੇ ਭਤੀਜੇ-ਭਤੀਜੀਆਂ ਨੇ ਵਿੱਦਿਆ ਦੇ ਨਾਲ-ਨਾਲ ਇਸ ਸਾਹਿਤਕ ਦੀਵੇ ਨੂੰ ਵੀ ਮਨ ਦੇ ਕੋਲ-ਕੋਲ ਰੱਖਿਆ। ਪਿੰਡ ਵਾਲਾ ਘਰ ਹੁਣ ਸੱਖਣਾ ਪਿਆ ਹੈ। ਖਾਹਿਸ਼ ਹੈ, ਕਿਸੇ ਦਿਨ ਫਿਰ ਉਸੇ ਵਿਹੜੇ ਵਿਚ ਦੀਵਾ ਬਾਲਾਂ ਅਤੇ ਲੇਖਕਾਂ ਦਾ ਇਕ ਵਾਰ ਫਿਰ ਅੱਖਰਾਂ ਅਤੇ ਸਾਹਿਤ ਦਾ ਯੁੱਧ ਹੋਵੇ! ਅਖੀਰ ਵਿਚ 'ਦੀਵਾ ਬਲੇ ਸਾਰੀ ਰਾਤ' ਵਿਚ ਬੀਬਾ ਬਲਵੰਤ ਵੱਲੋਂ ਪੜ੍ਹੀ ਕਵਿਤਾ ਦੀਆਂ ਕੁਝ ਸਤਰਾਂ ਸਾਂਝੀਆਂ ਕਰ ਰਿਹਾ ਹਾਂ ਜੋ ਅੱਜ ਤੱਕ ਮਨ ਦੀ ਤਖਤੀ ਉਤੇ ਲਿਖੀਆਂ ਪਈਆਂ ਹਨ,

ਕਿਸੇ ਨੇ ਪਰ ਕਤਰ ਲਏ ਹੋਣੇ
ਜਾਂ ਜ਼ਖ਼ਮੀ ਹੋ ਗਿਆ ਹੋਣਾ,
ਨਹੀਂ ਤਾਂ ਅਜੇ ਤੱਕ ਉਸ
ਪੰਛੀ ਨੇ ਪਰਤ ਆਉਣਾ ਸੀ।

---

## ਤਸਵੀਰ ਦੇ ਦੋਵੇਂ ਪਾਸੇ

*(ਪਿਛਲੇ ਸਫੇ ਦੀ ਬਾਕੀ)*

'ਤੇ ਹੀ ਅੜੀ ਰਹੀ, ਪਰ ਛੇਤੀ ਹੀ ਜਦ ਉਸ ਦਾ ਗੁੱਸਾ ਕੁਝ ਠੰਢਾ ਹੋਇਆ, ਤਾਂ ਉਹ ਬੋਲੀ, "ਉਹ ਕੀ ਚਾਹੁੰਦਾ ਹੈ? ਉਹ ਚਾਹੁੰਦਾ ਹੈ, ਰਾਤੀਂ ਮੈਨੂੰ ਆਪਣੇ ਪਾਸ ਰੱਖਣਾ।" ਇਹ ਵਾਕ ਮਾਰਗਰੇਟ ਨੇ ਇਤਨੇ ਕੜਕ ਕੇ ਕਹੇ ਕਿ ਸਾਰਾ ਕਮਰਾ ਗੂੰਜ ਉਠਿਆ।

ਸੁਣ ਕੇ ਸਾਰਿਆਂ ਦਾ ਗੁੱਸਾ ਓੜਕ ਦੀ ਹੱਦ ਤਕ ਪਹੁੰਚ ਗਿਆ। ਕਾਰਨੂਟੇਡ ਨੇ ਬੀਅਰ ਦੀ ਬੋਤਲ ਫ਼ਰਸ਼ 'ਤੇ ਪਟਕਾ ਮਾਰੀ। ਉਸ ਕਮੀਨੇ ਜਰਮਨ ਵਿਰੁਧ ਸਾਰੇ ਭੜਕ ਉਠੇ। ਸਾਰੇ ਹੀ ਉਸ ਦੁਸ਼ਟ ਪਾਸੋਂ ਬਦਲਾ ਲੈਣ ਲਈ ਤਿਲਮਿਲਾਉਣ ਲੱਗੇ। ਮਾਰਗਰੇਟ ਨੂੰ ਜਿਹੜਾ ਬਲੀਦਾਨ ਕਰਨਾ ਪੈ ਰਿਹਾ ਸੀ, ਉਸ ਵਿਚ ਹੱਥ ਵਟਾਉਣ ਲਈ ਸਾਰੇ ਹੀ ਤਿਆਰ ਹੋ ਖਲੋਤੇ। ਬ੍ਰਹਮਚਾਰਨੀਆਂ ਜਿਹੜੀਆਂ ਕੇਵਲ ਰੋਟੀ ਖਾਣ ਵੇਲੇ ਹੀ ਨਜ਼ਰੀਂ ਆਉਂਦੀਆਂ ਸਨ, ਤੇ ਹੁਣ ਵੀ ਰਸੋਈ ਵਿਚੋਂ ਰੋਟੀਆਂ ਦੀ ਖੁਸ਼ਬੋ ਆਉਣ ਤੇ ਹੀ 'ਰੋਟੀ ਵੇਲਾ ਹੋ ਗਿਆ' ਸਮਝ ਕੇ ਆਈਆਂ ਸਨ, ਸਿਰ ਸੁੱਟ ਕੇ ਬੈਠ ਗਈਆਂ। ਦੋਹਾਂ ਵਿਚੋਂ ਕਿਸੇ ਦੇ ਮੂੰਹੋਂ ਵੀ ਕੁਝ ਨਾ ਨਿਕਲਿਆ। ਸ਼ਾਇਦ ਉਹ ਦਿਲ ਹੀ ਦਿਲ ਵਿਚ ਇਸ ਸੰਕਟ ਦੀ ਨਵਿਰਤੀ ਲਈ ਪ੍ਰਾਰਥਨਾ ਕਰ ਰਹੀਆਂ ਹੋਣ!

ਇਨ੍ਹਾਂ ਹੀ ਸੋਚਾਂ-ਵਿਚਾਰਾਂ ਵਿਚ ਰੋਟੀ ਦਾ ਵੇਲਾ ਹੋ ਗਿਆ। ਅੱਜ ਰੋਟੀ ਖਾਂਦਿਆਂ ਬੋਲਿਆ ਘੱਟ ਗਿਆ, ਪਰ ਸੋਚਿਆ ਬਹੁਤਾ ਗਿਆ।

ਰੋਟੀ ਖਾ ਕੇ ਤੀਵੀਆਂ ਆਪੋ-ਆਪਣੇ ਕਮਰਿਆਂ ਵਿਚ ਜਾ ਕੇ ਸੌਂ ਗਈਆਂ ਤੇ ਆਦਮੀਆਂ ਨੇ ਪਾਈਪ ਧੁਖਾ ਲਏ। ਸਾਰਿਆਂ ਨੇ ਤਾਸ਼ ਖੇਡਣ ਦੇ ਬਹਾਨੇ ਹੋਟਲ ਵਾਲੇ ਨੂੰ ਵੀ ਸੱਦ ਕੇ ਨਾਲ ਸ਼ਾਮਲ ਕਰ ਲਿਆ। ਅਸਲ ਵਿਚ ਉਹ ਉਸ ਪਾਸੋਂ ਕੁਝ ਭੇਤ ਲੈਣਾ ਚਾਹੁੰਦੇ ਸਨ, ਤਾਂ ਜੋ ਉਨ੍ਹਾਂ ਨੂੰ ਅਫ਼ਸਰ ਦੀ ਅਸਲ ਨੀਤੀ ਦਾ ਪਤਾ ਲੱਗ ਸਕੇ।

ਤਾਸ਼ ਸ਼ੁਰੂ ਹੋਈ। ਫਲੇਮਬੀ ਵੀ ਇਸ ਵਿਚ ਹਿੱਸਾ ਲੈ ਰਿਹਾ ਸੀ। ਸਾਰੇ ਆਪੋ-ਆਪਣੇ ਥਾਂ ਹੋਰ-ਹੋਰ ਗੱਲਾਂ ਛੇੜ ਕੇ ਫਲੇਮਬੀ ਦੇ ਅੰਦਰੋਂ ਕੋਈ ਭੇਤ ਕੱਢਣ ਲਈ ਟਿੱਲ ਲਾ ਥੱਕੇ, ਪਰ ਉਹ ਵੀ ਕੱਚੀਆਂ ਗੋਲੀਆਂ ਨਹੀਂ ਸੀ ਖੇਡਿਆ ਹੋਇਆ। ਤਾਸ਼ ਦੀਆਂ ਸਰਾਂ ਤੋਂ ਛੁੱਟ ਉਹ ਹੋਰ ਕਿਸੇ ਗੱਲ ਵੱਲ ਧਿਆਨ ਹੀ ਨਹੀਂ ਸੀ ਦੇ ਰਿਹਾ, ਸਗੋਂ ਬਰਾਬਰ ਕਹੀ ਜਾਂਦਾ ਸੀ, "ਗੱਲਾਂ ਛੱਡੋ, ਤੇ ਖੇਡ ਵੱਲ ਧਿਆਨ ਦਿਓ।" ਤੇ ਆਪ ਉਸ ਦਾ ਧਿਆਨ ਖੇਡ ਵਿਚ ਇਤਨਾ ਖੁਭਿਆ ਜਾਪਦਾ ਸੀ ਕਿ ਉਸ ਨੂੰ ਖੰਘਣਾ ਵੀ ਕੁਝ ਚਿਰ ਲਈ ਭੁੱਲ ਗਿਆ। ਇਸ ਨਾ ਖੰਘਣ ਦਾ ਨਤੀਜਾ ਇਹ ਹੋਇਆ ਕਿ ਉਸ ਦੀ ਛਾਤੀ ਵਿਚ ਘੋਰੜੂ ਵਾਂਗ ਬਲਗਮ ਬੋਲਣ ਲੱਗ ਪਈ। ਉਸ ਦੀ ਫ਼ੇਫੜਿਆਂ ਦੀ ਹਰ ਇਕ ਹਰਕਤ ਤੋਂ ਦਮੇ ਦਾ ਰੰਗ ਪ੍ਰਗਟ ਹੋ ਰਿਹਾ ਸੀ। ਉਸ ਦੇ ਸਵਾਸਾਂ ਵਿਚੋਂ ਠੀਕ ਉਸੇ ਤਰ੍ਹਾਂ ਦੀ ਘਰ-ਘਰਾਂਦੀ ਆਵਾਜ਼ ਨਿਕਲਦੀ ਸੀ, ਜਿਵੇਂ ਛੋਟੇ ਕੁੱਕੜ ਦੀ ਬਾਂਗ ਦੇਣ ਵੇਲੇ।

ਉਸ ਦੀ ਵਹੁਟੀ ਸੱਦਣ ਆਈ। ਸ਼ਾਇਦ ਉਸ ਨੂੰ ਨੀਂਦਰ ਆ ਗਈ ਸੀ, ਪਰ ਫਲੇਮਬੀ ਨੇ ਜਾਣ ਤੋਂ ਇਨਕਾਰ ਕਰ ਦਿੱਤਾ। ਸੋ, ਵਿਚਾਰੀ ਖਪਦੀ-ਖਿਝਦੀ ਮੁੜ ਗਈ। ਜਾਣ ਲੱਗੀ ਵਹੁਟੀ ਨੂੰ ਉਹਨੇ ਪਿਛੋਂ ਆਵਾਜ਼ ਦੇ ਕੇ ਕਿਹਾ, "ਮੇਰੀ ਬੋਤਲ ਅੰਗੀਠੀ ਕੋਲ ਰੱਖ ਦੇਈਂ।" ਤੇ ਆਪ ਉਹ ਫਿਰ ਖੇਡ ਵਿਚ ਲੱਗ ਗਿਆ।

ਜਦ ਸਾਰੇ ਸਮਝ ਗਏ ਕਿ ਇਸ ਪੁਰਾਣੇ ਪਾਪੀ ਦੇ ਮੂੰਹੋਂ ਮਤਲਬ ਦੀ ਕੋਈ ਗੱਲ ਨਿਕਲਣ ਦੀ ਆਸ ਨਹੀਂ, ਤਾਂ ਉਹ ਵੀ ਨੀਂਦਰ ਦਾ ਬਹਾਨਾ ਕਰ ਕੇ ਉਠ ਖੜੋਤੇ।

**(ਚਲਦਾ)**

# ਬ੍ਰਹਮਾ ਦੇ ਫੋਕੇ-ਥੋਥੇ ਚੱਕਰਵਿਊ

***ਬਲਬੀਰ ਮਾਧੋਪੁਰੀ ਨੇ ਸ਼ਾਇਰੀ ਵੀ ਕੀਤੀ ਹੈ ਅਤੇ ਹੋਰ ਨਿੱਕ-ਸੁੱਕ ਵੀ ਲਿਖਿਆ ਹੈ ਪਰ ਉਸ ਨੇ 'ਛਾਂਗਿਆ ਰੁੱਖ' ਵਿਚ ਜਿਹੜੀ ਹੱਡਬੀਤੀ ਬਿਆਨ ਕੀਤੀ ਹੈ, ਉਹ ਰੌਂਗਟੇ ਖੜ੍ਹੇ ਕਰਨ ਵਾਲੀ ਹੈ। ਜਾਤ ਕਰ ਕੇ ਉਸ ਅਤੇ ਉਸ ਦੇ ਟੱਬਰ ਨੂੰ ਜਿਨ੍ਹਾਂ ਹਾਲਾਤ ਵਿਚੋਂ ਲੰਘਣਾ ਪਿਆ, ਉਸ ਨੂੰ ਬਲਬੀਰ ਨੇ ਬੜੇ ਦਿਲ-ਗੁਰਦੇ ਅਤੇ ਦਰਦ ਨਾਲ ਸਾਹਮਣੇ ਲਿਆਂਦਾ ਹੈ। ਪੈਰ ਪੈਰ 'ਤੇ ਪੈਂਦੇ ਅੜਿੱਕੇ ਪਾਰ ਕਰ ਕੇ ਉਸ ਨੇ ਕਿਸ ਤਰ੍ਹਾਂ ਉਡਾਣ ਭਰੀ, 'ਛਾਂਗਿਆ ਰੁੱਖ' ਉਸੇ ਦਾ ਖੂਬਸੂਰਤ ਬਿਰਤਾਂਤ ਹੈ। ਇਸ ਵਿਚਲੇ ਲੇਖ 'ਬ੍ਰਹਮਾ ਦੇ ਫੋਕੇ-ਥੋਥੇ ਚੱਕਰਵਿਊ' ਵਿਚ ਉਸ ਨੇ ਸਦੀਆਂ ਤੋਂ ਥੋਪੀਆਂ ਰੀਤਾਂ ਅਤੇ ਵਿਚਾਰਾਂ ਨੂੰ ਵੱਢ ਮਾਰਿਆ ਹੈ। -ਸੰਪਾਦਕ***

"ਮੈਂ ਤੌਣੀ ਲਾਊਨਾਂ ਇਹਨੂੰ, ਰਾਣੀ ਖਾਂ ਦੇ ਸਾਲ਼ੇ ਨੂੰ ...।" ਵਿਹੜੇ ਵੜਦਿਆਂ ਭਾਈਏ ਨੇ ਤਿੱਖੀ ਤੇ ਤਲਖ਼ ਜ਼ਬਾਨ ਵਿਚ ਆਖਿਆ। ਉਹਦੇ ਨਾਲੋਂ ਉਹਦੀਆਂ ਗੁੱਸੇ ਭਰੀਆਂ ਘੂਰਦੀਆਂ ਨਜ਼ਰਾਂ ਦੇ ਤੇਜ਼ ਰਫ਼ਤਾਰ ਤੀਰ ਸਿੱਧੇ ਮੇਰੇ ਤਨ ਵਲ ਆ ਰਹੇ ਸਨ। ਉਹਨੇ ਬਿਨਾਂ ਸਾਹ ਲਿਆਂ ਫਿਰ ਕਿਹਾ,



"ਜਦੋਂ ਤੇਰੇ ਪਤੰਦਰਾਂ ਨੇ ਫੜ ਕੇ ਫੈਂਟਾ ਚਾੜ੍ਹਿਆ, ਫੇ ਮਾਂ ਚੇਤੇ ਆਊ! ਗੰਦੀ ਅਲਾਦ ਕਿਸੇ ਥਾਂ ਦੀ...।"

ਮੈਨੂੰ ਚਿੱਤ-ਚੇਤੇ ਵੀ ਨਹੀਂ ਸੀ ਕਿ

**ਬਲਬੀਰ ਮਾਧੋਪੁਰੀ**
**ਫੋਨ: 91-93505-48100**

ਭਾਈਆ ਅੱਜ ਮੈਨੂੰ ਕਿਉਂ ਗੰਦਾ-ਮੰਦਾ ਬੋਲ ਰਿਹਾ ਹੈ। ਮੈਂ ਸਹਿਮ ਗਿਆ ਤੇ ਦੇਹ ਬੇਹਰਕਤ ਹੋ ਗਈ। ਮੈਂ ਉਥੇ ਖੜ੍ਹੇ ਨੇ ਦਲਾਨ ਅੰਦਰ ਮਾਂ ਦੇ ਮੰਜੇ ਵੱਲ ਝਾਕਿਆ, ਜਿੱਥੇ ਉਹ ਉਪਰੋਥਲੀ ਜੰਮੀ ਮੇਰੀ ਤੀਜੀ ਭੈਣ ਦੇ ਜਣੇਪੇ ਕਾਰਨ ਗਲ਼ ਤਕ ਖੇਸੀ ਓੜ ਕੇ ਲੰਮੀ ਪਈ ਹੋਈ ਸੀ। ਉਹਨੇ ਆਪਣੇ ਦੋਹਾਂ ਹੱਥਾਂ ਦੀ ਬਣਾਈ ਕੰਘੀ ਉਤੇ ਰੱਖੇ ਸਿਰ ਨੂੰ ਉਤਾਂਹ ਚੁੱਕਿਆ। ਮੱਥਾ ਦੁਪੱਟੇ ਵਿਚ ਲਪੇਟਿਆ ਦਿਸਿਆ।

ਮਾਂ ਦਾ ਲਿੱਸਾ ਜਿਹਾ ਮੂੰਹ ਕੁਝ ਦਿਨ ਪਹਿਲਾਂ ਪੀਲਾ ਭੂਕ ਹੋ ਗਿਆ ਸੀ ਜੋ ਭਾਈਏ ਦੇ ਬੋਲਾਂ ਨਾਲ ਹੋਰ ਫੱਕ ਹੋ ਗਿਆ। ਉਹਦੀਆਂ ਖਾਖਾਂ ਉਤੇ ਸਿਆਹੀਆਂ ਪਹਿਲਾਂ ਵਾਂਗ ਤੇ ਅੱਖਾਂ ਅੰਦਰ ਨੂੰ ਧੱਸੀਆਂ ਹੋਈਆਂ ਸਨ ਜਿਨ੍ਹਾਂ ਨੂੰ ਦੇਖਦਿਆਂ ਮੈਂ ਡਰ ਕੇ ਘਬਰਾ ਗਿਆ। ਪਤਾ ਨਹੀਂ ਮੈਨੂੰ ਫਿਰ ਕੀ ਸੁੱਝਿਆ, ਤੇ ਮੈਂ ਫੁਰਤੀ ਨਾਲ ਮਾਂ ਦੇ ਮੰਜੇ ਕੋਲ ਰੋਣਹਾਕਾ ਜਿਹਾ ਹੋ ਕੇ ਖੜ੍ਹਾ ਹੋ ਗਿਆ।

"ਏਹਨੇ ਕਿਸੇ ਦਿਨ ਸਾਡੇ ਸਿਰ ਪੜਾਉਣੇ, ਹੱਡ-ਹਰਾਮੀ ਨੇ! ਸਾਰਾ ਦਿਨ ਇੱਲਤਾਂ ਤੋਂ ਇਲਾਬਾ ਬੀ ਸੁੱਝਦਾ ਏਹਨੂੰ ਕੁਛ?" ਭਾਈਆ ਮੇਰੇ ਵੱਲ ਆਉਂਦਾ ਬੋਲ ਰਿਹਾ ਸੀ ਕਿ ਮਾਂ ਨੇ ਵਿਚੋਂ ਟੋਕਦਿਆਂ ਪੁੱਛਿਆ, "ਬੁਝਾਰਤਾਂ ਪਾਈ ਜਾਊਂਗਾ ਕਿ ਦੱਸੂੰਗਾ ਬੀ ਕੁਛ? ਜਿਹੜਾ ਅਈਨਾ ਇਹਦੇ ਪਿੱਛੇ ਹੱਥ ਧੋ ਕੇ ਪੈ ਗਿਆਂ!"

"ਬੁਝਾਰਤਾਂ ਲੈ ਕੇ ਆ ਗਈ? ਤੂੰਹੀਂ ਸਿਰ 'ਤੇ ਚੜ੍ਹਾਇਆ ਇਸ ਤੁਖਮ ਦੀ ਮਾਰ ਨੂੰ!"

"ਫੇ ਓਈਓ ਗੱਲ! ਕੁਝ ਦੱਸੂੰਗਾ ਕਿ ਅਬਾ-ਤਬਾ ਈ ਬੋਲਦਾ ਰਹੂੰ?" ਮਾਂ ਨੇ ਮੰਜੇ 'ਤੇ ਬੈਠਦਿਆਂ ਤੇ ਆਪਣੀ ਹਿੱਕ ਨਾਲ ਮੈਨੂੰ ਲਾਉਂਦਿਆਂ ਆਖਿਆ।

"ਹੈਕਨਾ ਦੀ ਖੂਹੀ 'ਚ ਚੋਰੀ-ਛੱਪੀ ਮੂਤਦਾ ...।" ਭਾਈਏ ਨੇ ਜਦੋਂ ਦੱਸਿਆ ਤਾਂ ਮਾਂ ਮੇਰੇ ਵੱਲ ਹੈਰਾਨੀ ਨਾਲ ਦੇਖਣ ਲੱਗੀ।

"ਉਨ੍ਹਾਂ ਨੇ ਓਸੇ ਖੂਹੀ 'ਚ ਡਬੋ ਕੇ ਮਾਰ ਦੇਣਾ, ਜੇ ਪਤਾ ਲੱਗ ਗਿਆ, ਹੁਣ ਈ ਲਾ'ਪਿਆ ਬੜਾ ਚੌਧਰੀ ਬਣਨ! ਸਬਿਹਾਰ ਨੂੰ ਟੱਟੀ ਫਿਰ ਕੇ ਅਜੇ ਹੱਥ ਧੋਣੇ ਨੀਂ ਆਉਂਦੇ!"

"ਗੁਆਂਢ-ਮੱਥਾ, ਏਦਾਂ ਕਿਉਂ ਕਰਦਾਂ, ਖੁਆਜਾ ਖਿਜਰ ਨੂੰ ਦੁਨੀਆਂ ਪੀਰ ਮੰਨਦੀ ਆ ਤੇ ਤੂੰ ...।" ਮਾਂ ਨੇ ਪਹਿਲਾਂ ਮੇਰੇ ਵੱਲ ਤੇ ਫਿਰ ਭਾਈਏ ਵਲ ਤੱਕਦਿਆਂ ਆਖਿਆ।

"ਅਖੇ ਜੱਟ ਸਾਨੂੰ ਖੂਹਾਂ 'ਤੇ ਨਈਂ ਚੜ੍ਹਨ ਦਿੰਦੇ...ਆ ਗਿਆ ਬੜਾ ਮੁਖ਼ਾਲਫ਼ਤ ਕਰਨ ਆਲਾ। ਜਦ ਸਾਡਾ ਆਪਣਾ ਖੂਹ ਆ, ਤੇ ਤੂੰ ਉਥੇ ਛੁਣਛਣਾ ਲੈਣ ਜਾਣਾ। ਬੜਾ ਚੱਕਿਆ ਲੰਬੜਦਾਰੀ ਦਾ!" ਭਾਈਏ ਨੇ ਲਗਾਤਾਰ ਬੋਲਦਿਆਂ ਮੇਰੀ ਖੱਬੀ ਬਾਂਹ ਨੂੰ ਮਰੋੜਾ ਚਾੜ੍ਹਿਆ। ਮੇਰੇ ਮੋਟੇ-ਮੋਟੇ ਹੰਝੂ ਇਉਂ ਡਿਗਣ ਲੱਗ ਪਏ ਜਿਵੇਂ ਬਰਸਾਤ ਨੂੰ ਸਾਡੇ ਘਰ ਦੀ ਕਾਨਿਆਂ, ਕੜੀਆਂ ਤੇ ਤੋੜਿਆਂ ਦੀ ਛੱਤ ਥਾਂ-ਥਾਂ ਤੋਂ ਟਪਕਣ ਲੱਗ ਪੈਂਦੀ ਸੀ।

ਮਾਂ ਨੇ ਮੰਜੇ ਤੋਂ ਭੁੰਜੇ ਉਤਰ ਕੇ ਭਾਈਏ ਤੋਂ ਮੈਨੂੰ ਛੁਡਾਉਂਦਿਆਂ ਕਿਹਾ, "ਓਦਾਂ ਨਈਂ ਸਮਝਾ ਹੁੰਦਾ? ਨਿਆਣਿਆਂ ਦੀਆਂ ਕੱਚ ਅਰਗੀਆਂ ਹੱਡੀਆਂ ਹੁੰਦੀਆਂ, ਜੇ ਬਾਂਹ ਟੁੱਟ ਗਈ ਤਾਂ ਲੈ ਕੇ ਤੁਰਿਆਂ ਰਹੀਂ ਕਦੀ ਕਿਸੇ ਪਿੰਡ, ਕਦੀ ਕਿਸੇ ਕੋਲ ...।"

"ਮਈਨੂੰ ਏਹਦਾ ਤਵੰਜ ਉੜਾਉਣ ਦੇ ਅੱਜ, ਸਬਕ ਸਖਾਲਦਾਂ ਏਹਨੂੰ ਪਈ ਖੂਹਾਂ 'ਚ ਕਿੱਦਾਂ ...।" ਭਾਈਏ ਨੂੰ ਗੁੱਸੇ ਵਿਚ ਬੋਲਦਿਆਂ ਸਾਹ ਚੜ੍ਹ ਗਿਆ। ਉਹਨੇ ਜ਼ਰਾ ਕੁ ਬਾਅਦ ਮੁੜ ਆਖਿਆ, "ਸਾਨੂੰ ਨਈਂ ਪਤਾ ਜਿੱਦਾਂ ਇਨ੍ਹਾਂ ਗੱਲਾਂ ਦਾ ...।"

ਭਾਈਏ ਨੇ ਤਾੜ੍ਹ-ਤਾੜ੍ਹ ਦੋ-ਤਿੰਨ ਚਪੇੜਾਂ ਮੇਰੀ ਖੱਬੀ ਪੁੜਪੜੀ ਉਤੇ ਮਾਰੀਆਂ। ਮੈਂ ਆਪਣੀਆਂ ਅੱਖਾਂ ਬਾਹਾਂ ਨਾਲ ਪੂੰਝਣ ਲੱਗ ਪਿਆ। ਫਿਰ ਮੈਂ ਉਡਦੀ ਜਿਹੀ ਨਜ਼ਰ ਦਲਾਨ ਅੰਦਰ ਮਾਰੀ। ਇਕ ਖੂੰਜੇ ਮੇਰੀਆਂ ਦੋ ਭੈਣਾਂ ਡੈਂਬਰੀਆਂ ਖੜ੍ਹੀਆਂ ਸਨ। ਛੋਟੀ ਹੌਲੀ-ਹੌਲੀ ਹਟਕੋਰੇ ਭਰ ਰਹੀ ਸੀ ਤੇ ਉਹਦੇ ਨੱਕ ਵਿਚੋਂ ਪਾਣੀ ਵਗਣ ਲੱਗ ਪਿਆ ਸੀ।

"ਨਾ ਹੁਣ ਸਾਰੇ ਪਿੰਡ ਨੂੰ ਪਤਾ ਲਾ ਕੇ ਹਟੂੰਗਾ, ਸ਼ੁਕਰ ਆ ਪਈ ਕਿਸੇ ਨੂੰ ਕੁਛ ਪਤਾ ਨ੍ਹੀਂ ...।" ਮਾਂ ਨੇ ਮੇਰਾ ਖਹਿੜਾ ਛੁਡਾਉਣ ਲਈ ਦਲੀਲ ਦਿੱਤੀ।

ਮਾਂ ਨੇ ਮੈਨੂੰ ਪਤਿਆਇਆ ਤੇ ਸਮਝਾਇਆ, "ਅੱਗੇ ਤੋਂ ਏਦਾਂ ਦੀ ਹਰਕਤ ਨ੍ਹੀਂ ਕਰਨੀ, ਖੁਆਜਾ ਪੀਰ ਨਰਾਜ ਹੋ ਜਾਊਗਾ ...।"

ਉਹ ਬੋਲਦੀ-ਬੋਲਦੀ ਮੇਰੀਆਂ ਭੈਣਾਂ ਵੱਲ ਗਈ ਤੇ ਉਨ੍ਹਾਂ ਨੂੰ ਵਰਾਉਣ ਲੱਗ ਪਈ। ਛੋਟੀ ਭੈਣ ਦੀਆਂ ਅੱਖਾਂ ਨੂੰ ਦੁਪੱਟੇ ਦੇ ਲੜ ਨਾਲ ਸਾਫ਼ ਕੀਤਾ। ਮੈਂ ਆਪਣੇ ਹੰਝੂ ਪੁੱਠੇ ਹੱਥਾਂ ਨਾਲ ਪੂੰਝੇ।

ਥੋੜ੍ਹੇ ਕੁ ਚਿਰ ਪਿੱਛੋਂ ਮੈਂ ਮਨ ਹੀ ਮਨ ਖੁਸ਼ ਹੋਇਆ ਕਿ ਹੁਣ ਭਾਈਏ ਨੇ ਕੁਟਾਪਾ ਨਹੀਂ ਚਾੜ੍ਹਨਾ ਤੇ ਉਹਨੂੰ ਮੇਰੀਆਂ ਅਜਿਹੀ ਹਰਕਤਾਂ ਦਾ ਪਤਾ ਨਹੀਂ। ਫਿਰ ਦੁਚਿੱਤੀ ਵਿਚ ਪਿਆਂ ਪਤਾ ਨਹੀਂ ਕੀ ਅਹੁੜਿਆ, ਤੇ ਮੈਂ ਸਹਿਬਨ ਹੀ ਦੱਸਣ ਲੱਗ ਪਿਆ, "ਮੈਂ 'ਕੱਲੇ ਨੇ ਥੋੜ੍ਹੇ ਮੂਤਿਆ ਸੀ, ਅਸੀਂ ਵਿਹੜੇ ਦੇ ਮੁੰਡੇ ਖੂਹਾਂ 'ਚ ਮੂਤਦੇ ਈ ਰਹਿੰਦੇ ਆਂ, ਦੁਪਹਿਰ ਨੂੰ ਛੂਹਣ-ਛੁਹਾਈ ਦੇ ਬਹਾਨੇ ...।"

"ਦੁਰਫਿੱਟੇ ਮੂੰਹ ਇਸ ਤੁਖਮ ਦੀ ਮਾਰ ਦੇ, ਜੀਉਂਦਿਆਂ ਨੂੰ ਮਾਰੂੰਗਾ!" ਭਾਈਏ ਦੇ ਸੱਜੇ ਹੱਥ ਦੀ ਚਪੇੜ ਮੇਰੇ ਮੂੰਹ 'ਤੇ ਲੱਗਣ ਹੀ ਲੱਗੀ ਸੀ ਕਿ ਮਾਂ ਨੇ ਕਾਹਲੀ ਨਾਲ ਭਾਈਏ ਦੀ ਚੁੱਕੀ ਹੋਈ ਬਾਂਹ ਫੜ ਲਈ।

ਇੰਨੇ ਨੂੰ ਬੋਹੜ-ਪਿੱਪਲ ਥੱਲਿਓਂ ਉਠ ਕੇ ਪਾਣੀ ਪੀਣ ਆਈ ਮੇਰੀ ਦਾਦੀ ਨੇ ਪੁੱਛਿਆ, "ਅਈਨੇ ਚਿਰਾਂ ਦੀ ਕੀ ਘੈਂਸੋ-ਘੈਂਸੋ ਲਾਈਓ ਆ...? ਅਈਡੀ ਕਿਹੜੀ ਮੁਸੀਬਤ ਆ ਗਈ?"

ਦਾਦੀ ਨੂੰ ਪਲ ਵਿਚ ਹੀ ਸਾਰੀ ਘਟਨਾ ਦਾ ਪਤਾ ਲੱਗ ਗਿਆ ਤੇ ਆਖਣ ਲੱਗੀ, "ਸਾਰੀ ਚਮ੍ਹਾਰਲੀ ਪਲ-ਪਲ ਦਾ ਹੱਗਿਆ-ਮੂਤਿਆ ਜਾ ਕੇ ਜੱਟਾਂ ਨੂੰ ਦੱਸਦੀ ਆ, ਆਪਣੇ ਈ ਆਪਣਿਆਂ ਦੇ ਖ਼ਿਲਾਫ਼ ਜਾ ਕੇ ਲੂਤੀਆਂ ਲਾਉਂਦੇ ਆ। ਜੇ ਉਨ੍ਹਾਂ ਨੂੰ ਇਹ ਗੱਲ ਖੁੜਕ ਗਈ ਤਾਂ ਸਮਝੋ ਖੜਕ ਪਈ ...।" ਫਿਰ ਮੇਰੇ ਵੱਲ ਘੂਰੀ ਵੱਟਦੀ ਹੋਈ ਬੋਲਣ ਲੱਗੀ, "ਦੱਤਾਂ ਹੁਣ ਭੁੱਲੂ ਕਿੱਦਾਂ ਅਟੇਰ ਕੇ ਖੜ੍ਹਾ ਮੀਸਣਾ ਜਿਹਾ, ਜਿੱਦਾਂ ਮੂੰਹ 'ਚ ਜਬਾਨ ਈ ਨਈਂ ਹੁੰਦੀ।"

"ਦੱਸਦੇ ਆ ਪਈ ਇਸ ਫਲਾਣੂ ਨੇ ਪਿੰਡ ਦੇ ਕਈ ਬੰਦਿਆਂ-ਤੀਮੀਆਂ ਬਾਰੇ ਕਈ ਟੋਟਕੇ ਜੋੜਿਓ ਆ।" ਭਾਈਏ ਨੇ ਗੁੱਸੇ ਵਿਚ ਬੋਲਦਿਆਂ ਪੁੱਛਿਆ, "ਦੱਸ ਕਿਹਦੇ ਕਿਹਦੇ ਬਾਰੇ ਆ? ਬੋਲ ਦਬਾ ਸੱਟ! ਨਈਂ ਤਾਂ ਦੋ ਚਿਰ ਛੱਡੂ ਕੰਨਾਂ 'ਤੇ!"

ਮੈਂ ਝੱਟ ਸਕੂਲ ਦੇ ਸਬਕ ਵਾਂਗ ਯਾਦ ਕੀਤੀਆਂ ਕਾਵਿ-ਤੁਕਾਂ ਸੁਣਾਉਣ ਲੱਗ ਪਿਆ,

ਤੇਸੇ ਉਤੇ ਆਰੀ, ਧੰਨੀ ਸਨਿਆਰੀ।
ਤੇਸੇ ਉਤੇ ਆਰੀ, ਰਾਮ ਪਿਆਰੀ।
ਨੱਥਾ ਸੂੰਹ ਨਾਈ, ਲਾਭ ਸੂੰਹ ਭਾਈ।
ਇੰਦਰ ਸੂੰਹ ਗੰਗੀ ਦਾ, ਲਾਭ ਸੂੰਹ ਰੰਡੀ ਦਾ।
ਮਾਲਾਂ ਮਾਲਾਂ ਮਾਲਾਂ, ਤੇਰੇ ਪੈਰ ਸੋਨੇ ਦੀਆਂ ਖੜਕਾਲਾਂ ...।

ਭਾਈਏ ਨੇ ਇਕ ਵਾਰ ਮੁੜ ਹੱਥ ਚੁੱਕਿਆ ਤੇ ਮੈਂ ਬੋਲਦਾ-ਬੋਲਦਾ ਚੁੱਪ ਹੋ ਗਿਆ ਜਿਵੇਂ ਰੱਟਾ ਲਾਇਆ ਸਬਕ ਅੱਧ-ਵਿਚਾਲੇ ਭੁੱਲ ਗਿਆ ਹੋਵੇ। ਜ਼ਰਾ ਕੁ ਪਿੱਛੋਂ ਮੈਂ ਬਿਨਾਂ ਪੁੱਛਿਆਂ ਆਪ ਹੀ ਦੱਸਣ ਲੱਗ ਪਿਆ, "ਇਹ ਟੋਟਕੇ ਮੈਂ ਨਈਂ ਜੋੜੇ, ਹੋਰਨਾਂ ਤੋਂ ਸੁਣਿਓਂ ਆ ...।"

"ਤੇ ਤੂੰ ਕਿਹੜੇ ਜੋੜੇ ਆ?"

"ਉਹ ਹੋਰਨਾਂ ਬਾਬਤ ਆ ...।"

"ਸ਼ਾਬਾਸ਼ ਹਰਾਮਦੀਏ ਜਿਣਸੇ...ਚੰਦ ਚੜ੍ਹਾਊਂਗਾ ਕਿਸੇ ਦਿਨ ...।" ਭਾਈਏ ਨੇ ਕਿਸੇ ਨਜੂਮੀ ਵਾਂਗ ਆਖਿਆ। ਉਹਦਾ ਗੁੱਸਾ ਮੈਨੂੰ ਪਹਿਲਾਂ ਨਾਲੋਂ ਕੁਝ ਢੈਲਾ ਪੈ ਗਿਆ ਲੱਗਿਆ।

"ਚਲ ਛੱਡ ਪਰੇ ਹੁਣ...ਬਥੇਰਾ ਸਮਝਾ'ਤਾ।" ਮਾਂ ਨੇ ਆਪਣੇ ਮੰਜੇ ਵੱਲ ਨਿੱਕੇ-ਨਿੱਕੇ ਕਦਮ ਪੁੱਟਦਿਆਂ ਆਖਿਆ ਜਿਵੇਂ ਚਿਰੋਕਣੀ ਬਿਮਾਰ ਹੋਵੇ।

ਭਾਈਆ ਮੇਰੇ ਦੁਆਲਿਓਂ ਹਟ ਕੇ ਹੁੱਕੇ ਦੀ ਚਿਲਮ ਵਿਚ ਅੱਗ ਪਾਉਣ ਲਈ ਛਤੜੀ ਵੱਲ ਹੋ ਗਿਆ, ਪਰ ਸਾਡੀਆਂ ਸਾਰਿਆਂ ਦੀਆਂ ਨਜ਼ਰਾਂ ਇਕਦਮ ਮੇਰੀ ਨਵ-ਜੰਮੀ ਭੈਣ ਵਲ ਗਈਆਂ ਜਦੋਂ ਉਹ ਨਿੱਕੇ-ਨਿੱਕੇ ਹੱਥ-ਪੈਰ ਮਾਰਦੀ ਰੋਣ ਲੱਗ ਪਈ। ਉਹਦੀਆਂ ਛੋਟੀਆਂ-ਛੋਟੀਆਂ ਅੱਖਾਂ ਥਾਣੀਂ ਨਿਕਲਦਾ ਪਾਣੀ ਦੇਖ ਕੇ ਮੈਂ ਹੈਰਾਨ ਰਹਿ ਗਿਆ ਕਿ ਇਨ੍ਹਾਂ ਵਿਚ ਹੰਝੂ ਕਿਵੇਂ ਨਿਕਲੇ ਹੋਣਗੇ।

ਮਾਂ ਦਾ ਜਣੇਪੇ ਪਿੱਛੋਂ ਪਤਲਾ ਹੋਇਆ ਸਰੀਰ ਤੇ ਪੀਲਾ-ਬਸਾਰ ਚਿਹਰਾ ਦੇਖ ਮੈਨੂੰ ਤਰਸ ਜਿਹਾ ਆ ਗਿਆ। ਕੁਝ ਦਿਨ ਪਹਿਲਾਂ ਦੀ ਉਹਦੀ ਹਾਲਤ ਮੇਰੀਆਂ ਅੱਖਾਂ ਸਾਹਮਣੇ ਆ ਗਈ, ਉਹਦਾ ਵੱਡਾ ਫੁੱਲਿਆ-ਭਰਿਆ ਹੋਇਆ ਢਿੱਡ, ਤੋਰ ਵਿਚ ਨਾ ਚੁਸਤੀ ਨਾ ਫੁਰਤੀ ਤੇ ਅੱਖਾਂ ਵਿਚ ਨਿਰੀ ਸੁਸਤੀ ਹੀ ਸੁਸਤੀ। ਚੁੱਲ੍ਹੇ ਮੂਹਰੇ ਬੈਠੀ ਚੁੱਲ੍ਹੇ ਨਾਲੋਂ ਮਿੱਟੀ ਦੀਆਂ ਡਲੀਆਂ ਤੋੜ-ਤੋੜ ਖਾਂਦੀ ਦਿਸੀ। ਭਾਈਆ ਉਹਨੂੰ ਖਿਝ-ਖਿਝ ਦਬਕੇ ਮਾਰਦਾ।

ਮੈਂ ਹੈਰਾਨ-ਪ੍ਰੇਸ਼ਾਨ ਹੋ ਕੇ ਰਹਿ ਜਾਂਦਾ ਕਿ ਦਰਮਿਆਨੇ ਜਿਹੇ ਕੱਦ-ਕਾਠ ਤੇ ਲਾਖੇ ਰੰਗ ਦਾ ਭਾਈਆ ਕਿਵੇਂ ਮਾਂ ਉਤੇ ਰੋਹਬ ਰੱਖਦਾ ਹੈ। ਉਹ ਕਦੀ-ਕਦੀ ਕੁਟਾਪਾ ਵੀ ਚਾੜ੍ਹ ਦਿੰਦਾ ਹੈ ਪਰ ਉਹ ਮੋਹਰੇ ਮੋੜਵਾਂ ਜਵਾਬ ਨਹੀਂ ਦਿੰਦੀ, ਤੇ ਨਾ ਹੀ ਉਹਨੂੰ ਉਚੀ-ਲੰਮੀ ਤੇ ਸੁਨੱਖੀ ਹੋਣ ਦਾ ਮਾਣ ਹੈ। ਇਹ ਸੋਚਦਿਆਂ ਇਕ ਖ਼ਿਆਲ ਮੇਰੇ ਮਨ ਵਿਚ ਇਉਂ ਆਇਆ ਜਿਵੇਂ ਦਿਨ ਢਲਣ ਮਗਰੋਂ ਸਾਡੇ ਘਰ ਦੇ ਬੂਹੇ ਥਾਣੀਂ ਧੁੱਪ ਆ ਗਈ ਸੀ। ਮੈਂ ਜੱਕੋ-ਤੱਕੀ ਵਿਚ ਮਾਂ ਦੇ ਸਿਰਾਹਣੇ ਖੜ੍ਹਾ ਹੋ ਕੇ ਦੱਸਿਆ, "ਮੈਂ ਰੱਤੇ ਹੁਣਾਂ ਦੀ ਕੰਧ 'ਤੇ ਬੰਦੇ-ਤੀਮੀਂ ਤੇ ਦੋ ਨਿਆਣਿਆਂ ਦੀਆਂ ਰੰਗਦਾਰ ਤਸਵੀਰਾਂ ਬਣੀਆਂ ਦੇਖੀਆਂ!"

"ਵੇ? ਦੱਸ ਕੀ ਗੱਲ ਦੱਸਣੀ ਚਾਹੁਨਾ?" ਮਾਂ ਨੇ ਮੇਰੀ ਭੈਣ ਨੂੰ ਦੁੱਧ ਚੁੰਘਾਉਣ ਪਿੱਛੋਂ ਆਪਣੀ ਹਿੱਕ ਨਾਲ ਲਾ ਕੇ ਉਹਦੀ ਪਿੱਠ 'ਤੇ ਹੱਥ ਫੇਰਦਿਆਂ ਪੁੱਛਿਆ।

"ਉਥੇ ਲਿਖਿਆ ਹੋਇਆ, ਬਸ ਦੋ ਜਾਂ ਤੀਨ ਬੱਚੇ, ਹੋਤੇ ਹੈਂ ਘਰ ਮੇਂ ਅੱਛੇ।"

ਮੈਂ ਦੱਸਿਆ ਤਾਂ ਮਾਂ ਨੇ ਮੇਰਾ ਸਿਰ ਪਲੋਸਿਆ, ਪਰ ਪਤਾ ਨਹੀਂ ਕਿਉਂ ਉਹਦੀਆਂ ਅੱਖਾਂ ਵਿਚ ਪਾਣੀ ਛਲਕ ਪਿਆ। ਉਹਨੇ ਸੱਜੇ ਹੱਥ ਵਿਚ ਦੁਪੱਟੇ ਦਾ ਲੜ ਫੜ ਕੇ ਆਪਣੀਆਂ ਅੱਖਾਂ ਦੀਆਂ ਕੋਰਾਂ ਸਾਫ਼ ਕੀਤੀਆਂ। ਪਤਾ ਨਹੀਂ ਫਿਰ ਉਹ ਕਿਹੜੀਆਂ ਸੋਚਾਂ ਵਿਚ ਡੁੱਬ ਗਈ ਤੇ ਉਹਦੀਆਂ ਅੱਖਾਂ ਦੇਖਣ ਨੂੰ ਖੁੱਲ੍ਹੀਆਂ ਸਨ, ਨਾ ਉਹ ਉਨ੍ਹਾਂ ਨੂੰ ਝਪਕ ਰਹੀ ਸੀ ਤੇ ਨਾ ਹੀ ਉਨ੍ਹਾਂ ਨੂੰ ਇੱਧਰ-ਉੱਧਰ ਘੁਮਾ ਰਹੀ ਸੀ। ਬਸ ਇਕ ਟੱਕ ਮੇਰੀ ਛੋਟੀ ਭੈਣ ਵਲ ਦੇਖੀ ਜਾ ਰਹੀ ਸੀ।

ਇੰਨੇ ਨੂੰ ਵੱਡਾ ਭਰਾ ਸਕੂਲੋਂ ਪੜ੍ਹ ਕੇ ਆ ਗਿਆ। ਮੈਂ ਹੁਸ਼ਿਆਰੀ ਨਾਲ ਘਰੋਂ ਨਿਕਲ ਕੇ ਬੋਹੜ ਥੱਲੇ ਪਹਿਲਾਂ ਹੀ ਬੈਠੇ ਭਾਈਏ ਤੇ ਦਾਦੀ ਹੁਰਾਂ ਕੋਲ ਜਾ ਬੈਠਾ ਤਾਂ ਕਿ ਉਹਨੂੰ ਪਤਾ ਨਾ ਲੱਗੇ ਕਿ ਮੈਨੂੰ ਅੱਜ ਭਾਈਏ ਨੇ ਤਾਂਬੜ ਚਾੜ੍ਹਿਆ ਹੈ।

ਮੈਂ ਦੇਖਿਆ ਕਿ 'ਅੰਨ੍ਹਾ ਸਾਧ' (ਗਰੀਬ ਦਾਸ) ਕਥਾ ਸੁਣਾਉਂਦਾ ਆਖ ਰਿਹਾ ਸੀ, "ਹਲਾ! ਜਿੱਦਾਂ ਕਹੋ, ਜਿਹੜਾ ਕਈਨੇ ਆਂ ਓਹੀਓ ਪ੍ਰਸੰਗ ਸੁਣਾ ਦਿਆਂਗੇ ਰਾਤ ਨੂੰ!"

ਮੈਨੂੰ ਪਿਛਲੇ ਦਿਨਾਂ ਦੇ ਪ੍ਰਸੰਗ ਦਾ ਚੇਤਾ ਆਇਆ ਕਿ ਲੋਕ ਇਕਾਗਰ ਬਿਰਤੀ ਨਾਲ 'ਅੰਨ੍ਹੇ ਸਾਧ' ਦੇ ਪ੍ਰਵਚਨ ਸੁਣ ਰਹੇ ਸਨ। ਉਹ ਖੱਬੇ ਹੱਥ ਨਾਲ ਤੂੰਬਾ ਤੇ ਸੱਜੇ ਨਾਲ ਖੜਤਾਲਾਂ ਵਜਾਉਂਦਾ ਅਤੇ ਦਮ ਮਾਰਨ ਲਈ ਹੁੱਕੇ ਦੇ ਲੰਮੇ-ਲੰਮੇ ਘੁੱਟ ਭਰਦਾ ਦਿਸਿਆ। ਮੈਂ ਉਤਾਵਲਾ ਹੋ ਗਿਆ ਕਿ ਕਿਹੜੀ ਘੜੀ ਖੋ-ਪੀਆ ਹੋਵੇ ਤੇ ਨਵੀਆਂ-ਅਨੋਖੀਆਂ ਗੱਲਾਂ ਸੁਣਾਂ।

ਲੋਕ ਅੰਨ-ਪਾਣੀ ਛਕ ਕੇ ਬੋਹੜ-ਪਿੱਪਲ ਥੱਲੇ ਖੱਡੀਆਂ ਵਾਲੀ ਥਾਂ 'ਤੇ ਆ ਜੁੜੇ ਤੇ ਗਰੀਬ ਦਾਸ ਨੇ ਪੁੱਛਿਆ, "ਹਾਂ ਜੀ, ਭਲਿਓ ਲੋਕੋ, ਬ੍ਰਹਮਾ ਜੀ ਦਾ ਪ੍ਰਸੰਗ ਸੁਣਨ ਲਈ ਕਈਂਦੇ ਸੀ, ਸੁਣੋ!" ਨਾਲ ਹੀ ਤੂੰਬੇ ਦੀ ਤਾਰ ਨੂੰ ਕੱਸਿਆ ਤੇ ਸੱਜੇ ਹੱਥ ਦੀ ਪਹਿਲੀ ਉਂਗਲ ਉਤੇ ਚੜ੍ਹਾਏ ਮਹਿਰਾਬ ਨਾਲ ਤਾਰ ਨੂੰ ਟੁਣਕਿਆ।

"ਭਾਈ ਪੁਰਾਣਾਂ 'ਚ ਆਉਂਦਾ, ਪਈ ਬ੍ਰਹਮਾ ਜੀ ਨੇ ਸਾਰੀ ਸ੍ਰਿਸ਼ਟੀ ਨੂੰ ਸਾਜਿਆ। ਸਾਰੇ ਮਨੁੱਖਾਂ ਨੂੰ ਪੈਦਾ ਕੀਤਾ, ਮਨੂ ਜੀ ਮਹਾਰਾਜ ਮੁਤਾਬਕ ਬ੍ਰਹਮਾ ਜੀ ਨੇ ਆਪਣੇ ਅੰਗਾਂ ਤੋਂ ਬ੍ਰਾਹਮਣਾਂ, ਖੱਤਰੀਆਂ, ਵੈਸ਼ਾਂ ਤੇ ਸੂਦਰਾਂ ਨੂੰ ਜਨਮ ਦਿਤਾ।"

"ਸਿਗੀ, ਉਹਦਾ ਨਾਂ...ਭਾਈ, ਹਾਂ...ਹਾਂ...ਆ ਗਿਆ ਚੇਤੇ...ਉਹਦਾ ਨਾਂ ਸੀ ਸਰਸਵਤੀ!" ਅੰਨ੍ਹੇ ਸਾਧ ਨੇ ਕਿੰਨਾ ਚਿਰ ਸੋਚਣ ਬਾਅਦ ਦੱਸਿਆ।

"ਉਹਦਾ ਕੋਈ ਧੀਆ-ਪੁੱਤਾ?"

"ਭਾਈ ਜਿੰਨਾ ਕੁ ਮਈਨੂੰ ਪਤਾ, ਉਹਦੀ ਕੋਈ ਔਲਾਦ ਨਈਂ ਸੀ, ਦੱਸਦੇ ਆ ਪਈ ਨਿਆਣੇ ਸਿਰਫ ਬ੍ਰਹਮਾ ਜੀ ਨੂੰ ਜੰਮੇ!"

ਖਲਾਅ ਵਿਚ ਇਕ ਨਿੱਕਾ ਜਿਹਾ ਹਾਸਾ ਉਚਾ ਹੋਇਆ। ਮਾਹੌਲ ਗੋਸ਼ਟ-ਚਰਚਾ ਵਿਚ ਬਦਲ ਗਿਆ।

"ਏਹਦਾ ਮਤਲਬ, ਪਈ ਉਹ ਖੁਸਰਾ ਸੀ ਜਾਂ ਨਮਰਦ?"

"ਨਮਰਦਾਂ ਜਾਂ ਖੁਸਰਿਆਂ ਤੋਂ ਨਾ ਨਿਆਣੇ ਪੈਦਾ ਹੁੰਦੇ ਆ, ਤੇ ਨਾ ਈ ਉਨ੍ਹਾਂ ਨੂੰ ਜੰਮਦੇ ਆ!" ਇਕ ਹੋਰ ਪੈਂਟ-ਕਮੀਜ਼ ਵਾਲੇ ਕਾਹਲਾ-ਕਾਹਲਾ ਬੋਲਦੇ ਮੁੰਡੇ ਨੇ ਗੱਲ ਵਿਚ ਹਿੱਸਾ ਲੈਣ ਦੇ ਮਨਸ਼ੇ ਨਾਲ ਆਖਿਆ।

"ਮਰਦਾਂ ਨੂੰ ਨਿਆਣੇ ਹੁੰਦੇ ਕਦੀ ਨਹੀਂ ਸੁਣੇ?" ਇਕ ਆਵਾਜ਼ ਆਈ।

"ਭਾਈ ਇੰਨਾ ਕੁ ਸੁਣਿਆ ਹੋਇਆ ਪਤਾ, ਪਈ ਬ੍ਰਹਮਾ ਜੀ ਨੇ ਆਪਣੀ ਧੀ ਨਾਲ ਸਹਿਵਾਸ ਕੀਤਾ ਸੀ, ਸ੍ਰਿਸ਼ਟੀ ਨੂੰ ਅੱਗੇ ਤੋਰਨ ਲਈ। ਗ੍ਰੰਥਾਂ



'ਚ ਲਿਖਿਆ ਹੋਇਆ।"

"ਇਹ ਨਿਰਾ ਕੁਫ਼ਰ ਆ, ਆਪਣੀ ਧੀ ਨਾ ਇੰਨਾ ਅਨਰਥ ਕੌਣ ਕਰ ਸਕਦਾ! ਕੋਈ ਮੰਨ ਨਹੀਂ ਸਕਦਾ!" ਮੇਰੇ ਕੋਲ ਬੈਠੇ ਭਾਈਏ ਨੇ ਹੌਲੀ ਦੇਣੀ ਆਖਿਆ।

"ਮਹਾਰਾਜ ਬ੍ਰਹਮਾ ਜੀ ਦਾ ਕੋਈ ਮੰਦਰ ਕਿੱਥੇ ਆ?" ਪੋਚਵੀਂ ਪੱਗ ਵਾਲੇ ਅੱਧਖੜ ਆਦਮੀ ਨੇ ਫਿਰ ਪੁੱਛਿਆ।

"ਮੰਦਰ ਤਾਂ ਕਿਤੇ ਨਈਂ ...।" ਅੰਨ੍ਹੇ ਸਾਧ ਦੇ ਮੂੰਹੋਂ ਇਨ੍ਹਾਂ ਬੋਲਾਂ ਦੀ ਦੱਬਵੀਂ ਜਿਹੀ ਨਿਕਲੀ ਆਵਾਜ਼ ਇਉਂ ਲੱਗਦੀ ਸੀ ਜਿਵੇਂ ਉਹਦੇ ਤੂੰਬੇ ਦੀ ਢਿੱਲੀ ਤਾਰ ਵਿਚੋਂ ਨਿਕਲੀ ਹੋਵੇ।

"ਕਿਉਂ ਵਿਚ ਖੱਪ ਪਾਈਉ ਆ? ਪ੍ਰਸੰਗ ਅੱਗੇ ਸੁਣਨ ਦਿਓ, ਨਈਂ ਚੰਗਾ ਲਗਦਾ ਤਾਂ ਘਰਾਂ ਨੂੰ ਬਗ ਜਾਓ।" ਮੱਸੇ ਨੇ ਆਖਿਆ। ਉਹਨੇ ਆਪਣੀ ਢਿੱਲੀ ਬੱਧੀ ਪੱਗ ਹੇਠਾਂ ਸਿਰ 'ਤੇ ਸੱਜੇ ਹੱਥ ਨਾਲ ਖਾਜ ਕਰਨ ਪਿੱਛੋਂ ਮੁੜ ਕਿਹਾ, "ਚਾਰ ਅੱਖਰ ਕੀ ਪੜ੍ਹ ਲਏ, ਪਰ ਲੱਗ ਗਏ, ਧਿਆਨੂੰ ਇਨ੍ਹਾਂ ਭੇਤਾਂ ਦਾ ਕੀ ਪਤਾ ਪਈ ਦੁਨੀਆਂ ਕਿੱਦਾਂ ਚੱਲੀ!"

"ਤੁਸੀਂ ਦੱਸ ਦਿਓ ਫੇ, ਪਈ ਬ੍ਰਹਮਾ ਦੇ ਮੂੰਹ, ਧੜ, ਬਾਹਾਂ ਤੇ ਪੈਰਾਂ ਵਿਚ ਗਰਭ ਕਿੱਦਾਂ ਠਹਿਰਿਆ ਹੋਊ? ਬ੍ਰਹਮਾ ਦੇ ਸਰੀਰ ਨੂੰ ਕਿਹਨੇ ਕਿੱਦਾਂ ਭੋਗਿਆ ਹੋਊ? ਤੀਮੀਆਂ ਆਂਗੂੰ ਕੱਪੜੇ ਕਿੱਦਾਂ ਆਏ ਹੋਊਗੇ? ਸੌ ਹੱਥ ਰੱਸਾ ਤੇ ਸਿਰੇ 'ਤੇ ਗੰਢ, ਪਈ ਬੰਦਿਆਂ ਨੂੰ ਕਦੀ ਨਿਆਣੇ ਜੰਮੇ ਆ? ਭਰਮ ਫਲਾਇਆ ਹੋਇਆ ਸਾਰਾ, ਲੋਕਾਂ ਨੂੰ ਭਰਮਾਉਣ ਖਾਤਰ ਇਨ੍ਹਾਂ ਚਾਲਬਾਜ਼ਾਂ ਨੇ ...।" ਜ਼ਰਾ ਕੁ ਰੁਕ ਕੇ ਫਿਰ ਆਖਣ ਲੱਗਾ, "ਰੂਸ ਦਸ ਸਾਲ ਪਹਿਲਾਂ ਧਰਤੀ ਦੀ ਗੁਰੂਤਾ ਪਾਰ ਕਰ ਗਿਆ ਤੇ ਹੁਣ ਅਮਰੀਕਾ ਚੰਦ ਉਤੇ ਝੰਡਾ ਝੁਲਾਉਣ ਦੀ ਤਿਆਰੀ ਕਰ ਰਿਹਾ ਤੇ ਏਧਰ ਸਾਡਾ ਲਾਣਾ ਅਜੇ ਬ੍ਰਹਮਾ ਦੀ ਧੋਖਾਧੜੀ ਵਾਲੀ ਤੇ ਲੁੱਟ-ਖਸੁੱਟ ਭਰੀ ਸਿਰਜਣਾ 'ਚੋਂ ਬਾਹਰ ਨਹੀਂ ਨਿਕਲ ਰਿਹਾ।"

ਸੰਤ ਗਰੀਬ ਦਾਸ ਨੇ ਇਸ ਪ੍ਰਵਚਨ ਪਿੱਛੋਂ ਹੁੱਕੇ ਦੀ ਨੜੀ ਲਈ ਆਪਣੇ ਸਾਹਮਣੇ ਖਲਾਅ 'ਚ ਹੱਥ ਮਾਰਿਆ। ਉਹਦੀ ਕਾਲੇ-ਚਿੱਟੇ ਵਾਲਾਂ ਦੀ ਹੁੱਕੇ ਦੇ ਧੂੰਏ ਕਾਰਨ ਧੁਆਂਖੀ, ਭਰਵੀਂ ਤੇ ਅੰਦਰ ਨੂੰ ਤੁੰਨੀ ਦਾੜ੍ਹੀ ਦਾ ਪੋਲਾ ਜਿਹਾ ਉਭਾਰ ਮਖੀਲ ਦੇ ਛੋਟੇ ਛੱਤੇ ਵਰਗਾ ਲਗਦਾ ਸੀ।

ਇਸੇ ਦੌਰਾਨ ਮੈਨੂੰ ਹਾਲੀਆਂ-ਪਾਲੀਆਂ ਤੋਂ ਸੁਣੀ ਬੋਲੀ ਚੇਤੇ ਆਈ, "ਸਹੁੰ ਰੱਬ ਦੀ ਝੂਠ ਨਾ ਬੋਲਾਂ, ਬੱਕਰੀ ਨੂੰ ਊਠ ਜੰਮਿਆਂ।" ਇਸ ਨਾਲ ਹੀ ਮੇਰੇ ਜ਼ਿਹਨ ਵਿਚ ਖ਼ਿਆਲਾਂ ਦਾ ਹੜ੍ਹ ਆ ਗਿਆ, ਤੇ ਸੋਚਾਂ ਦੀਆਂ ਲੱਫ਼ਾਂ ਬਰਸਾਤੀ ਚੋਅ ਵਾਂਗ ਕਿਨਾਰੇ ਨਾਲ ਟੱਕਰਾਂ ਮਾਰਨ ਲੱਗ ਪਈਆਂ। ਮੇਰੀਆਂ ਅੱਖਾਂ ਸਾਹਮਣੇ ਮੇਰੀ ਮਾਂ ਦਾ ਗਰਭ ਦੌਰਾਨ ਵੱਡਾ ਹੋਇਆ ਢਿੱਡ ਆ ਗਿਆ ਤੇ ਨਾਲ ਹੀ ਬ੍ਰਹਮਾ ਜੀ ਦਾ। ਮਾਂ ਮੇਰੀ ਭੈਣ ਨੂੰ ਦੁੱਧ ਚੁੰਘਾਉਂਦੀ ਦਿਸੀ। ਸੋਚਾਂ ਦਾ ਸਿਲਸਿਲਾ ਅੰਨ੍ਹੇ ਸਾਧ ਦੀ ਕਥਾ ਵਾਂਗ ਲੰਮਾ ਤੇ ਭੇਤ ਭਰਿਆ ਹੋ ਗਿਆ ਕਿ ਬ੍ਰਹਮਾ ਜੀ ਨੇ ਇਕੱਠੇ ਜੰਮੇ ਚਾਰ ਨਿਆਣਿਆਂ ਨੂੰ ਕਿਵੇਂ ਜਨਮ ਦਿੱਤਾ ਹੋਵੇਗਾ? ਜਣੇਪੇ ਵੇਲੇ ਉਨ੍ਹਾਂ ਦੀ ਸਾਫ਼-ਸਫ਼ਾਈ ਤੇ ਮਦਦ ਲਈ ਦਾਈ ਗੰਗੋ ਵਰਗੀ ਕੌਣ ਹੋਵੇਗੀ? ਉਨ੍ਹਾਂ ਨੇ ਆਪਣੀਆਂ ਦੋ ਛਾਤੀਆਂ ਵਿਚੋਂ ਚੌਹਾਂ ਨੂੰ ਕਿਵੇਂ ਦੁੱਧ ਚੁੰਘਾਇਆ ਹੋਵੇਗਾ ਤੇ ਅੰਗਾਂ ਵਿਚ ਗਰਭ-ਉਭਾਰ ਮੇਰੀ ਮਾਂ ਦੇ ਢਿੱਡ ਵਾਂਗ ਕਿਵੇਂ ਹੋਇਆ ਹੋਵੇਗਾ ਤੇ ਉਹ ਕਿਵੇਂ ਫਿਰਦੇ ਤੁਰਦੇ ਹੋਣਗੇ?

ਫਿਰ ਯਕਦਮ ਮੇਰਾ ਖ਼ਿਆਲ ਮੇਰੀਆਂ ਚਾਚੀਆਂ-ਤਾਈਆਂ ਮਾਮੀਆਂ-ਮਾਸੀਆਂ ਵੱਲ ਗਿਆ ਜਿਨ੍ਹਾਂ ਨੂੰ ਸਾਲ ਦੋ ਸਾਲ ਬਾਅਦ ਨਿਆਣੇ ਜੰਮਦੇ ਰਹਿੰਦੇ ਸਨ, ਤੇ ਇਕ ਵਾਰ ਚਾਰ ਕਦੀ ਵੀ ਨਹੀਂ। ਵਾਰ ਵਾਰ ਸੋਚਣ 'ਤੇ ਵੀ ਮੈਨੂੰ ਕਿਧਰੇ ਕੋਈ ਥਾਹ ਨਾ ਲੱਗੀ ਕਿ ਕਿਸੇ ਬੰਦੇ ਨੂੰ ਨਿਆਣਾ ਜੰਮਿਆ ਹੋਵੇ। ਮੇਰੀਆਂ ਸੋਚਾਂ ਵਿਚ ਉਦੋਂ ਖ਼ਲਲ ਪਿਆ ਜਦੋਂ ਪੋਚਵੀਂ ਪੱਗ ਤੇ ਨਵੇਂ-ਨਕੋਰ ਕੁੜਤੇ-ਪਜਾਮੇ ਵਿਚ ਫੱਬਵੀਂ ਦਿੱਖ ਵਾਲਾ ਅੱਧਖੜ ਬੰਦਾ ਖੜ੍ਹਾ ਹੋ ਕੇ ਪੁੱਛਣ ਲੱਗਾ, "ਮਹਾਰਾਜ, ਬ੍ਰਹਮਾ ਜੀ ਦੀ ਜ਼ਨਾਨੀ ਨਈਂ ਸੀਗੀ?"

*(ਬਾਕੀ ਅਗਲੇ ਸਫੇ 'ਤੇ*

## ਲੇਖਾ-ਜੋਖਾ

# ਸੂਰੇ ਵਡਾਰੂ, ਹੇਰਵਾ ਅਤੇ ਹੱਟੀਆਂ

ਬਚਪਨ ਤੋਂ ਇਤਿਹਾਸ ਲੋਕਾਂ ਤੋਂ ਸੁਣਿਆ ਹੈ ਅਤੇ ਕਿਤਾਬਾਂ ਵਿਚ ਪੜ੍ਹਦੇ ਰਹੇ ਹਾਂ। ਉਦੋਂ ਦੋਆਬਾ ਅਤੇ ਮਾਝਾ ਵਧੇਰੇ ਨਹੀਂ ਸੀ ਘੁੰਮਿਆ। ਜਲੰਧਰ ਦੇ ਰਸਤੇ 'ਤੇ ਪੈਂਦੇ ਦੋ ਪਿੰਡਾਂ ਬਾਰੇ ਨਵੀਂ ਜਾਣਕਾਰੀ ਮਿਲੀ ਸੀ ਜਿਹਦੇ ਆਧਾਰ 'ਤੇ ਸਫ਼ਰ ਦੌਰਾਨ ਨਜ਼ਰੀਂ ਪਏ ਇਨ੍ਹਾਂ ਪਿੰਡਾਂ ਬਾਬਤ ਦਿਲਚਸਪੀ ਵਧ ਗਈ। ਫਗਵਾੜਾ-ਜਲੰਧਰ ਜਰਨੈਲੀ ਸੜਕ 'ਤੇ ਸਫ਼ਰ ਦੌਰਾਨ ਸ਼ਾਇਦ ਹੀ ਕੋਈ ਦਿਨ ਹੋਵੇ ਜਦੋਂ ਇਨ੍ਹਾਂ ਪਿੰਡਾਂ ਦੇ ਮੁੱਖ ਦਰਵਾਜ਼ੇ ਨਾ ਦੇਖ ਕੇ ਲੰਘਿਆ ਹੋਵਾਂ। ਇਨ੍ਹਾਂ ਪਿੰਡਾਂ ਨੂੰ ਕਈ ਵਾਰ ਸਜਦਾ ਵੀ ਹੋ ਜਾਂਦਾ ਸੀ। ਫਗਵਾੜਾ ਲੰਘ ਕੇ ਅੱਗੇ ਆਉਂਦੇ ਚਹੇੜੂ ਵਾਲੇ ਉਚੇ ਪੁਲ ਹੇਠੋਂ ਰੇਲ ਗੱਡੀ ਗੁਜ਼ਰਦੀ ਹੈ ਅਤੇ ਉਪਰ ਸੜਕੀ ਆਵਾਜਾਈ ਹੁੰਦੀ ਹੈ। ਇਤਿਹਾਸ ਵਿਚ ਪੜ੍ਹੇ ਦੋ ਪਿੰਡਾਂ ਦੇ ਹਵਾਲੇ ਨਾਲ ਚਹੇੜੂ ਵਾਲੇ ਉਚੇ ਪੁਲ ਤੋਂ ਲੈ ਕੇ ਜਲੰਧਰ ਦਾਖ਼ਲ ਹੋਣ ਤੱਕ ਦਾ ਪੈਂਡਾ ਇਨ੍ਹਾਂ ਪਿੰਡਾਂ ਦੀ ਝਲਕ ਦੇਖਣ ਦੀ ਬੇਚੈਨੀ ਨਾਲ ਭਰ ਜਾਂਦਾ ਰਿਹਾ ਹੈ। ਇਸ ਤਰ੍ਹਾਂ ਦੇ ਹੋਰ ਪਿੰਡ ਵੀ ਹੋਣਗੇ ਪਰ ਬਚਪਨ ਤੋਂ ਚੇਤੇ 'ਤੇ ਅਸਰਅੰਦਾਜ਼ ਰਹੇ ਇਹ ਪਿੰਡ ਹਮੇਸ਼ਾਂ ਖਿੱਚ ਪਾਉਂਦੇ ਰਹੇ ਹਨ। ਇਹ ਖਿੱਚ ਅੱਜ ਵੀ ਹੈ। ਇਸੇ ਕਰ ਕੇ ਇਨ੍ਹਾਂ ਬਾਰੇ ਗੱਲ ਕਰਨ ਨੂੰ ਮਨ ਕਰਦਾ ਹੈ। ਉਂਜ ਹੁਣ ਇਹ ਪੈਂਡਾ ਕੁਝ ਬਦਲਿਆ ਮਹਿਸੂਸ ਹੁੰਦਾ ਹੈ। ਪੈਂਡੇ ਵਿਚਲੇ ਇਲਾਕੇ, ਜਰਨੈਲੀ ਸੜਕ ਅਤੇ ਪਿੰਡਾਂ ਦੀ ਦਿੱਖ ਬਦਲ ਗਈ ਹੈ ਪਰ ਮੇਰੇ ਦਿਲ-ਦਿਮਾਗ 'ਤੇ ਉਕਰੀ ਇਨ੍ਹਾਂ ਪਿੰਡਾਂ ਦੇ ਇਤਿਹਾਸ ਦੀ ਛਾਪ ਨਹੀਂ ਮਿਟੀ। ਬਦਲਾਉ ਨੇ ਹੇਰਵੇ ਨੂੰ ਡੂੰਘਾ ਕੀਤਾ ਹੈ।



ਜਤਿੰਦਰ ਮੌਹਰ
ਫੋਨ: 91-97799-34747

ਹੁਣ ਚਹੇੜੂ ਵਾਲੇ ਉਚੇ ਪੁਲ ਤੋਂ ਹਲਵਾਈਆਂ ਦੀ ਵਿਦਿਅਕ ਹੱਟੀ ਬਿਲਕੁਲ ਸਾਹਮਣੇ ਦਿਸਣੀ ਸ਼ੁਰੂ ਹੋ ਜਾਂਦੀ ਹੈ ਜੋ ਪੰਜਾਬ ਦੀ ਪਹਿਲੀ ਪ੍ਰਾਈਵੇਟ ਯੂਨੀਵਰਸਿਟੀ ਹੈ। ਸਿੱਖਿਆ ਦੇ ਨਿਜੀਕਰਨ ਦਾ ਦੈਂਤ, ਇਸ ਹੱਟੀ ਰਾਹੀਂ ਮਿਸਾਲੀ ਕਾਮਯਾਬੀ ਨਾਲ ਪ੍ਰਗਟ ਹੋਇਆ ਸੀ। ਇਸ ਵਿਦਿਅਕ ਹੱਟੀ ਨੂੰ ਮਾਨਤਾ ਦੇਣ ਲਈ ਪੰਜਾਬ ਦੀ ਸੱਤਾ 'ਤੇ ਕਾਬਜ਼ ਤਤਕਾਲੀ ਕਾਂਗਰਸ ਸਰਕਾਰ ਨੇ ਕਾਨੂੰਨ 'ਚ ਖ਼ਾਸ ਤਬਦੀਲੀ ਕੀਤੀ ਸੀ। ਇਸ ਤੋਂ ਬਾਅਦ ਨਵੀਆਂ ਵਿਦਿਅਕ ਹੱਟੀਆਂ ਦਾ ਹੜ੍ਹ ਜਿਹਾ ਆ ਗਿਆ। ਸਿੱਖਿਆ ਜਿਹੇ ਬੁਨਿਆਦੀ ਹੱਕ ਨੂੰ ਖੁੱਲ੍ਹਮ-ਖੁੱਲ੍ਹੇ ਰੂਪ 'ਚ ਮੁਨਾਫ਼ੇ ਦੀ ਅੰਨ੍ਹੀ ਦੌੜ ਦਾ ਹਿੱਸਾ ਬਣਾ ਦਿੱਤਾ ਗਿਆ। ਵਿਦਿਅਕ ਹੱਟੀਆਂ ਦੇ ਜਸ਼ਨ ਨੂੰ 'ਅਕਾਲੀ' ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸੰਨ 2011 ਵਿਚ ਦਿੱਤੇ ਬਿਆਨ ਨਾਲ ਜੋੜ ਕੇ ਵੀ ਸਮਝਿਆ ਜਾ ਸਕਦਾ ਹੈ। ਮੁੱਖ ਮੰਤਰੀ ਬਾਦਲ ਨੇ ਚਿਤਕਾਰਾ ਵਰਗੀ ਪ੍ਰਾਈਵੇਟ ਯੂਨੀਵਰਸਿਟੀ ਦਾ ਖੁੱਲ੍ਹਣਾ ਆਪਣੀ ਸਰਕਾਰ ਦੀ ਅਹਿਮ ਪ੍ਰਾਪਤੀ ਮੰਨਿਆ ਸੀ।

ਚਹੇੜੂ ਵਾਲੇ ਪੁਲ ਤੋਂ ਲੈ ਕੇ ਜਲੰਧਰ ਦਾਖ਼ਲ ਹੋਣ ਵਿਚਕਾਰ ਜਿਨ੍ਹਾਂ ਦੋ ਪਿੰਡਾਂ ਵੱਲ ਚੇਤ-ਅਚੇਤ ਨਜ਼ਰ ਜਾਂਦੀ ਰਹੀ ਹੈ, ਉਨ੍ਹਾਂ ਵਿਚ ਪਹਿਲਾ ਪਿੰਡ ਖਜੂਰਲਾ ਹੈ। ਗੱਲ ਵੀਹਵੀਂ ਸਦੀ ਦੇ ਤੀਜੇ ਦਹਾਕੇ ਦੇ ਮੁੱਢਲੇ ਸਾਲਾਂ ਦੀ ਹੈ। ਬਰਤਾਨਵੀ ਬਸਤਾਨਾਂ ਖ਼ਿਲਾਫ਼ ਚੱਲ ਰਹੀ ਕੌਮੀ ਮੁਕਤੀ ਲਹਿਰ ਵੇਲੇ ਬੱਬਰ ਅਕਾਲੀ ਸੂਰਿਆਂ ਦਾ ਦੋਆਬੇ ਵਿਚ ਸੰਘਰਸ਼ ਜ਼ੋਰਾਂ 'ਤੇ ਸੀ। ਸਾਮਰਾਜੀਆਂ ਦੇ ਖ਼ਿਲਾਫ਼ ਲੜੀ ਜਾ ਰਹੀ ਲਹਿਰ ਨੂੰ ਡੱਕਣ ਲਈ ਖਜੂਰਲੇ 'ਚ ਪੁਲਿਸ ਦੀ ਖ਼ਾਸ ਚੌਕੀ ਬਣੀ ਹੋਈ ਸੀ। ਬੱਬਰ ਆਮ ਤੌਰ 'ਤੇ ਕਾਲੀਆਂ ਪੱਗਾਂ ਬੰਨ੍ਹਦੇ ਸਨ ਜਿਹਦੇ ਕਰ ਕੇ ਕਾਲੀ ਪੱਗ ਬੰਨ੍ਹਣ ਵਾਲੇ ਬੰਦੇ ਨੂੰ ਬੱਬਰ ਸਮਝਣ ਦਾ ਰੁਝਾਨ ਸੀ। ਖਜੂਰਲਾ ਚੌਕੀ ਦੇ ਪੁਲਸੀਆਂ ਨੇ ਇਕ ਪੇਂਡੂ ਨੂੰ ਕਾਲੀ ਪੱਗ ਬੰਨ੍ਹਣ ਕਰ ਕੇ ਫੜ ਲਿਆ ਅਤੇ ਚੌਕੀ 'ਚ ਲਿਜਾ ਕੇ ਤਸ਼ੱਦਦ ਕਰਨ ਲੱਗੇ। ਜਦੋਂ ਬੱਬਰ ਅਕਾਲੀਆਂ ਨੂੰ ਸੂਹ ਲੱਗੀ ਤਾਂ ਉਨ੍ਹਾਂ ਨੇ ਚੌਕੀ 'ਤੇ ਹਮਲਾ ਕਰ ਦਿੱਤਾ। ਪੁਲਸੀਆਂ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਉਨ੍ਹਾਂ ਨੇ ਬੇਕਸੂਰ ਪੇਂਡੂ ਦੇ ਪੈਰੀਂ ਹੱਥ ਲਾ ਕੇ ਮੁਆਫੀ ਮੰਗੀ। ਸੂਰਮਗਤੀ ਦੀ ਇਹ ਮਿਸਾਲੀ ਘਟਨਾ ਉਸ ਸੱਤਾ ਦੇ ਵਿਰੁਧ ਸੂਰਿਆਂ ਦੇ ਹੌਸਲੇ ਦਾ ਸਬੂਤ ਹੈ ਜਿਸ ਸੱਤਾ ਦੇ ਰਾਜ ਵਿਚ ਸੂਰਜ ਨਹੀਂ ਛਿਪਦਾ ਸੀ। ਸੂਰਿਆਂ ਨੇ ਉਸ ਰਾਜ ਦੇ ਦਾਬੇ ਅਤੇ ਡਰ ਨੂੰ ਟਿੱਚ ਜਾਣਿਆ। ਬੱਬਰ ਅਕਾਲੀ ਸੂਰੇ ਮਨੁੱਖ ਦੀ ਸਦੀਵੀ ਆਜ਼ਾਦੀ ਅਤੇ ਹਰ ਤਰ੍ਹਾਂ ਦੇ ਦਾਬੇ ਤੋਂ ਮੁਕਤੀ ਦੇ ਸੰਘਰਸ਼ ਦਾ ਬਿੰਬ ਬਣੇ। ਨਾਬਰੀ ਦਾ ਇਹ ਲੋਕ-ਇਤਿਹਾਸ ਮੌਜੂਦਾ ਅਤੇ ਅਗਲੀਆਂ ਨਸਲਾਂ ਲਈ ਅੱਜ ਵੀ ਰਾਹ ਦਸੇਰਾ ਬਣਿਆ ਹੋਇਆ ਹੈ।



*ਫਾਂਸੀ ਲਾ ਕੇ ਸ਼ਹੀਦ ਕੀਤੇ ਬੱਬਰ ਕਿਸ਼ਨ ਸਿੰਘ, ਬਾਬੂ ਸੰਤਾ ਸਿੰਘ, ਬੱਬਰ ਕਰਮ ਸਿੰਘ, ਬੱਬਰ ਨੰਦ ਸਿੰਘ, ਬੱਬਰ ਧਰਮ ਸਿੰਘ ਅਤੇ ਬੱਬਰ ਦਲੀਪ ਸਿੰਘ।*

ਖਜੂਰਲੇ ਦੇ ਇਤਿਹਾਸ ਨੂੰ ਸਮਕਾਲੀ ਬਸਤਾਨਾਂ ਦੀਆਂ ਧਾੜਾਂ ਦੇ ਸਮਿਆਂ 'ਚ ਮੁੜ ਵਿਚਾਰਨਾ ਬਣਦਾ ਹੈ, ਬੇਸ਼ੱਕ ਇਹ ਸਮੁੱਚੀ ਲਹਿਰ ਦੀ ਛੋਟੀ ਘਟਨਾ ਹੋਵੇ। ਬਸਤਾਨਾਂ ਦਾ ਨਵਾਂ ਹਮਲਾ ਖੁੱਲ੍ਹੀ ਮੰਡੀ ਅਤੇ ਨਵ-ਉਦਾਰੀਕਰਨ ਦੀਆਂ ਨੀਤੀਆਂ ਰਾਹੀਂ ਆਇਆ ਹੈ। ਇਸ ਹਮਲੇ ਦੇ ਮਹੀਨਤਮ ਰੂਪਾਂ ਦੀ ਨਿਸ਼ਾਨਦੇਹੀ ਕਰਨ ਦੀ ਲੋੜ ਹੈ ਜੋ ਬੰਦੇ ਨੂੰ ਸੀਲ ਖਪਤਕਾਰ ਬਣਾਉਣ ਦੀ ਮਸ਼ਕ 'ਚ ਲੱਗੇ ਹੋਏ ਹਨ। ਇਸ ਮਸ਼ਕ ਦਾ ਉਘੜਵਾਂ ਰੂਪ ਜਰਨੈਲੀ ਸੜਕ 'ਤੇ ਦਿਸਦਾ ਹੈ ਜਿੱਥੇ ਖਜੂਰਲੇ ਦੇ ਮੁੱਖ ਦਰਵਾਜ਼ੇ ਨੂੰ ਅੱਜ ਕੱਲ੍ਹ ਲੱਭਣਾ ਔਖਾ ਹੋ ਗਿਆ ਹੈ। ਪਿੰਡ ਦੇ ਮੁੱਖ ਦਰਵਾਜ਼ੇ ਕੋਲ ਉਚਾ ਪੁਲ ਅਤੇ 'ਹਵੇਲੀ' ਨਾਮ ਦਾ ਮਹਿੰਗਾ ਢਾਬਾ ਬਣ ਗਿਆ ਹੈ। ਅੱਜ ਕੱਲ੍ਹ ਇਹ ਭੋਜਨ-ਹੱਟੀ ਜਲੰਧਰ ਜ਼ਿਲ੍ਹੇ ਸਮੇਤ ਪੰਜਾਬ ਦੀ ਵੀ 'ਪਛਾਣ' ਬਣ ਗਈ ਹੈ।

ਜਰਨੈਲੀ ਸੜਕ ਚੌੜੀ ਕਰਨ ਅਤੇ ਉਚੇ ਪੁਲ ਬਣਾਉਣ ਦੇ ਠੇਕੇ ਪ੍ਰਾਈਵੇਟ ਕੰਪਨੀਆਂ ਨੂੰ ਦੇ ਦਿੱਤੇ ਗਏ ਹਨ। ਮੁਨਾਫ਼ਾ ਜਿਨ੍ਹਾਂ ਦਾ ਇਕੋ-ਇਕ ਨਿਸ਼ਾਨਾ ਹੈ। ਸਰਕਾਰ ਆਮ ਸ਼ਹਿਰੀਆਂ ਨੂੰ ਦੇਣ ਵਾਲੀਆਂ ਬੁਨਿਆਦੀ ਸੇਵਾਵਾਂ ਤੋਂ ਹੱਥ ਪਿੱਛੇ ਖਿੱਚ ਰਹੀ ਹੈ ਅਤੇ ਨਿਜੀਕਰਨ ਦਾ ਰਸਤਾ ਪੱਧਰਾ ਕਰ ਰਹੀ ਹੈ। ਇਸੇ ਵਰਤਾਰੇ 'ਚੋਂ ਸੀਲ ਖਪਤਕਾਰੀ ਅਤੇ ਗ਼ੁਲਾਮੀ ਦਾ ਰਸਤਾ ਨਿਕਲਦਾ ਹੈ। ਇਸ ਲਈ ਗੱਲ ਸਿਰਫ਼ ਹੱਟੀਆਂ ਪਿੱਛੇ ਲੁਕੇ ਖਜੂਰਲੇ ਦੇ ਮੁੱਖ ਦਰਵਾਜ਼ੇ ਦੀ ਨਹੀਂ ਹੈ; ਉਸ ਇਤਿਹਾਸ ਦੀ ਵੀ ਹੈ ਜਿਹਨੇ ਮਨੁੱਖ ਦੀ ਬਰਾਬਰੀ ਅਤੇ ਨਾਬਰੀ ਦੀ ਗੱਲ ਕਰਨੀ ਹੈ।


ਇਸੇ ਕੜੀ 'ਚ ਦੂਜਾ ਪਿੰਡ ਬੜਿੰਗ ਹੈ ਜੋ ਜਲੰਧਰ ਸ਼ਹਿਰ 'ਚ ਦਾਖ਼ਲ ਹੋਣ ਵੇਲੇ ਆਉਂਦਾ ਹੈ। ਇਹ ਬੱਬਰ ਅਕਾਲੀ ਲਹਿਰ ਦੇ ਮੋਹਰੀ ਸ਼ਹੀਦ ਜਥੇਦਾਰ ਕਿਸ਼ਨ ਸਿੰਘ ਗੜਗੱਜ ਦਾ ਪਿੰਡ ਹੈ। ਜਰਨੈਲੀ ਸੜਕ 'ਤੇ ਬਣੇ ਪਿੰਡ ਦੇ ਮੁੱਖ ਦਰਵਾਜ਼ੇ 'ਤੇ ਕਿਸ਼ਨ ਸਿੰਘ ਗੜਗੱਜ ਦਾ ਨਾਮ ਲਿਖਿਆ ਹੈ ਅਤੇ ਤਸਵੀਰ ਲੱਗੀ ਹੋਈ ਹੈ। ਬੱਬਰ ਅਕਾਲੀ ਲਹਿਰ ਦਾ ਜ਼ਿਕਰ ਕਿਸ਼ਨ ਸਿੰਘ ਗੜਗੱਜ ਤੋਂ ਬਿਨਾਂ ਅਧੂਰਾ ਹੋਵੇਗਾ। ਕਿਸ਼ਨ ਸਿੰਘ ਗੜਗੱਜ 35 ਨੰਬਰ ਸਿੱਖ ਰਿਸਾਲਾ ਫ਼ੌਜ 'ਚ ਭਰਤੀ ਹੋਏ ਪਰ ਜੱਲ੍ਹਿਆਂਵਾਲੇ ਬਾਗ਼ ਦੇ ਸਾਕੇ ਤੋਂ ਬਾਅਦ ਸੰਨ 1921 'ਚ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਨੇ ਇਨਕਲਾਬਪਸੰਦ ਸਿੱਖਾਂ ਨਾਲ ਮਿਲ ਕੇ ਗੋਰੀ ਸਰਕਾਰ ਦੇ ਵਿਰੁਧ ਹਥਿਆਰਬੰਦ ਸੰਘਰਸ਼ ਦੀ ਨੀਂਹ ਰੱਖੀ। ਜਲੰਧਰ ਜ਼ਿਲ੍ਹੇ ਦੇ ਪਿੰਡ ਰੁੜਕਾ ਕਲਾਂ ਵਿਚ ਹੋਏ ਇਕੱਠ 'ਚ ਜੁਝਾਰੂਆਂ ਦੇ ਦਲ ਦਾ ਨਾਮ 'ਚੱਕਰਵਰਤੀ ਜਥਾ' (ਚੱਲਦਾ-ਫਿਰਦਾ ਜਥਾ) ਰੱਖਿਆ ਗਿਆ। ਬਾਅਦ ਵਿਚ ਚੱਕਰਵਰਤੀ ਜਥੇ ਦਾ ਨਾਮ ਬਦਲ ਕੇ ਬੱਬਰ ਅਕਾਲੀ ਦਲ ਰੱਖ ਦਿੱਤਾ ਗਿਆ। ਬੱਬਰਾਂ ਨੇ ਗੁਪਤ ਅਖ਼ਬਾਰ 'ਬੱਬਰ ਅਕਾਲੀ ਦੋਆਬਾ' ਕੱਢਣਾ ਸ਼ੁਰੂ ਕੀਤਾ ਜਿਹਦੇ ਵਿਚ ਉਹ ਸਮੇਂ ਦੀ ਸਰਕਾਰ ਦੇ ਲੋਕ-ਦੋਖੀ ਕਿਰਦਾਰ ਨੂੰ ਨੰਗਾ ਕਰਦੇ ਸਨ। ਇਤਿਹਾਸ ਵਿਚ ਕਿਸ਼ਨ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਸੂਰਮਗਤੀ ਦੇ ਕਈ ਹਵਾਲੇ ਮਿਲਦੇ ਹਨ। ਖਜੂਰਲੇ ਦੀ ਚੌਕੀ 'ਤੇ ਹਮਲਾ ਕੁਲ ਤਿੰਨ ਬੱਬਰਾਂ ਨੇ ਕੀਤਾ ਸੀ ਜਿਨ੍ਹਾਂ 'ਚ ਜਥੇਦਾਰ ਕਿਸ਼ਨ ਸਿੰਘ ਗੜਗੱਜ, ਬੱਬਰ ਸੁੰਦਰ ਸਿੰਘ ਅਤੇ ਬਾਬੂ ਸੰਤਾ ਸਿੰਘ ਹਰਿਉਂ ਦਾ ਨਾਮ ਆਉਂਦਾ ਹੈ। ਉਨ੍ਹਾਂ ਕੋਲ ਹਥਿਆਰਾਂ ਦੇ ਨਾਂ 'ਤੇ ਸਿਰਫ਼ ਤਲਵਾਰਾਂ ਸਨ; ਤੇ ਪੁਲਸੀਆਂ ਕੋਲ ਰਫ਼ਲਾਂ ਤੇ ਗੋਲੀ-ਸਿੱਕਾ ਸੀ।

ਇਕ ਹੋਰ ਹਵਾਲੇ ਮੁਤਾਬਕ ਇਕ ਮੇਲੇ 'ਚ ਕਿਸ਼ਨ ਸਿੰਘ ਤਕਰੀਰ ਕਰ ਰਹੇ ਸਨ। ਪੁਲਿਸ ਦਲ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਮੰਚ ਵੱਲ ਵਧਣ ਲੱਗਾ। ਕਿਸ਼ਨ ਸਿੰਘ ਨੇ ਤਲਵਾਰ ਧੂਹ ਲਈ ਅਤੇ ਪੁਲਿਸ ਨੂੰ ਲਲਕਾਰਿਆ, "ਜੇ ਹਿੰਮਤ ਹੈ ਤਾਂ ਮੈਨੂੰ ਗ੍ਰਿਫ਼ਤਾਰ ਕਰ ਕੇ ਦਿਖਾਉ।" ਆਲੇ-ਦੁਆਲੇ ਦੀ ਸੰਗਤ ਪੁਲਿਸ ਨੂੰ ਟੁੱਟ ਕੇ ਪੈ ਗਈ ਅਤੇ ਪੁਲਿਸ ਨੂੰ ਵਾਪਸ ਮੁੜਨਾ ਪਿਆ। ਬੱਬਰਾਂ ਦੀਆਂ ਕਾਰਵਾਈਆਂ ਤੋਂ ਡਰੀ ਗੋਰੀ ਸਰਕਾਰ ਦੋਆਬੇ ਦੇ ਦੋ ਜ਼ਿਲ੍ਹਿਆਂ ਨੂੰ ਕਿਸੇ ਰਿਆਸਤ ਨਾਲ ਜੋੜਨ ਦੀ ਸੋਚਣ ਲੱਗੀ ਸੀ। ਜਲੰਧਰ ਅਤੇ ਹੁਸ਼ਿਆਰਪੁਰ 'ਚ ਸਰਕਾਰੀ ਕਾਰ-ਵਿਹਾਰ ਨਾਮਨਿਹਾਦ ਰਹਿ ਗਿਆ ਸੀ। ਸਰਕਾਰ ਨੇ ਬੱਬਰਾਂ ਨੂੰ ਰੋਕਣ ਲਈ ਪੂਰਾ ਤਾਣ ਲਾ ਦਿੱਤਾ। ਕਿਸ਼ਨ ਸਿੰਘ ਦੀ ਗ੍ਰਿਫਤਾਰੀ ਤੋਂ ਬਾਅਦ ਉਨ੍ਹਾਂ ਨੇ ਆਪਣੇ ਕੇਸ ਦੀ ਪੈਰਵਾਈ ਲਈ ਵਕੀਲ ਕਰਨ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਦਾ ਕਹਿਣਾ ਸੀ, "ਸਾਡਾ ਸਰਕਾਰ ਵਿਚ ਕੋਈ ਭਰੋਸਾ ਨਹੀਂ ਹੈ। ਇਹ ਅਦਾਲਤਾਂ ਦਿਖਾਵਾ ਅਤੇ ਫ਼ਰੇਬ ਹਨ।"

ਜਥੇਦਾਰ ਦਾ ਗ੍ਰਿਫ਼ਤਾਰੀ ਵੇਲੇ ਦਾ ਬਿਆਨ ਹੈ, "ਜਦ ਮੈਂ ਫ਼ੌਜ ਵਿਚ ਨੌਕਰੀ ਕਰ ਰਿਹਾ ਸੀ, ਉਦੋਂ ਹੀ ਸਰਦਾਰ ਅਜੀਤ ਸਿੰਘ ਦੀ ਨਜ਼ਰਬੰਦੀ, ਦਿੱਲੀ ਦੇ ਰਕਾਬਗੰਜ ਗੁਰਦੁਆਰੇ ਦੀ ਕੰਧ ਢਾਹੇ ਜਾਣ, ਬਜਬਜ ਘਾਟ ਵਿਚ ਬੇਗੁਨਾਹ ਮੁਸਾਫਰਾਂ 'ਤੇ ਗੋਲੀ ਚਲਾਉਣ, ਰੋਲਟ ਐਕਟ, ਜੱਲ੍ਹਿਆਂਵਾਲੇ ਬਾਗ਼ ਦੇ ਹਾਦਸੇ ਅਤੇ ਮਾਰਸ਼ਲ ਲਾਅ ਵਗੈਰਾ ਗੱਲਾਂ ਕਰ ਕੇ ਮੇਰੇ ਦਿਲ 'ਚ ਨਫ਼ਰਤ ਪੈਦਾ ਹੋ ਗਈ। ਅੰਤ 'ਚ ਗ਼ੁਲਾਮੀ ਦੇ ਬੋਝ ਨੂੰ ਹੋਰ ਵਧੇਰੇ ਬਰਦਾਸ਼ਤ ਨਾ ਕਰ ਸਕਣ ਕਾਰਨ ਮੈਂ ਸਰਕਾਰੀ ਨੌਕਰੀ ਛੱਡ ਕੇ ਕੌਮੀ ਲਹਿਰ 'ਚ ਸ਼ਾਮਲ ਹੋ ਗਿਆ।" ਉਨ੍ਹਾਂ ਨੇ ਮੁਕੱਦਮੇ ਦੀ ਕਾਰਵਾਈ ਦੌਰਾਨ ਕਿਹਾ ਸੀ, "ਮੈਂ ਸਰਕਾਰ ਦਾ ਕੱਟੜ ਵੈਰੀ ਹਾਂ। ਇਸੇ ਕਰ ਕੇ ਜਿਵੇਂ ਵੀ ਹੋਵੇ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਬਾਹਰ ਕੱਢਣ ਦੀ ਇੱਛਾ ਨਾਲ ਹੀ ਇਹ ਸਭ ਕੁਝ ਕੀਤਾ ਸੀ।"

27 ਫਰਵਰੀ 1926 ਨੂੰ ਕਿਸ਼ਨ ਸਿੰਘ ਗੜਗੱਜ ਅਤੇ ਪੰਜ ਹੋਰ ਬੱਬਰਾਂ ਨੂੰ ਲਾਹੌਰ ਦੀ ਕੇਂਦਰੀ ਜੇਲ੍ਹ ਵਿਚ ਫ਼ਾਂਸੀ 'ਤੇ ਟੰਗ ਕੇ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦ ਕੀਤੇ ਗਏ ਬੱਬਰਾਂ 'ਚ ਬਾਬੂ ਸੰਤਾ ਸਿੰਘ ਉਮਰ 29 ਸਾਲ (ਪਿੰਡ ਛੋਟੀ ਹਰਿਉਂ, ਨੇੜੇ ਸਮਰਾਲਾ, ਜ਼ਿਲ੍ਹਾ ਲੁਧਿਆਣਾ), ਬੱਬਰ ਕਰਮ ਸਿੰਘ ਉਮਰ 75 ਸਾਲ (ਪਿੰਡ ਹਰੀਪੁਰ, ਜ਼ਿਲ੍ਹਾ ਜਲੰਧਰ), ਬੱਬਰ ਨੰਦ ਸਿੰਘ ਉਮਰ 28 ਸਾਲ (ਪਿੰਡ ਘੁੜਿਆਲ, ਜ਼ਿਲ੍ਹਾ ਜਲੰਧਰ), ਬੱਬਰ ਧਰਮ ਸਿੰਘ ਉਮਰ 40 ਸਾਲ (ਪਿੰਡ ਹਿਆਤਪੁਰ ਰੁੜਕੀ, ਜ਼ਿਲ੍ਹਾ ਹੁਸ਼ਿਆਰਪੁਰ) ਅਤੇ ਬੱਬਰ ਦਲੀਪ ਸਿੰਘ ਉਮਰ 17 ਸਾਲ (ਪਿੰਡ ਧਾਮੀਆਂ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ) ਸ਼ਾਮਲ ਸਨ। ਜ਼ਿੰਦਗੀਆਂ ਕੁਰਬਾਨ ਕਰ ਗਏ ਸੂਰਿਆਂ ਦੀਆਂ ਵਾਰਾਂ ਪੁਸ਼ਤ-ਦਰ-ਪੁਸ਼ਤ ਗਾਈਆਂ ਜਾਣੀਆਂ ਚਾਹੀਦੀਆਂ ਹਨ। ਇਨ੍ਹਾਂ ਸੂਰਿਆਂ ਨੇ ਪੰਜਾਬ ਦੀ ਨਾਬਰ-ਰਵਾਇਤ ਨੂੰ ਜਿਉਂਦਾ ਰੱਖਣ ਲਈ ਜਾਨ ਲਾ ਦਿੱਤੀ। ਉਨ੍ਹਾਂ ਦੀ ਜਦੋਜਹਿਦ ਨੂੰ ਸਮਕਾਲੀ ਸਮਿਆਂ ਦੇ ਲੋਕ-ਮੁਕਤੀ ਸੰਘਰਸ਼ ਨਾਲ ਜੋੜ ਕੇ ਦੇਖਣ ਦੀ ਲੋੜ ਹੈ। ਆਲਮੀਕਰਨ ਅਤੇ ਮੰਡੀ ਦੇ ਹੱਲੇ ਨੂੰ ਡੱਕਣ ਲਈ ਪੰਜਾਬ ਦਾ ਨਾਬਰ ਇਤਿਹਾਸ ਨਿਰੰਤਰਤਾ ਵਿਚ ਚਲਦਾ ਦਿਖਾਈ ਦਿੰਦਾ ਹੈ।

ਚਹੇੜੂ ਵਾਲੇ ਪੁਲ ਤੋਂ ਲੈ ਕੇ ਜਲੰਧਰ ਤੱਕ ਹੋਂਦ 'ਚ ਆਈਆਂ ਬੇਹਿਸਾਬ ਛੋਟੀਆਂ-ਵੱਡੀਆਂ ਹੱਟੀਆਂ ਨੇ ਆਲੇ-ਦੁਆਲੇ ਦੇ ਪਿੰਡਾਂ ਨੂੰ ਲਗਭਗ ਲੁਕੋ ਲਿਆ ਹੈ। ਹੱਟੀਆਂ ਦੇ ਘੜਮੱਸ ਵਿਚ ਬੜਿੰਗ ਪਿੰਡ ਦਾ ਮੁੱਖ ਦਰਵਾਜ਼ਾ ਸੌਖਾ ਨਹੀਂ ਲੱਭਦਾ। ਇਹ ਮਹਿਜ਼ ਸ਼ਹੀਦ ਦੇ ਪਿੰਡ ਦਾ ਦਰਵਾਜ਼ਾ ਨਹੀਂ, ਸਗੋਂ ਪੰਜਾਬ ਦੇ ਨਾਬਰ-ਇਤਿਹਾਸ ਵੱਲ ਖੁੱਲ੍ਹਦਾ ਬੂਹਾ ਹੈ ਜਿਹਨੂੰ ਮੰਡੀ ਦੀ ਚਕਾਚੌਂਧ ਧੁੰਦਲਾ ਕਰਨ ਦੀ ਮਸ਼ਕ 'ਚ ਲੱਗੀ ਹੋਈ ਹੈ। ਹੱਟੀਆਂ ਦੀ ਪੈਦਾਵਾਰ ਲਈ ਜ਼ਿੰਮੇਵਾਰ ਅਤੇ ਇਨ੍ਹਾਂ ਦੀ ਰਾਖੀ ਕਰਨ ਵਾਲਾ ਨਿਜ਼ਾਮ ਰੂਪੀ ਦੈਂਤ ਨੰਗੇ ਚਿੱਟੇ ਰੂਪ 'ਚ ਖਜੂਰਲੇ ਅਤੇ ਬੜਿੰਗ ਵਰਗੇ ਅਣਗਿਣਤ ਪਿੰਡਾਂ ਦੀਆਂ ਦੇਹਲੀਆਂ 'ਤੇ ਖੜ੍ਹਾ ਹੈ। ਬਾਈ ਪਾਸ਼ ਇਕ ਕਵਿਤਾ 'ਚ ਪੁਰਖਿਆਂ ਨਾਲ ਗੁਫਤਗੂ ਕਰ ਕੇ ਇਸ ਗੱਲ ਦਾ ਭੇਤ ਲੱਭਣ ਦੀ ਗੱਲ ਕਰਦਾ ਹੈ ਕਿ ਹੱਟੀਆਂ ਜਮਾਂ ਹੱਟੀਆਂ ਦਾ ਜਮਾਂਫਲ ਕਿਵੇਂ ਮੰਡੀ ਬਣ ਗਿਆ। ਮੰਡੀ ਜਮਾਂ ਤਹਿਸੀਲ ਦਾ ਜਮਾਂਫਲ ਸ਼ਹਿਰ ਕਿਵੇਂ ਬਣਿਆ। ਮੰਡੀ ਅਤੇ ਤਹਿਸੀਲ ਦੇ ਬੰਜਰ ਮੈਦਾਨਾਂ 'ਚ ਥਾਣੇ ਦਾ ਦਰਖਤ ਕਿੰਜ ਉਗ ਆਇਆ। ਅੱਜ ਮੰਡੀ, ਤਹਿਸੀਲ ਅਤੇ ਥਾਣੇ ਦੇ ਨਾਪਾਕ ਗੱਠਜੋੜ ਦੀ ਚੜ੍ਹਤ ਨਵੀਆਂ ਸਿਖਰਾਂ ਲੱਭ ਰਹੀ ਹੈ। ਉਹਨੂੰ ਆਪਣੇ ਅਮਰ ਹੋਣ ਦਾ ਹੰਕਾਰੀ ਭਰਮ ਹੈ। ਉਹ ਸਮੂਹਕ ਭਲਾਈ ਦੇ ਵਿਚਾਰ ਨੂੰ ਬੇਤੁਕਾ ਅਤੇ ਮੁਨਾਫ਼ੇ ਦੀ ਮੁਕਾਬਲੇਬਾਜ਼ੀ ਨੂੰ ਅੰਤਮ ਸੱਚ ਐਲਾਨਦਾ ਹੈ। ਮੰਡੀ ਦੀ ਚੜ੍ਹਤ ਦੇ ਸਮਿਆਂ ਵਿਚ ਹੀ ਨਾਬਰਾਂ ਨੇ ਅਪਣੀ ਹੋਂਦ ਦਾ ਅਹਿਸਾਸ ਕਰਵਾਉਣਾ ਹੈ। ਲੋਕਾਈ ਮਨੁੱਖ ਦੀ ਬਿਹਤਰ ਜ਼ਿੰਦਗੀ ਲਈ ਲੜੇ ਸੂਰਿਆਂ ਨੂੰ ਇਤਿਹਾਸ 'ਚੋਂ ਲੱਭੇਗੀ ਅਤੇ ਚੇਤਿਆਂ 'ਚ ਸਾਂਭੇਗੀ। ਇਹ ਹਰ ਸਮਿਆਂ ਦੀ ਤਰ੍ਹਾਂ ਸਾਡੇ ਸਮਿਆਂ ਵਿਚ ਵੀ ਲਾਜ਼ਮੀ ਹੈ। ਇਹ ਲੜ ਕੇ ਮਰ ਚੁੱਕਿਆਂ ਦੀ ਨਿਰੰਤਰਤਾ ਵਿਚ ਸਮਕਾਲੀ ਜੁਝਾਰੂਆਂ ਦੀ ਨਿਸ਼ਾਨਦੇਹੀ ਹੋਵੇਗੀ। ਅਵਾਮ ਹੱਟੀਆਂ ਦੀ ਅਮੁੱਕ ਵਾੜ ਪਿੱਛੇ ਲੁਕੀ ਆਪਣੇ ਸੂਰਮੇ ਵਡਾਰੂਆਂ ਦੀ ਪੈੜ ਲਾਜ਼ਮੀ ਲੱਭੇਗੀ।



*ਬੱਬਰ ਕਿਸ਼ਨ ਸਿੰਘ*

# ਬ੍ਰਹਮਾ ਦੇ ਫੋਕੇ-ਥੋਥੇ ਚੱਕਰਵਿਊ

*(ਪਿਛਲੇ ਸਫੇ ਦੀ ਬਾਕੀ)*

ਪਕਰੋੜ ਉਮਰ ਦਾ ਉਹ ਬੰਦਾ ਬਿਨਾਂ ਕਿਸੇ ਝਿਜਕ ਦੇ ਬੋਲ ਰਿਹਾ ਸੀ ਤੇ ਮੈਂ ਮਨ ਹੀ ਮਨ ਬਾਘੀਆਂ ਪਾ ਰਿਹਾ ਸੀ।

ਮੱਸਾ ਬਾਹਬਰ ਕੇ ਫਿਰ ਬੋਲਿਆ, "ਭਲਕੇ ਤੁਸੀਂ ਕਹੂੰਗੇ, ਪਈ ਰਵਿਦਾਸ ਨੇ ਪੱਥਰ ਕਿੱਦਾਂ ਤਾਰਿਆ? ਪਰਸੋਂ ਨੂੰ ਕਹੂੰਗੇ, ਪਈ ਧੰਨੇ ਨੇ ਪੱਥਰ 'ਚੋਂ ਰੱਬ ਕਿੱਦਾਂ ਪਾ ਲਿਆ? ਇਸ ਨਿਆਰੇ ਮਾਰਗ 'ਤੇ ਚੱਲ ਕੇ, ਤਪੱਸਿਆ ਕਰ ਕੇ ਈ ਕੁਛ ਮਿਲਦਾ, ਐਮੀ ਥੋੜ੍ਹੋ ਦੁਨੀਆਂ ਘਰ-ਬਾਰ ਛੱਡ ਕੇ ਜੰਗਲਾਂ ਨੂੰ ਭਗਤੀ ਕਰਨ ਜਾਂਦੀ ਆ!...ਕੱਲ੍ਹ ਜੰਮ ਕੇ ਅੱਜ ਮੱਤਾਂ ਦੇਣ ਲੱਗ ਪਏ ਆ।"

ਲਾਲਟੈਣ ਦੀ ਲੋਅ ਵਿਚ ਮੈਂ ਦੇਖਿਆ ਕਿ ਸੁਣਨ ਵਾਲਿਆਂ ਦੇ ਚਿਹਰਿਆਂ ਉਤੋਂ ਇਉਂ ਲਗਦਾ ਸੀ ਜਿਵੇਂ ਉਨ੍ਹਾਂ ਨੂੰ ਦੋਹਾਂ ਧਿਰਾਂ ਦੀਆਂ ਗੱਲਾਂ ਸੋਲਾਂ ਆਨੇ ਸੱਚ ਲੱਗ ਰਹੀਆਂ ਸਨ ਤੇ ਮਨੁੱਖ ਦੇ ਪੁਲਾੜ ਵਿਚ ਜਾਣ ਦੀ ਗੱਲ ਨੂੰ ਕਿਸੇ ਨੇ ਗੌਲਿਆ ਹੀ ਨਾ।

"ਸਾਤੋਂ ਨਈਂ ਸੁਣ ਹੁੰਦੀ ਇਹ ਕੰਜਰ-ਖੱਪ!" ਪੋਚਵੀਂ ਪੱਗ ਵਾਲੇ ਨੇ ਮਲਕੜੇ ਜਿਹੇ ਆਖਿਆ ਤੇ ਉਹਦਾ ਦੂਜਾ ਸਾਥੀ ਉਹਦੇ ਮਗਰ-ਮਗਰ ਤੁਰ ਪਿਆ।

ਦਰਅਸਲ, ਉਹ ਦੋਵੇਂ ਜਣੇ ਸਾਡੇ ਪਿੰਡ ਦੇ ਕਾਮਰੇਡਾਂ ਦੇ ਪ੍ਰਾਹੁਣੇ ਆਏ ਹੋਏ ਸਨ। ਉਨ੍ਹਾਂ ਨੂੰ ਰੋਸ ਵਜੋਂ ਉਠ ਕੇ ਜਾਂਦਿਆਂ ਨੂੰ ਕਿਸੇ ਨੇ ਚੰਗਾ-ਮੰਦਾ ਨਾ ਕਿਹਾ।

ਆਪਣੀ ਪਾਠ-ਪੁਸਤਕ ਵਿਚ ਪੱਥਰ ਦੀਆਂ ਮੂਰਤੀਆਂ ਦੀ ਪੂਜਾ ਬਾਰੇ ਕਬੀਰ ਸਾਹਿਬ ਦਾ ਸਲੋਕ 'ਪਾਹਨ ਪੂਜੇ ਹਰੀ ਮਿਲੇ ਤੋ ਮੈਂ ਪੂਜੂੰ ਪਹਾੜ, ਯਾ ਤੇ ਉਹ ਚੱਕੀ ਭਲੀ ਪੀਸ ਖਾਏ ਸੰਸਾਰ' ਮੁੜ-ਮੁੜ ਮੇਰੀਆਂ ਅੱਖਾਂ ਮੋਹਰੇ ਆਇਆ।

"ਸਾਰਾ ਮਜਾ ਕਿਰਕਿਰਾ ਕਰ ਕੇ ਤੁਰ ਪਏ, ਬੜਾ ਸੁਹਣਾ ਪ੍ਰਸੰਗ ਚਲਦਾ ਸੀ ...।" ਮੱਸੇ ਨੇ ਆਦਤ ਮੁਤਾਬਿਕ ਆਪਣੀ ਗੱਲ ਨੱਕ ਵਿਚ ਬੋਲ ਕੇ ਧਿਆਨ ਖਿੱਚਣ ਲਈ ਵਿਗੋਚਾ ਜ਼ਾਹਿਰ ਕੀਤਾ। ਉਹ ਕਿਸੇ ਜੇਤੂ ਭਲਵਾਨ ਵਰਗਾ ਪ੍ਰਭਾਵ ਦੇ ਕੇ ਰੁਮਾਲੀ ਜਿੱਤਣ ਦੇ ਆਹਰ ਵਿਚ ਬੋਲੀ ਜਾ ਰਿਹਾ ਸੀ, ਪਰ ਹੁਣ ਲੋਕ ਪਲ ਵਿਚ ਹੀ ਉਹਦੀਆਂ ਗੱਲਾਂ ਤੋਂ ਬੇਰੁਖ ਹੋ ਗਏ।

ਘੁਸਰ-ਮੁਸਰ ਤੇ ਹੋਰ ਨਵੀਂ ਬਹਿਸ ਦਾ ਅੰਤ ਨਾ ਹੁੰਦਾ ਦੇਖ ਕੇ ਭਾਈਆ ਭਰਿਆ ਦੀਵਾਨ ਛੱਡਣ ਲਈ ਕਾਹਲਾ ਪੈ ਗਿਆ। ਮੈਂ ਵੀ ਉਹਦੇ ਪਿੱਛੇ-ਪਿੱਛੇ ਘਰ ਨੂੰ ਤੁਰ ਪਿਆ। ਮੇਰੇ ਤਾਏ ਦੇ ਪੁੱਤ ਮੰਗੀ ਨੇ ਕਿਹਾ, "ਬਈ ਦਲੀਲਾਂ ਤਾਂ ਮੁੰਡਿਆਂ ਦੀਆਂ ਬੀ ਦਿਲ ਨੂੰ ਟੁੰਬਣ ਆਲੀਆਂ ਸਿਗੀਆਂ, ਇਕ ਨਈਂ ਗਿਣਨ ਦਿੱਤੀ ਅੰਨ੍ਹੇ ਨੂੰ!"

"ਉਨ੍ਹਾਂ ਮੁੰਡਿਆਂ ਦੀਆਂ ਦਲੀਲਾਂ ਸੁਣ ਕੇ ਤਾਂ ਐਂ ਲਗਦਾ, ਪਈ ਆਪਾਂ ਸਾਰੇ ਅੰਨ੍ਹੇ ਆਂ, ਜਿੱਦਾਂ ਕਿਸੇ ਨੇ ਕਹਿ'ਤਾ, ਉਦਾਂ ਈ ਮੰਨ ਲਿਆ।" ਭਾਈਏ ਨੂੰ ਜਿਵੇਂ ਕੋਈ ਫ਼ੁਰਨਾ ਫੁਰਿਆ ਹੋਵੇ, "ਮੰਗੀ ਇਕ ਗੱਲ ਤਾਂ ਦਿਲ ਨੂੰ ਲਗਦੀ ਆ, ਪਈ ਜੇ ਰੱਬ ਹੈਗਾ ਤਾਂ ਉਹਦਾ ਬੀ ਕੋਈ ਮਾਂ-ਬਾਪ ਹੋਊਗਾ, ਕਿਹੜਾ ਬੰਦਾ ਜਿਹਦਾ ਮਾਂ-ਬਾਪ ਨਈਂ, ਕਿਹੜਾ ਰੁੱਖ ਜਾਂ ਕੋਈ ਬੂਟਾ ਆ ਜਿਹਦੇ ਜੜ੍ਹ ਜਾਂ ਬੀ ਨਈਂ।" ਭਾਈਆ ਘਰ ਦੀ ਸਰਦਲ ਤਕ ਜਾਂਦਾ ਬੋਲਦਾ ਰਿਹਾ। ਬੀੜੀ ਮੂੰਹ ਵਿਚ ਪਾ ਕੇ ਤੇ ਮੱਠੀ ਜਿਹੀ ਵਗਦੀ ਹਵਾ ਤੋਂ ਬਲਦੀ ਤੀਲੀ ਨੂੰ ਬਚਾਉਣ ਲਈ ਦੋਹਾਂ ਹੱਥਾਂ ਦੀ ਓਟ ਵਿਚ ਮੂੰਹ ਤਕ ਲੈ ਕੇ ਗਿਆ। ਧੂੰਏਂ ਦਾ ਘੁੱਟ ਛੱਡ ਕੇ ਉਹ ਬਲਦੀ ਤੀਲੀ ਵੱਲ ਦੇਖਦਾ ਰਿਹਾ ਤੇ ਮਲਕੜੇ ਜਿਹੇ ਆਖਣ ਲੱਗਾ, "ਸਾਰੀ ਕਲਪਣਾ ਈ ਆ, ਐਮੀਂ ਰਾਮ-ਰੌਲਾ ਆ ਸ੍ਰਿਸ਼ਟੀ ਕਿਹੜੀ ਕਿਸੇ ਨੇ ਬਣਦੀ ਦੇਖੀ ਆ, ਕੁਦਰਤ ਅਲ ਕਿਸੇ ਦਾ ਧਿਆਨ ਈ ਨਈਂ, ਪਈ ਕਿੱਦਾਂ ਦਿਨ-ਰਾਤ ਸਾਡੇ ਅਰਗੇ ਕੰਮੀਆਂ ਆਂਙੂੰ ਮਿਹਨਤ ਕਰਦੀ ਆ, ਰੁੱਖ-ਮਨੁੱਖ ਨਿੱਕਿਆਂ ਤੋਂ ਵੱਡੇ ਹੋ ਰਏ ਆ, ਝੜਦੇ ਪੱਤਿਆਂ ਦੀ ਥਾਂ ਨਮੇ ਆ ਜਾਂਦੇ ਆ, ਕਮਾਲ ਆ ਕੁਦਰਤ ਦੇ ਕ੍ਰਿਸ਼ਮੇ ਦੀ ਵੀ ...।"

ਪਹਿਲਾਂ ਹੀ ਜਾ ਚੁੱਕੇ ਉਨ੍ਹਾਂ ਦੋਹਾਂ ਅੱਧਖੜ ਸਾਥੀਆਂ ਦੇ ਸਵਾਲਾਂ-ਜਵਾਬਾਂ ਦੀ ਲੜੀ ਮੇਰੇ ਮਨ ਵਿਚ ਲੰਮੀ ਹੁੰਦੀ ਗਈ। ਵਿਹੜੇ ਵਿਚ ਬਾਣ ਦੀ ਨੰਗੀ ਮੰਜੀ ਉਤੇ ਸੌਣ ਲਈ ਪਿਆਂ, ਮੇਰੀਆਂ ਮੀਟੀਆਂ ਅੱਖਾਂ ਮੋਹਰੇ ਉਨ੍ਹਾਂ ਦੋਹਾਂ ਅਜਨਬੀਆਂ ਦੇ ਨਿੱਗਰ ਖ਼ਿਆਲ ਖਲਾਅ ਵਿਚਲੇ ਚਮਕਦੇ ਟਟਿਹਣਿਆਂ ਵਾਂਗ ਮੇਰੇ ਮਨ ਦੇ ਹਨ੍ਹੇਰੇ ਆਕਾਸ਼ ਵਿਚ ਰੌਸ਼ਨੀ ਭਰਨ ਲਈ ਇੱਧਰ ਤੇ ਕਦੀ ਉਧਰ ਨਿੱਕੀਆਂ-ਨਿੱਕੀਆਂ ਉਡਾਰੀਆਂ ਭਰ ਰਹੇ ਸਨ। ਅੱਜ ਦੀ ਗੋਸ਼ਟੀ ਤੇ ਭਾਈਏ ਦੇ ਵਿਚਾਰਾਂ ਨੇ ਮੇਰੇ ਖ਼ਿਆਲਾਂ ਨੂੰ ਨਵੀਂ ਉਡਾਣ ਦੇ ਦਿੱਤੀ। ਮੈਨੂੰ ਅੰਦਰੋਂ-ਅੰਦਰੀ ਮਹਿਸੂਸ ਹੋਇਆ ਕਿ ਮੇਰੇ ਖ਼ਿਆਲਾਂ ਵਿਚ ਬਹੁਤ ਕੁਝ ਨਵਾਂ-ਨਵਾਂ ਭਰ ਰਿਹਾ ਹੈ। ਦੀਵਾਨ ਵਾਲੀ ਥਾਂ ਹਨ੍ਹੇਰੇ ਵਿਚ ਜਗਦੀ ਲਾਲਟੈਨ ਮੈਨੂੰ ਮੁੜ-ਮੁੜ ਦਿਸ ਰਹੀ ਸੀ। ਮੈਨੂੰ ਲੱਗਿਆ ਕਿ ਮੈਂ ਬ੍ਰਹਮਾ ਦੇ ਫੋਕੇ-ਥੋਥੇ ਚੱਕਰਵਿਊ ਤੋਂ ਬਾਹਰ ਨਿੱਕਲ ਗਿਆ ਹੋਵਾਂ, ਜਿਵੇਂ ਧਰਤੀ ਦੀ ਗਰੂਤਾ ਤੋਂ ਮਨੁੱਖ।

# 'ਗੁਲਾਬ ਗੈਂਗ' ਦੀ ਲਾਲੀ




ਫਿਲਮ 'ਗੁਲਾਬ ਗੈਂਗ' ਵਿਚ ਚੋਟੀ ਦੀ ਅਦਾਕਾਰਾ ਮਾਧੁਰੀ ਦੀਕਸ਼ਿਤ ਅਤੇ ਸੁਨੱਖੀ ਅਦਾਕਾਰਾ ਜੂਹੀ ਚਾਵਲਾ ਪਹਿਲੀ ਵਾਰ ਇਕੱਠੀਆਂ ਆ ਰਹੀਆਂ ਹਨ। ਜੂਹੀ ਚਾਵਲਾ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ 1986 ਵਿਚ ਫਿਲਮ 'ਸਲਤਨਤ' ਨਾਲ ਅਤੇ ਮਾਧੁਰੀ ਦੀਕਸ਼ਿਤ ਨੇ ਇਸ ਤੋਂ ਦੋ ਸਾਲ ਪਹਿਲਾਂ 1984 ਵਿਚ ਫਿਲਮ 'ਅਬੋਧ' ਨਾਲ ਕੀਤੀ ਸੀ। ਤਕਰੀਬਨ ਤਿੰਨ ਦਹਾਕਿਆਂ ਦੇ ਫਿਲਮ ਕਰੀਅਰ ਦੌਰਾਨ ਦੋਵੇਂ ਨਾਇਕਾਵਾਂ ਨੇ ਕਦੀ ਇਕੱਠਿਆਂ ਕੰਮ ਨਹੀਂ ਸੀ ਕੀਤਾ। ਉਂਝ ਵੀ ਇਸ ਫਿਲਮ ਦੇ ਲੀਡ ਰੋਲ ਲਈ ਪਹਿਲਾਂ ਅਦਾਕਾਰਾ ਤੱਬੂ ਤੱਕ ਪਹੁੰਚ ਕੀਤੀ ਗਈ ਸੀ ਪਰ ਉਦੋਂ ਨਿਰਮਾਤਾ ਕੋਲ ਪੈਸਿਆਂ ਦਾ ਜੁਗਾੜ ਨਾ ਬਣਨ ਕਰ ਕੇ ਇਹ ਫਿਲਮ ਸ਼ੁਰੂ ਹੀ ਨਾ ਹੋ ਸਕੀ। ਫਿਰ ਜਦੋਂ ਅਪਰੈਲ 2012 ਵਿਚ ਫਿਲਮਸਾਜ਼ ਤੇ ਸੰਗੀਤਕਾਰ ਸੌਮਿਕ ਸੇਨ ਨੇ ਦੁਬਾਰਾ ਇਹ ਫਿਲਮ ਸ਼ੁਰੂ ਕੀਤੀ ਤਾਂ ਮਾਧੁਰੀ ਦੀਕਸ਼ਿਤ ਨਾਲ ਸੰਪਰਕ ਕਰ ਲਿਆ। ਫਿਲਮ ਦੇ ਦੋ ਹੋਰ ਅਹਿਮ ਕਿਰਦਾਰਾਂ ਲਈ ਜੂਹੀ ਚਾਵਲਾ ਅਤੇ ਤਨਿਸ਼ਠਾ ਚੈਟਰਜੀ ਨੂੰ ਲੈ ਲਿਆ ਗਿਆ। ਇਹ ਫਿਲਮ ਔਰਤਾਂ ਖ਼ਿਲਾਫ਼ ਹਿੰਸਾ, ਜਾਤ-ਪਾਤੀ ਵਿਤਕਰੇ ਅਤੇ ਭ੍ਰਿਸ਼ਟਾਚਾਰ ਖ਼ਿਲਾਫ਼ ਝੰਡਾ ਬੁਲੰਦ ਕਰਦੀ ਹੈ। ਇਸ ਫਿਲਮ ਵਿਚ ਦਿਵਿਆ ਜਗਦਲੇ ਅਤੇ ਪ੍ਰਿਯੰਕਾ ਬੋਸ ਦੀਆਂ ਵੀ ਬਹੁਤ ਅਹਿਮ ਭੂਮਿਕਾਵਾਂ ਹਨ। ਇਸ ਫਿਲਮ ਦਾ ਪਿਛੋਕੜ ਬੁੰਦੇਲਖੰਡ ਹੈ ਅਤੇ ਇਸ ਦੀ ਕਹਾਣੀ ਸੰਪਤ ਪਾਲ ਦੇਵੀ ਨਾਂ ਦੀ ਔਰਤ ਦੀ ਅਸਲੀ ਜ਼ਿੰਦਗੀ ਉਤੇ ਆਧਾਰਤ ਹੈ ਜਿਸ ਨੇ ਵਧੀਕੀਆਂ ਦਾ ਮੁਕਾਬਲਾ ਕਰਨ ਲਈ ਗੁਲਾਬੀ ਗੈਂਗ ਨਾਂ ਹੇਠ ਗਰੋਹ ਬਣਾ ਲਿਆ ਸੀ।



ਇਸ ਫਿਲਮ ਦੇ ਨਿਰਮਾਤਾ ਸਹਾਰਾ ਮੂਵੀ ਸਟੂਡੀਓ ਅਤੇ ਭਾਰਤ ਸ਼ਾਹ ਹਨ, ਤੇ ਇਹ ਫਿਲਮ ਛੇਤੀ ਹੀ ਰਿਲੀਜ਼ ਹੋ ਰਹੀ ਹੈ। ਇਸ ਫਿਲਮ ਤੋਂ ਮਾਧੁਰੀ ਦੀਕਸ਼ਿਤ ਅਤੇ ਜੂਹੀ ਚਾਵਲਾ, ਦੋਹਾਂ ਨੂੰ ਹੀ ਬਹੁਤ ਆਸਾਂ ਹਨ। ਜੂਹੀ ਚਾਵਲਾ ਪਿਛਲੇ ਕੁਝ ਸਾਲਾਂ ਤੋਂ ਸਾਧਾਰਨ ਜਿਹੀਆਂ ਭੂਮਿਕਾਵਾਂ ਨਿਭਾਅ ਰਹੀ ਹੈ। ਇਸ ਫਿਲਮ ਵਿਚ ਉਸ ਦਾ ਕਿਰਦਾਰ ਬੜਾ ਜ਼ੋਰਦਾਰ ਹੈ। ਮਾਧੁਰੀ ਦੀਕਸ਼ਿਤ ਲਈ ਵੀ ਇਹ ਫਿਲਮ ਅਹਿਮ ਹੈ। ਇਸ ਸਾਲ ਭਾਵੇਂ ਉਸ ਦੀ ਫਿਲਮ 'ਡੇਢ ਇਸ਼ਕੀਆ' ਨੇ ਚੰਗਾ ਰੰਗ ਦਿਖਾਇਆ ਹੈ ਪਰ ਉਸ ਫਿਲਮ ਦਾ ਕਰੈਡਿਟ ਮਾਧੁਰੀ ਦੀਕਸ਼ਿਤ ਦੇ ਨਾਲ-ਨਾਲ ਨਸੀਰੁਦੀਨ ਸ਼ਾਹ, ਹੁਮਾ ਕੁਰੈਸ਼ੀ ਅਤੇ ਅਰਸ਼ਦ ਵਾਰਸੀ ਨੂੰ ਵੀ ਗਿਆ ਹੈ। ਦੂਜੇ ਬੰਨੇ ਫਿਲਮ 'ਗੁਲਾਬ ਗੈਂਗ' ਵਿਚ ਇਕ ਤਰ੍ਹਾਂ ਨਾਲ ਮਾਧੁਰੀ ਦੀਕਸ਼ਿਤ ਦਾ ਮੁੱਖ ਰੋਲ ਹੈ, ਬਲਕਿ ਫਿਲਮ ਦੀ ਪਟਕਥਾ ਉਸ ਮੁਤਾਬਕ ਹੀ ਵਿਉਂਤੀ ਗਈ ਹੈ।

ਮਾਧੁਰੀ ਦੀਕਸ਼ਿਤ ਵਿਆਹ ਤੋਂ ਬਾਅਦ ਫਿਲਮਾਂ ਛੱਡ ਗਈ ਸੀ। ਉਦੋਂ ਉਸ ਦੀ ਆਖ਼ਰੀ ਫਿਲਮ 'ਦੇਵਦਾਸ' 2002 ਵਿਚ ਆਈ ਸੀ। ਫਿਰ ਪੰਜ ਸਾਲ ਬਾਅਦ ਉਸ ਨੇ 2007 ਵਿਚ ਫਿਲਮ 'ਆਜਾ ਨੱਚ ਲੇ' ਨਾਲ ਬਾਲੀਵੁੱਡ ਵਿਚ ਵਾਪਸੀ ਕੀਤੀ ਪਰ ਬਹੁਤੀ ਸਫ਼ਲਤਾ ਨਹੀਂ ਮਿਲੀ। ਫਿਰ ਛੇ ਸਾਲ ਬਾਅਦ ਉਹ 2013 ਵਿਚ ਫਿਲਮ 'ਬੰਬੇ ਟਾਕੀਜ਼' ਅਤੇ 'ਯੇ ਜਵਾਨੀ ਹੈ ਦਿਵਾਨੀ' ਵਿਚ ਮਹਿਮਾਨ ਰੋਲ ਵਿਚ ਦਿਖਾਈ ਦਿੱਤੀ। ਇਸੇ ਸਾਲ ਰਿਲੀਜ਼ ਹੋਈ 'ਡੇਢ ਇਸ਼ਕੀਆ' ਨਾਲ ਉਸ ਦੀ ਅਦਾਕਾਰੀ ਦੀ ਗੱਲ ਫਿਰ ਤੁਰੀ ਹੈ। 'ਗੁਲਾਬ ਗੈਂਗ' ਉਸ ਦੇ ਕਰੀਅਰ ਨੂੰ ਅਗਾਂਹ ਲਿਜਾਣ ਦਾ ਜ਼ਰੀਆ ਬਣ ਸਕਦੀ ਹੈ।



***ਫਿਲਮ 'ਗੁਲਾਬ ਗੈਂਗ' ਵਿਚ ਮਾਧੁਰੀ ਦੀਕਸ਼ਿਤ (ਖੱਬੇ) ਅਤੇ ਜੂਹੀ ਚਾਵਲਾ।***

ਇਸ ਫਿਲਮ ਵਿਚ ਜੂਹੀ ਚਾਵਲਾ ਦਾ ਕਿਰਦਾਰ ਖ਼ਲਨਾਇਕਾ ਵਾਲਾ ਹੈ। ਉਸ ਨੇ ਬੜੀ ਸ਼ਕਤੀਸ਼ਾਲੀ ਬਦਮਾਸ਼ ਸਿਆਸਤਦਾਨ ਦੀ ਭੂਮਿਕਾ ਨਿਭਾਈ ਹੈ। ਖਲਨਾਇਕਾ ਦੇ ਰੋਲ ਵਿਚ ਜੂਹੀ ਚਾਵਲਾ ਦੀ ਇਹ ਪਹਿਲੀ ਫਿਲਮ ਹੈ। ਉਸ ਦਾ ਕਹਿਣਾ ਹੈ ਕਿ ਇਸ ਫਿਲਮ ਦੀ ਕਹਾਣੀ ਨੇ ਉਸ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਇਸ ਫਿਲਮ ਵਿਚ ਨਾਇਕਾ ਦਾ ਦਰਜਾ ਭਾਵੇਂ ਮਾਧੁਰੀ ਦੀਕਸ਼ਿਤ ਨੂੰ ਦਿੱਤਾ ਗਿਆ ਹੈ ਪਰ ਉਸ ਦਾ ਕਿਰਦਾਰ ਮਾਧੁਰੀ ਵਾਲੇ ਕਿਰਦਾਰ ਤੋਂ ਵੀ ਦੋ ਕਦਮ ਅੱਗੇ ਹੈ। ਉਸ ਨੇ ਦੱਸਿਆ ਕਿ ਉਸ ਨੂੰ ਇਹ ਫਿਲਮ ਕਰ ਕੇ ਬੇਹੱਦ ਤਸੱਲੀ ਹੋਈ ਹੈ। ਨਹੀਂ ਤਾਂ ਪਹਿਲੀਆਂ ਫਿਲਮਾਂ ਵਿਚ ਬਤੌਰ ਨਾਇਕਾ ਉਹ ਦਰਖ਼ਤਾਂ ਪਿੱਛੇ ਗੀਤ ਗਾਉਂਦੀ ਨਜ਼ਰ ਆਉਂਦੀ ਰਹੀ ਹੈ। ਇਸ ਫਿਲਮ ਵਿਚ ਉਸ ਦਾ ਕਿਰਦਾਰ ਅਸਲੋਂ ਹੀ ਵੱਖਰਾ ਹੈ। ਇਹ ਕਿਰਦਾਰ ਚਿਰਾਂ ਤੱਕ ਲੋਕਾਂ ਦੇ ਚੇਤਿਆਂ ਵਿਚ ਵਸਿਆ ਰਹੇਗਾ।

ਜੂਹੀ ਚਾਵਲਾ ਨੇ ਕਿਹਾ ਹੈ ਕਿ ਭਾਰਤੀ ਸਮਾਜ ਵਿਚ ਜੋ ਹਾਲਤ ਔਰਤਾਂ ਦੀ ਹੈ, ਉਸ ਤਰ੍ਹਾਂ ਦੀ ਮਿਸਾਲ ਸੰਸਾਰ ਭਰ ਵਿਚ ਸ਼ਾਇਦ ਹੀ ਕਿਧਰੇ ਮਿਲਦੀ ਹੋਵੇ। ਔਰਤ ਨਾਲ ਪੈਰ-ਪੈਰ ਉਤੇ ਵਿਤਕਰਾ ਹੁੰਦਾ ਹੈ। ਉਹ ਘਰ ਵਿਚ ਹੀ ਗੁਲਾਮੀ ਭੋਗਦੀ ਹੈ। ਬੱਚਿਆਂ ਜਿਨ੍ਹਾਂ ਨੇ ਉਸ ਦਾ ਸਹਾਰਾ ਬਣਨਾ ਹੁੰਦਾ ਹੈ, ਉਡਾਰ ਹੋਣ ਤੋਂ ਬਾਅਦ ਉਹ ਵੀ ਉਸ ਨੂੰ ਦਰਕਿਨਾਰ ਕਰਨਾ ਸ਼ੁਰੂ ਕਰ ਦਿੰਦੇ ਹਨ। ਅਜਿਹੀ ਹੀ ਸਥਿਤੀ ਵਿਚ ਖਲਨਾਇਕਾ ਦਾ ਕਿਰਦਾਰ ਹੌਲੀ-ਹੌਲੀ ਸ਼ਕਤੀ ਅਖ਼ਤਿਆਰ ਕਰਦਾ ਹੈ।

# ਫਜ਼ੂਲ ਫਿਲਮਾਂ ਨਹੀਂ ਕਰਦੀ ਅਸਿਨ



ਫਿਲਮ ਸੁੰਦਰੀ ਅਸਿਨ ਨੂੰ ਅੱਜ ਕੱਲ੍ਹ ਉਦੋਂ ਬਹੁਤ ਖਿਝ ਚੜ੍ਹਦੀ ਹੈ ਜਦੋਂ ਕੋਈ 100 ਕਰੋੜੀ ਫਿਲਮਾਂ ਦੀ ਗੱਲ ਕਰਦਾ ਹੈ। ਉਸ ਦਾ ਆਖਣਾ ਹੈ ਕਿ ਕਿਸੇ ਵੀ ਫਿਲਮ ਬਾਰੇ ਇਹ ਮੀਟਰ ਠੀਕ ਨਹੀਂ ਹੈ। ਦੱਸਣਾ ਬਣਦਾ ਹੈ ਕਿ ਹੁਣ ਫਿਲਮਾਂ ਦੀ ਸਫਲਤਾ 100 ਕਰੋੜ ਰੁਪਏ ਕਮਾਉਣ 'ਤੇ ਹੀ ਮੰਨੀ ਜਾਣ ਲੱਗੀ ਲੱਗੀ ਹੈ। ਬਹੁਤੇ ਫਿਲਮ ਆਲੋਚਕ ਵੀ 100 ਕਰੋੜ ਰੁਪਏ ਇਕੱਠੇ ਕਰਨ ਨੂੰ ਹੀ ਹਰ ਫਿਲਮ ਲਈ ਮੀਟਰ ਬਣਾ ਰਹੇ ਹਨ।

ਅਸਿਨ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਮਲਿਆਲਮ ਫਿਲਮ ਨਾਲ 2001 ਵਿਚ ਕੀਤੀ ਸੀ। ਇਸ ਤੋਂ ਬਾਅਦ ਉਸ ਨੇ ਕਈ ਤਾਮਿਲ ਫਿਲਮਾਂ ਵਿਚ ਕੰਮ ਕੀਤਾ ਅਤੇ ਚੋਖਾ ਨਾਂ ਕਮਾਇਆ ਪਰ ਬਾਲੀਵੁੱਡ ਵਿਚ ਉਸ ਦਾ ਦਾਖਲਾ 6 ਸਾਲ ਪਹਿਲਾਂ ਫਿਲਮ 'ਗਜਨੀ' (2008) ਨਾਲ ਹੋਇਆ ਸੀ। ਇਸ ਤੋਂ ਬਾਅਦ 'ਲੰਡਨ ਡ੍ਰੀਮਜ਼', 'ਰੈਡੀ', 'ਹਾਊਸਫੁੱਲ-2', 'ਬੋਲ ਬੱਚਨ' ਅਤੇ 'ਖਿਲਾੜੀ 786' ਫਿਲਮਾਂ ਵਿਚ ਉਸ ਨੇ ਕੰਮ ਕੀਤਾ। ਇਹ ਫਿਲਮਾਂ ਮੁੱਖ ਰੂਪ ਵਿਚ ਹੀਰੋ ਦੁਆਲੇ ਹੀ ਘੁੰਮਦੀਆਂ ਹਨ।

ਅਸਿਨ ਦਾ ਕਹਿਣਾ ਹੈ ਕਿ ਹੁਣ ਉਹ ਉਹੀ ਫਿਲਮਾਂ ਕਰੇਗੀ ਜਿਨ੍ਹਾਂ ਵਿਚ ਉਸ ਦਾ ਕਿਰਦਾਰ ਹੀਰੋ ਦੇ ਬਰਾਬਰ ਦਾ ਹੋਵੇਗਾ। ਅੱਜ ਕੱਲ੍ਹ ਉਹ ਆਪਣੀ ਨਵੀਂ ਫਿਲਮ 'ਆਲ ਇਜ਼ ਵੈਲ' ਦੀ ਸ਼ੂਟਿੰਗ ਵਿਚ ਰੁੱਝੀ ਹੋਈ ਹੈ। ਇਸ ਫਿਲਮ ਦਾ ਹੀਰੋ ਅਭਿਸ਼ੇਕ ਬੱਚਨ ਹੈ। ਨਿਰਮਾਤਾ ਦੀ ਯੋਜਨਾ ਹੈ ਕਿ ਇਹ ਫਿਲਮ ਪਹਿਲੀ ਅਗਸਤ ਨੂੰ ਰਿਲੀਜ਼ ਕਰ ਦਿੱਤੀ ਜਾਵੇ। ਇਸ ਫਿਲਮ ਵਿਚ ਰਿਸ਼ੀ ਕਪੂਰ ਵੀ ਅਹਿਮ ਕਿਦਾਰ ਨਿਭਾਅ ਰਿਹਾ ਹੈ। ਇਸ ਫਿਲਮ ਦੇ ਨਿਰਦੇਸ਼ਕ ਉਮੇਸ਼ ਸ਼ੁਕਲਾ ਹਨ। ਫਿਲਮ ਦੀ ਬਹੁਤੀ ਸ਼ੂਟਿੰਗ ਸਾਊਦੀ ਅਰਬ ਵਿਚ ਕੀਤੀ ਗਈ ਹੈ। ਉਮੇਸ਼ ਸ਼ੁਕਲਾ ਦਾ ਦਾਅਵਾ ਹੈ ਕਿ ਅਸਿਨ ਅਤੇ ਅਭਿਸ਼ੇਕ ਇਸ ਫਿਲਮ ਵਿਚ ਅਜਿਹੇ ਰੂਪ ਵਿਚ ਦਿਖਾਈ ਦੇਣਗੇ ਜਿਸ ਤਰ੍ਹਾਂ ਪਹਿਲਾਂ ਕਦੀ ਦਿਖਾਈ ਨਹੀਂ ਦਿੱਤੇ ਹਨ। ਅਸਿਨ ਨੂੰ ਵੀ ਆਪਣੀ ਇਸ ਫਿਲਮ ਤੋਂ ਬਹੁਤ ਆਸਾਂ ਹਨ। ਉਸ ਦੀ ਪਿਛਲੀ ਫਿਲਮ 2012 ਵਿਚ 'ਖਿਲਾੜੀ 786' ਰਿਲੀਜ਼ ਹੋਈ ਸੀ। ਹੁਣ ਉਹ ਨਵੇਂ ਸਿਰਿਉਂ ਉਡਾਣ ਭਰਨ ਲਈ ਤਿਆਰੀ ਕੱਸ ਰਹੀ ਹੈ।

ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਅਸਿਨ ਸੱਤ ਭਾਸ਼ਾਵਾਂ ਬੋਲ ਲੈਂਦੀ ਹੈ। ਮਲਿਆਲਮ ਉਸ ਦੀ ਮਾਤ ਭਾਸ਼ਾ ਹੈ। ਇਸ ਤੋਂ ਇਲਾਵਾ ਉਹ ਤਮਿਲ, ਤੈਲਗੂ, ਹਿੰਦੀ, ਫਰਾਂਸੀਸੀ, ਅੰਗਰੇਜ਼ੀ ਅਤੇ ਸੰਸਕ੍ਰਿਤ ਬੋਲ ਲੈਂਦੀ ਹੈ। 'ਖਿਲਾੜੀ 786' ਫਿਲਮ ਲਈ ਤਾਂ ਉਸ ਨੇ ਗੁਜ਼ਾਰੇ ਜੋਗੀ ਮਰਾਠੀ ਵੀ ਸਿੱਖ ਲਈ ਸੀ। ਇਸ ਫਿਲਮ ਵਿਚ ਉਸ ਨੇ ਮਰਾਠੀ ਕੁੜੀ ਦਾ ਰੋਲ ਕੀਤਾ ਸੀ। ਅਸਿਨ ਦੀ ਇਸੇ ਮਿਹਨਤ ਤੋਂ ਉਸ ਦੇ ਸਾਥੀ ਵਾਰੇ-ਵਾਰੇ ਜਾਂਦੇ ਹਨ ਅਤੇ ਉਸ ਨੂੰ ਪਹਿਲ ਵੀ ਦਿੰਦੇ ਹਨ। ਅਸਿਨ ਦਾ ਕਹਿਣਾ ਹੈ ਕਿ ਫਿਲਮੀ ਦੁਨੀਆਂ ਲਈ ਉਸ ਦਾ ਕੋਈ ਖਾਸ ਏਜੰਡਾ ਭਾਵੇਂ ਨਹੀਂ ਹੈ ਪਰ ਉਹ ਸਦਾ ਚੰਗੀਆਂ ਫਿਲਮਾਂ ਦੀ ਭਾਲ ਵਿਚ ਰਹੀ ਹੈ। ਬਹੁਤੀਆਂ ਤਮਿਲ ਫਿਲਮਾਂ ਵਿਚ ਉਸ ਦੇ ਕੰਮ ਦੀ ਬਹੁਤ ਪ੍ਰਸੰਸਾ ਹੋਈ ਹੈ। ਹਿੰਦੀ ਫਿਲਮਾਂ ਬਾਰੇ ਉਸ ਦਾ ਕਹਿਣਾ ਹੈ ਕਿ ਬਹੁਤੀਆਂ ਫਿਲਮਾਂ ਸਟੀਰੀਓ ਟਾਈਪ ਹੀ ਬਣ ਰਹੀਆਂ ਹਨ। ਕਿਤੇ-ਕਿਤੇ ਕੋਈ ਕੋਈ ਚੰਗੀ ਫਿਲਮ ਆ ਜਾਂਦੀ ਹੈ। ਆਪਣੇ ਦਰਸ਼ਕਾਂ ਵੱਲੋਂ ਮਿਲੇ ਅਤਿਅੰਤ ਪਿਆਰ ਤੋਂ ਉਹ ਬਾਗੋ-ਬਾਗ ਹੈ। ਉਸ ਦਾ ਕਹਿਣਾ ਹੈ ਕਿ ਉਹ ਦਰਸ਼ਕਾਂ ਵੱਲੋਂ ਦਿੱਤੇ ਪਿਆਰ ਦਾ ਦੇਣ ਕਦੀ ਵੀ ਨਹੀਂ ਦੇ ਸਕਦੀ।

# ਬਾਪੂ ਦਾ ਕੋਈ ਦਖਲ ਨਹੀਂ: ਆਲੀਆ

'ਸਟੂਡੈਂਟ ਆਫ ਦਿ ਈਅਰ' ਫਿਲਮ ਨਾਲ ਫਿਲਮ ਇੰਡਸਟਰੀ ਵਿਚ ਕਦਮ ਰੱਖਣ ਵਾਲੀ ਅਦਾਕਾਰਾ ਅਤੇ ਫਿਲਮਸਾਜ਼ ਮਹੇਸ਼ ਭੱਟ ਦੀ ਪੁੱਤਰੀ ਆਲੀਆ ਭੱਟ ਨਿਰਦੇਸ਼ਕ ਕਰਨ ਜੌਹਰ ਨੂੰ ਆਪਣਾ ਗੁਰੂ ਮੰਨਦੀ ਹੈ ਅਤੇ ਆਪਣੇ ਪਿਤਾ ਦੀ ਬਜਾਏ ਉਸ ਤੋਂ ਪੇਸ਼ੇਵਰ ਸਲਾਹ ਲੈਂਦੀ ਹੈ। ਉਸ ਦਾ ਕਹਿਣਾ ਹੈ ਕਿ ਕਰਨ ਜੌਹਰ ਪਹਿਲੇ ਅਜਿਹੇ ਇਨਸਾਨ ਹਨ ਜਿਨ੍ਹਾਂ ਨੂੰ ਉਹ ਕੋਈ ਵੀ ਫਿਲਮੀ ਆਫਰ ਮਿਲਣ 'ਤੇ ਫੋਨ ਕਰਦੀ ਹੈ ਅਤੇ ਸਲਾਹ-ਮਸ਼ਵਰਾ ਕਰਦੀ ਹੈ। ਉਹ ਹੁੱਬ ਕੇ ਦੱਸਦੀ ਹੈ- "ਕਰਨ ਜੌਹਰ ਮੇਰੇ ਗੁਰੂ ਹਨ। ਆਪਣੀ ਸਾਰੀਆਂ ਫਿਲਮਾਂ ਬਾਰੇ ਜੋ ਵੀ ਫੈਸਲਾ ਕਰਦੀ ਹਾਂ, ਉਸ ਵਿਚ ਕਰਨ ਜੌਹਰ ਦਾ ਵੱਡਾ ਦਖਲ ਹੁੰਦਾ ਹੈ।"

ਉਹ ਮਾਣ ਨਾਲ ਆਖਦੀ ਹੈ ਕਿ ਉਸ ਦੇ ਪਿਤਾ ਮਹੇਸ਼ ਭੱਟ ਨੇ ਕਦੀ ਕੋਈ ਗੱਲ ਉਸ ਉਤੇ ਨਹੀਂ ਥੋਪੀ ਹੈ। ਉਹ ਆਪਣੇ ਬਾਪੂ ਦੀਆਂ ਤਾਰੀਫਾਂ ਕਰਦੀ ਨਹੀਂ ਥੱਕਦੀ। ਆਪਣੀ ਮਾਂ ਸੋਨੀ ਰਾਜ਼ਦਾਨ ਦੀਆਂ ਗੱਲਾਂ ਕਰਦਿਆਂ ਤਾਂ ਉਹ ਅਤਿਅੰਤ ਭਾਵੁਕ ਹੋ ਜਾਂਦੀ ਹੈ। ਉਹ ਆਖਦੀ ਹੈ ਕਿ ਉਸ ਦੀ ਮਾਂ ਨੇ ਹਰ ਮੋੜ ਉਤੇ ਉਸ ਦਾ ਡਟ ਕੇ ਸਾਥ ਦਿੱਤਾ ਹੈ।



# ਉਤਰੀ ਕੈਲੀਫੋਰਨੀਆ ਦੇ ਵਾਸੀਆਂ ਦੇ ਧਿਆਨਯੋਗ

# ਨਵੇਂ ਡਾਕਟਰੀ ਇਲਾਜ ਰਾਹੀਂ ਲੱਤਾਂ ਦੇ ਦਰਦ, ਪੈਰਾਂ ਦੇ ਦਰਦ ਅਤੇ ਨਸਾਂ ਦੇ ਦਰਦ ਤੋਂ ਤੁਰੰਤ ਰਾਹਤ ਮਿਲਦੀ ਹੈ

(ਮੈਡੀਕੇਅਰ ਅਤੇ ਮੈਡੀਕੈਲ ਕਵਰ ਕਰਦੀ ਹੈ)




ਨੀਲੀਆਂ (ਵੈਰੀਕੋਜ਼) ਨਸਾਂ ਸੋਜ਼ਿਸ਼ ਅਲਸਰ

## ਯੂਬਾ ਸਿਟੀ, ਸੈਕਰਾਮੈਂਟੋ, ਸਟਾਕਟਨ, ਮਾਡੈਸਟੋ, ਮਰਸਡ, ਫਰਿਜ਼ਨੋ, ਬੇਕਰਜ਼ਫੀਲਡ

ਅਤੇ ਨਾਲ ਲੱਗਦੇ ਹੋਰ ਸ਼ਹਿਰਾਂ ਵਿਚ ਵੀ ਕਲੀਨਿਕ ਖੁਲ੍ਹ ਚੁਕੀ ਹੈ। ਸਲਾਹ ਲੈਣ, ਇਹ ਪਤਾ ਲਾਉਣ ਕਿ ਤੁਸੀਂ ਇਸ ਬਹੁਤ ਹੀ ਕਾਰਗਰ ਇਲਾਜ਼ ਲਈ ਯੋਗ ਹੋ, ਅੱਜ ਹੀ ਕਾਲ ਕਰੋ

## ਫੋਨ: 1-888-473-0372

## ਸਾਡੇ ਮਰੀਜ ਆਪਣੇ ਅਨੁਭਵ ਬਾਰੇ ਕੀ ਕਹਿੰਦੇ ਹਨ?

ਪਿਛਲੇ ਦਸ ਸਾਲਾਂ ਤੋਂ ਮੈਂ ਲੱਤਾਂ ਵਿਚ ਹੁੰਦੇ ਦਰਦ ਤੋਂ ਬੇਹਦ ਪ੍ਰੇਸ਼ਾਨ ਸੀ ਅਤੇ ਵਰ੍ਹਿਆਂ ਤੋਂ ਕੌਮਾਡੀਨ ਲੈਂਦਾ ਆ ਰਿਹਾ ਸਾਂ।
ਮੈਂ ਪੈਸਿਫਿਕ ਕੋਸਟ ਮੈਡੀਕਲ ਸੈਂਟਰ ਤੋਂ ਇਲਾਜ ਕਰਵਾਇਆ ਤਾਂ ਮੇਰੀਆਂ ਲੱਤਾਂ ਅਤੇ ਪੈਰ ਪਹਿਲਾਂ ਦੇ ਮੁਕਾਬਲੇ ਕਿਤੇ ਚੰਗੇ ਹਨ।
ਕਲੀਨਿਕ ਦਾ ਸਟਾਫ ਬਹੁਤ ਹੀ ਚੰਗਾ ਲੱਗਿਆ ਅਤੇ ਇਲਾਜ ਦੌਰਾਨ ਜ਼ਰਾ ਜਿੰਨੀ ਵੀ ਤਕਲੀਫ ਨਹੀਂ ਹੋਈ। ਮੈਂ ਆਪਣੇ ਰੋਜ਼-ਬਰੋਜ਼ ਦੇ ਕੰਮ-ਕਾਜ ਉਸੇ ਹੀ ਦਿਨ ਤੋਂ ਕਰਨ ਲੱਗ ਪਿਆ। ਮੈਂ ਹਰ ਉਸ ਸਖਸ਼ ਨੂੰ ਇਹ ਇਲਾਜ ਕਰਵਾਉਣ ਦੀ ਸਲਾਹ ਦਿਆਂਗਾ ਜੋ ਲੱਤਾਂ ਅਤੇ ਵੈਰੀਕੋਜ਼ ਵੀਨਜ਼ ਦੇ ਦਰਦ ਤੋਂ ਪ੍ਰੇਸ਼ਾਨ ਹੈ।

*-ਹਾਵਰਡ ਡੈਂਪਸੀ (ਰਿਟਾਇਰਡ), ਉਮਰ 74 ਸਾਲ*

ਮੇਰੀਆਂ ਲੱਤਾਂ ਵਿਚ ਜਾਨ ਕੱਢ ਲੈਣ ਵਾਲੀ ਦਰਦ ਹੋਇਆ ਕਰਦੀ ਸੀ। ਮੇਰੀਆਂ ਲੱਤਾਂ ਵਿਚ ਹਮੇਸ਼ਾ ਹੀ ਕੜੱਲ ਪੈਂਦੇ ਰਹਿੰਦੇ ਸਨ।
ਮੈਂ ਪੈਸਿਫਿਕ ਮੈਡੀਕਲ ਕੋਸਟ ਸੈਂਟਰ ਬਾਰੇ ਇਕ ਲੇਖ ਪੜ੍ਹਿਆ ਜਿਸ ਤੋਂ ਪਤਾ ਲੱਗਾ ਕਿ ਉਹ ਲੱਤਾਂ ਦੇ ਦਰਦ ਦੇ ਮਰੀਜ ਹਨ, ਦਾ ਇਲਾਜ ਕਰਦੇ ਹਨ। ਮੈਂ ਕਲੀਨਿਕ ਜਾਣ ਅਤੇ ਸਲਾਹ ਲੈਣ ਦਾ ਫੈਸਲਾ ਕੀਤਾ। ਰੱਬ ਦਾ ਸੁਕਰ ਹੈ ਕਿ ਮੈਂ ਇੰਜ ਕੀਤਾ।
ਹੁਣ ਮੈਨੂੰ 75% ਆਰਾਮ ਹੈ ਅਤੇ ਕੜੱਲ ਬਿਲਕੁਲ ਨਹੀਂ ਪੈਂਦੇ।
ਪੈਸਿਫਿਕ ਕੋਸਟ ਮੈਡੀਕਲ ਸੈਂਟਰ ਵਾਲਿਆਂ ਦਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਮੈਨੂੰ ਮੁੜ ਜ਼ਿੰਦਗੀ ਦੇ ਰਾਹ ਪਾਇਆ।

*-ਫਲੋਰਾ ਐਸ (ਰਿਟਾਇਰਡ), ਉਮਰ 77 ਸਾਲ।*

## ਅਸੀਂ ਮਹੀਨੇ ਵਿਚ ਸਿਰਫ 30 ਅਪੁਆਇੰਟਮੈਂਟਾਂ ਹੀ ਲੈਂਦੇ ਹਾਂ, ਸੋ ਅੱਜ ਹੀ ਕਾਲ ਕਰੋ

## ਫੋਨ: 1-888-473-0372

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty


**Real Estate and Loans Under One Roof**

ਪਿਛਲੇ 26 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

**Selling Homes from Gilroy to Sacramento, CA**



34591 Perry Road,
Union City, CA 94587
3 Bedrooms, 2 Bathrooms,
2 Car Garage
Area: 1627 Sq. Ft.
Lot: 6000 Sq. Ft.
**Asking: $588,000**



31356 Santa Maria Drive,
Union City, CA 94587
3 Bedrooms, 2 Bathrooms,
2 Car Garage
Area: 1450 Sq. Ft.
Lot 5500 Sq. Ft.
**Asking: $589,000**



199 Page Mill Drive,
San Jose, CA 95111
4 Bedrooms, 2.5 Bathrooms,
2 Car Garage
Area: 1732 Sq. Ft.
Lot: 5000 Sq. Ft.
**Asking: $569,000**




1498 Columbine Way,
Livermore, CA 94550
6 Bedrooms, 3 Bathrooms,
3 Car Garage
Area: 3159Sq. Ft.
Lot: 26700 Sq. Ft.




4326 San Juan Ave.,
Fremont, CA 94536
4 Bedrooms, 2 Bathrooms,
2 Car Garage
Area: 1740 Sq. Ft.
Lot: 6000 Sq. Ft.

### JUST SOLD

1. 1498 Columbine Way, Livermore, CA 94551
2. 1820 De Vaca Way, Livermore, CA 94550
3. 4124 Polaris Ave., Union City, CA 94587
4. 2995 Masonwood St., San Jose, CA 95148
5. 4326 San Juan Way Fremont, CA 94536
6. 2809 Glen Sharon Way, San Jose, CA 95148
7. 2385 Patricia Dr., Santa Clara, CA 95050
8. 43881 Cameron Hills Dr., Fremont CA 94539
9. 1098 Phelps Ave., San Jose, CA 95117
10. 2712 Sea Drift ln., Hayward, CA 94545
11. 27659 Persimmon Dr., Hayward, CA 94544
12. 115 Juniper Ct., Hercules, CA 945547
13. 2980 Glen Alden Ct., San Jose, CA 95148
14. 34782 Klondike Dr., Union City, CA 94587

## WE CAN SELL HUD HOMES ANY WHERE IN CALIFORNIA

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
9912 Kapalua Ln.,
Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill**
DHMS, Loan Broker
**@ 510-207-9067**
CA DRE Lic.#01180969
NMLS# 352095